ਬੁੱਧਵਾਰ, 18 ਜੂਨ, 2025
4 ਹਾੜ੍ਹ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 17

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • WEDNESDAY, 18 JUNE, 2025 ਜਲੰਧਰ

nawan zamana TV

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

ਕੀਮਤ/PRICE : 5.00 ਰੁਪਏ  Regd. No : L-4/Pb-JL-0023/2024-26, (R.N.I.)-00068/57  E-mail : nawanzamana@gmail.com  www.nawanzamana.in  ਸਫ਼ੇ : 12

## ਈਰਾਨ ਦਾ ਮੋਸਾਦ ਦੇ ਹੈੱਡਕੁਆਰਟਰ 'ਤੇ ਹਮਲਾ

### ਟਰੰਪ ਦੀ ਤਹਿਰਾਨ ਖਾਲੀ ਕਰਨ ਦੀ ਧਮਕੀ ਤੋਂ ਬਾਅਦ ਭਾਰਤੀ ਵਿਦਿਆਰਥੀਆਂ ਨੂੰ ਕੱਢਿਆ

**ਦੁਬਈ** : ਈਰਾਨ ਨੇ ਮੰਗਲਵਾਰ ਤੇਲ ਅਵੀਵ ਵਿੱਚ ਇਜ਼ਰਾਈਲ ਦੀ ਖੁਫੀਆ ਏਜੰਸੀ ਮੋਸਾਦ ਦੇ ਹੈੱਡਕੁਆਰਟਰ 'ਤੇ ਹਮਲਾ ਕੀਤਾ ਅਤੇ ਮਿਲਟਰੀ ਇੰਟੈਲੀਜੈਂਸ ਨਾਲ ਜੁੜੀ ਖੁਫੀਆ ਏਜੰਸੀ ਏ ਐੱਮ ਏ ਐੱਨ ਦੀ ਬਿਲਡਿੰਗ ਨੂੰ ਵੀ ਨਿਸ਼ਾਨਾ ਬਣਾਇਆ। ਉੱਧਰ, ਇਜ਼ਰਾਈਲ ਨੇ ਈਰਾਨ ਦੇ ਨਵੇਂ ਵਾਰ ਚੀਫ ਮੇਜਰ ਜਨਰਲ ਅਲੀ ਸ਼ਾਦਮਾਨੀ ਨੂੰ ਮਾਰ ਦੇਣ ਦਾ ਦਾਅਵਾ ਕੀਤਾ ਹੈ ਜਿਸਨੇ ਮੇਜਰ ਜਨਰਲ ਗੁਲਾਮ ਅਲੀ ਰਾਸ਼ਿਦ ਦੇ ਮਾਰੇ ਜਾਣ ਤੋਂ ਬਾਅਦ ਕਮਾਨ ਸੰਭਾਲੀ ਸੀ।

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਈਰਾਨੀਆਂ ਨੂੰ ਤਹਿਰਾਨ ਸ਼ਹਿਰ ਖਾਲੀ ਕਰਨ ਦੀ ਚੇਤਾਵਨੀ ਦੇ ਬਾਅਦ ਮੰਗਲਵਾਰ ਸਵੇਰੇ ਪੁਰਾਣਾ ਸ਼ਹਿਰ ਖਾਲੀ ਹੋਣਾ ਸ਼ੁਰੂ ਹੋ ਗਿਆ, ਕਈ ਦੁਕਾਨਾਂ ਬੰਦ ਹੋ ਗਈਆਂ ਅਤੇ ਸ਼ਹਿਰ ਦਾ ਪ੍ਰਾਚੀਨ ਗ੍ਰੈਂਡ ਬਾਜ਼ਾਰ ਵੀ ਬੰਦ ਹੋ ਗਿਆ। ਤਹਿਰਾਨ ਮੱਧ ਪੂਰਬ ਦੇ ਸਭ ਤੋਂ ਵੱਡੇ ਸ਼ਹਿਰਾਂ ਵਿੱਚੋਂ ਇੱਕ ਹੈ, ਜਿਸਦੀ ਆਬਾਦੀ ਲਗਭਗ 1 ਕਰੋੜ ਹੈ, ਜੋ ਕਿ ਇਜ਼ਰਾਈਲ ਦੀ ਪੂਰੀ ਆਬਾਦੀ ਦੇ ਲਗਪਗ ਬਰਾਬਰ ਹੈ। ਇਸੇ ਦੌਰਾਨ ਅਧਿਕਾਰੀਆਂ ਨੇ ਕਿਹਾ ਕਿ ਸਭ ਕੁਝ ਕੰਟਰੋਲ ਵਿੱਚ ਹੈ ਅਤੇ ਲੋਕਾਂ ਨੂੰ ਕੀ ਕਰਨਾ ਹੈ, ਬਾਰੇ ਕੋਈ ਸਲਾਹ ਨਹੀਂ ਦਿੱਤੀ ਗਈ ਹੈ। ਇਸੇ ਦੌਰਾਨ ਤਹਿਰਾਨ ਵਿਚਲੇ ਭਾਰਤੀ ਵਿਦਿਆਰਥੀਆਂ ਨੂੰ ਬਾਹਰ ਕੱਢ ਲਿਆ ਗਿਆ ਹੈ। ਇਸ ਤੋਂ ਇਲਾਵਾ ਉਥੇ ਰਹਿ ਰਹੇ ਅਜਿਹੇ ਭਾਰਤੀ, ਜੋ ਸਵੈ-ਨਿਰਭਰ ਹਨ ਅਤੇ ਜਿਨ੍ਹਾਂ ਕੋਲ ਆਪਣੇ ਆਵਾਜਾਈ ਸਾਧਨ ਹਨ, ਨੂੰ ਵੀ ਸ਼ਹਿਰ ਤੋਂ ਬਾਹਰ ਜਾਣ ਦੀ ਸਲਾਹ ਦਿੱਤੀ ਗਈ ਹੈ। ਵਿਦੇਸ਼ ਮੰਤਰਾਲੇ ਨੇ ਮੰਗਲਵਾਰ ਕਿਹਾ ਕਿ ਕੁਝ ਭਾਰਤੀ ਨਾਗਰਿਕ ਈਰਾਨ ਦੀ ਅਰਮੀਨੀਆ ਨਾਲ ਲੱਗਦੀ ਉੱਤਰ-ਪੱਛਮੀ ਸਰਹੱਦ ਤੋਂ ਜ਼ਮੀਨ ਰਾਸਤੇ ਈਰਾਨ ਤੋਂ ਬਾਹਰ ਨਿਕਲ ਗਏ ਹਨ।



ਈਰਾਨੀ ਮਿਜ਼ਾਈਲ ਵੱਲੋਂ ਹਰਜ਼ਲੀਆ ਵਿੱਚ ਪਾਏ ਟੋਏ ਨੂੰ ਦੇਖਦੇ ਇਜ਼ਰਾਈਲੀ।

## ਕੈਨੇਡਾ 'ਚ ਫਿਰੌਤੀਆਂ ਤੇ ਲੁੱਟਮਾਰ ਦੇ ਦੋਸ਼ 'ਚ 18 ਗ੍ਰਿਫ਼ਤਾਰ



**ਵੈਨਕੂਵਰ** : ਪੀਲ ਪੁਲਸ ਨੇ ਪ੍ਰੋਜੈਕਟ ਆਊਟਸੋਰਸ ਅਧੀਨ ਲੰਮੀ ਪੜਤਾਲ ਤੋਂ ਬਾਅਦ ਫਿਰੌਤੀਆਂ, ਲੁੱਟਮਾਰ, ਚੋਰੀਆਂ ਤੇ ਧੋਖਾਧੜੀ ਕਰਨ ਵਾਲੇ ਦੋ ਗਰੋਹਾਂ ਦੇ 18 ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ। ਇਨ੍ਹਾਂ ਵਿੱਚ 16 ਭਾਰਤੀ ਮੂਲ ਦੇ ਅਤੇ ਇੱਕ ਔਰਤ ਸ਼ਾਮਲ ਹਨ। ਇਨ੍ਹਾਂ ਤੋਂ ਕਰੀਬ 27 ਕਰੋੜ ਰੁਪਏ (42 ਲੱਖ ਡਾਲਰ) ਦਾ ਸਾਮਾਨ ਬਰਾਮਦ ਕੀਤਾ ਹੈ, ਜੋ ਇਨ੍ਹਾਂ ਨੇ ਵੱਖ-ਵੱਖ ਅਪਰਾਧ ਕਰਕੇ ਇਕੱਠਾ ਕੀਤਾ ਸੀ।

ਪੀਲ ਅਤੇ ਛੇ ਹੋਰਨਾਂ ਖੇਤਰਾਂ ਵਿੱਚ ਦਰਜ 97 ਮਾਮਲਿਆਂ ਵਿੱਚ ਇਨ੍ਹਾਂ ਨੂੰ ਨਾਮਜ਼ਦ ਕਰਕੇ ਦੋਸ਼ ਪੱਤਰ ਤਿਆਰ ਕੀਤਾ ਗਿਆ ਹੈ। ਕਾਬੂ ਕੀਤੇ ਗਏ ਮੁਲਜ਼ਮਾਂ ਵਿੱਚੋਂ ਅੱਧੇ ਕੁ ਪਹਿਲਾਂ ਹੀ ਹੋਰਨਾਂ ਮਾਮਲਿਆਂ ਵਿੱਚ ਜ਼ਮਾਨਤ 'ਤੇ ਸਨ। ਪੁਲਸ ਚੀਫ ਨਿਸ਼ਾਨ ਦੁਰੈਫਾ ਨੇ ਭਰੋਸਾ ਪ੍ਰਗਟਾਇਆ ਹੈ ਕਿ ਗਰੋਹ ਦੇ ਮੈਂਬਰਾਂ ਦੀ ਗ੍ਰਿਫਤਾਰੀ ਤੋਂ ਬਾਅਦ ਵਾਹਨ ਚੋਰੀ ਅਤੇ ਨਾਜਾਇਜ਼ ਬੀਮਾ ਕਲੇਮ ਘਟਣਗੇ। ਕਾਬੂ ਕੀਤੇ ਭਾਰਤੀ ਮੂਲ ਦੇ ਮੁਲਜ਼ਮਾਂ ਦੀ ਪਛਾਣ ਗਰੋਹ ਦੇ ਮੁਖੀ ਇੰਦਰਜੀਤ ਧਾਮੀ (38), ਪ੍ਰੀਤੋਸ਼ ਚੋਪੜਾ (32), ਗੁਰਬਿੰਦਰ ਸਿੰਘ (28), ਕੁਲਵਿੰਦਰ ਪੁਰੀ (25), ਪਰਮਿੰਦਰ ਪੁਰੀ (31), ਇੰਦਰਜੀਤ ਬੱਲ (29), ਵਰੁਣ ਔਲ (31), ਕੇਤਨ ਚੋਪੜਾ (30), ਪਵਨਦੀਪ ਸਿੰਘ (25), ਦਿਪਾਂਸ਼ੂ ਗਰਗ (24), ਰਾਹੁਲ ਵਰਮਾ (27), ਕਰਨ ਬੋਪਾਰਾਏ (26), ਮਨਕੀਰਤ ਬੋਪਾਰਾਏ (22), ਸਿਮਰ ਬੋਪਾਰਾਏ (21), ਜੋਵਨ ਸਿੰਘ (23) ਤੇ ਅਭਿਨਵ ਭਾਰਦਵਾਜ (25) ਵਜੋਂ ਦੱਸੀ

• ਬਾਕੀ ਸਫਾ 2 'ਤੇ

## ਤਨਖਾਹ, ਪੈਨਸ਼ਨ ਪਾਉਣ ਦੇ ਭਰੋਸੇ 'ਤੇ ਅੱਜ ਦਾ ਐਕਸ਼ਨ ਮੁਲਤਵੀ


**ਪਟਿਆਲਾ** : ਨਿਰਮਲ ਸਿੰਘ ਧਾਰੀਵਾਲ ਕਨਵੀਨਰ ਮੈਂਬਰਾਨ ਸਰਵਸ੍ਰੀ ਬਲਦੇਵ ਰਾਜ ਬੱਤਾ, ਹਰਪ੍ਰੀਤ ਸਿੰਘ ਖੱਟੜਾ, ਨਸੀਬ ਚੰਦ ਤੇ ਉੱਤਮ ਸਿੰਘ ਬਾਗੜੀ ਨੇ ਮੰਗਲਵਾਰ ਦੱਸਿਆ ਕਿ ਪੀ ਆਰ ਟੀ ਸੀ ਵਰਕਰਜ਼ ਐਕਸ਼ਨ ਕਮੇਟੀ ਦੀ ਮੀਟਿੰਗ ਐੱਮ ਡੀ ਪੀ ਆਰ ਟੀ ਸੀ ਨਾਲ ਤਨਖਾਹ ਅਤੇ ਪੈਨਸ਼ਨ ਵਿੱਚ ਹੋਈ ਦੇਰੀ ਅਤੇ ਹੋਰ ਅਹਿਮ ਮੰਗਾਂ ਨੂੰ ਲੈ ਕੇ ਹੋਈ। ਸਭ ਤੋਂ ਅਹਿਮ ਫੌਰੀ ਮਸਲਾ ਤਨਖਾਹ ਅਤੇ ਪੈਨਸ਼ਨ ਦੀ ਅਦਾਇਗੀ ਦਾ ਵਿਚਾਰਿਆ ਗਿਆ, ਜਿਸ 'ਤੇ ਮੈਨੇਜਮੈਂਟ ਵੱਲੋਂ ਦੱਸਿਆ ਗਿਆ ਕਿ 18 ਜੂਨ ਨੂੰ ਪੈਸਾ ਆ ਜਾਵੇਗਾ, ਉਸੇ ਦਿਨ ਜਾਂ 19 ਤਰੀਕ ਤੱਕ ਹਰ ਹਾਲਤ ਵਿੱਚ ਤਨਖਾਹ ਤੇ ਪੈਨਸ਼ਨ ਪਾ ਦਿੱਤੀ ਜਾਵੇਗੀ। ਮੈਨੇਜਮੈਂਟ ਵੱਲੋਂ ਐਕਸ਼ਨ ਕਮੇਟੀ ਨੂੰ ਅਪੀਲ ਕੀਤੀ ਗਈ ਕਿ 18 ਜੂਨ ਦਾ ਰੋਸ ਮੁਜ਼ਾਹਰਾ ਅਤੇ ਪੁਤਲੇ ਫੂਕਣ ਦਾ ਐਕਸ਼ਨ ਨਾ ਕੀਤਾ ਜਾਵੇ। ਇਸ ਅਪੀਲ ਨੂੰ ਵਿਚਾਰਦਿਆਂ ਹੋਏ ਗੱਲਬਾਤ 'ਤੇ ਭਰੋਸਾ ਕਰਦਿਆਂ 18 ਜੂਨ ਦਾ ਰੋਸ ਮੁਜ਼ਾਹਰਾ ਮੁਲਤਵੀ ਕਰਨ ਦਾ ਫੈਸਲਾ ਕੀਤਾ ਗਿਆ ਅਤੇ ਇਹ ਵੀ ਤਹਿ ਕੀਤਾ ਗਿਆ ਕਿ ਜੇ 19 ਜੂਨ ਤੱਕ ਤਨਖਾਹ ਤੇ ਪੈਨਸ਼ਨ ਕਿਸੇ ਵੀ ਕਾਰਨ ਨਾ ਪਾਈ ਗਈ ਤਾਂ ਪਹਿਲਾਂ ਤੋਂ ਤਹਿ ਕੀਤਾ ਐਕਸ਼ਨ 20 ਜੂਨ ਨੂੰ ਹੋਰ ਵੀ ਜ਼ੋਰਦਾਰ ਤਰੀਕੇ ਨਾਲ ਕੀਤਾ ਜਾਵੇਗਾ। ਇਸ ਤੋਂ ਇਲਾਵਾ ਮਹੱਤਵਪੂਰਨ ਮੰਗਾਂ 'ਤੇ ਸੰਖੇਪ ਚਰਚਾ ਹੋਈ ਅਤੇ ਮੈਨੇਜਮੈਂਟ ਵੱਲੋਂ ਇੱਕ ਹਫਤੇ ਦੇ ਅੰਦਰ-ਅੰਦਰ ਤਰੀਕ ਤਹਿ ਕਰਕੇ ਐਕਸ਼ਨ ਕਮੇਟੀ ਨਾਲ ਮੀਟਿੰਗ ਕੀਤੀ ਜਾਵੇਗੀ, ਜਿਸ ਵਿੱਚ ਮੰਗਾਂ 'ਤੇ ਵਿਸਥਾਰ-ਪੂਰਵਕ ਗੱਲਬਾਤ ਹੋਵੇਗੀ।



## ਏਅਰ ਇੰਡੀਆ ਦੀਆਂ ਤਿੰਨ ਉਡਾਣਾਂ ਰੱਦ, ਅੰਮ੍ਰਿਤਸਰ ਤੋਂ ਉਡਾਣਾਂ ਪ੍ਰਭਾਵਤ

**ਨਵੀਂ ਦਿੱਲੀ** : ਅਹਿਮਦਾਬਾਦ ਦੇ ਹਾਦਸੇ ਤੋਂ ਬਾਅਦ ਮੰਗਲਵਾਰ ਏਅਰ ਇੰਡੀਆ ਦੀਆਂ ਤਿੰਨ ਉਡਾਣਾਂ ਰੱਦ ਕਰਨੀਆਂ ਪਈਆਂ। ਦਿੱਲੀ ਤੋਂ ਪੈਰਿਸ ਦੀ ਉਡਾਣ ਐਨ ਮੌਕੇ 'ਤੇ ਰੱਦ ਕਰਨੀ ਪਈ ਕਿਉਂਕਿ ਜਾਂਚ ਦੌਰਾਨ ਕੁਝ ਨੁਕਸ ਲੱਭ ਪਿਆ ਸੀ। ਇਸਤੋਂ ਪਹਿਲਾਂ ਅਹਿਮਦਾਬਾਦ-ਲੰਡਨ ਗੈਟਵਿਕ ਉਡਾਣ ਇਸ ਕਰਕੇ ਰੱਦ ਕਰਨੀ ਪਈ ਕਿਉਂਕਿ ਬੋਇੰਗ 787 ਡਰੀਮਲਾਈਨਰ ਜਹਾਜ਼ ਉਪਲਬਧ ਨਹੀਂ ਹੋਇਆ।

ਉਧਰ, ਇੱਕ ਹੋਰ ਘਟਨਾ 'ਚ ਸਾਂ ਫਰਾਂਸਿਸਕੋ ਤੋਂ ਮੁੰਬਈ ਜਾ ਰਹੇ ਏਅਰ ਇੰਡੀਆ ਦੇ ਜਹਾਜ਼ ਦੇ ਇੱਕ ਇੰਜਣ ਵਿੱਚ ਤਕਨੀਕੀ ਖਰਾਬੀ ਆ ਗਈ, ਜਿਸ ਕਾਰਨ ਉਸਨੂੰ ਮੰਗਲਵਾਰ ਸਵੇਰੇ ਕੋਲਕਾਤਾ ਰੋਕ ਕੇ ਯਾਤਰੀਆਂ ਨੂੰ ਉਤਾਰਨਾ ਪਿਆ। ਆਮ ਕਰਕੇ ਏਅਰ ਇੰਡੀਆ ਦੀ ਮੁੰਬਈ ਤਕ ਸਿੱਧੀ ਉਡਾਣ ਹੁੰਦੀ ਹੈ ਪਰ ਪਾਕਿਸਤਾਨੀ ਆਕਾਸ਼ ਬੰਦ ਹੋਣ ਤੇ ਹੋਰ ਕਈ ਤਰ੍ਹਾਂ ਦੀਆਂ ਰੋਕਾਂ ਕਾਰਨ ਵਾਇਆ ਕੋਲਕਾਤਾ ਆ ਰਹੀ ਸੀ। ਫਲਾਈਟ 19-180 ਸਵੇਰੇ 00:45 ਵਜੇ ਹਵਾਈ ਅੱਡੇ 'ਤੇ ਪਹੁੰਚੀ, ਪਰ ਖੱਬੇ ਇੰਜਣ ਵਿੱਚ ਤਕਨੀਕੀ ਖਰਾਬੀ ਕਾਰਨ ਉਡਾਣ ਵਿੱਚ ਦੇਰੀ ਹੋ ਗਈ। ਲਗਪਗ 05:20 ਵਜੇ ਜਹਾਜ਼ ਵਿੱਚ ਘੋਸ਼ਣਾ ਕਰਕੇ ਸਾਰੇ ਯਾਤਰੀਆਂ ਨੂੰ ਜਹਾਜ਼ ਤੋਂ ਉਤਰਨ ਲਈ ਕਿਹਾ ਗਿਆ। ਅਹਿਮਦਾਬਾਦ ਹਾਦਸੇ ਤੋਂ ਬਾਅਦ ਸੁਰੱਖਿਆ ਜਾਂਚ ਦਾ ਪ੍ਰਭਾਵ ਅੰਮ੍ਰਿਤਸਰ ਹਵਾਈ ਅੱਡੇ 'ਤੇ ਵੀ ਪਿਆ ਹੈ। ਬੁੱਧਵਾਰ ਨੂੰ ਲੰਡਨ ਤੋਂ ਅੰਮ੍ਰਿਤਸਰ ਆਉਣ ਵਾਲੀ ਉਡਾਣ ਰੱਦ ਕਰ ਦਿੱਤੀ ਗਈ ਹੈ। ਸੋਮਵਾਰ ਅੰਮ੍ਰਿਤਸਰ ਤੋਂ ਬਰਮਿੰਘਮ ਦੀ ਉਡਾਣ ਰੱਦ ਕੀਤੀ ਗਈ ਸੀ। ਇਸੇ ਦੌਰਾਨ ਮਸਕਟ ਤੋਂ ਵਾਇਆ ਕੋਚੀ ਦਿੱਲੀ ਜਾ ਰਹੇ ਇੰਡੀਗੋ ਦੇ ਜਹਾਜ਼ ਨੂੰ ਬੰਬ ਦੀ ਧਮਕੀ ਮਿਲਣ ਕਾਰਨ ਨਾਗਪੁਰ ਹਵਾਈ ਅੱਡੇ 'ਤੇ ਐਮਰਜੈਂਸੀ ਲੈਂਡਿੰਗ ਕਰਨੀ ਪਈ। ਜਹਾਜ਼ 157 ਯਾਤਰੀਆਂ ਅਤੇ ਚਾਲਕ ਦਲ ਦੇ ਛੇ ਮੈਂਬਰਾਂ ਨਾਲ ਸਵੇਰੇ 9.31 ਵਜੇ ਦਿੱਲੀ ਲਈ ਰਵਾਨਾ ਹੋਇਆ ਸੀ।



## ਅਮਰਨਾਥ ਦੇ ਰੂਟ ਨੋ ਫਲਾਈਂਗ ਜ਼ੋਨ

**ਸ੍ਰੀਨਗਰ** : ਜੰਮੂ-ਕਸ਼ਮੀਰ ਦੇ ਗ੍ਰਹਿ ਵਿਭਾਗ ਨੇ 3 ਜੁਲਾਈ ਤੋਂ ਸ਼ੁਰੂ ਹੋ ਰਹੀ ਅਮਰਨਾਥ ਯਾਤਰਾ ਤੋਂ ਪਹਿਲਾਂ ਤੀਰਥ ਯਾਤਰਾ ਦੇ ਪੂਰੇ ਰੂਟ ਨੂੰ 'ਨੋ ਫਲਾਈਂਗ ਜ਼ੋਨ' ਐਲਾਨ ਦਿੱਤਾ ਹੈ। ਇਹ ਹੁਕਮ ਪਹਿਲੀ ਜੁਲਾਈ ਤੋਂ 10 ਅਗਸਤ ਤੱਕ ਅਮਲ ਵਿੱਚ ਰਹਿਣਗੇ। ਇੱਕ ਰੂਟ ਪਹਿਲਗਾਮ ਅਤੇ ਦੂਜਾ ਬਾਲਟਾਲ ਤੋਂ ਜਾਂਦਾ ਹੈ। ਹੁਕਮਾਂ ਮੁਤਾਬਕ ਯੂ ਏ ਵੀ, ਡਰੋਨ, ਗੁਬਾਰੇ ਆਦਿ ਦੀ ਉਡਾਣ 'ਤੇ ਪਾਬੰਦੀ ਰਹੇਗੀ।

## ਚੋਣ ਪ੍ਰਚਾਰ ਬੰਦ

**ਲੁਧਿਆਣਾ (ਰੈਕਟਰ ਕਥੂਰੀਆ)**

ਲੁਧਿਆਣਾ ਪੱਛਮੀ ਅਸੈਂਬਲੀ ਹਲਕੇ ਦੀ ਜ਼ਿਮਨੀ ਚੋਣ ਲਈ ਪ੍ਰਚਾਰ ਦਾ ਰੌਲਾ-ਗੌਲਾ ਮੰਗਲਵਾਰ ਸ਼ਾਮ ਬੰਦ ਹੋ ਗਿਆ।

ਵੋਟਾਂ 19 ਜੂਨ ਨੂੰ ਪੈਣਗੀਆਂ ਤੇ ਨਤੀਜਾ 23 ਜੂਨ ਨੂੰ ਨਿਕਲੇਗਾ।

## ਨੌਜਵਾਨ ਦੀ ਹੱਤਿਆ

**ਜ਼ੀਰਾ (ਨਰਿੰਦਰ ਅਨੇਜਾ)**-ਸੋਮਵਾਰ ਰਾਤ ਮੱਲਾਂਵਾਲਾ ਨੇੜਲੇ ਪਿੰਡ ਭਾਗੋ ਕੇ ਵਿੱਚ ਕਰਮਜੀਤ ਸਿੰਘ ਉਰਫ ਗੋਲਡੀ ਅਤੇ ਪਰਦੀਪ ਸਿੰਘ ਵਿਚਕਾਰ ਤਕਰੀਬਨ 1.5 ਮਰਲੇ ਖੇਤੀਬਾੜੀ ਜ਼ਮੀਨ ਦੇ ਕਬਜ਼ੇ ਨੂੰ ਲੈ ਕੇ ਝਗੜਾ ਹੋ ਗਿਆ। ਇਸ ਦੌਰਾਨ ਅਮਰਜੀਤ ਸਿੰਘ ਨੇ ਕਰਮਜੀਤ ਸਿੰਘ ਤੇ ਉਸ ਦੇ ਸਾਥੀਆਂ 'ਤੇ ਪਿਸਟਲ ਨਾਲ ਗੋਲੀਆਂ ਚਲਾ ਦਿੱਤੀਆਂ। ਨਤੀਜੇ ਵਜੋਂ ਕਰਮਜੀਤ ਸਿੰਘ (17), ਸੰਦੀਪ ਸਿੰਘ (42) ਅਤੇ ਗੁਰਬੀਰ ਸਿੰਘ (30) ਜ਼ਖ਼ਮੀ ਹੋ ਗਏ, ਜਿਨ੍ਹਾਂ ਨੂੰ ਇਲਾਜ ਲਈ ਸਿਵਲ ਹਸਪਤਾਲ ਜ਼ੀਰਾ ਲਿਆਂਦਾ ਗਿਆ। ਹਸਪਤਾਲ ਵਿੱਚ ਡਾਕਟਰਾਂ ਨੇ ਕਰਮਜੀਤ ਸਿੰਘ ਨੂੰ ਮ੍ਰਿਤਕ ਐਲਾਨ ਦਿੱਤਾ।



## ਸੱਪ ਦੇ ਡੰਗਣ ਨਾਲ ਮਾਸੀ ਦੀ ਮੌਤ, ਭਾਣਜਾ ਗੰਭੀਰ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਨੇੜਲੇ ਪਿੰਡ ਜੋਧਵਾਲ ਵਿਖੇ ਮੰਗਲਵਾਰ ਤੜਕੇ ਇੱਕ ਘਰ ਵਿੱਚ ਵਾਪਰੇ ਦਰਦਨਾਕ ਹਾਦਸੇ ਵਿੱਚ ਸੱਪ ਦੇ ਡੰਗਣ ਨਾਲ ਔਰਤ ਅਨੂ ਰਾਣੀ (30) ਦੀ ਮੌਤ ਹੋ ਗਈ, ਜਦਕਿ ਉਸ ਦਾ ਰਿਸ਼ਤੇ ਵਿੱਚ ਲੱਗਦਾ 5 ਸਾਲਾ ਭਾਣਜਾ ਹਾਰਦਿਕ ਵਾਸੀ ਅੰਬਾਲਾ ਜ਼ਿੰਦਗੀ ਤੇ ਮੌਤ ਦੀ ਲੜਾਈ ਲੜ ਰਿਹਾ ਹੈ। ਅਨੂ ਰਾਣੀ ਮੰਜੇ 'ਤੇ ਸੁੱਤੀ ਪਈ ਸੀ, ਜਦਕਿ ਉਸ ਦਾ ਭਾਣਜਾ ਜੋ ਕਿ ਆਪਣੀ ਮਾਤਾ ਸਮੇਤ ਇੱਥੇ ਰਿਸ਼ਤੇਦਾਰੀ ਵਿਚ ਆਇਆ ਹੋਇਆ ਹੈ, ਉਹ ਥੱਲੇ ਬਿਸਤਰੇ 'ਤੇ ਸੁੱਤਾ ਪਿਆ ਸੀ। ਅਚਨਚੇਤ ਤੜਕੇ ਕਰੀਬ 3 ਵਜੇ ਤੋਂ ਬਾਅਦ ਇੱਕ ਸੱਪ ਉਨ੍ਹਾਂ ਦੇ ਕਮਰੇ ਵਿੱਚ ਆ ਵੜਿਆ, ਜਿਸ ਨੇ ਸੁੱਤੀ ਪਈ ਅਨੂ ਰਾਣੀ ਤੇ ਉਸ ਦੇ ਭਾਣਜੇ ਨੂੰ ਡੰਗ ਲਿਆ। ਸੱਪ ਦੇ ਡੰਗਣ ਕਾਰਨ ਪਰਵਾਰ ਵਿੱਚ ਭਗਦੜ ਮਚ ਗਈ ਅਤੇ ਦੋਵਾਂ ਨੂੰ ਹਸਪਤਾਲ ਲਿਆਂਦਾ ਗਿਆ, ਜਿੱਥੇ ਅਨੂ ਰਾਣੀ ਦੀ ਮੌਤ ਹੋ ਗਈ, ਜਦਕਿ ਹਾਰਦਿਕ ਇਲਾਜ ਅਧੀਨ ਹੈ ਅਤੇ ਡਾਕਟਰਾਂ ਵੱਲੋਂ ਉਸ ਨੂੰ ਬਚਾਉਣ ਦੇ ਯਤਨ ਜਾਰੀ ਹਨ। ਅਨੂ ਰਾਣੀ, ਜਿਸ ਦੇ ਪਤੀ ਜਨਕ ਰਾਜ ਦੀ ਕੁਝ ਸਾਲ ਪਹਿਲਾਂ ਕੋਰੋਨਾ ਦੌਰਾਨ ਮੌਤ ਹੋ ਗਈ ਸੀ ਅਤੇ ਅੱਜ ਉਹ ਵੀ ਸੱਪ ਦੇ ਡੰਗਣ ਕਾਰਨ ਮੌਤ ਦੇ ਮੂੰਹ ਵਿੱਚ ਜਾ ਪਈ।

## 2 ਸੈਲਾਨੀਆਂ ਦੀ ਮੌਤ, 22 ਜ਼ਖਮੀ

**ਸ਼ਿਮਲਾ** : ਹਿਮਾਚਲ ਪ੍ਰਦੇਸ਼ ਦੇ ਲਾਹੌਲ ਅਤੇ ਸਪਿਤੀ ਜ਼ਿਲ੍ਹੇ ਵਿੱਚ ਕੋਕਸਰ-ਰੋਹਤਾਂਗ ਸੜਕ 'ਤੇ ਗਰਾਮਫੂ ਨੇੜੇ ਸੋਮਵਾਰ ਸ਼ਾਮ ਟੈਂਪੂ ਟਰੈਵਲਰ ਖੱਡ ਵਿੱਚ ਡਿੱਗਣ ਕਾਰਨ 2 ਵਿਅਕਤੀਆਂ ਦੀ ਮੌਤ ਹੋ ਗਈ ਅਤੇ 22 ਜ਼ਖਮੀ ਹੋ ਗਏ। ਮ੍ਰਿਤਕਾਂ ਦੀ ਪਛਾਣ ਕਰਨਾਲ ਦੀ ਮੋਨਿਕਾ (28) ਅਤੇ ਫਰੀਦਾਬਾਦ ਦੇ ਰਵੀ ਮਹਿਤਾ (32) ਵਜੋਂ ਹੋਈ ਹੈ। ਜ਼ਖਮੀਆਂ ਵਿੱਚ ਹਰਿਆਣਾ ਤੋਂ ਇਲਾਵਾ ਦਿੱਲੀ, ਗੁਜਰਾਤ, ਪੰਜਾਬ, ਬਿਹਾਰ ਅਤੇ ਯੂ ਪੀ ਦੇ ਹਨ।



ਡੀ ਐੱਸ ਪੀ ਰਸ਼ਮੀ ਸ਼ਰਮਾ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਚੱਲਿਆ ਹੈ ਕਿ ਡਰਾਈਵਰ ਦੀ ਗਲਤੀ ਨਾਲ ਹਾਦਸਾ ਵਾਪਰਿਆ। ਮੰਡੀ ਦੀ ਰਿਪੋਰਟ ਹੈ ਕਿ ਜਾਹੂ ਤੋਂ ਪੱਟੀਘਾਟ-ਕਲਖਰ ਰਾਹੀਂ ਮੰਡੀ ਆ ਰਹੀ ਨਿੱਜੀ ਬੱਸ ਸੜਕ ਤੋਂ ਹੇਠਾਂ ਉਤਰ ਜਾਣ ਕਾਰਨ ਲੱਗਪਗ 20 ਲੋਕ ਜ਼ਖਮੀ ਹੋ ਗਏ। ਹੱਟਲੀ ਥਾਣੇ ਦੇ ਅਧਿਕਾਰੀਆਂ ਨੇ ਤੁਰੰਤ ਪਹੁੰਚ ਕੇ ਬਚਾਅ ਅਤੇ ਰਾਹਤ ਕਾਰਜ ਸ਼ੁਰੂ ਕਰ ਦਿੱਤੇ।

## ਕਿਰਤ ਕਾਨੂੰਨਾਂ 'ਚ ਮਜ਼ਦੂਰ ਵਿਰੋਧੀ ਸੋਧਾਂ ਰੱਦ ਕਰੇ ਪੰਜਾਬ ਸਰਕਾਰ : ਮਜ਼ਦੂਰ ਜਥੇਬੰਦੀਆਂ

**ਲੁਧਿਆਣਾ (ਰੈਕਟਰ ਕਥੂਰੀਆ)**

ਵੱਖ-ਵੱਖ ਮਜ਼ਦੂਰ ਜੱਥੇਬੰਦੀਆਂ ਦੇ ਸਾਂਝੇ ਵਫਦ ਵੱਲੋਂ ਮੰਗਲਵਾਰ ਡੀ.ਸੀ. ਲੁਧਿਆਣਾ ਰਾਹੀਂ ਪੰਜਾਬ ਸਰਕਾਰ ਵੱਲੋਂ ਕਿਰਤ ਕਾਨੂੰਨਾਂ ਵਿੱਚ ਮਜ਼ਦੂਰ ਵਿਰੋਧੀ ਸੋਧਾਂ ਰੱਦ ਕਰਨ ਅਤੇ ਮਜ਼ਦੂਰਾਂ ਦੇ ਕਿਰਤ ਹੱਕ ਸਖਤੀ ਨਾਲ ਲਾਗੂ ਕਰਾਉਣ ਲਈ ਮੁੱਖ ਮੰਤਰੀ ਪੰਜਾਬ ਨੂੰ ਮੰਗ ਪੱਤਰ ਭੇਜਿਆ ਗਿਆ। ਵਫਦ ਵੱਲੋਂ ਪਾਇਲ ਗੋਇਲ, ਸਹਾਇਕ ਕਮਿਸ਼ਨਰ (ਜਨਰਲ) ਨੂੰ ਮੰਗ ਪੱਤਰ ਸੌਂਪਿਆ ਗਿਆ। ਵਫਦ ਵਿੱਚ ਕਾਰਖਾਨਾ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਲਖਵਿੰਦਰ ਸਿੰਘ, ਮੋਲਡਰ ਐਂਡ ਸਟੀਲ ਵਰਕਰਜ਼ ਯੂਨੀਅਨ ਦੇ ਪ੍ਰਧਾਨ ਹਰਜਿੰਦਰ ਸਿੰਘ, ਇਨਕਲਾਬੀ ਮਜ਼ਦੂਰ ਕੇਂਦਰ ਦੇ ਪ੍ਰਧਾਨ ਸੁਰਿੰਦਰ ਸਿੰਘ, ਪੇਂਡੂ ਮਜ਼ਦੂਰ ਯੂਨੀਅਨ (ਮਸ਼ਾਲ) ਦੇ ਪ੍ਰਧਾਨ ਸੁਖਦੇਵ ਸਿੰਘ ਭੂੰਦੜੀ, ਟੈਕਸਟਾਈਲ-ਹੌਜ਼ਰੀ ਕਾਮਗਾਰ ਯੂਨੀਅਨ ਦੇ ਪ੍ਰਧਾਨ ਜਗਦੀਸ਼ ਸਿੰਘ ਤੋਂ ਇਲਾਵਾ ਇਹਨਾਂ ਜੱਥੇਬੰਦੀਆਂ ਦੇ ਹੋਰ ਅਨੇਕਾਂ ਆਗੂ ਤੇ ਕਾਰਕੁੰਨ ਰਵਿੰਦਰ ਕੌਰ, ਤਰਨਪ੍ਰੀਤ, ਗੁਰਮੀਤ ਸਿੰਘ, ਕੁਲਦੀਪ ਸਿੰਘ, ਹਰਬੰਸ ਸਿੰਘ, ਵਿਸਾਖਾ ਸਿੰਘ ਸ਼ਾਮਲ ਸਨ।



ਇਸ ਦੇ ਨਾਲ ਹੀ ਜੱਥੇਬੰਦੀਆਂ ਨੇ 9 ਜੁਲਾਈ ਨੂੰ ਮਜ਼ਦੂਰ-ਮੁਲਾਜ਼ਮ ਯੂਨੀਅਨਾਂ-ਜੱਥੇਬੰਦੀਆਂ ਵੱਲੋਂ ਦੇਸ਼ ਪੱਧਰੀ ਹੜਤਾਲ ਅਤੇ ਰੋਸ ਮੁਜ਼ਾਹਰਿਆਂ ਦੇ ਸੱਦੇ ਨੂੰ ਸਫਲ ਬਣਾਉਣ ਲਈ ਮੀਟਿੰਗ ਵੀ ਕੀਤੀ ਗਈ। ਫੈਸਲਾ ਕੀਤਾ ਗਿਆ ਕਿ 9 ਜੁਲਾਈ ਨੂੰ ਸਾਂਝਾ ਰੋਸ ਮੁਜ਼ਾਹਰਾ ਕੀਤਾ ਜਾਵੇਗਾ। ਇਸ ਸੰਬੰਧੀ ਸਾਂਝਾ ਲੀਫਲੈੱਟ ਵੀ ਜਾਰੀ ਕੀਤਾ ਜਾਵੇਗਾ ਅਤੇ ਸਾਂਝੀ ਮੁਹਿੰਮ ਚਲਾਈ ਜਾਵੇਗੀ। ਇਸ ਸੰਬੰਧੀ ਤਿਆਰੀ ਮੀਟਿੰਗ 24 ਜੂਨ ਨੂੰ ਕੀਤੀ ਜਾਵੇਗੀ। ਜੱਥੇਬੰਦੀਆਂ ਨੇ ਸਭਨਾਂ ਮਜ਼ਦੂਰਾਂ, ਹੋਰ ਕਿਰਤੀਆਂ ਤੇ ਇਨਸਾਫਪਸੰਦ ਲੋਕਾਂ ਨੂੰ ਅਪੀਲ ਕੀਤੀ ਹੈ ਕਿ 9 ਜੁਲਾਈ ਦੇ ਸੱਦੇ ਨੂੰ

• ਬਾਕੀ ਸਫਾ 2 'ਤੇ

## ਅੱਜ-ਨਾਮਾ

ਬੁਲਡੋਜ਼ਰ ਚੱਲਦੇ ਪਏ ਹਨ ਘਰਾਂ ਉੱਪਰ,
ਕਿਧਰੇ ਕਦੀ ਚੱਲਣ, ਕਿਧਰੇ ਕਦੀ ਮੀਆਂ।
ਕਿਧਰੇ ਤਸਕਰੀ 'ਤੇ ਹੁੰਦੀ ਆ ਕਾਰਵਾਈ,
ਕਰਨੋਂ ਹਟੇ ਨਹੀਂ ਬੰਦਾ ਜਦ ਬਦੀ ਮੀਆਂ।
ਢਾਹੇ ਮਕਾਨ ਹਰਿਆਣੇ ਵਿੱਚ ਆਗੂਆਂ ਦੇ,
ਭ੍ਰਿਸ਼ਟਾਚਾਰ ਦੀ ਰੋਕਣ ਲਈ ਨਦੀ ਮੀਆਂ।
ਲੋਕੀਂ ਕਹਿੰਦੇ ਆ ਜਿਹੋ ਜਿਹੀ ਧੁੰਮ ਪਾਈ,
ਇਹ ਬੁਲਡੋਜ਼ਰ ਦੀ ਜਾਪਦੀ ਸਦੀ ਮੀਆਂ।
ਗੱਲ ਕਮਾਲ ਦੀ ਬੁਲਡੋਜ਼ਰ ਨੇ ਗਏ ਜਿੱਥੇ,
ਕਰਦੇ ਵਿਰੋਧ ਨਹੀਂ ਕਿਤੇ ਵੀ ਲੋਕ ਮੀਆਂ।
ਲੋਕੀਂ ਆਪੋ ਵਿੱਚ ਉਲਟਾ ਈ ਗੱਲ ਕਰਦੇ,
ਕਮਾਇਆ ਇਨ੍ਹਾਂ ਨੇ ਮਾਲ ਸੀ ਥੋਕ ਮੀਆਂ।

-ਤੀਸ ਮਾਰ ਖਾਂ

## ਲਾੜੀ ਖੁਸ਼ ਤੇ ਲਾੜਾ ਵੀ ਖੁਸ਼

**ਬਦਾਯੂੰ** : ਯੂ ਪੀ ਦੇ ਬਦਾਯੂੰ ਜ਼ਿਲ੍ਹੇ ਵਿੱਚ ਇੱਕ ਨਵ-ਵਿਆਹੁਤਾ ਵਿਆਹ ਦੇ ਕੁਝ ਹੀ ਦਿਨਾਂ ਬਾਅਦ ਪ੍ਰੇਮੀ ਨਾਲ ਭੱਜ ਗਈ, ਪਰ ਹੈਰਾਨੀ ਦੀ ਗੱਲ ਹੈ ਕਿ ਪਤੀ ਨੇ ਨਿਰਾਸ਼ ਹੋਣ ਦੀ ਥਾਂ ਸੁੱਖ ਦਾ ਸਾਹ ਲੈਂਦਿਆਂ ਕਿਹਾ, "ਸ਼ੁਕਰ ਹੈ ਮੇਰਾ ਰਾਜਾ ਰਘੂਵੰਸ਼ੀ ਵਰਗਾ ਹਸ਼ਰ ਨਹੀਂ ਹੋਇਆ।" 20 ਸਾਲਾ ਕੁੜੀ ਦਾ ਵਿਆਹ ਬਿਸੌਲੀ ਥਾਣਾ ਖੇਤਰ ਦੇ ਮੌਸਮਪੁਰ ਪਿੰਡ ਦੇ ਸੁਨੀਲ (23) ਨਾਲ 17 ਮਈ ਨੂੰ ਹੋਇਆ ਸੀ। ਨੌਂ ਦਿਨ ਸਹੁਰੇ ਘਰ ਰਹਿਣ ਤੋਂ ਬਾਅਦ ਉਹ ਪੇਕੇ ਚਲੇ ਗਈ, ਪਰ ਵਾਪਸ ਪਰਤਣ ਦੀ ਬਜਾਏ ਉਹ ਆਪਣੇ ਕਥਿਤ 22 ਸਾਲਾ ਪ੍ਰੇਮੀ ਨਾਲ ਭੱਜ ਗਈ। ਸੁਨੀਲ ਨੇ ਪੁਲਸ ਕੋਲ ਉਸ ਦੀ ਗੁੰਮਸ਼ੁਦਗੀ ਦੀ ਰਿਪੋਰਟ ਦਰਜ ਕਰਾਈ ਸੀ। ਦੱਸਿਆ ਜਾ ਰਿਹਾ ਹੈ ਕਿ ਸੋਮਵਾਰ ਲਾੜੀ ਨੇ ਥਾਣੇ ਵਿੱਚ ਜਾ ਕੇ ਅਧਿਕਾਰੀਆਂ ਅਤੇ ਪਰਵਾਰਕ ਮੈਂਬਰਾਂ ਦੇ ਸਾਹਮਣੇ ਕਿਹਾ, "ਮੈਂ ਹੁਣ ਆਪਣੇ ਪ੍ਰੇਮੀ ਨਾਲ ਰਹਿਣਾ ਚਾਹੁੰਦੀ ਹਾਂ।" ਇਸ ਉਪਰੰਤ ਬਿਸੌਲੀ ਦੇ ਪੁਲਸ ਅਧਿਕਾਰੀਆਂ ਨੇ ਦੋਵਾਂ ਪਰਵਾਰਾਂ ਵਿਚਕਾਰ ਸਮਝੌਤਾ ਕਰਵਾਇਆ ਤੇ ਦੋਹਾਂ ਨੇ ਆਪਸੀ ਸਹਿਮਤੀ ਨਾਲ ਵੱਖ ਹੋਣ ਦਾ ਫੈਸਲਾ ਕੀਤਾ। ਸਮਝੌਤੇ ਮੁਤਾਬਕ ਵਿਆਹ ਦੌਰਾਨ ਤੋਹਫੇ ਵਿੱਚ ਦਿੱਤੇ ਗਏ ਗਹਿਣੇ ਅਤੇ ਘਰੇਲੂ ਸਾਮਾਨ ਵਾਪਸ ਕਰ ਦਿੱਤਾ ਗਿਆ।

ਪੱਤਰਕਾਰਾਂ ਨਾਲ ਗੱਲ ਕਰਦੇ ਹੋਏ ਸੁਨੀਲ ਨੇ ਦੱਸਿਆ, "ਮੈਂ ਉਸ ਨੂੰ ਹਨੀਮੂਨ ਲਈ ਨੈਨੀਤਾਲ ਲੈ ਕੇ ਜਾਣ ਦੀ ਯੋਜਨਾ ਬਣਾਈ ਸੀ। ਪਰ ਜੇ ਉਹ ਆਪਣੇ ਪ੍ਰੇਮੀ ਨਾਲ ਰਹਿਣਾ ਚਾਹੁੰਦੀ ਹੈ, ਤਾਂ ਮੈਨੂੰ ਖੁਸ਼ੀ ਹੋਵੇਗੀ। ਘੱਟੋ-ਘੱਟ ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਮੇਰਾ ਹਾਲ ਰਾਜਾ ਰਘੂਵੰਸ਼ੀ ਵਰਗਾ ਨਹੀਂ ਹੋਇਆ। ਹੁਣ ਅਸੀਂ ਤਿੰਨੋਂ ਖੁਸ਼ ਹਾਂ। ਉਸ ਨੂੰ ਪਿਆਰ ਮਿਲ ਗਿਆ ਹੈ ਅਤੇ ਮੇਰੀ ਜ਼ਿੰਦਗੀ ਬਰਬਾਦ ਨਹੀਂ ਹੋਈ।" ਥਾਣੇ ਵਿੱਚ ਮੌਜੂਦ ਲਾੜੇ ਦੀ ਭਾਬੀ ਰਾਧਾ ਨੇ ਕਿਹਾ, "ਉਹ ਸਾਡੇ ਨਾਲ ਸਿਰਫ ਅੱਠ ਦਿਨ ਹੀ ਰਹੀ। ਉਸ ਦੇ ਜਾਣ ਤੋਂ ਬਾਅਦ ਉਹ ਉਸੇ ਪਿੰਡ ਦੇ ਆਪਣੇ ਪ੍ਰੇਮੀ ਨਾਲ ਭੱਜ ਗਈ। ਅਸੀਂ ਸਿਰਫ ਆਪਣੇ ਤੋਹਫੇ ਵਾਪਸ ਮੰਗੇ ਅ ਤੇ

• ਬਾਕੀ ਸਫਾ 2 'ਤੇ



## ਸਤਨਾਮ ਸਿੰਘ ਈ ਟੀ ਟੀ ਅਧਿਆਪਕ ਗੁਲਾਬੇਵਾਲਾ ਦੀ ਮੌਤ 'ਤੇ ਦੁੱਖ ਪ੍ਰਗਟ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪ੍ਰਜਾ)**-ਗੌਰਮਿੰਟ ਟੀਚਰਜ਼ ਯੂਨੀਅਨ ਵਿਗਿਆਨਕ ਵੱਲੋਂ ਯੂਨੀਅਨ ਦੇ ਮੀਤ ਪ੍ਰਧਾਨ ਸਤਨਾਮ ਸਿੰਘ ਈਟੀਟੀ ਅਧਿਆਪਕ ਗੁਲਾਬੇਵਾਲਾ ਦੀ ਬੇਵਕਤ ਮੌਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।ਸਤਨਾਮ ਸਿੰਘ ਪਿਛਲੇ ਕਈ ਸਮੇਂ ਤੋਂ ਲੀਵਰ ਦੀ ਬਿਮਾਰੀ ਨਾਲ ਜੂਝਦੇ ਹੋਏ ਜ਼ਿੰਦਗੀ ਦੀ ਜੰਗ ਹਾਰ ਗਏ।45 ਕੁ ਸਾਲ ਦੀ ਉਮਰ ਵਿੱਚ ਸਮਾਜਿਕ ਜ਼ਿੰਮੇਵਾਰੀਆਂ ਅਧਵਾਟੇ ਛੱਡ ਗਏ।ਪਿੱਛੇ ਪਤਨੀ, ਦੋ ਬੱਚੇ ਤੇ ਬਜ਼ੁਰਗ ਮਾਤਾ ਛੱਡ ਗਏ।ਉਨ੍ਹਾਂ ਦੀ ਮੌਤ 'ਤੇ ਗੌਰਮਿੰਟ ਟੀਚਰਜ਼ ਯੂਨੀਅਨ ਵਿਗਿਆਨਕ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਜ਼ਿਲ੍ਹਾ ਪ੍ਰਧਾਨ ਪਰਗਟ ਸਿੰਘ ਜੰਬਰ, ਜਰਨਲ ਸਕੱਤਰ ਗੁਰਪ੍ਰੀਤ ਸਿੰਘ ਸੰਧੂ, ਸੀਨੀਅਰ ਮੀਤ ਪ੍ਰਧਾਨ ਨਵਦੀਪ ਸਿੰਘ ਸੁੱਖੀ, ਮੀਤ ਪ੍ਰਧਾਨ ਸੰਜੇ ਕੁਮਾਰ, ਅਜੀਤਪਾਲ ਸਿੰਘ, ਜਸਵਿੰਦਰ ਸਿੰਘ, ਸੁਖਵੰਤ ਸਿੰਘ, ਗੁਰਮੀਤ ਸਿੰਘ ਸੇਖਰ, ਨੰਦਪਾਲ ਗਿੱਲ, ਸੁਖਜਿੰਦਰ ਸਿੰਘ, ਰਮਨ ਕੁਮਾਰ, ਗੁਰਪ੍ਰੀਤ ਸਿੰਘ ਗੁਲਾਬੇਵਾਲਾ, ਮਨੋਜ ਕੁਮਾਰ, ਹਰਦਮ ਸਿੰਘ, ਅਸ਼ੋਕ ਸ਼ਰਮਾ, ਅਸ਼ੋਕ ਕੁਮਾਰ, ਮੋਹਨ ਲਾਲ, ਸੁਮੇਸ਼ ਕੁਮਾਰ, ਗੁਰਵਿੰਦਰ ਸਿੰਘ, ਪਵਿੱਤਰ ਸਿੰਘ, ਮੀਨਾ ਗਰਗ, ਪ੍ਰਦੀਪ ਕੌਰ, ਹਰਦੀਪ ਸਿੰਘ, ਭੋਲਾ ਸਿੰਘ, ਪ੍ਰਮਜੀਤ ਸਿੰਘ, ਨਰੇਸ਼ ਕੁਮਾਰ, ਭੁਪਿੰਦਰ ਸਿੰਘ, ਗਗਨਦੀਪ ਸਿੰਘ, ਨਵਦੀਪ ਅਰੋੜਾ, ਪਰਵਿੰਦਰ ਸਿੰਘ, ਅਜੀਸ਼ ਜੈਨ, ਦਵਿੰਦਰ ਸਿੰਘ ਬੇਦੀ, ਲਾਜਵਿੰਦਰ ਸਿੰਘ, ਅੰਮ੍ਰਿਤਪਾਲ ਸਿੰਘ, ਨਰੇਸ਼ ਕੁਮਾਰ ਘੱਗ, ਅੰਮ੍ਰਿਤਪਾਲ ਸਿੰਘ ਗੌਰਮਿੰਟ ਟੀਚਰਜ਼ ਯੂਨੀਅਨ ਵਿਗਿਆਨਕ ਦੇ ਆਗੂਆਂ ਨੇ ਬੇਵਕਤੀ ਮੌਤ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

## ਮਾਡਰਨ ਕਾਲਜ ਬੀੜ ਦਾ ਨਤੀਜਾ ਸ਼ਾਨਦਾਰ ਰਿਹਾ



**ਚੀਮਾ ਮੰਡੀ (ਰਵਿੰਦਰ ਚੀਮਾ)**-ਬੀ.ਏ. ਭਾਗ ਤੀਜਾ ਸਮੈਸਟਰ ਪੰਜਵੇਂ ਦੇ ਨਤੀਜਿਆਂ ਵਿੱਚ ਮਾਡਰਨ ਕਾਲਜ ਬੀੜ ਕਲਾਂ ਦਾ ਨਤੀਜਾ ਸ਼ਾਨਦਾਰ ਰਿਹਾ।ਪ੍ਰੋਫੈਸਰ ਅਮਨਦੀਪ ਕੌਰ ਨੇ ਦੱਸਿਆ ਕਿ ਕਾਲਜ ਦੀ ਲੱਕੀ ਗਰਗ ਨੇ 84 ਫੀਸਦੀ ਅੰਕ ਪ੍ਰਾਪਤ ਕਰਕੇ ਪਹਿਲਾ, ਸਹਿਜਪ੍ਰੀਤ ਕੌਰ ਨੇ 83 ਫੀਸਦੀ ਦੂਜਾ, ਖੁਸ਼ਦੀਪ ਕੌਰ ਨੇ 81 ਤੀਜਾ, ਜਸਪ੍ਰੀਤ ਕੌਰ ਨੇ 81% ਚੌਥਾ, ਅਰਸ਼ਦੀਪ ਕੌਰ ਨੇ 80 ਫੀਸਦੀ ਪੰਜਵਾਂ, ਗਗਨਪ੍ਰੀਤ ਕੌਰ ਨੇ 79 ਫੀਸਦੀ ਬਲਜਿੰਦਰ ਕੌਰ ਨੇ 78% ਚਰਨਜੀਤ ਕੌਰ ਨੇ 78 ਅੱਠਵਾਂ, ਚਰਨਜੀਤ ਕੌਰ ਨੇ 77%. ਨੌਵਾਂ, ਹਰਪ੍ਰੀਤ ਸਿੰਘ ਨੇ 77 ਫੀਸਦੀ ਅੰਕ ਪ੍ਰਾਪਤ ਕਰਕੇ ਦਸਵਾਂ ਸਥਾਨ ਹਾਸਲ ਕੀਤਾ। ਚੇਅਰਮੈਨ ਡਾ. ਰਵਿੰਦਰ ਥਾਮਸ ਤੇ ਪ੍ਰਿੰਸੀਪਲ ਡਾ ਵੀ.ਕੇ.ਗਾਰੋ ਨੇ ਸਾਰੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਤੇ ਕਿਹਾ ਕਿ ਇਹ ਨਤੀਜਾ ਵਿਦਿਆਰਥੀਆਂ ਦੀ ਮਿਹਨਤ ਤੇ ਪ੍ਰੋਫੈਸਰ ਸਾਹਿਬਾਨ ਦੀ ਸਮਰਪਿਤ ਸੇਵਾ ਦਾ ਨਤੀਜਾ ਹੈ।ਇਸ ਮੌਕੇ ਪ੍ਰੋ. ਮਹਿੰਦਰ ਪਾਲ, ਪ੍ਰੋ. ਕੋਮਲ ਰਾਣੀ, ਪ੍ਰੋ ਮਨਦੀਪ ਕੌਰ ਤੇ ਵੀਰਪਾਲ ਕੌਰ ਵੀ ਮੌਜੂਦ ਸਨ।

## ਨੈਸ਼ਨਲ ਕਾਲਜ ਦਾ ਬੀ. ਕਾਮ ਦਾ ਨਤੀਜਾ ਸ਼ਾਨਦਾਰ



**ਭੀਖੀ (ਧਰਮਵੀਰ ਸ਼ਰਮਾ)**-ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਐਲਾਨੇ ਬੀ. ਕਾਮ ਸਮੈਸਟਰ ਪੰਜਵੇਂ ਦੇ ਨਤੀਜੇ ਵਿੱਚ ਨੈਸ਼ਨਲ ਕਾਲਜ ਭੀਖੀ ਦੇ ਵਿਦਿਆਰਥੀਆਂ ਦਾ ਸ਼ਾਨਦਾਰ ਪ੍ਰਦਰਸ਼ਨ ਰਿਹਾ। ਕਾਲਜ ਪ੍ਰਿੰਸੀਪਲ ਡਾ. ਐੱਮ. ਕੇ. ਮਿਸ਼ਰਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕਾਜਲ ਰਾਣੀ ਨੇ 412 ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ। ਇਸ ਤੋਂ ਇਲਾਵਾ ਜਸਪ੍ਰੀਤ ਕੌਰ ਨੇ 402 ਅੰਕ ਪ੍ਰਾਪਤ ਕਰਕੇ ਦੂਜਾ ਤੇ ਲਵਪ੍ਰੀਤ ਕੌਰ ਨੇ 400 ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਹਾਸਲ ਕੀਤਾ। ਪ੍ਰਿੰਸੀਪਲ ਡਾ. ਐੱਮ. ਕੇ. ਮਿਸ਼ਰਾ ਨੇ ਕਿਹਾ ਕਿ ਵਿਦਿਆਰਥੀਆਂ ਤੇ ਕਾਲਜ ਸਟਾਫ ਦੀ ਮਿਹਨਤ ਸਦਕਾ ਕਾਲਜ ਦੇ ਸਾਰੇ ਕੋਰਸਾਂ ਦਾ ਨਤੀਜਾ ਹਰ ਸਾਲ ਚੰਗਾ ਆਉਂਦਾ ਹੈ। ਕਾਲਜ ਦੇ ਪ੍ਰਧਾਨ ਹਰਬੰਸ ਦਾਸ ਬਾਵਾ ਨੇ ਚੰਗੇ ਨਤੀਜੇ ਆਉਣ 'ਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਉੱਜਵਲ ਭਵਿੱਖ ਲਈ ਕਾਮਨਾ ਕੀਤੀ। ਇਸ ਮੌਕੇ ਪ੍ਰੋ. ਗੁਰਤੇਜ ਸਿੰਘ ਤੇਜੀ, ਵਿਭਾਗ ਮੁਖੀ ਪ੍ਰੋ. ਸ਼ਮੀਨਾ ਰਾਣੀ, ਪ੍ਰੋ. ਨੀਤੂ, ਪ੍ਰੋ. ਲਖਵਿੰਦਰ ਸਿੰਘ, ਪ੍ਰੋ. ਜਸਪ੍ਰੀਤ ਕੌਰ ਤੇ ਸਮੂਹ ਸਟਾਫ਼ ਹਾਜ਼ਰ ਸੀ।

# ਸਕੂਲੀ ਸਿੱਖਿਆ ਨੂੰ ਹੋਰ ਬਿਹਤਰ ਬਣਾਉਣ ਲਈ ਆਧੁਨਿਕ ਤਕਨੀਕਾਂ ਨੂੰ ਆਧਾਰ ਬਣਾਇਆ ਜਾਵੇ : ਬਾਵਾ

### ਵਿਦਿਆਰਥੀਆਂ ਦਾ ਸੋਸ਼ਲ ਮੀਡੀਆ ਅਕਾਊਂਟ ਉਨ੍ਹਾਂ ਦਾ ਭਵਿੱਖ ਤੈਅ ਕਰੇਗਾ



**ਜਗਰਾਓਂ (ਅਮਿਤ ਖੰਨਾ)**-ਚੌਥਾ ਕੌਮਾਂਤਰੀ ਸੰਮੇਲਨ ਡਾ: ਜਗਜੀਤ ਸਿੰਘ ਧੂਰੀ ਪ੍ਰਧਾਨ ਆਪਣਾ ਪੰਜਾਬ ਫਾਊਂਡੇਸ਼ਨ ਤੇ ਬੈਚ ਦੀ ਅਗਵਾਈ ਹੇਠ ਕੁਆਲਾਲੰਪੁਰ (ਮਲੇਸ਼ੀਆ) ਵਿਖੇ ਕਰਵਾਇਆ ਗਿਆ, ਜਿਸ ਵਿੱਚ ਆਪਣਾ ਪੰਜਾਬ ਫਾਊਂਡੇਸ਼ਨ ਦੇ ਡੈਲੀਗੇਟਸ ਤੋਂ ਇਲਾਵਾ ਸ੍ਰ. ਜਤਿੰਦਰ ਸਿੰਘ ਆਸਟ੍ਰੇਲੀਆ ਤੇ ਮੈਡਮ ਅੰਮ੍ਰਿਤ ਕੌਰ ਆਸਟ੍ਰੇਲੀਆ ਨੇ ਵੀ ਆਪਣੇ ਵਿਚਾਰ ਰੱਖੇ।ਸੰਮੇਲਨ ਦਾ ਵਿਸ਼ਾ ਪੰਜਾਬ ਦੇ ਸਕੂਲੀ ਸਿਸਟਮ ਨੂੰ ਅੰਤਰ-ਰਾਸ਼ਟਰੀ ਸਕੂਲੀ ਸਿੱਖਿਆ ਦੇ ਮੁਕਾਬਲੇ ਹੋਰ ਬਿਹਤਰ ਕਿਵੇਂ ਬਣਾਇਆ ਜਾਵੇ? ਡਾ: ਜਗਜੀਤ ਸਿੰਘ ਧੂਰੀ ਨੇ ਕਿਹਾ ਕਿ 55% ਵਿਦਿਆਰਥੀ ਸੈਲਫ ਫੰਡਿੰਗ ਸਕੂਲਾਂ ਵਿੱਚ ਪੜ੍ਹਦੇ ਹਨ, ਜਿੱਥੇ ਸਰਕਾਰ ਦਾ ਇੱਕ ਵੀ ਪੈਸਾ ਨਹੀਂ ਲੱਗਦਾ।ਅਸੀਂ ਸੈਲਫ ਫੰਡਿੰਗ ਸੰਸਥਾਵਾਂ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਦੀ ਪੜ੍ਹਾਈ ਤੇ ਵਿਅਕਤੀਤਵ ਵਿਕਾਸ ਨੂੰ ਕੌਮਾਂਤਰੀ ਪੱਧਰ 'ਤੇ ਹੋਰ ਬਿਹਤਰ ਬਣਾਉਣ ਲਈ ਅਧਿਐਨ ਤੇ ਵਿਚਾਰ ਚਰਚਾ ਕਰਕੇ ਉਸ ਨੂੰ ਬਿਹਤਰੀ ਵੱਲ ਲੈ ਕੇ ਜਾਣ ਦਾ ਅਹਿਦ ਕਰਦੇ ਹਾਂ। ਉਨ੍ਹਾਂ ਕਿਹਾ ਕਿ ਹਰ ਐਂਡਪਨਿਓਰ ਨੇ ਆਪਣੀ ਕਾਮਯਾਬੀ ਦੀ ਕਹਾਣੀ ਖੁਦ ਲਿਖ ਕੇ ਕਾਮਯਾਬੀ ਦੀ ਮਿਸਾਲ ਪੈਦਾ ਕੀਤੀ ਹੈ।ਇਸ ਮੌਕੇ ਪੰਜਾਬ ਫਾਊਂਡੇਸ਼ਨ ਦੇ ਡੈਲੀਗੇਟ ਬਲਦੇਵ ਬਾਵਾ ਨੇ ਵਿਚਾਰ ਚਰਚਾ ਵਿੱਚ ਆਪਣੀ ਸਾਂਝ ਪਾਉਂਦੇ ਕਿਹਾ ਕਿ ਅਸੀਂ ਵਿਕਸਿਤ ਦੇਸ਼ਾਂ ਦੇ ਮੁਕਾਬਲੇ ਪੰਜਾਬ ਦੀ ਸਕੂਲੀ ਸਿੱਖਿਆ ਨੂੰ ਹੋਰ ਬਿਹਤਰ ਬਣਾਉਣਾ ਹੈ, ਤਾਂ ਜੋ ਵਿਦਿਆਰਥੀਆਂ ਨੂੰ ਕੌਮਾਂਤਰੀ ਪੱਧਰ 'ਤੇ ਨੌਕਰੀ ਤੇ ਚੰਗੀਆਂ ਯੂਨੀਵਰਸਿਟੀਆਂ ਵਿੱਚ ਉੱਚ ਸਿੱਖਿਆ ਲਈ ਦਾਖ਼ਲਾ ਮਿਲ ਸਕੇ।ਉਨ੍ਹਾਂ ਕਿਹਾ ਕਿ ਸਕੂਲ ਸਿਲੇਬਸ ਤੇ ਸਿੱਖਿਆ ਤਕਨੀਕਾਂ ਵਿੱਚ ਹਰ ਵਿਦਿਆਰਥੀ ਲਈ ਫਿਟਨੈੱਸ, ਡ੍ਰਗ, ਟੈਕਨਾਲੋਜੀ, ਵਰਕ ਕਲਚਰ ਤੇ ਸਕਿੱਲ ਅਧਾਰਤ ਆਧੁਨਿਕ ਤਕਨੀਕਾਂ ਨੂੰ ਸ਼ਾਮਲ ਕਰਨ ਦੀ ਵੱਡੀ ਜ਼ਰੂਰਤ ਹੈ ਤਾਂ ਜੋ ਵਿਦਿਆਰਥੀਆਂ ਦਾ ਸਰਵਪੱਖੀ ਵਿਕਾਸ ਹੋ ਸਕੇ।ਉਨ੍ਹਾਂ ਕਿਹਾ ਕਿ ਸਾਨੂੰ ਵਰਕ ਕਲਚਰ ਨੂੰ ਕੈਰੀਕੁਲਮ ਦਾ ਹਿੱਸਾ ਬਣਾਉਣ ਦੀ ਜ਼ਰੂਰਤ ਹੈ ਤਾਂ ਜੋ ਵਿਦਿਆਰਥੀ ਅਨੁਸ਼ਾਸਤ ਤੇ ਮਾਨਸਿਕ ਤੌਰ 'ਤੇ ਮਜ਼ਬੂਤ ਬਣ ਸਕੇ।ਵਰਕ ਕਲਚਰ ਤੋਂ ਭਾਵ ਇਹ ਨਹੀਂ ਕਿ ਉਹ ਬਾਹਰ ਜਾ ਕੇ ਕੰਮ ਕਰਨਾ ਬਲਕਿ ਵਿਦਿਆਰਥੀ ਆਪਣੇ ਮਾਤਾ-ਪਿਤਾ ਸਾਹਿਬਾਨ ਨਾਲ ਘਰੇਲੂ, ਦਫਤਰੀ, ਖੇਤੀਬਾੜੀ ਜਾਂ ਪਸ਼ੂ ਪਾਲਣ ਵਿੱਚ ਮਦਦ ਕਰ ਸਕਦੇ ਹਨ।ਉਨ੍ਹਾਂ ਕਿਹਾ ਕਿ ਮੱਧ ਵਰਗ ਦੇ ਵਿਦਿਆਰਥੀਆਂ ਨੂੰ ਬਿਹਤਰ ਭਵਿੱਖ ਲਈ ਵਧੇਰੀ ਮਿਹਨਤ ਕਰਨੀ ਹੋਵੇਗੀ।ਵਿਦਿਆਰਥੀ ਔਕੜਾਂ ਦਾ ਡੱਟ ਕੇ ਸਾਹਮਣਾ ਕਰਨ ਤਾਂ ਹੀ ਕਾਮਯਾਬੀ ਹਾਸਲ ਹੋਵੇਗੀ। ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਉਹੀ ਵਿਦਿਆਰਥੀ ਕਾਮਯਾਬੀ ਹਾਸਲ ਕਰਨਗੇ, ਜਿਨ੍ਹਾਂ ਦਾ ਸੋਸ਼ਲ ਮੀਡੀਆ ਅਕਾਊਂਟ ਸਾਰਥਿਕ ਤੇ ਪਾਰਦਰਸ਼ੀ ਹੋਵੇਗਾ।ਉਨ੍ਹਾਂ ਕਿਹਾ ਕਿ ਸੋਸ਼ਲ ਮੀਡੀਆ ਗਲਤ ਵਰਤੋਂ ਕਰਨ ਵਾਲਿਆਂ ਲਈ ਬਰਬਾਦੀ ਹੈ ਤੇ ਸਹੀ ਵਰਤੋਂ ਕਰਨ ਵਾਲਿਆਂ ਲਈ ਵਰਦਾਨ ਹੋਵੇਗਾ।ਇਹ ਫੈਸਲਾ ਵਿਦਿਆਰਥੀ ਨੇ ਖੁਦ ਤੈਅ ਕਰਨਾ ਹੈ ਕਿ ਉਸ ਨੇ ਕਿਹੜਾ ਰਸਤਾ ਚੁਣਨਾ ਹੈ? ਭਵਿੱਖ ਕੇਵਲ ਇੱਕ ਬਟਨ ਤੈਅ ਕਰਦਾ ਹੈ ਕਿ ਤੁਸੀਂ ਕਦਮ ਕਿਸ ਪਾਸੇ ਵੱਲ ਵਧਾਉਣਾ ਹੈ।ਵਿਦਿਆਰਥੀਆਂ ਦਾ ਫੈਸਲਾ ਹੀ ਵਿਦਿਆਰਥੀਆਂ ਦਾ ਭਵਿੱਖ ਤੈਅ ਕਰੇਗਾ।ਇਸ ਮੌਕੇ ਡਾ: ਜਗਜੀਤ ਸਿੰਘ ਧੂਰੀ ਨੇ ਆਏ ਡੈਲੀਗੇਟਸ ਦਾ ਸਨਮਾਨ ਕੀਤਾ ਤੇ ਅਗਲਾ ਕੌਮਾਂਤਰੀ ਸੰਮੇਲਨ ਕੈਨੇਡਾ ਵਿੱਚ ਕਰਵਾਏ ਜਾਣ ਲਈ ਮਤਾ ਪਾਸ ਕੀਤਾ।

# ਵਿਧਾਇਕ ਸੁਖਾਨੰਦ ਵੱਲੋਂ ਸੰਜੀਵ ਅਰੋੜਾ ਦੇ ਹੱਕ 'ਚ ਪ੍ਰਚਾਰ

### 'ਆਪ' ਦੀ ਸਰਕਾਰ ਹੋਣ ਕਰ ਕੇ 'ਆਪ' ਦਾ ਉਮੀਦਵਾਰ ਜਿਤਾਉਣਾ ਲਾਜ਼ਮੀ : ਸੁਖਾਨੰਦ



**ਬਾਘਾ ਪੁਰਾਣਾ (ਮਨੀ ਸਿਗਲਾ)**-ਲੁਧਿਆਣਾ ਵਿਖੇ ਹੋ ਰਹੀ ਜ਼ਿਮਨੀ ਚੋਣ ਵਿੱਚ 'ਆਪ' ਉਮੀਦਵਾਰ ਸੰਜੀਵ ਅਰੋੜਾ ਦੀ ਜਿੱਤ ਨੂੰ ਯਕੀਨੀ ਬਣਾਉਣ ਲਈ ਵਿਧਾਨ ਸਭਾ ਹਲਕਾ ਬਾਘਾ ਪੁਰਾਣਾ ਦੇ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਸਾਥੀਆਂ ਸਮੇਤ 'ਆਪ' ਉਮੀਦਵਾਰ ਸੰਜੀਵ ਅਰੋੜਾ ਦੇ ਹੱਕ ਵਿੱਚ ਧੂੰਆਂ-ਧਾਰ ਪ੍ਰਚਾਰ ਕਰ ਰਹੇ ਹਨ।ਵਿਧਾਇਕ ਸੁਖਾਨੰਦ ਨੇ ਡੋਰ ਟੂ ਡੋਰ ਚੋਣ ਪ੍ਰਚਾਰ ਕਰਦਿਆਂ ਲੁਧਿਆਣਾ ਨਿਵਾਸੀਆਂ ਨੂੰ 'ਆਪ' ਦੇ ਹੱਥ ਮਜ਼ਬੂਤ ਕਰਨ ਦੀ ਅਪੀਲ ਕੀਤੀ।ਉਨ੍ਹਾਂ ਕਿਹਾ ਕਿ ਲੁਧਿਆਣਾ ਨਿਵਾਸੀ ਪੜ੍ਹੇ ਲਿਖੇ ਤੇ ਸੂਝਵਾਨ ਹਨ ਅਤੇ ਇਸੇ ਕਰ ਕੇ ਹੀ ਉਨ੍ਹਾਂ ਵੱਲੋਂ ਸੰਜੀਵ ਅਰੋੜਾ ਦੇ ਹੱਕ ਵਿੱਚ ਲਾਮਬੰਦੀ ਕੀਤੀ ਜਾ ਰਹੀ ਹੈ, ਕਿਉਂਕਿ ਉਨ੍ਹਾਂ ਨੂੰ ਪਤਾ ਹੈ ਕਿ ਪੰਜਾਬ ਵਿੱਚ 'ਆਪ' ਪਾਰਟੀ ਦੀ ਸਰਕਾਰ ਹੋਣ ਕਰ ਕੇ 'ਆਪ' ਪਾਰਟੀ ਦਾ ਉਮੀਦਵਾਰ ਜਿਤਾਉਣਾ ਲਾਜ਼ਮੀ ਹੈ।ਵਿਧਾਇਕ ਸੁਖਾਨੰਦ ਨੇ ਕਿਹਾ ਕਿ ਸੂਬੇ ਦੇ ਲੋਕ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਤੋਂ ਬਾਗੋ ਬਾਗ ਹਨ, ਜਿਸ ਕਰ ਕੇ ਲੁਧਿਆਣਾ ਵਾਸੀ ਹੋ ਰਹੀ ਜ਼ਿਮਨੀ ਚੋਣ ਵਿੱਚ ਆਪਣੀ ਵੋਟ 'ਆਪ' ਉਮੀਦਵਾਰ ਦੇ ਹੱਕ ਵਿੱਚ ਪਾ ਕੇ ਪਾਰਟੀ ਨੂੰ ਕਾਮਯਾਬ ਕਰਨਗੇ ਅਤੇ ਵਿਰੋਧੀਆਂ ਵੱਲੋਂ ਜੋ 'ਆਪ' ਪਾਰਟੀ ਖਿਲਾਫ ਝੂਠਾ ਭੰਡੀ ਪ੍ਰਚਾਰ ਕੀਤਾ ਜਾ ਰਿਹਾ ਹੈ, ਉਨ੍ਹਾਂ ਦੀਆਂ ਗੱਲਾਂ ਵਿੱਚ ਕਦੇ ਵੀ ਨਹੀਂ ਆਉਣਗੇ, ਕਿਉਂਕਿ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਪੰਜਾਬ ਵਾਸੀ ਰਵਾਇਤੀ ਪਾਰਟੀਆਂ ਨੂੰ ਦਰਕਿਨਾਰ ਕਰ ਚੁੱਕੇ ਹਨ ਅਤੇ ਹੁਣ ਇਨ੍ਹਾਂ ਦੀਆਂ ਗੱਲਾਂ 'ਚ ਕਦੇ ਵੀ ਨਹੀਂ ਆਉਣਗੇ।ਹਲਕਾ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਡੋਰ ਟੂ ਡੋਰ ਚੋਣ ਪ੍ਰਚਾਰ ਕਰ ਰਹੇ ਹਨ ਅਤੇ ਉਨ੍ਹਾਂ ਨੇ ਆਪਣੀ ਟੀਮ ਦੇ ਨਾਲ ਪ੍ਰਚਾਰ ਕਰ ਰਹੇ ਹਨ ਅਤੇ ਉਨ੍ਹਾਂ ਦਾ ਕਹਿਣਾ ਹੈ ਕਿ ਪ੍ਰਚਾਰ ਦੌਰਾਨ ਲੋਕਾਂ ਵੱਲੋਂ ਦਿੱਤਾ ਜਾ ਰਿਹਾ ਪਿਆਰ ਇਸ ਗੱਲ ਦਾ ਸਬੂਤ ਹੈ ਕਿ ਲੁਧਿਆਣਾ ਦੇ ਲੋਕ ਆਪਣਾ ਫਤਵਾ 'ਆਪ' ਉਮੀਦਵਾਰ ਸੰਜੀਵ ਕੁਮਾਰ ਅਰੋੜਾ ਦੇ ਹੱਕ ਵਿੱਚ ਦੇਈ ਬੈਠੇ ਹਨ, ਸਿਰਫ ਐਲਾਨ ਹੋਣਾ ਬਾਕੀ ਹੈ।

## ਊਧਮ ਸਿੰਘ ਦਾ ਸ਼ਹੀਦੀ ਦਿਹਾੜਾ ਮਨਾਉਣ ਸੰਬੰਧੀ ਮੀਟਿੰਗ ਅੱਜ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਕੰਬੋਜ ਮਹਾਂ ਸਭਾ ਵੱਲੋਂ ਸ਼ਹੀਦ ਊਧਮ ਸਿੰਘ ਦਾ ਸ਼ਹੀਦੀ ਦਿਹਾੜਾ ਵੱਡੇ ਪੱਧਰ 'ਤੇ ਮਨਾਇਆ ਜਾ ਰਿਹਾ ਹੈ ਤਾਂ ਕਿ ਦੇਸ਼ ਲਈ ਸ਼ਹੀਦ ਹੋਣ ਵਾਲਿਆਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਜਾਣ।ਇਹ ਪ੍ਰਗਟਾਵਾ ਕੰਬੋਜ ਮਹਾਸਭਾ ਬਲਾਕ ਭੂੰਨਰਹੇੜੀ ਦੇ ਪ੍ਰਧਾਨ ਸਵਿੰਦਰ ਸਿੰਘ ਧੰਜੂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਇਹ ਸ਼ਹੀਦੀ ਦਿਹਾੜਾ ਇਸ ਵਾਰ ਦੇਵੀਗੜ੍ਹ ਵਿਖੇ ਮਨਾਇਆ ਜਾਵੇਗਾ, ਜਿਸ ਦੀ ਤਿਆਰੀ ਲਈ 18 ਜੂਨ ਨੂੰ ਸ਼ਾਮ ਦੇ 4 ਵਜੇ ਮਤਾ ਗੁਜਰੀ ਸਕੂਲ ਦੇਵੀਗੜ੍ਹ ਵਿਖੇ ਮੁੜ ਮੀਟਿੰਗ ਰੱਖੀ ਗਈ ਹੈ ਤਾਂ ਕਿ ਸਭਾ ਦੀਆਂ ਸਰਗਰਮੀਆਂ ਵਧਾਈਆਂ ਜਾਣ।ਪ੍ਰੈੱਸ ਦੇ ਨਾਂ ਬਿਆਨ ਜਾਰੀ ਕਰਦੇ ਹੋਏ ਸਭਾ ਦੇ ਪ੍ਰੈੱਸ ਸਕੱਤਰ ਰਾਜਿੰਦਰ ਸਿੰਘ ਥਿੰਦ ਤੇ ਮੁਖਤਿਆਰ ਸਿੰਘ ਨੋਗਾਵਾਂ ਨੇ ਦੱਸਿਆ ਕਿ 18 ਜੂਨ ਦੀ ਇਸ ਮੀਟਿੰਗ 'ਚ ਕਾਰਡ ਛਪਵਾ ਕੇ ਪਿੰਡ-ਪਿੰਡ ਜਾ ਕੇ ਕੰਬੋਜ ਭਾਈਚਾਰੇ ਨੂੰ ਸੁਨੇਹੇ ਲਾਉਣ ਬਾਰੇ ਵਿਚਾਰ-ਵਟਾਂਦਰਾ ਕੀਤਾ ਜਾਵੇਗਾ।ਥਿੰਦ ਨੇ ਕਿਹਾ ਕਿ ਕੰਬੋਜ ਮਹਾਂ ਸਭਾ ਦੇ ਸਮੂਹ ਆਗੂਆਂ ਤੇ ਭਾਈਚਾਰੇ ਦੇ ਲੋਕਾਂ ਨੂੰ ਅੱਜ ਦੀ ਇਸ ਮੀਟਿੰਗ 'ਚ ਵੱਧ ਚੜ੍ਹ ਕੇ ਹਿੱਸਾ ਲੈਣ ਦੀ ਅਪੀਲ ਕਰਦੇ ਕਿਹਾ ਕਿ ਅੱਜ ਦੀ ਇਸ ਮੀਟਿੰਗ ਨੂੰ ਸਭਾ ਦੇ ਪ੍ਰਧਾਨ ਮਾਮਾ ਸਵਿੰਦਰ ਸਿੰਘ ਧੰਜੂ, ਦਵਿੰਦਰ ਸਿੰਘ ਮਾਰੂ, ਜੀਤ ਸਿੰਘ ਮੀਰਾਂਪੁਰ, ਰੇਸ਼ਮ ਸਿੰਘ ਆਜ਼ਾਦ, ਭੁਪਿੰਦਰ ਸਿੰਘ ਮਾਤਾ ਗੁਜਰੀ ਸਕੂਲ, ਗੁਰਮੇਲ ਸਿੰਘ ਫਰੀਦਪੁਰ ਸਮੇਤ ਹੋਰ ਆਗੂ ਸੰਬੋਧਨ ਕਰਨਗੇ।

## ਬਰਸਾਤਾਂ ਦੀ ਪਹਿਲੀ ਹੀ ਬਾਰਸ਼ ਨੇ ਅਨਾਜ ਮੰਡੀ ਖੰਨਾ ਦੇ ਖਰੀਦ ਪ੍ਰਬੰਧਾਂ ਦੀ ਪੋਲ ਖੋਲ੍ਹੀ

### ਮੱਕੀ ਦੀ ਫਸਲ ਬਰਸਾਤ ਦੇ ਪਾਣੀ 'ਚ ਤੈਰਦੀ ਸੜਕਾਂ 'ਤੇ ਦਿਸੀ



**ਖੰਨਾ (ਸੁਖਵਿੰਦਰ ਸਿੰਘ ਭਾਦਲਾ)**-ਬਰਸਾਤਾਂ ਦੀ ਪਹਿਲੀ ਹੀ ਮੋਲੋਧਾਰ ਬਾਰਸ਼ ਨੇ ਏਸ਼ੀਆ ਦੀ ਸਭ ਤੋਂ ਵੱਡੀ ਮੰਡੀ ਅਨਾਜ ਮੰਡੀ ਖੰਨਾ ਦੇ ਖਰੀਦ ਪ੍ਰਬੰਧਾਂ ਦੀ ਪੋਲ ਖੋਲ ਕੇ ਰੱਖ ਦਿੱਤੀ।ਇਸ ਸਮੇਂ ਕਿਸਾਨ ਏਸ਼ੀਆ ਦੀ ਸਭ ਤੋਂ ਵੱਡੀ ਅਨਾਜ ਮੰਡੀ ਖੰਨਾ ਵਿਖੇ ਵੱਡੇ ਪੱਧਰ ਤੇ ਆਪਣੀ ਮੱਕੀ ਦੀ ਫਸਲ ਵੇਚਣ ਲਈ ਪਹੁੰਚੇ ਹੋਏ ਹਨ।ਅੱਜ ਸਵੇਰ ਸਮੇਂ ਹੋਈ ਮੋਲੋਧਾਰ ਬਾਰਸ਼ ਨੇ ਕਿਸਾਨਾਂ ਵੱਲੋਂ ਵੇਚਣ ਲਈ ਲਿਆਂਦੀ ਮੱਕੀ ਫਸਲ ਬਾਰਸ਼ ਦੇ ਪਾਣੀ ਵਿੱਚ ਤੈਰਦੀ ਹੋਈ ਸੜਕਾਂ 'ਤੇ ਦੇਖੀ ਗਈ।ਬੋਰੀਆਂ ਵਿੱਚ ਭਰਾਈ ਕੀਤੀ ਮੱਕੀ, ਮੱਕੀ ਦੀ ਫਸਲ ਦੀਆਂ ਢੇਰੀਆਂ ਥੱਲੇ ਪਾਣੀ ਵੜ ਚੁੱਕਿਆ ਹੈ ਅਤੇ ਛਕਾਉਣ ਵਾਸਤੇ ਫੋਲ ਕੇ ਰੱਖੀ ਮੱਕੀ ਵਿੱਚ ਪਾਣੀ ਵੱੜ ਚੁੱਕਿਆ ਹੈ।ਇਸ ਸਬੰਧੀ ਕਿਸਾਨ ਦਲਜੀਤ ਸਿੰਘ ਸਵੈਚ ਨਾਲ ਗੱਲ ਕਰਨ ਤੇ ਉਨ੍ਹਾਂ ਕਿਹਾ ਕਿ ਝੋਨਾ ਲਗਾਉਣ ਵਾਲੇ ਕਿਸਾਨਾਂ ਲਈ ਇਹ ਬਾਰਸ਼ ਵਰਦਾਨ ਸਾਬਿਤ ਹੋਈ ਹੈ। ਇਸ ਤੋਂ ਇਲਾਵਾ ਅਸਮਾਨ ਵਿੱਚੋਂ ਵਰਦੀ ਅੱਗ ਕਾਰਨ ਅੰਤਾਂ ਦੀ ਗਰਮੀ ਤੋਂ ਆਮ ਪਬਲਿਕ ਨੂੰ ਰਾਹਤ ਜ਼ਰੂਰ ਮਿਲੀ ਹੈ, ਪ੍ਰੰਤੂ ਮੱਕੀ ਦੀ ਫਸਲ ਵੇਚਣ ਲਈ ਮੰਡੀ ਵਿੱਚ ਪਹੁੰਚੇ ਕਿਸਾਨਾਂ ਦਾ ਬਹੁਤ ਜ਼ਿਆਦਾ ਨੁਕਸਾਨ ਹੋਇਆ ਹੈ।ਬੋਰੀਆਂ ਵਿੱਚ ਭਰਾਈ ਕੀਤੀ ਮੱਕੀ ਦੀ ਫਸਲ, ਢੇਰੀਆਂ ਹੇਠਾਂ ਤੇ ਫੋਲੀ ਮੱਕੀ ਜਿਨ੍ਹਾਂ ਦੇ ਹੇਠਾਂ ਪਾਣੀ ਜਾ ਚੁੱਕਿਆ ਹੈ, ਉਸ ਨੂੰ ਉਲ੍ਹੀ ਲੱਗ ਜਾਣ ਦਾ ਖਦਸ਼ਾ ਹੈ।ਇਹ ਭਿੱਜ ਚੁੱਕੀ ਮੱਕੀ ਦੀ ਫਸਲ ਵਿੱਚੋਂ ਬਦਬੂ ਆਉਣ ਲੱਗ ਜਾਣੀ ਹੈ।ਇਸ ਤੋਂ ਬਾਅਦ ਖਰੀਦਦਾਰਾਂ ਵੱਲੋਂ ਇਹ ਖਰਾਬ ਹੋ ਚੁੱਕੀ ਹਾਸਲ ਨੂੰ ਆਪਣੀ ਮਨਮਰਜ਼ੀ ਦੇ ਰੇਟ ਉਪਰ ਖ਼ੀਦਿਆ ਜਾਵੇਗਾ।ਇਸ ਤੋਂ ਇਲਾਵਾ ਮੱਕੀ ਦੀ ਫਸਲ ਨੂੰ ਸਕਾਉਣ ਦਾ ਲਹਾਈਂ, ਭਰਾਈ ਕੰਡਾ ਕਰਾਈ ਪਰ ਕੁਇੰਟਲ 18 ਰੁਪਏ ਦੇ ਕਰੀਬ ਕਿਸਾਨ 'ਤੇ ਖਰਚਾ ਪਵੇਗਾ। ਕੇਂਦਰ ਸਰਕਾਰ ਵੱਲੋਂ ਮੱਕੀ ਦਾ ਫਸਲ ਦਾ ਰੇਟ 2400 ਰੁਪਏ ਪਰ ਕੁਇੰਟਲ ਰੱਖਿਆ ਹੈ, ਪ੍ਰੰਤੂ ਸੁੱਕੀ ਮੱਕੀ 2000 ਤੋਂ 2250 ਕੁਇੰਟਲ ਵਿੱਕ ਰਹੀ।ਗਿੱਲੀ ਮੱਕੀ ਦੀ ਫਸਲ 1300 ਤੋਂ ਲੈ ਕੇ 1600 ਤੱਕ ਕੁਇੰਟਲ ਵਿਕ ਰਹੀ।ਹੁਣ ਇਹ ਬਦਰੰਗ ਹੋਈ ਮੱਕੀ ਦੀ ਫਸਲ ਦਾ ਪ੍ਰਾਈਵੇਟ ਖਰੀਦਦਾਰ ਕੀ ਰੇਟ ਲਗਾਉਂਦੇ ਹਨ, ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ।ਇਸ ਸਬੰਧੀ ਮਾਰਕੀਟ ਕਮੇਟੀ ਖੰਨਾ ਦੇ ਸੈਕਟਰੀ ਕਰਮਦੀਪ ਸਿੰਘ ਨਾਲ ਗੱਲ ਕਰਨ 'ਤੇ ਉਨ੍ਹਾਂ ਕਿਹਾ ਕਿ ਬਹੁਤ ਬਾਰਸ਼ ਹੋਣ ਕਾਰਨ ਦੂਜਾ ਅਨਾਜ ਮੰਡੀ ਆਮ ਬਾਜ਼ਾਰ ਨਾਲੋਂ ਨੀਵੀਂ ਹੋਣ ਕਾਰਨ ਅਤੇ ਸੀਵਰੇਜ ਦੇ ਪਾਣੀ ਦੀ ਨਿਕਾਸੀ ਸਹੀ ਢੰਗ ਨਾਲ ਨਾ ਹੋਣ ਕਾਰਨ ਮੰਡੀ ਵਿੱਚ ਬਾਰਸ਼ ਤੋਂ ਬਾਅਦ ਅਕਸਰ ਪਾਣੀ ਖੜ੍ਹ ਜਾਂਦਾ ਹੈ, ਸਾਡੇ ਵੱਲੋਂ ਵੱਖ ਵੱਖ ਥਾਵਾਂ 'ਤੇ ਮੋਟਰਾਂ ਲਗਵਾ ਕੇ ਪਾਣੀ ਮੰਡੀ ਵਿੱਚੋਂ ਕਢਵਾਇਆ ਗਿਆ ਹੈ।

## ਨਕਲੀ ਦਵਾਈਆਂ ਵੇਚਣ ਵਾਲ਼ੇ ਵਪਾਰੀਆਂ 'ਤੇ ਖੇਤੀ ਮੰਤਰੀ ਦੀ ਕਾਰਵਾਈ ਸਲਾਹੁਣਯੋਗ : ਬਹਿਰੂ



**ਸਨੌਰ/ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪਿਛਲੇ ਦਿਨੀਂ ਰਾਜਸਥਾਨ ਸਰਕਾਰ ਦੇ ਖੇਤੀ ਮੰਤਰੀ ਕਰੋੜੀ ਲਾਲ ਮੀਣਾ ਵੱਲੋਂ ਦੱਖਣੀ ਭਾਰਤ ਦੇ ਬਹੁਤ ਸਾਰੇ ਸੂਬਿਆਂ ਵਿੱਚ ਧੜੱਲੇ ਨਾਲ ਇਫਕੋ ਕੰਪਨੀ ਦੇ ਨਾਂਅ ਹੇਠ ਨਕਲੀ ਕੰਪਨੀਆਂ, ਜਿਨ੍ਹਾਂ ਕੋਲ ਲਾਇਸੈਂਸ ਦਿੱਲੀ ਤੇ ਤਾਮਿਲਨਾਡੂ ਦੇ ਹਨ ਪਰ ਖਾਦਾਂ ਦਾ ਉਤਪਾਦਨ ਅਜਮੇਰ ਜ਼ਿਲ੍ਹੇ ਦੇ ਪਿੰਡਾਂ ਵਿੱਚ ਵੱਖ-ਵੱਖ ਥਾਂਵਾਂ 'ਤੇ ਹੋ ਰਿਹਾ ਸੀ, ਇਸ ਦਾ ਪਤਾ ਲੱਗਣ 'ਤੇ ਖੁਦ ਖੇਤੀ ਮੰਤਰੀ ਨੇ ਛਾਪਾਮਾਰੀ ਕਰਕੇ ਇਸ ਚੱਲ ਰਹੇ ਗੋਰਖ ਧੰਦੇ ਦਾ ਚੌਰਾਹੇ ਪਰਦਾਫ਼ਾਸ਼ ਕੀਤਾ ਹੈ, ਉਸ ਉੱਤੇ ਆਪਣਾ ਪ੍ਰਤੀਕਰਮ ਦਿੰਦਿਆਂ ਇੰਡੀਅਨ ਫਾਰਮਰਜ਼ ਐਸੋਸੀਏਸ਼ਨ ਦੇ ਕੌਮੀ ਪ੍ਰਧਾਨ ਸਤਨਾਮ ਸਿੰਘ ਬਹਿਰੂ ਨੇ ਰਾਜਸਥਾਨ ਦੇ ਖੇਤੀ ਮੰਤਰੀ ਵੱਲੋਂ ਕਿਸਾਨਾਂ ਨਾਲ ਧ੍ਰੋਹ ਕਮਾਉਣ ਵਾਲੇ ਭੱਦਰ ਪੁਰਸ਼ਾਂ ਨੂੰ ਕਾਨੂੰਨ ਦੇ ਕਟਹਿਰੇ ਵਿੱਚ ਖੜਾ ਕਰਨ 'ਤੇ ਪੁਰਜ਼ੋਰ ਪ੍ਰਸੰਸਾ ਕਰਦਿਆਂ ਕਿਹਾ ਕਿ ਇਸ ਨੰਗੇ ਹੋਏ ਨਕਲੀ ਖਾਦਾਂ ਤੇ ਖੇਤੀ ਨਾਲ ਸਬੰਧਤ ਹੋਰ ਸਮੱਗਰੀ ਦੀ ਮੀਡੀਆ ਵਿੱਚ ਚਰਚਾ ਹੋਣ 'ਤੇ ਉਤਰੀ ਭਾਰਤ ਦੇ ਕਿਸਾਨਾਂ ਵਿੱਚ ਖਲਬਲੀ ਮੱਚੀ ਹੋਈ ਹੈ ਤੇ ਕਿਸਾਨ ਚਿੰਤਾ ਵਿੱਚ ਹਨ ਕਿ ਸਾਉਣੀ ਦੀਆਂ ਫ਼ਸਲਾਂ ਲਈ ਕਿੱਥੋਂ ਭਰੋਸੇਯੋਗ ਡੀ.ਏ.ਪੀ, ਯੂਰੀਆ ਖਾਦਾਂ ਲੈ ਕੇ ਆਈਏ।ਭਾਰਤ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਕਿਸਾਨ ਹਿੱਤਾਂ ਦੀ ਪੂਰਤੀ ਲਈ ਇਸ ਗੋਰਖ ਧੰਦੇ ਦੀ ਤੁਰੰਤ ਸੀ.ਬੀ.ਆਈ. ਇਨਕੁਆਰੀ ਕਰਾਉਣ ਦਾ ਐਲਾਨ ਕਰਨ ਦੇਸ਼ ਦੇ ਕਿਸਾਨਾਂ ਦੀ ਰੋਜ਼ੀ ਰੋਟੀ ਦਾ ਮਸਲਾ ਹੈ।ਇਹ ਗੋਰਖ ਧੰਦਾ ਦਰਜਨਾਂ ਖਾਦ ਬਣਾਉਣ ਵਾਲੀਆਂ ਫੈਕਟਰੀਆਂ ਨਾਲ ਜੁੜਿਆ ਹੈ।ਇਸ ਦਾ ਸਿੱਧੇ ਤੌਰ 'ਤੇ ਦੇਸ਼ ਦੇ ਅੰਨ ਸੁਰੱਖਿਆ ਭੰਡਾਰ ਨਾਲ ਜੋੜਿਆ ਹੋਣ ਕਾਰਨ ਜਾਅਲੀ ਖਾਦਾਂ ਤੇ ਹੋਰ ਸਮੱਗਰੀ ਕਿਸਾਨਾਂ ਦੇ ਖੇਤਾਂ ਵਿੱਚ ਪੁੱਜ ਜਾਂਦੀ ਹੈ। ਖੇਤੀ ਉਤਪਾਦਨ 'ਤੇ ਬਹੁਤ ਮਾਰੂ ਅਸਰ ਹੁੰਦਾ ਹੈ। ਬਹਿਰੂ ਨੇ ਇੰਡੀਅਨ ਫਾਰਮਰਜ਼ ਐਸੋਸੀਏਸ਼ਨ ਵੱਲੋਂ ਦੇਸ਼ ਦੇ ਕਿਸਾਨਾਂ ਨੂੰ ਵਿਸ਼ਵਾਸ ਦਿਵਾਇਆ ਕਿ ਇਸ ਨੰਗੇ ਹੋਏ ਗੋਰਖਧੰਦੇ ਨੂੰ ਰਾਜਨੀਤਕ ਤੌਰ 'ਤੇ ਦਬਾਉਣ ਦੀ ਕੋਸ਼ਿਸ਼ ਹੋਈ ਤਾਂ ਕਿਸਾਨ ਹਿੱਤਾਂ ਦੀ ਪੂਰਤੀ ਲਈ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਉਣਾ ਪਿਆ ਤਾਂ ਪਿੱਛੇ ਨਹੀਂ ਹਟੇਗੀ।

## ਆਮ ਆਦਮੀ ਕਲੀਨਿਕਾਂ ਦੇ ਮੈਡੀਕਲ ਅਫ਼ਸਰਾਂ ਨੂੰ ਪ੍ਰੈਗਨੈਂਸੀ ਕੇਅਰ ਸੇਵਾਵਾਂ ਸੰਬੰਧੀ ਦਿੱਤੀ ਟ੍ਰੇਨਿੰਗ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਸਿਹਤ ਵਿਭਾਗ ਵੱਲੋਂ ਸਿਵਲ ਸਰਜਨ ਡਾ. ਸੰਜੇ ਕਾਮਰਾ ਦੀ ਅਗਵਾਈ ਹੇਠ ਇੰਟੀਗ੍ਰੇਸ਼ਨ ਆਫ਼ ਪ੍ਰੈਗਨੈਂਸੀ ਕੇਅਰ ਸਰਵਿਸ ਐਟ ਆਮ ਆਦਮੀ ਕਲੀਨਿਕ ਸਬੰਧੀ ਟ੍ਰੇਨਿੰਗ ਸੈਸ਼ਨ ਲਾਇਆ ਗਿਆ, ਜਿਸ ਵਿੱਚ ਜ਼ਿਲ੍ਹੇ ਦੇ ਆਮ ਆਦਮੀ ਕਲੀਨਿਕਾਂ ਦੇ ਮੈਡੀਕਲ ਅਫ਼ਸਰ ਸ਼ਾਮਲ ਹੋਏ। ਇਸ ਮੌਕੇ ਡਾ. ਗੁਰਮਨ ਸਟੇਟ ਨੋਡਲ ਅਫ਼ਸਰ ਆਮ ਆਦਮੀ ਕਲੀਨਿਕ ਤੇ ਐੱਚ.ਡਬਲਿਊ.ਸੀ. ਤੇ ਮੈਡਮ ਡਿੰਪਲ ਪਟਨਾਇਕ ਸੀਨੀਅਰ ਰਿਸਰਚ ਅਫਸਰ ਪੰਜਾਬ ਡਿਵੈਲਪਮੈਂਟ ਕਮਿਸ਼ਨ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਇਸ ਦੌਰਾਨ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਆਨਲਾਈਨ ਗੱਲਬਾਤ ਵੀ ਕੀਤੀ ਗਈ।ਸਿਵਲ ਸਰਜਨ ਡਾ. ਸੰਜੇ ਕਾਮਰਾ ਨੇ ਕਿਹਾ ਕਿ ਆਮ ਆਦਮੀ ਕਲੀਨਿਕ ਦੇ ਡਾਕਟਰਾਂ ਨੂੰ ਗਰਭਵਤੀ ਮਾਵਾਂ ਤੇ ਬੱਚਿਆਂ ਨੂੰ ਹੈਲਥ ਕੇਅਰ ਸਰਵਿਸਿਜ਼ ਪਹਿਲ ਦੇ ਆਧਾਰ 'ਤੇ ਪ੍ਰਦਾਨ ਕਰਨੀਆਂ ਚਾਹੀਦੀਆਂ ਹਨ, ਕਿਉਂਕਿ ਸਰਕਾਰ ਦਾ ਟੀਚਾ ਹੈ ਕਿ ਮਾਵਾਂ ਦੀ ਮੌਤ ਦਰ ਨੂੰ ਘਟਾਇਆ ਜਾਵੇ, ਮਾਂ ਤੇ ਬੱਚੇ ਦੀਆਂ ਸਿਹਤ ਸੇਵਾਵਾਂ ਵਿੱਚ ਸੁਧਾਰ ਲਿਆਉਣ ਲਈ ਐਂਟੀਨੇਟਲ ਕੇਅਰ ਸਰਵਿਸ ਬਹੁਤ ਉੱਚ ਦਰਜੇ ਦੀਆਂ ਮੁਹੱਈਆ ਕਰਾਉਣੀਆਂ ਯਕੀਨੀ ਬਣਾਉਣੀਆਂ ਚਾਹੀਦੀਆਂ ਹਨ ਤਾਂ ਕਿ ਮਾਂ ਅਤੇ ਬੱਚਾ ਤੰਦਰੁਸਤ ਹੋਵੇ।ਡਿਪਟੀ ਮੈਡੀਕਲ ਕਮਿਸ਼ਨਰ ਡਾ. ਵਿਕਾਸ ਧੀਰ ਨੇ ਦੱਸਿਆ ਕਿ ਆਮ ਆਦਮੀ ਕਲੀਨਿਕਾਂ ਵਿੱਚ 23 ਜੂਨ ਤੋਂ ਗਰਭਵਤੀ ਮਾਂਵਾਂ ਦਾ ਚੈੱਕਅਪ ਸ਼ੁਰੂ ਕੀਤਾ ਜਾ ਰਿਹਾ ਹੈ। ਉਨ੍ਹਾਂ ਸਬੰਧਤ ਸਟਾਫ਼ ਨੂੰ ਗਰਭਵਤੀ ਔਰਤਾਂ ਦੇ ਚਾਰ ਐਂਟੀ ਨੇਟਲ ਚੈੱਕਅਪ ਨੂੰ ਯਕੀਨੀ ਬਣਾਉਣ ਤੇ ਹਾਈ ਰਿਸਕ ਗਰਭਵਤੀ ਔਰਤਾਂ ਦਾ ਖ਼ਾਸ ਧਿਆਨ ਰੱਖਣ ਲਈ ਕਿਹਾ।

## ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਦੀ ਮੀਟਿੰਗ



**ਫ਼ਰੀਦਕੋਟ (ਗੁਰਪ੍ਰੀਤ ਸਿੰਘ ਬੇਦੀ, ਐਲਿਗਜ਼ੈਂਡਰ ਡਿਸੂਜਾ)**-ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਬਲਾਕ ਫ਼ਰੀਦਕੋਟ ਦੀ ਮੀਟਿੰਗ ਪਾਲ ਮਿੰਨੀ ਹਾਲ ਕੰਮੇਆਣਾ ਰੋਡ ਵਿਖੇ ਹੋਈ, ਜਿਸ ਦੀ ਪ੍ਰਧਾਨਗੀ ਡਾਕਟਰ ਅੰਮ੍ਰਿਤਪਾਲ ਸਿੰਘ ਟਹਿਣਾ ਨੇ ਕੀਤੀ। ਜ਼ਿਲ੍ਹਾ ਕੈਸ਼ੀਅਰ ਡਾਕਟਰ ਐਚ.ਐਸ.ਵੋਹਰਾ, ਜ਼ਿਲ੍ਹਾ ਡੈਲੀਗੇਟ ਡਾਕਟਰ ਵਿਜੇ ਪਾਲ ਕੰਮਿਆਣਾ, ਡਾਕਟਰ ਗੁਰਤੇਜ ਸਿੰਘ ਦਾਨਾ ਰੁਮਾਣਾ, ਡਾਕਟਰ ਨਰੇਸ਼ ਭਾਣਾ, ਵੈਦ ਗੁਰਦੀਪ ਸਿੰਘ ਕਾਬਲਵਾਲਾ ਵੀ ਵਿਸ਼ੇਸ਼ ਤੌਰ 'ਤੇ ਪੁੱਜੇ। ਬਲਾਕ ਸਕੱਤਰ ਡਾ. ਕੁਲਵੰਤ ਸਿੰਘ ਚਹਿਲ ਨੇ ਸ਼ੋਕ ਸਮਾਚਾਰ ਨਾਲ ਸ਼ੁਰੂਆਤ ਕੀਤੀ। ਇਹ ਸਮਾਚਾਰ ਡਾਕਟਰ ਰਸ਼ਪਾਲ ਸਿੰਘ ਸੰਧੂ ਦੇ ਭਤੀਜੇ ਭਾਈ ਜਸਵਿੰਦਰ ਸਿੰਘ ਦੀ ਅਚਾਨਕ ਮੌਤ, ਡਾਕਟਰ ਰਵਿੰਦਰ ਪਾਲ ਦੇ ਪਿਤਾ ਦਰਬਾਰੀ ਲਾਲ ਤੇ ਡਾਕਟਰ ਸੇਵਕ ਸਿੰਘ ਬਰਾੜ ਦੇ ਪਿਤਾ ਬੂੜ ਸਿੰਘ, ਜੋ ਸਦੀਵੀ ਵਿਛੋੜਾ ਦੇ ਗਏ, ਉਨ੍ਹਾਂ ਦੇ ਵਿਛੋੜੇ ਨੂੰ ਯਾਦ ਕਰਦਿਆਂ ਤੇ ਪਰਵਾਰ ਨੂੰ ਵਾਹਿਗੁਰੂ ਦੇ ਭਾਣੇ ਵਿੱਚ ਰਹਿਣ ਲਈ ਮੋਨ ਧਾਰ ਕੇ ਅਰਦਾਸ ਕੀਤੀ। ਬੀਤੇ ਦਿਨੀਂ ਪੰਜਾਬ ਦੇ ਲੀਡਰ ਵੱਲੋਂ ਭੱਦੀ ਸ਼ਬਦਾਵਲੀ ਦੀ ਵਰਤੋਂ ਵਾਲੇ ਬਿਆਨ ਬਾਰੇ ਸਟੇਟ ਪ੍ਰਧਾਨ ਡਾਕਟਰ ਜਸਵਿੰਦਰ ਸਿੰਘ ਕਾਲਖ ਵੱਲੋਂ ਦਿੱਤੇ ਗਏ ਬਿਆਨ ਬਾਰੇ ਚਰਚਾ ਕੀਤੀ ਗਈ। ਡਾਕਟਰ ਅੰਮ੍ਰਿਤਪਾਲ ਸਿੰਘ ਟਹਿਣਾ ਨੇ ਮੀਟਿੰਗ 'ਚ ਸ਼ਾਮਲ ਜ਼ਿਲ੍ਹਾ ਡੈਲੀਗੇਟ, ਬਲਾਕ ਦੇ ਸਤਿਕਾਰਯੋਗ ਮੈਂਬਰਾਂ ਤੇ ਅਮਨਦੀਪ ਹਸਪਤਾਲ ਵੱਲੋਂ ਆਏ ਡਾਕਟਰ ਤੇ ਉਨ੍ਹਾਂ ਦੀ ਸਮੁੱਚੀ ਟੀਮ ਨੂੰ ਜੀ ਆਇਆਂ ਕਿਹਾ। ਮਾਰਕੀਟਿੰਗ ਮੈਨੇਜਰ ਰਾਜਵੀਰ ਸਿੰਘ, ਗੁਰਪ੍ਰੀਤ ਸਿੰਘ, ਡਾਕਟਰ ਮਨਜੀਤ ਸਿੰਘ ਨੇ ਮੀਟਿੰਗ ਵਿੱਚ ਅਮਨਦੀਪ ਹਸਪਤਾਲ ਫ਼ਿਰੋਜ਼ਪੁਰ ਵੱਲੋਂ ਆਏ ਡਾਕਟਰ ਏ ਕੇ, ਵਿਗਨੇਸ਼, ਈ ਐਨ ਟੀ ਸਪੈਸ਼ਲਿਸਟ, ਡਾਕਟਰ ਹਾਕਿਮ ਇਰਫਾਨ ਸ਼ੌਕਤ ਕਾਰਡੀਓ ਸਪੈਸ਼ਲਿਸਟ ਤੇ ਡਾਕਟਰ ਅਰਸ਼ੀਦ ਇਕਬਾਲ ਕਾਦਰੀ ਗੈਸਟਰੋ ਸਪੈਸ਼ਲਿਸਟ ਪਹੁੰਚੇ ਤੇ ਉਨ੍ਹਾਂ ਆਪਣੇ ਸਪੈਸ਼ਲਿਸਟੀ ਦੀ ਜਾਣਕਾਰੀ ਤੇ ਹਸਪਤਾਲ ਵਿੱਚ ਦਿੱਤੀਆਂ ਜਾ ਰਹੀਆਂ ਸੇਵਾਵਾਂ ਬਾਰੇ ਜਾਣਕਾਰੀ ਦਿੱਤੀ। ਬਾਅਦ 'ਚ ਬਲਾਕ ਪ੍ਰਧਾਨ ਡਾਕਟਰ ਅੰਮ੍ਰਿਤਪਾਲ ਸਿੰਘ ਟਹਿਣਾ ਤੇ ਉਨ੍ਹਾਂ ਦੀ ਐਗਜੈਕਟਿਵ ਅਤੇ ਜ਼ਿਲ੍ਹਾ ਡੈਲੀਗੇਟਾਂ ਨੇ ਆਏ ਹੋਏ ਡਾਕਟਰ ਜੀਸਸ ਅਮਨਦੀਪ ਹਸਪਤਾਲ ਫ਼ਿਰੋਜ਼ਪੁਰ ਤੋਂ ਆਏ ਡਾਕਟਰਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ।

## ਹਾਮਝੇੜੀ 'ਚ ਠੰਢੇ ਮਿੱਠੇ ਜਲ ਦੀ ਛਬੀਲ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਪਿੰਡ ਹਾਮਝੜੀ ਵਿਖੇ ਡਾ ਬੀ. ਆਰ ਅੰਬੇਡਕਰ ਵੈਲਫੇਅਰ ਕਲੱਬ (ਰਜਿ) ਵੱਲੋਂ ਸੰਤ ਸ਼੍ਰੋਮਣੀ ਸੰਤ ਸਤਿਗੁਰੂ ਰਵਿਦਾਸ ਜੀ ਦੇ ਜੋਤੀ ਜੋਤ ਦਿਵਸ ਨੂੰ ਸਮਰਪਤ ਅੱਤ ਦੀ ਪੈ ਰਹੀ ਗਰਮੀ ਵਿੱਚ ਜਾਖਲ-ਮੂਣਕ ਮੁੱਖ ਮਾਰਗ 'ਤੇ ਠੰਡੇ ਮਿੱਠੇ ਜਲ ਦੀ ਛਬੀਲ ਲਾਈ ਗਈ।ਇਸ ਮੌਕੇ ਡਾ ਜਤਿੰਦਰ ਸਿੰਘ ਮੱਟੂ ਨੇ ਸ਼ਿਰਕਤ ਕੀਤੀ।ਉਨ੍ਹਾਂ ਕਿਹਾ ਕਿ ਕਲੱਬ ਦੇ ਨੌਜਵਾਨਾਂ ਵੱਲੋਂ ਮਾਨਵਤਾ ਦੇ ਭਲੇ ਹਿੱਤ ਕੀਤਾ ਗਿਆ ਉਪਰਾਲਾ ਸ਼ਲਾਘਾਯੋਗ ਹੈ।ਉਨ੍ਹਾਂ ਕਿਹਾ ਕਿ ਸਾਡੇ ਗੁਰੂਆਂ ਵੱਲੋਂ ਵੀ ਮਾਨਵਤਾ ਦੇ ਭਲੇ ਲਈ ਹੀ ਕਾਰਜ ਕੀਤੇ ਗਏ।ਸਾਡੇ ਸਮਾਜ ਵਿੱਚ ਆਏ ਨਿਘਾਰ ਦਾ ਕਾਰਨ ਸਾਡਾ ਗੁਰੂਆਂ ਦੀਆਂ ਸਿੱਖਿਆਵਾਂ ਤੋਂ ਦੂਰ ਹੋ ਜਾਣਾ ਹੈ।ਸਾਨੂੰ ਆਪਣੇ ਗੁਰੂਆਂ ਦੀਆਂ ਉਪਦੇਸ਼ਾਂ ਨੂੰ ਅਮਲ ਵਿੱਚ ਲਿਆਉਣਾ ਚਾਹੀਦਾ ਹੈ।

# ਦੋ ਪਿੰਡਾਂ ਦੇ ਸਾਂਝੇ ਮੋਘੇ 'ਚ 3 ਸਾਲਾਂ ਤੋਂ ਪਾਣੀ ਨਾ ਆਉਣ 'ਤੇ ਕਿਸਾਨ ਦੁਖੀ

### ਸਰਕਾਰ ਵੱਲੋਂ ਕੀਤੇ ਜਾ ਰਹੇ ਦਾਅਵਿਆਂ 'ਚ ਰੱਤੀ ਭਰ ਵੀ ਸਚਾਈ ਨਹੀਂ : ਪੀੜਤ ਕਿਸਾਨ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਕਲਿਆਣ ਰਜਵਾਹਾ (ਨੰਬਰ 57178) 'ਚੋਂ ਨਿਕਲਦੇ ਪਿੰਡ ਕਲਾਲ ਮਾਜਰਾ, ਕ੍ਰਿਪਾਲ ਸਿੰਘ ਵਾਲਾ ਦੋ ਪਿੰਡਾਂ ਦੇ ਸਾਂਝੇ ਮੋਘੇ 'ਚ ਪਿਛਲੇ ਤਿੰਨ ਸਾਲਾਂ ਤੋਂ ਪਾਣੀ ਨਾ ਆਉਣ ਕਰਕੇ ਸਬੰਧਤ ਕਿਸਾਨ ਮਾਨਸਿਕ ਪ੍ਰੇਸ਼ਾਨੀ ਵਿੱਚੋਂ ਲੰਘ ਰਹੇ ਹਨ। ਪੀੜਤ ਕਿਸਾਨਾਂ ਭਾਕਿਯੂ ਕਾਦੀਆਂ ਦੇ ਆਗੂ ਸੁਖਵਿੰਦਰ ਸਿੰਘ ਪੰਚ, ਕੇਸਰ ਸਿੰਘ, ਸਰਬਜੀਤ ਸਿੰਘ, ਹਰਪਾਲ ਸਿੰਘ ਕ੍ਰਿਪਾਲ ਸਿੰਘ ਵਾਲਾ, ਕਿੱਕਰ ਸਿੰਘ ਕਲੇਰ, ਜਸ਼ਨਪ੍ਰੀਤ ਸਿੰਘ, ਪਾਲ ਸਿੰਘ ਕਲੇਰ, ਸੁਖੀ ਸਿੰਘ ਆਦਿ ਦਾ ਕਹਿਣਾ ਹੈ ਕਿ 1994 ਤੋਂ ਹੋਂਦ ਵਿੱਚ ਆਏ ਇਸ ਮੋਘੇ 'ਚ ਪਾਣੀ ਨਾ ਆਉਣ ਦੀ ਮੁਸ਼ਕਲ ਨੂੰ ਹੱਲ ਕਰਵਾਉਣ ਲਈ ਮਿਲਣ 'ਤੇ ਸਬੰਧਤ ਮਹਿਕਮੇ ਦੇ ਅਧਿਕਾਰੀਆਂ ਦੇ ਕਹਿਣ 'ਤੇ ਕਿਸਾਨਾਂ ਵੱਲੋਂ ਪੱਲਿਓਂ ਖਰਚਾ ਕਰਕੇ ਇਸ ਖਾਲੇ ਦੀ ਸਫਾਈ ਕਰਵਾਈ ਗਈ ਅਤੇ ਦੋਵਾਂ ਪਿੰਡਾਂ ਦਾ ਸਾਰਾ ਰਕਬਾ ਚੱਕਬੰਦੀ 'ਚ ਸ਼ਾਮਲ ਕੀਤੇ ਜਾਣ ਦੇ ਬਾਵਜੂਦ ਪਾਣੀ ਦੀ ਇੱਕ ਤਿੱਪ ਵੀ ਖਾਲ 'ਚ ਨਹੀਂ ਆਈ।ਪੀੜਤ ਕਿਸਾਨਾਂ ਦਾ ਕਹਿਣਾ ਹੈ ਕਿ ਸੂਬਾ ਸਰਕਾਰ ਦੇ ਮੁੱਖ ਮੰਤਰੀ ਵੱਲੋਂ ਟੇਲਾਂ 'ਤੇ ਪਾਣੀ ਪਹੁੰਚਾਉਣ ਦੇ ਕੀਤੇ ਜਾ ਰਹੇ ਦਾਅਵੇ ਸੱਚਾਈ ਤੋਂ ਕੋਹਾਂ ਦੂਰ ਹਨ।ਭਾਰਤੀ ਕਿਸਾਨ ਯੂਨੀਅਨ ਕਾਦੀਆਂ ਦੇ ਬਲਾਕ ਪ੍ਰਧਾਨ ਪਰਮਜੀਤ ਸਿੰਘ ਢੀਂਡਸਾ, ਮੀਤ ਪ੍ਰਧਾਨ ਡਾ: ਸੁਖਦੀਪ ਸਿੰਘ ਗਿੱਲ ਕਲਾਲ ਮਾਜਰਾ, ਸਰਬਜੀਤ ਸਿੰਘ ਗੰਗੋਹਰ ਆਦਿ ਆਗੂਆਂ ਨੇ ਤਿੰਨ ਸਾਲਾਂ ਤੋਂ ਬੰਦ ਪਏ ਇਸ ਮੋਘੇ ਨੂੰ ਤੁਰੰਤ ਬਹਾਲ ਕਰਕੇ ਪਾਣੀ ਛੱਡਿਆ ਜਾਵੇ ਤਾਂ ਜੋ ਕਿਸਾਨਾਂ ਨੂੰ ਕੁਝ ਰਾਹਤ ਮਿਲ ਸਕੇ।

# ਭਾਜਪਾ ਦੀਆਂ ਨੀਤੀਆਂ ਨੂੰ ਘਰ ਘਰ ਪਹੁੰਚਾਉਣ ਦਾ ਸੱਦਾ

### ਮੀਟਿੰਗ ਦੌਰਾਨ ਵਿਜੇ ਰੁਪਾਨੀ ਨੂੰ ਸ਼ਰਧਾਂਜਲੀਆਂ



**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)**

ਭਾਰਤੀ ਜਨਤਾ ਪਾਰਟੀ ਹਲਕਾ ਸ਼ੁਤਰਾਣਾ ਦੇ ਸਰਕਲ ਘੱਗਾ ਦੀ ਮੀਟਿੰਗ ਸਰਕਲ ਪ੍ਰਧਾਨ ਸਰਕਲ ਪ੍ਰਧਾਨ ਪ੍ਰੇਮ ਚੰਦ ਕਾਂਸਲ ਦੇ ਦਫਤਰ ਘੱਗਾ ਵਿਖੇ ਹੋਈ। ਮੀਟਿੰਗ ਵਿੱਚ ਹਲਕਾ ਇੰਚਾਰਜ ਨਰਾਇਣ ਸਿੰਘ ਨਰਸੋਤ ਨੇ ਵਿਸ਼ੇਸ਼ ਤੌਰ ਉੱਤੇ ਸ਼ਿਰਕਤ ਕੀਤੀ।ਮੀਟਿੰਗ ਦੌਰਾਨ ਭਾਜਪਾ ਦੇ ਗਿਆਰਾਂ ਸਾਲਾਂ ਵਿੱਚ ਕੀਤੇ ਕੰਮਾਂ ਦੀ ਸਰਕਲ ਪੱਧਰ 'ਤੇ ਕਾਰਜਸ਼ਾਲਾ ਲਗਾਈ ਗਈ।ਉਪਰੰਤ ਪਿਛਲੇ ਦਿਨੀਂ ਅਹਿਮਦਾਬਾਦ ਜਹਾਜ਼ ਹਾਦਸੇ ਵਿੱਚ ਸਵਰਗਵਾਸ ਹੋਏ ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਤੇ ਪੰਜਾਬ ਭਾਜਪਾ ਇੰਚਾਰਜ ਵਿਜੈ ਰੁਪਾਨੀ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ।ਮੀਟਿੰਗ ਨੂੰ ਸੰਬੋਧਨ ਕਰਦਿਆਂ ਹਲਕਾ ਇੰਚਾਰਜ ਨਰਾਇਣ ਸਿੰਘ ਨਰਸੋਤ ਨੇ ਕਿਹਾ ਕਿ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਆਪਣੇ 11 ਸਾਲਾਂ ਦੇ ਕਾਰਜਕਾਲ ਦੌਰਾਨ ਲੋਕ ਭਲਾਈ ਦੀਆਂ ਅਨੇਕਾਂ ਸਕੀਮਾਂ ਚਲਾਈਆਂ ਗਈਆਂ ਹਨ, ਜਿਨ੍ਹਾਂ ਦਾ ਦੇਸ਼ ਦੇ ਲੋਕਾਂ ਨੂੰ ਵੱਡੇ ਪੱਧਰ ਉੱਤੇ ਲਾਭ ਹੋਇਆ ਹੈ।ਗਰੀਬ ਪਰਵਾਰਾਂ ਦੀ ਆਰਥਿਕ ਦਸ਼ਾ ਵਿੱਚ ਹੋਏ ਸੁਧਾਰ ਕਰਕੇ ਉਨ੍ਹਾਂ ਦਾ ਜੀਵਨ ਪੱਧਰ ਬਦਲਿਆ ਹੈ।ਉਨ੍ਹਾਂ ਭਾਜਪਾ ਵਰਕਰਾਂ ਨੂੰ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਸਰਗਰਮ ਹੋਣ ਦਾ ਸੱਦਾ ਦਿੰਦਿਆਂ ਕਿਹਾ ਕਿ ਭਾਜਪਾ ਦੀਆਂ ਨੀਤੀਆਂ ਨੂੰ ਘਰ ਘਰ ਪਹੁੰਚਾਉਣ ਲਈ ਦਿਨ-ਰਾਤ ਇੱਕ ਕਰ ਦੇਣ।

ਇਸ ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਰਮੇਸ਼ ਕੁਮਾਰ ਕੁੱਕੂ ਮੈਂਬਰ ਪੰਜਾਬ ਕਾਰਜਕਾਰੀ ਕਮੇਟੀ ਭਾਜਪਾ, ਜ਼ਿਲ੍ਹਾ ਜਨਰਲ ਸਕੱਤਰ ਜੀਵਨ ਦੱਤ ਸ਼ੈਲੀ, ਲਾਲ ਚੰਦ ਲਾਲੀ ਸਾਬਕਾ ਮੰਡਲ ਪ੍ਰਧਾਨ, ਜਰਨੈਲ ਸਿੰਘ ਘੱਗਾ, ਸੁਖਵਿੰਦਰ ਕੌਰ ਘੱਗਾ, ਮਿੱਠੂ ਰਾਮ ਸਾਬਕਾ ਐੱਮ ਸੀ, ਭੋਲਾ ਰਾਮ ਘੱਗਾ, ਸਤਪਾਲ ਕਲਵਾਣੂ, ਕੁਲਵਿੰਦਰ ਸਿੰਘ, ਚਿਮਨ ਲਾਲ, ਭੁਪਿੰਦਰ ਲਾਲ, ਸਤਪਾਲ ਬਰਾਸ, ਮਨੋਹਰ ਲਾਲ ਜਿੰਦਲ, ਸੁਭਾਸ਼ ਗੋਇਲ, ਛਿੰਦਰਪਾਲ, ਸ਼ੀਸ਼ਪਾਲ, ਦੀਪਕ ਰਾਏ, ਅਸ਼ੋਕ ਕੁਮਾਰ, ਸੰਜੀਵ ਕੁਮਾਰ ਆਦਿ ਹਾਜ਼ਰ ਸਨ।

## ...ਸ.ਫਾ 1 ਦੇ ਬਾਕੀ

### ਕੈਨੇਡਾ 'ਚ ਫਿਰੌਤੀਆਂ ਤੇ ...

ਗਈ ਹੈ। ਇਹ ਸਾਰੇ ਬਰੈਂਪਟਨ ਵਾਸੀ ਹਨ। ਇਨ੍ਹਾਂ ਵਿੱਚੋਂ ਕੁਝ ਸਮਾਜਕ ਸੇਵਾਦਾਰ ਵਜੋਂ ਵਿਚਰਦੇ ਸਨ। ਉਹ ਅਕਸਰ ਲੰਗਰ ਲਾਉਂਦੇ ਅਤੇ ਆਪਣੇ ਸੋਸ਼ਲ ਮੀਡੀਆ ਖਾਤਿਆਂ 'ਤੇ ਵੀਡੀਓ ਪਾਉਂਦੇ ਸਨ। ਪੁਲਸ ਅਧਿਕਾਰੀ ਅਨੁਸਾਰ ਇਨ੍ਹਾਂ ਤੋਂ 18 ਟੋਅ ਟਰੱਕ, 4 ਮਹਿੰਗੀਆਂ ਲਗਜ਼ਰੀ ਕਾਰਾਂ, 5 ਹੋਰ ਵਾਹਨ, 6 ਨਾਜਾਇਜ਼ ਬੰਦੂਕਾਂ, 2 ਬੁਲੇਟ ਪਰੂਫ ਜੈਕਟਾਂ ਸਮੇਤ ਕਈ ਛੋਟੇ ਮਾਰੂ ਹਥਿਆਰ ਅਤੇ 586 ਗੋਲੀਆਂ ਸਮੇਤ 45 ਹਜ਼ਾਰ ਡਾਲਰ ਦੀ ਨਕਦੀ ਬਰਾਮਦ ਕੀਤੀ ਗਈ ਹੈ। ਦੋਵੇਂ ਗਰੋਹ ਸਰਟੀਫਾਈਡ ਰੋਡਸਾਈਡ ਅਤੇ ਹੰਬਲ ਰੋਡਸਾਈਡ ਨਾਂਅ ਦੀਆਂ ਟੋਅ ਕੰਪਨੀਆਂ ਚਲਾਉਂਦੇ ਸਨ ਤੇ ਟੋਅ ਕੀਤੇ ਵਾਹਨ ਦਾ ਰਸਤੇ 'ਚ ਐਕਸੀਡੈਂਟ ਦਿਖਾ ਕੇ ਲੱਖਾਂ ਡਾਲਰਾਂ ਦਾ ਕਲੇਮ ਲੈਣ ਵਿੱਚ ਸਫਲ ਹੁੰਦੇ ਰਹੇ। ਗਰੋਹ ਮੈਂਬਰ ਵਪਾਰੀਆਂ ਨੂੰ ਫਿਰੌਤੀ ਕਾਲਾਂ ਕਰਕੇ ਮੋਟੀਆਂ ਰਕਮਾਂ ਮੰਗਦੇ ਤੇ ਨਾ ਦੇਣ 'ਤੇ ਮਾਰਨ ਦੀਆਂ ਧਮਕੀਆਂ ਦਿੰਦੇ ਸਨ। ਕਾਲ ਦੀ ਪ੍ਰਵਾਹ ਨਾ ਕਰਨ ਵਾਲਿਆਂ 'ਤੇ ਉਹ ਗੋਲੀਬਾਰੀ ਵੀ ਕਰਦੇ ਸਨ। ਫਿਰੌਤੀ ਕਾਲਾਂ ਰਾਹੀਂ ਉਗਰਾਹੀ ਰਕਮ ਬਾਰੇ ਪੁੱਛੇ ਜਾਣ 'ਤੇ ਪੁਲਸ ਅਧਿਕਾਰੀ ਨੇ ਦੱਸਿਆ ਕਿ ਸਾਰੇ ਪੀੜਤਾਂ ਵੱਲੋਂ ਪੁਲਸ ਕੋਲ ਰਿਪੋਰਟ ਨਾ ਕਰਨ ਕਰਕੇ ਸਹੀ ਅਨੁਮਾਨ ਨਹੀਂ, ਪਰ ਇਹ 10 ਲੱਖ ਡਾਲਰ ਤੋਂ ਵੱਧ ਹੋਵੇਗੀ।

### ਕਿਰਤ ਕਾਨੂੰਨਾਂ 'ਚ ਮਜ਼ਦੂਰ...

ਸਫਲ ਬਣਾਉਣ ਲਈ ਪੁਰਜ਼ੋਰ ਹੰਭਲਾ ਮਾਰਨ।ਸੌਂਪੇ ਗਏ ਮੰਗ ਪੱਤਰ ਵਿੱਚ ਮੰਗ ਕੀਤੀ ਗਈ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਵੱਲੋਂ ਪਿਛਲੇ ਦਿਨੀਂ ਦੁਕਾਨਾਂ ਅਤੇ ਵਪਾਰਕ ਅਦਾਰਿਆਂ ਕਾਨੂੰਨ, 1958 ਵਿੱਚ ਮਜ਼ਦੂਰ ਵਿਰੋਧੀ ਸੋਧਾਂ ਕਰਨ ਦਾ ਫੈਸਲਾ ਤੁਰੰਤ ਰੱਦ ਕੀਤਾ ਜਾਵੇ। ਇਸ ਦੇ ਨਾਲ਼ ਹੀ ਸਤੰਬਰ 2023 ਵਿੱਚ ਮੌਜੂਦਾ ਸੂਬਾ ਸਰਕਾਰ ਅਤੇ ਇਸ ਤੋਂ ਪਹਿਲਾਂ ਕੋਰੋਨਾ ਲੌਕਡਾਊਨ ਬਹਾਨੇ ਕੈਪਟਨ ਸਰਕਾਰ ਵੱਲੋਂ ਕਾਰਖਾਨਾ ਕਾਨੂੰਨ ਵਿੱਚ ਕੀਤੀਆਂ ਗਈਆਂ ਮਜ਼ਦੂਰ ਵਿਰੋਧੀ ਸੋਧਾਂ ਤੁਰੰਤ ਰੱਦ ਕੀਤੀਆਂ ਜਾਣ। ਮੋਦੀ ਹਕੂਮਤ ਵੱਲੋਂ ਕੋਡ ਰੂਪ ਵਿੱਚ ਲਿਆਂਦੇ ਚਾਰ ਨਵੇਂ ਕਿਰਤ ਕਾਨੂੰਨਾਂ ਵਿਰੁੱਧ ਪੰਜਾਬ ਵਿਧਾਨ ਸਭਾ ਵਿੱਚ ਮਤਾ ਪਾਸ ਕਰਨ ਤੇ ਇਹਨਾਂ ਕਾਨੂੰਨਾਂ ਨੂੰ ਪੰਜਾਬ ਵਿੱਚ ਲਾਗੂ ਨਾ ਕਰਨ ਦੀ ਵੀ ਮੰਗ ਕੀਤੀ ਗਈ। ਇਸ ਦੇ ਨਾਲ਼ ਹੀ ਮੰਗ ਕੀਤੀ ਗਈ ਕਿ ਮਜ਼ਦੂਰਾਂ ਦੇ ਕਾਨੂੰਨੀ ਕਿਰਤ ਹੱਕਾਂ ਨੂੰ ਸਖਤੀ ਨਾਲ਼ ਲਾਗੂ ਕਰਾਇਆ ਜਾਵੇ, ਇਸ ਵਾਸਤੇ ਕਿਰਤ ਵਿਭਾਗ ਦਾ ਵਿਸਤਾਰ ਕੀਤਾ ਜਾਵੇ, ਇਸ ਦੀਆਂ ਤਾਕਤਾਂ ਵਿੱਚ ਵਾਧਾ ਕੀਤਾ ਜਾਵੇ, ਘੱਟੋ-ਘੱਟ ਤਨਖਾਹ 26 ਹਜ਼ਾਰ ਕੀਤੀ ਜਾਵੇ।ਜੱਥੇਬੰਦੀਆਂ ਦਾ ਕਹਿਣਾ ਹੈ ਕਿ ਪੰਜਾਬ ਸਰਕਾਰ ਵੱਲੋਂ ਦੁਕਾਨਾਂ ਅਤੇ ਵਪਾਰਕ ਅਦਾਰੇ ਕਾਨੂੰਨ, 1958 ਵਿੱਚ ਮਜ਼ਦੂਰ ਵਿਰੋਧੀ ਸੋਧਾਂ ਜੇਕਰ ਲਾਗੂ ਹੁੰਦੀਆਂ ਹਨ ਤਾਂ 20 ਤੋਂ ਘੱਟ ਮਜ਼ਦੂਰਾਂ ਵਾਲ਼ੀਆਂ ਦੁਕਾਨਾਂ ਤੇ ਹੋਰ ਵਪਾਰਕ ਅਦਾਰੇ ਕਿਰਤ ਕਾਨੂੰਨਾਂ ਦੇ ਘੇਰੇ ਵਿੱਚੋਂ ਬਾਹਰ ਹੋ ਜਾਣਗੇ। ਇਸ ਨਾਲ਼ ਇਹਨਾਂ ਵਪਾਰਕ ਅਦਾਰਿਆਂ ਵਿੱਚ ਕੰਮ ਕਰਨ ਵਾਲ਼ੇ ਮਜ਼ਦੂਰ ਕੰਮ ਦੇ ਘੰਟਿਆਂ, ਤਨਖਾਹ, ਹਾਜ਼ਰੀ, ਸੁਰੱਖਿਆ ਸੰਬੰਧੀ ਤੇ ਹੋਰ ਹਰ ਪ੍ਰਕਾਰ ਦੇ ਕਾਨੂੰਨੀ ਕਿਰਤ ਹੱਕਾਂ ਤੋਂ ਵਾਂਝੇ ਹੋ ਜਾਣਗੇ। ਇਸ ਸੋਧ ਤੋਂ ਬਾਅਦ ਜੋ ਵਪਾਰਕ ਅਦਾਰੇ ਇਸ ਕਾਨੂੰਨ ਦੇ ਘੇਰੇ ਵਿੱਚ ਆਉਣਗੇ, ਉੱਥੇ ਵੀ ਹੁਣ ਸਰਪੈਂਡਓਵਰ ਸਮੇਂ ਵਿੱਚ 2 ਘੰਟੇ ਦਾ ਵਾਧਾ ਕੀਤਾ ਗਿਆ ਹੈ, ਜਿਸ ਮੁਤਾਬਕ ਹੁਣ ਇੱਕ ਦਿਨ ਵਿੱਚ ਇਹਨਾਂ ਅਦਾਰਿਆਂ ਵਿੱਚ ਮਜ਼ਦੂਰਾਂ ਤੋਂ 4 ਘੰਟੇ ਓਵਰਟਾਈਮ ਕੰਮ ਕਰਵਾਇਆ ਜਾ ਸਕੇਗਾ। ਇਸ ਦੇ ਨਾਲ਼ ਹੀ ਇੱਕ ਤਿਮਾਹੀ ਵਿੱਚ ਓਵਰਟਾਈਮ ਦੇ ਆਗਿਆ ਪ੍ਰਾਪਤ ਕੰਮ ਦੇ ਘੰਟੇ 50 ਤੋਂ ਵਧਾ ਕੇ 144 ਕਰ ਦਿੱਤੇ ਗਏ ਹਨ। ਭਗਵੰਤ ਮਾਨ ਸਰਕਾਰ ਵੱਲੋਂ ਸਤੰਬਰ 2023 ਅਤੇ ਇਸ ਤੋਂ ਪਹਿਲਾਂ ਕੈਪਟਨ ਸਰਕਾਰ ਵੱਲੋਂ ਕੋਰੋਨਾ ਬਹਾਨੇ ਲਾਏ ਲੌਕਡਾਊਨ ਦੌਰਾਨ ਕਾਰਖਾਨਾ ਕਾਨੂੰਨ ਵਿੱਚ ਸੋਧਾਂ ਕੀਤੀਆਂ ਗਈਆਂ ਹਨ। ਇਹਨਾਂ ਸੋਧਾਂ ਮੁਤਾਬਿਕ ਕਾਰਖਾਨਿਆਂ ਵਿੱਚ ਕਾਨੂੰਨੀ ਤੌਰ ਉੱਤੇ ਇੱਕ ਦਿਨ ਵਿੱਚ 2 ਦੀ ਥਾਂ 4 ਘੰਟੇ ਓਵਰਟਾਈਮ ਕੰਮ ਅਤੇ ਇੱਕ ਤਿਮਾਹੀ ਵਿੱਚ 50 ਦੀ ਥਾਂ 115 ਘੰਟੇ ਓਵਰਟਾਈਮ ਕੰਮ ਕਰਵਾਇਆ ਜਾ ਸਕਦਾ ਹੈ। ਆਗੂਆਂ ਨੇ ਕਿਹਾ ਕਿ ਮਜ਼ਦੂਰਾਂ ਦੀਆਂ ਭੈੜੀਆਂ ਹਾਲਤਾਂ ਨੂੰ ਦੇਖਦੇ ਹੋਏ ਅਣਸਰਦੀ ਲੋੜ ਤਾਂ ਇਹ ਹੈ ਕਿ ਘੱਟੋ-ਘੱਟ ਤਨਖਾਹ ਵਿੱਚ ਏਨਾ ਵਾਧਾ ਕੀਤਾ ਜਾਵੇ ਕਿ ਮਜ਼ਦੂਰਾਂ ਨੂੰ ਓਵਰਟਾਈਮ ਕੰਮ ਹੀ ਨਾ ਕਰਨਾ ਪਵੇ, ਓਵਰਟਾਈਮ ਕੰਮ ਕਰਨ ਦੀ ਮਜਬੂਰੀ ਪੈਦਾ ਕਰਨ ਵਾਲ਼ੀਆਂ ਹਾਲਤਾਂ ਖਤਮ ਕੀਤੀਆਂ ਜਾਣ ਅਤੇ ਗੈਰ-ਕਾਨੂੰਨੀ ਤੌਰ ਉੱਤੇ ਓਵਰਟਾਈਮ ਕੰਮ ਕਰਵਾ ਰਹੇ ਸਰਮਾਏਦਾਰਾਂ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇ। ਇਸ ਲਈ ਸਪ੍ਰੈੱਡਓਵਰ/ਓਵਰਟਾਈਮ ਕੰਮ ਦੇ ਘੰਟੇ ਵਧਾਉਣ ਸੰਬੰਧੀ ਕੀਤੀਆਂ ਗਈਆਂ ਦੁਕਾਨਾਂ ਅਤੇ ਵਪਾਰਕ ਅਦਾਰੇ ਕਾਨੂੰਨ, 1958 ਅਤੇ ਕਾਰਖਾਨਾ ਕਾਨੂੰਨ, 1948 ਵਿੱਚ ਪੰਜਾਬ ਸਰਕਾਰ ਵੱਲੋਂ ਕੀਤੀਆਂ ਸੋਧਾਂ ਰੱਦ ਹੋਣੀਆਂ ਲਾਜ਼ਮੀ ਤੌਰ ਉੱਤੇ ਜ਼ਰੂਰੀ ਹਨ ਅਤੇ 8 ਘੰਟੇ ਕੰਮ ਦਿਹਾੜੀ ਦੇ ਹਿਸਾਬ ਨਾਲ਼ ਮਹੀਨਾਵਾਰ ਘੱਟੋ-ਘੱਟ ਤਨਖਾਹ 26,000 ਰੁਪਏ ਹੋਣੀ ਚਾਹੀਦੀ ਹੈ। ਜੱਥੇਬੰਦੀਆਂ ਦਾ ਕਹਿਣਾ ਹੈ ਕਿ ਕਿਰਤ ਕਾਨੂੰਨਾਂ ਨੂੰ ਮਜ਼ਦੂਰਾਂ ਦੇ ਪੱਖ ਵਿੱਚ ਮਜ਼ਬੂਤ ਬਣਾਇਆ ਜਾਵੇ। ਮਜ਼ਦੂਰਾਂ ਦੇ ਕਾਨੂੰਨੀ ਕਿਰਤ ਹੱਕਾਂ ਦੀ ਉਲੰਘਣਾ ਕਰਨ ਵਾਲ਼ੇ ਸਰਮਾਏਦਾਰਾਂ ਵਿਰੁੱਧ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇ। ਕਿਰਤ ਵਿਭਾਗ ਵਿੱਚ ਅਫਸਰਾਂ ਅਤੇ ਮੁਲਾਜ਼ਮਾਂ ਦੀ ਗਿਣਤੀ ਵਧਾਈ ਜਾਵੇ, ਕਿਰਤ ਕਾਨੂੰਨਾਂ ਦੀ ਪਾਲਣਾ ਲਈ ਸਨਅਤਾਂ, ਦੁਕਾਨਾਂ, ਵਪਾਰਕ ਅਦਾਰਿਆਂ ਵਿੱਚ ਜਾਂਚ-ਪੜਤਾਲ ਦਾ ਢੁੱਕਵਾਂ ਢਾਂਚਾ ਵਿਕਸਿਤ ਕੀਤਾ ਜਾਵੇ, ਇਸ ਵਿਭਾਗ ਦਾ ਮਜ਼ਦੂਰਾਂ ਤੇ ਅਦਾਰਿਆਂ ਦੀ ਗਿਣਤੀ ਮੁਤਾਬਿਕ ਵਿਸਥਾਰ ਕੀਤਾ ਜਾਵੇ, ਕਿਰਤ ਅਦਾਲਤਾਂ ਦਾ ਵਿਸਥਾਰ ਕੀਤਾ ਜਾਵੇ, ਕਿਰਤ ਵਿਭਾਗ ਵਿੱਚ ਮਜ਼ਦੂਰਾਂ ਲਈ ਬੇਇਨਸਾਫੀ, ਖੱਜਲ-ਖੁਆਰੀ ਤੇ ਲੁੱਟ ਦਾ ਕਾਰਨ ਬਣ ਰਹੇ ਵੱਡੇ ਪੱਧਰ ਉੱਤੇ ਫੈਲੇ ਭ੍ਰਿਸ਼ਟਾਚਾਰ ਨੂੰ ਨੱਥ ਪਾਉਣ ਲਈ ਸਖਤ ਕਦਮ ਚੁੱਕੇ ਜਾਣ।ਜੱਥੇਬੰਦੀਆਂ ਨੇ ਪੰਜਾਬ ਸਰਕਾਰ ਨੂੰ ਚੇਤਾਵਨੀ ਦਿੱਤੀ ਹੈ ਕਿ ਜੇਕਰ ਇਹ ਮੰਗਾਂ ਨਾ ਮੰਨੀਆਂ ਗਈਆਂ ਤਾਂ ਉਹ ਜਨਤਕ ਸੰਘਰਸ਼ ਲਈ ਸੜਕਾਂ 'ਤੇ ਆਉਣ ਲਈ ਮਜਬੂਰ ਹੋਣਗੇ, ਜਿਸ ਦੀ ਜ਼ਿੰਮੇਵਾਰ ਸਰਕਾਰ ਹੋਵੇਗੀ।

### ਲਾੜੀ ਖੁਸ਼ ਤੇ...

ਹੁਣ ਮਾਮਲਾ ਸੁਲਝ ਗਿਆ ਹੈ। ਇੱਥੇ ਦੱਸਣਾ ਬਣਦਾ ਹੈ ਕਿ ਇੰਦੌਰ ਦੇ ਇੱਕ ਵਪਾਰੀ ਰਾਜਾ ਰਘੂਵੰਸ਼ੀ ਦੀ 23 ਮਈ ਨੂੰ ਮੇਘਾਲਿਆ ਵਿੱਚ ਹਨੀਮੂਨ ਦੌਰਾਨ ਹੱਤਿਆ ਕਰ ਦਿੱਤੀ ਗਈ ਸੀ। ਜਿਸ ਦੇ ਦੋਸ਼ ਵਿੱਚ ਉਸ ਦੀ ਪਤਨੀ ਸੋਨਮ, ਪਤਨੀ ਦੇ ਕਥਿਤ ਪ੍ਰੇਮੀ ਅਤੇ ਤਿੰਨ ਭਾੜੇ ਦੇ ਹਤਿਆਰਿਆਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ।

# ਅਕਾਲੀ ਆਗੂਆਂ ਨੇ ਕੀਤਾ ਬਾਬਾ ਟੇਕ ਸਿੰਘ ਧਨੌਲਾ ਦਾ ਸਨਮਾਨ



**ਮੋਗਾ (ਇਕਬਾਲ ਸਿੰਘ ਖਹਿਰਾ)**

ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਅਤੇ ਉਨ੍ਹਾਂ ਨਾਲ ਸ਼ਹੀਦ ਸਿੰਘਾਂ ਭਾਈ ਮਤੀ ਦਾਸ ਤੇ ਭਾਈ ਸਤੀ ਦਾਸ ਜੀ ਦੀ 350 ਸਾਲਾ ਜਨਮ ਸ਼ਤਾਬਦੀ ਨੂੰ ਸਮਰਪਤ ਗੁਰਦੁਆਰਾ ਸ਼੍ਰੀ ਨਾਮਦੇਵ ਭਵਨ ਵਿਖੇ ਸਿੱਖ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਹਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਵੱਲੋਂ ਬੱਚਿਆਂ ਲਈ ਗੁਰਮਤਿ ਸਿੱਖਿਆ ਸਮਰ ਕੈਂਪ ਲਾਇਆ ਗਿਆ ਸੀ ਅਤੇ ਸਮਾਗਮ ਦੇ ਅਖੀਰਲੇ ਦਿਨ ਇੱਕ ਵਿਸ਼ਾਲ ਗੁਰਮਤਿ ਸਮਾਗਮ ਕਰਾਇਆ ਗਿਆ।

ਸਮਾਗਮ ਵਿੱਚ ਵਿਸ਼ੇਸ ਤੌਰ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਬਾਬਾ ਟੇਕ ਸਿੰਘ ਧਨੌਲਾ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ, ਭਾਈ ਭੋਲਾ ਸਿੰਘ ਇੰਚਾਰਜ ਧਰਮ ਪ੍ਰਚਾਰ ਕਮੇਟੀ ਮਾਲਵਾ ਜ਼ੋਨ ਤਖ਼ਤ ਸ੍ਰੀ ਦਮਦਮਾ ਸਾਹਿਬ, ਭਾਈ ਗੁਲਾਬਜਿੰਦਰ ਸਿੰਘ ਪ੍ਰਚਾਰਕ, ਰਾਗੀ ਭਾਈ ਸੋਹਣ ਸਿੰਘ ਮੋਗਾ ਤੇ ਸਮੂਹ ਮੋਗਾ ਦੀਆਂ ਨਾਨਕ ਨਾਮ ਲੇਵਾ ਸੰਗਤਾਂ ਨੇ ਵੱਡੇ ਪੱਧਰ 'ਤੇ ਹਾਜ਼ਰੀ ਭਰੀ।ਇਸ ਮੌਕੇ ਜਿੱਥੇ ਗੁਰਮਤਿ ਵਿਚਾਰਾਂ ਸਾਂਝੀਆਂ ਕੀਤੀਆਂ ਗਈਆਂ, ਉਥੇ ਸਮਰ ਕੈਂਪ ਵਿੱਚ ਗੁਰਮਤਿ ਵਿਦਿਆ ਵਿੱਚ ਭਾਗ ਲੈਣ ਵਾਲੇ ਬੱਚਿਆਂ ਨੂੰ ਸਨਮਾਨਤ ਵੀ ਕੀਤਾ ਗਿਆ।

ਸਮਾਗਮ ਦੌਰਾਨ ਸ਼੍ਰੋਮਣੀ ਅਕਾਲੀ ਦਲ ਹਲਕਾ ਮੋਗਾ ਦੇ ਇੰਚਾਰਜ ਸੰਜੀਤ ਸਿੰਘ ਸੰਨੀ ਗਿੱਲ ਤੇ ਉਨ੍ਹਾਂ ਦੀ ਟੀਮ ਮੈਂਬਰਾਂ ਨੇ ਵੀ ਆਪਣੀ ਹਾਜ਼ਰੀ ਲਵਾਈ।ਇਸ ਮੌਕੇ ਸੰਜੀਤ ਸਿੰਘ ਸੰਨੀ ਗਿੱਲ ਨੇ ਦੱਸਿਆ ਕਿ ਮੌਜੂਦਾ ਦੌਰ ਵਿੱਚ ਅਜਿਹੇ ਸਮਾਗਮ ਬੇਹੱਦ ਜ਼ਰੂਰੀ ਹਨ, ਕਿਉਂਕਿ ਅੱਜ ਸਾਡਾ ਨੌਜਵਾਨ ਤਬਕਾ ਸਾਡੇ ਸ਼ਾਨਾਮੱਤੇ ਇਤਿਹਾਸ ਤੋਂ ਦੂਰ ਹੋ ਰਿਹਾ ਹੈ, ਜੋ ਸਾਡੇ ਲਈ ਬਹੁਤ ਚਿੰਤਾ ਦਾ ਵਿਸ਼ਾ ਹੈ ਤੇ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇਸ ਉਪਰਾਲੇ ਦੀ ਉਹ ਸ਼ਲਾਘਾ ਕਰਦੇ ਹਨ ਅਤੇ ਉਹ ਅਜਿਹੇ ਗੁਰਮਤਿ ਸਮਾਗਮਾਂ ਲਈ ਭਵਿੱਖ ਵਿੱਚ ਵੀ ਜਿੰਨਾਂ ਹੋ ਸਕਿਆ ਸਹਿਯੋਗ ਦਿੰਦੇ ਰਹਿਣਗੇ।

# ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਜ਼ੋਨਲ ਵਿੱਤ ਸਕੱਤਰ ਦੀ ਗ੍ਰਿਫ਼ਤਾਰੀ ਦੀ ਨਿਖੇਧੀ



**ਮਾਨਸਾ (ਆਤਮਾ ਸਿੰਘ ਪਮਾਰ)**-ਪੰਜਾਬ ਸਟੂਡੈਂਟਸ ਯੂਨੀਅਨ ਜ਼ਿਲ੍ਹਾ ਇਕਾਈ ਮਾਨਸਾ ਵੱਲੋਂ ਸਰਕਾਰੀ ਆਈ ਆਈ ਵਿਖੇ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਜ਼ੋਨਲ ਵਿੱਚ ਸਕੱਤਰ ਨੂੰ ਧੋਖੇ ਨਾਲ ਗ੍ਰਿਫ਼ਤਾਰ ਕਰਨ ਦੀ ਨਿਖੇਧੀ ਕੀਤੀ ਗਈ। ਪੰਜਾਬ ਸਟੂਡੈਂਟਸ ਯੂਨੀਅਨ ਦੇ ਜ਼ਿਲ੍ਹਾ ਕਨਵੀਨਰ ਅਰਵਿੰਦਰ ਅਜ਼ਾਦ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਲਗਭਗ ਇੱਕ ਦਹਾਕੇ ਤੋਂ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਬੇਜ਼ਮੀਨੇ ਲੋਕਾਂ ਨੂੰ ਜ਼ਮੀਨਾਂ ਦਿਵਾਉਣ ਦੀ ਲੜਾਈ ਲੜ ਰਹੀ ਹੈ। ਪਿਛਲੇ ਕੁੱਝ ਮਹੀਨਿਆਂ ਤੋਂ ਉਨ੍ਹਾਂ ਨੇ ਲੈਂਡ ਸੀਲਿੰਗ ਐਕਟ 1972 ਨੂੰ ਲਾਗੂ ਕਰਨ ਦੀ ਮੰਗ ਨੂੰ ਲੈ ਕੇ ਸੰਘਰਸ ਸ਼ੁਰੂ ਕੀਤਾ ਹੋਇਆ ਹੈ, ਜਿਸ ਦੇ ਤਹਿਤ ਸੰਗਰੂਰ ਨੇੜਲੇ ਬੀੜ ਐਸਵਾਨ ਨਾਂਅ ਦੇ ਬੇਚਿਰਾਗ ਪਿੰਡ ਨੂੰ ਬੇਗਮਪੁਰਾ ਵਿੱਚ ਤਬਦੀਲ ਕਰਨ ਦੇ ਲਈ ਮੁਹਿੰਮ ਆਰੰਭੀ ਹੋਈ ਸੀ।

ਜ਼ਿਕਰਯੋਗ ਹੈ ਕਿ 28 ਫਰਵਰੀ ਨੂੰ ਬੇਚਿਰਾਗ ਪਿੰਡ ਵਿੱਚ ਚਿਰਾਗ ਜਗਾ ਕੇ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਵੱਲੋਂ ਬੇਗਮਪੁਰਾ ਪਿੰਡ ਵਸਾਉਣ ਦਾ ਐਲਾਨ ਕੀਤਾ ਗਿਆ ਸੀ, ਜਿਸ ਨੂੰ ਪੂਰਾ ਕਰਦਿਆਂ 20 ਮਈ ਨੂੰ ਉਸ ਜ਼ਮੀਨ ਵਿੱਚ ਜਾਣ ਦਾ ਪ੍ਰੋਗਰਾਮ ਸੀ, ਪਰ ਮਜ਼ਦੂਰਾਂ ਦੇ ਇਸ ਜ਼ਮੀਨ ਦੇ ਅੰਦੋਲਨ ਨੂੰ ਦਬਾਉਣ ਲਈ ਪੰਜਾਬ ਸਰਕਾਰ ਵੱਲੋਂ ਪੁਲਸ ਦੀ ਵੱਡੀ ਨਫਰੀ ਸੰਗਰੂਰ ਵਿੱਚ ਲਾ ਕੇ ਪਿੰਡਾਂ ਦੇ ਸੈਂਕੜੇ ਦਲਿਤ ਮਜ਼ਦੂਰਾਂ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹੀਂ ਡੱਕ ਦਿੱਤਾ ਗਿਆ। ਜੇਲ੍ਹਾਂ ਵਿੱਚ ਬੰਦ ਮਜ਼ਦੂਰ ਔਰਤਾਂ ਸਮੇਤ ਰਹਿੰਦੇ ਮਜ਼ਦੂਰਾਂ ਦੀ ਰਿਹਾਈ ਲਈ ਬੀਤੇ ਦਿਨੀਂ 13 ਜੂਨ ਨੂੰ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਵੱਲੋਂ ਡੀਸੀ ਦਫ਼ਤਰ ਸੰਗਰੂਰ ਅੱਗੇ ਪੱਕਾ ਮੋਰਚਾ ਲਾਉਣ ਦਾ ਐਲਾਨ ਕੀਤਾ ਗਿਆ ਸੀ, ਪਰ ਸੰਗਰੂਰ ਪ੍ਰਸ਼ਾਸਨ ਵੱਲੋਂ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੀ ਲੀਡਰਸ਼ਿਪ ਨਾਲ ਗੱਲਬਾਤ ਕਰਨ ਦਾ ਸੱਦਾ ਦੇ ਕੇ ਜ਼ੋਨਲ ਵਿੱਤ ਸਕੱਤਰ ਬਿੱਕਰ ਸਿੰਘ ਹਥੋਆ ਨੂੰ ਗ੍ਰਿਫ਼ਤਾਰ ਕਰਕੇ ਬਠਿੰਡਾ ਜੇਲ੍ਹ ਵਿੱਚ ਭੇਜ ਦਿੱਤਾ ਗਿਆ। ਪੰਜਾਬ ਸਰਕਾਰ ਤੇ ਸੰਗਰੂਰ ਪ੍ਰਸ਼ਾਸਨ ਦੀ ਇਸ ਘਟੀਆ ਕਰਤੂਤ ਖਿਲਾਫ਼ ਪੰਜਾਬ ਸਟੂਡੈਂਟਸ ਯੂਨੀਅਨ ਵੱਲੋਂ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ ਮਾਨਸਾ ਵਿਖੇ ਪੰਜਾਬ ਸਰਕਾਰ ਤੇ ਸੰਗਰੂਰ ਪ੍ਰਸ਼ਾਸਨ ਦੀ ਇਸ ਘਟੀਆ ਕਰਤੂਤ ਖਿਲਾਫ਼ ਨਿਖੇਧੀ ਕੀਤੀ ਗਈ ਤੇ ਮੰਗ ਕੀਤੀ ਕਿ ਜਥੇਬੰਦੀ ਦੇ ਆਗੂ ਬਿੱਕਰ ਸਿੰਘ ਹਥੋਆ ਸਮੇਤ ਤਮਾਮ ਦਲਿਤ ਮਜ਼ਦੂਰਾਂ ਨੂੰ ਜਲਦੀ ਤੋਂ ਜਲਦੀ ਰਿਹਾਅ ਕੀਤਾ ਜਾਵੇ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।
**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

# ਫ਼ਲਸਤੀਨੀਆਂ ਦੇ ਹੱਕ 'ਚ ਕਮਿਊਨਿਸਟਾਂ ਵੱਲੋਂ ਰੋਸ ਮਾਰਚ



**ਤਰਨਤਾਰਨ (ਪ੍ਰਿਤਪਾਲ ਸਿੰਘ)**- ਕਮਿਊਨਿਸਟ ਪਾਰਟੀਆਂ ਦੇ ਸੱਦੇ 'ਤੇ ਮਜ਼ਲੂਮ ਫ਼ਲਸਤੀਨੀਆਂ ਦੇ ਹੱਕ ਵਿੱਚ ਤੇ ਇਜ਼ਰਾਈਲ, ਅਮਰੀਕਾ ਦੇ ਵਿਰੁੱਧ ਤਰਨ ਤਾਰਨ ਦੇ ਕਮਿਊਨਿਸਟ ਵਰਕਰਾਂ ਵੱਲੋਂ ਗਾਂਧੀ ਪਾਰਕ ਵਿੱਚ ਰੈਲੀ ਕਰਕੇ ਸ਼ਹਿਰ ਵਿੱਚ ਰੋਸ ਮਾਰਚ ਕੀਤਾ ਗਿਆ।ਇਸ ਰੋਸ ਪ੍ਰਦਰਸ਼ਨ ਦੀ ਅਗਵਾਈ ਕਰਦਿਆਂ ਕਾਮਰੇਡ ਮੁਖਤਿਆਰ ਸਿੰਘ ਮੱਲਾ, ਦਵਿੰਦਰ ਸੋਹਲ, ਦਲਵਿੰਦਰ ਪੰਨੂੰ ਤੇ ਹੀਰਾ ਸਿੰਘ ਕੰਡਿਆਂ ਵਾਲਾ ਨੇ ਕਿਹਾ ਕਿ ਪਹਿਲਾਂ ਸਾਮਰਾਜੀ ਸ਼ਕਤੀਆਂ ਨੇ ਧੱਕੇ ਨਾਲ ਫ਼ਲਸਤੀਨੀਆਂ ਦੀ ਜਗ੍ਹਾ 'ਤੇ ਇਜ਼ਰਾਈਲ ਨੂੰ ਵਸਾਇਆ।ਫਿਰ ਸਾਮਰਾਜੀ ਮੁਲਕਾਂ ਦੀ ਸ਼ਹਿ ਤੇ ਇਜ਼ਰਾਈਲ ਲਗਾਤਾਰ ਫ਼ਲਸਤੀਨੀਆਂ ਨੂੰ ਗੁਲਾਮ ਬਣਾਉਣ ਦੀ ਕੋਸ਼ਿਸ਼ ਕਰਦਾ ਰਿਹਾ।ਹੁਣ ਪਿਛਲੇ ਸਮੇਂ ਵਿੱਚ ਲੱਗਭੱਗ 55000 ਮਾਸੂਮ ਫ਼ਲਸਤੀਨੀਆਂ ਦਾ ਕਤਲੇਆਮ ਕਰ ਦਿੱਤਾ ਗਿਆ ਹੈ।ਬੱਚੇ, ਬੁੱਢੇ ਤੇ ਔਰਤਾਂ ਨੂੰ ਵੀ ਨਿਸ਼ਾਨਾ ਬਣਾਇਆ ਜਾ ਰਿਹਾ।ਹੁਣ ਫ਼ਲਸਤੀਨੀਆਂ ਨੂੰ ਭੋਜਨ ਤੇ ਪਾਣੀ ਦੀ ਥੁੜ ਨਾਲ ਮਾਰਿਆ ਜਾ ਰਿਹਾ।ਅਮਰੀਕਾ ਤੇ ਹੋਰ ਸਾਮਰਾਜੀ ਦੇਸ਼ ਇਜ਼ਰਾਈਲ ਦੀ ਮਦਦ ਕਰ ਰਹੇ ਹਨ।ਹੁਣ ਤੀਜੀ ਵੱਡੀ ਜੰਗ ਦਾ ਖ਼ਤਰਾ ਪੈਦਾ ਹੋ ਗਿਆ ਹੈ ਜਿਸ ਨਾਲ ਦੁਨੀਆ ਦਾ ਬਹੁਤ ਵੱਡਾ ਨੁਕਸਾਨ ਹੋ ਸਕਦਾ ਹੈ।ਅੱਜ ਸੰਸਾਰ ਮੰਦੀ ਦੇ ਦੌਰ ਵਿੱਚ ਹੈ, ਬੇਰੁਜ਼ਗਾਰੀ ਤੇ ਭੁੱਖਮਰੀ ਲਗਾਤਾਰ ਵਧ ਰਹੀ ਹੈ।ਆਗੂਆਂ ਨੇ ਇਜ਼ਰਾਈਲੀ ਤੇ ਅਮਰੀਕਾ ਸਾਮਰਾਜ ਮੁਰਦਾਬਾਦ ਦੇ ਨਾਅਰੇ ਲਾਏ।ਇਸ ਮੌਕੇ ਭਾਰਤ ਸਰਕਾਰ ਤੋਂ ਵੀ ਮੰਗ ਕੀਤੀ ਗਈ ਕਿ ਉਹ ਭਾਰਤ ਦੇ ਪੁਰਾਣੇ ਸੰਸਕਾਰਾਂ ਨੂੰ ਕਾਇਮ ਰੱਖਦਿਆਂ ਮਜ਼ਲੂਮ ਫ਼ਲਸਤੀਨੀਆਂ ਦੀ ਮਦਦ ਕੀਤੀ ਜਾਵੇ।ਇਸ ਮੌਕੇ ਹੋਰਨਾਂ ਤੋਂ ਇਲਾਵਾ ਚਮਨ ਲਾਲ ਦਰਾਜਕੇ, ਇਸਤਰੀ ਸਭਾ ਦੀ ਪ੍ਰਧਾਨ ਰਾਜਿੰਦਰਪਾਲ ਕੌਰ, ਬਲਜਿੰਦਰ ਸਿੰਘ ਗੋਹਲਵੜ, ਰਾਜ ਕੌਰ, ਗੁਰਦਿਆਲ ਸਿੰਘ ਖਡੂਰ ਸਾਹਿਬ, ਦਲਜੀਤ ਸਿੰਘ, ਬਲਕਾਰ ਸਿੰਘ ਵਲਟੋਹਾ ਨੇ ਵੀ ਸੰਬੋਧਨ ਕੀਤਾ।

# ਨਾਇਬ ਸੂਬੇਦਾਰ ਸਤਨਾਮ ਸਿੰਘ ਦੀ ਪੰਜਵੀਂ ਬਰਸੀ ਮੌਕੇ ਸ਼ਰਧਾਂਜਲੀ ਸਮਾਗਮ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਭਾਰਤ-ਚੀਨ ਸਰਹੱਦ 'ਤੇ ਲੱਦਾਖ ਦੀ ਗਲਵਾਨ ਘਾਟੀ ਵਿੱਚ ਚੀਨ ਦੇ ਸੈਨਿਕਾਂ ਨਾਲ ਲੋਹਾ ਲੈਂਦਿਆਂ 15 ਜੂਨ 2020 ਦੀ ਰਾਤ ਨੂੰ ਸ਼ਹੀਦ ਹੋਏ ਭਾਰਤੀ ਫੌਜ ਦੀ 3 ਮੀਡੀਅਮ ਰੈਜੀਮੈਂਟ ਦੇ ਨਾਇਬ ਸੂਬੇਦਾਰ ਸਤਨਾਮ ਸਿੰਘ ਦੀ ਪੰਜਵੀਂ ਬਰਸੀ ਇੱਥੋਂ ਨਜ਼ਦੀਕ ਉਨ੍ਹਾਂ ਦੇ ਜੱਦੀ ਪਿੰਡ ਭੋਜਰਾਜ ਦੇ ਗੁਰਦੁਆਰਾ ਸਾਹਿਬ ਵਿਖੇ ਮਨਾਈ ਗਈ। ਇਸ ਮੌਕੇ ਸ਼ਹੀਦ ਨਾਇਬ ਸੂਬੇਦਾਰ ਸਤਨਾਮ ਸਿੰਘ ਦੀ ਬਰਸੀ ਮੌਕੇ ਸ਼ਰਧਾਂਜਲੀ ਸਮਾਗਮ ਸ਼ਹੀਦ ਲੈਫਟੀਨੈਂਟ ਨਵਦੀਪ ਸਿੰਘ ਅਸ਼ੋਕ ਚੱਕਰ ਦੇ ਪਿਤਾ ਕੈਪਟਨ ਜੋਗਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਹੋਇਆ ਜਿਸ ਵਿੱਚ ਸ਼ਹੀਦ ਸੈਨਿਕ ਪਰਿਵਾਰ ਸੁਰੱਖਿਆ ਪ੍ਰੀਸ਼ਦ ਦੇ ਜਨਰਲ ਸਕੱਤਰ ਕੁੰਵਰ ਰਵਿੰਦਰ ਸਿੰਘ ਵਿੱਕੀ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਉਨ੍ਹਾਂ ਤੋਂ ਇਲਾਵਾ ਸ਼ਹੀਦ ਦੀ ਮਾਤਾ ਕਸ਼ਮੀਰ ਕੌਰ, ਪਿਤਾ ਜਗੀਰ ਸਿੰਘ, ਪਤਨੀ ਜਸਵਿੰਦਰ ਕੌਰ, ਧੀ ਸੰਦੀਪ ਕੌਰ, ਭਰਾ ਸੂਬੇਦਾਰ ਸੁਖਚੈਨ ਸਿੰਘ, ਭਰਜਾਈ ਜਤਿੰਦਰ ਕੌਰ, ਸ਼ਹੀਦ ਲਾਂਸ ਨਾਇਕ ਡਿਪਟੀ ਸਿੰਘ ਸੈਨਾ ਮੈਡਲ ਦੇ ਭਤੀਜੇ ਵਰਿੰਦਰ ਸਿੰਘ, ਸਮਾਜ ਸੇਵਕ ਡਾ. ਰਾਜਿੰਦਰ ਸ਼ਰਮਾ, ਕਿਸਾਨ ਅਤੇ ਜਵਾਨ ਭਲਾਈ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਸੁਖਦੇਵ ਸਿੰਘ ਭੋਜਰਾਜ ਆਦਿ ਨੇ ਵਿਸ਼ੇਸ਼ ਮਹਿਮਾਨਾਂ ਵਜੋਂ ਸ਼ਾਮਿਲ ਹੋ ਕੇ ਸ਼ਹੀਦ ਨੂੰ ਸ਼ਰਧਾਂਜਲੀ ਭੇਟ ਕੀਤੀ। ਸਭ ਤੋਂ ਪਹਿਲਾਂ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਰਾਗੀ ਸਿੰਘ ਵੱਲੋਂ ਵੈਰਾਗਮਈ ਕੀਰਤਨ ਕੀਤਾ ਗਿਆ। ਸ਼ਰਧਾਂਜਲੀ ਸਮਾਰੋਹ ਨੂੰ ਸੰਬੋਧਨ ਕਰਦਿਆਂ ਮੁੱਖ ਮਹਿਮਾਨ ਕੁੰਵਰ ਰਵਿੰਦਰ ਸਿੰਘ ਵਿੱਕੀ ਨੇ ਕਿਹਾ ਕਿ ਨਾਇਬ ਸੂਬੇਦਾਰ ਸਤਨਾਮ ਸਿੰਘ ਨੇ ਬਹਾਦਰੀ ਦਾ ਅਜਿਹਾ ਇਤਿਹਾਸ ਰਚਿਆ ਜਿਸ 'ਤੇ ਦੇਸ਼ ਹਮੇਸ਼ਾ ਮਾਣ ਕਰਦਾ ਰਹੇਗਾ। ਉਨ੍ਹਾਂ ਕਿਹਾ ਕਿ ਨਾਇਬ ਸੂਬੇਦਾਰ ਸਤਨਾਮ ਸਿੰਘ ਅੱਤਵਾਦੀਆਂ ਵਿਰੁੱਧ ਹਰ ਕਾਰਵਾਈ ਦੌਰਾਨ ਹਮੇਸ਼ਾ ਅੱਗੇ ਰਹਿੰਦੇ ਸਨ, ਉਨ੍ਹਾਂ ਨੇ 1999 ਦੇ ਕਾਰਗਿਲ ਯੁੱਧ ਦੌਰਾਨ ਵੀ ਆਪਣੀ ਬਹਾਦਰੀ ਦਾ ਸਬੂਤ ਦਿੰਦੇ ਹੋਏ ਪਾਕਿ ਫੌਜ ਨੂੰ ਕਰਾਰੀ ਹਾਰ ਦਿੱਤੀ ਸੀ। ਅਜਿਹੇ ਬਹਾਦਰ ਸੈਨਿਕਾਂ ਦੀ ਅਮਿਟ ਕੁਰਬਾਨੀ ਅੱਗੇ ਪੂਰਾ ਦੇਸ਼ ਝੁੱਕਦਾ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੀ ਨੌਜਵਾਨ ਪੀੜ੍ਹੀ ਨੂੰ ਨਾਇਬ ਸੂਬੇਦਾਰ ਸਤਨਾਮ ਵਰਗੇ ਵੀਰ ਸੈਨਿਕਾਂ ਨੂੰ ਆਪਣਾ ਰੋਲ ਮਾਡਲ ਬਣਾਉਣਾ ਚਾਹੀਦਾ ਹੈ, ਜੋ ਸਰਹੱਦ 'ਤੇ ਜਾਗਦੇ ਹਨ ਤਾਂ ਹੀ ਦੇਸ਼ ਵਾਸੀ ਅਮਨ ਅਤੇ ਚੈਨ ਦੀ ਨੀਂਦ ਸੌਂਦੇ ਹਨ। ਸ਼ਹੀਦ ਦੇ ਭਰਾ ਸੂਬੇਦਾਰ ਸੁਖਚੈਨ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਆਪਣੇ ਭਰਾ ਦੇ ਜਾਣ ਦਾ ਦੁੱਖ ਤਾਂ ਬਹੁਤ ਹੈ ਮਗਰ ਉਸ ਦੀ ਸ਼ਹਾਦਤ 'ਤੇ ਮਾਣ ਵੀ ਹੈ। ਉਨ੍ਹਾਂ ਕਿਹਾ ਕਿ ਜਦ ਉਸਦਾ ਵੱਡਾ ਭਰਾ ਸਤਨਾਮ ਦੇਸ਼ ਤੋਂ ਕੁਰਬਾਨ ਹੋਇਆ ਤਾਂ ਪਿੰਡ ਵਿੱਚ ਉਸਦੀ ਯਾਦ ਵਿੱਚ ਇੱਕ ਸਟੇਡੀਅਮ ਬਣਾਇਆ ਗਿਆ ਪਰ ਦੁੱਖ ਨਾਲ ਕਹਿਣਾ ਪੈ ਰਿਹਾ ਹੈ ਕਿ ਭਰਾ ਦੀ ਸ਼ਹਾਦਤ ਦੇ ਪੰਜ ਸਾਲ ਬੀਤ ਜਾਣ ਦੇ ਬਾਅਦ ਵੀ ਸਟੇਡੀਅਮ ਦੇ ਗੇਟ 'ਤੇ ਉਸਦੇ ਸ਼ਹੀਦ ਭਰਾ ਦਾ ਨਾਂ ਨਹੀਂ ਲਿਖਿਆ ਗਿਆ ਅਤੇ ਸਟੇਡੀਅਮ ਦੀ ਹਾਲਤ ਵੀ ਬਹੁਤ ਖਸਤਾ ਹੈ। ਸਰਕਾਰ ਅਤੇ ਪ੍ਰਸ਼ਾਸਨ ਨੂੰ ਇਸ ਵੱਲ ਧਿਆਨ ਦੇਣ ਚਾਹੀਦਾ ਹੈ। ਇਸ ਮੌਕੇ ਸ਼ਹੀਦ ਦੇ ਚਾਚਾ ਦਲਬੀਰ ਸਿੰਘ, ਦਿਆਲ ਸਿੰਘ, ਸਰਪੰਚ ਕੁਲਬੀਰ ਸਿੰਘ, ਗੁਰਮੁਖ ਸਿੰਘ, ਜਗਦੀਸ ਸਿੰਘ, ਗੁਰਮੀਤ ਸਿੰਘ, ਹਰਭੇਜ ਸਿੰਘ, ਪ੍ਰਭਜੋਤ ਸਿੰਘ ਆਦਿ ਹਾਜ਼ਰ ਸਨ।

● ਸਤਨਾਮ ਸਿੰਘ ਵਰਗੇ ਯੋਧਿਆਂ ਦੇ ਬਲੀਦਾਨ ਦਾ ਦੇਸ਼ ਕਰਜ਼ਦਾਰ ਰਹੇਗਾ : ਕੁੰਵਰ ਵਿੱਕੀ

# 15 ਗ੍ਰਾਮ ਹੈਰੋਇਨ ਤੇ 2500 ਰੁਪਏ ਡਰੱਗ ਮਨੀ ਸਮੇਤ ਵਿਅਕਤੀ ਗ੍ਰਿਫਤਾਰ

**ਗੁਰਦਾਸਪੁਰ (ਦਿਨੇਸ਼ ਕੁਮਾਰ)**- ਸਿਟੀ ਪੁਲਸ ਗੁਰਦਾਸਪੁਰ ਨੇ ਇਕ ਵਿਅਕਤੀ ਨੂੰ 15 ਗ੍ਰਾਮ ਹੈਰੋਇਨ, 2500 ਰੁਪਏ ਡਰੱਗ ਮਨੀ ਅਤੇ ਇਕ ਇਲੈਕਟ੍ਰਾਨਿਕ ਕੰਡੇ ਸਮੇਤ ਗ੍ਰਿਫਤਾਰ ਕਰਨ ਵਿਚ ਸਫਲਤਾ ਪ੍ਰਾਪਤ ਕੀਤੀ ਹੈ।ਪੁਲਸ ਅਫਸਰ ਏ. ਐੱਸ. ਆਈ. ਅਜੇ ਰਾਜਨ ਨੇ ਦੱਸਿਆ ਕਿ ਉਹ ਪੁਲਸ ਪਾਰਟੀ ਦੇ ਨਾਲ ਗਸ਼ਤ ਸਬੰਧੀ ਪੁਰਾਣਾ ਬੱਸ ਸਟੈਂਡ ਗੁਰਦਾਸਪੁਰ ਵਿਖੇ ਹਾਜ਼ਰ ਸਨ ਕਿ ਪੁਲਸ ਪਾਰਟੀ ਨੂੰ ਸ਼ੱਕ ਦੇ ਆਧਾਰ 'ਤੇ ਇਕ ਵਿਅਕਤੀ ਗੋਬਿੰਦ ਨੂੰ ਫੜਿਆ ਅਤੇ ਜਦੋਂ ਉਸਦੀ ਤਲਾਸ਼ੀ ਲਈ ਗਈ ਤਾਂ ਉਸ ਕੋਲੋਂ ਬਰਾਮਦ ਪਲਾਸਟਿਕ ਲਿਫਾਫੇ ਵਿੱਚੋਂ ਉਕਤ ਸਾਮਾਨ ਮਿਲਿਆ । ਪੁਲਸ ਨੇ ਵਿਅਕਤੀ ਨੂੰ ਗ੍ਰਿਫਤਾਰ ਕਰਕੇ ਐੱਨ. ਡੀ. ਪੀ. ਐੱਸ ਐਕਟ ਦੀ ਦਫਾ ਤਹਿਤ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ ।

# ਸ੍ਰੀ ਅਕਾਲ ਤਖਤ ਸਾਹਿਬ ਦੇ ਸਾਜਨਾ ਦਿਵਸ ਮੌਕੇ ਪੰਥਕ ਏਕਤਾ ਤੇ ਚੜ੍ਹਦੀ ਕਲਾ ਲਈ ਅਰਦਾਸ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਸਾਜਨਾ ਦਿਵਸ ਮੌਕੇ ਚੀਫ ਖਾਲਸਾ ਦੀਵਾਨ ਅਹੁਦੇਦਾਰਾਂ ਅਤੇ ਮੈਂਬਰ ਸਾਹਿਬਾਨ ਵੱਲੋਂ ਗੁਰਦੁਆਰਾ ਸ੍ਰੀ ਕਲਗੀਧਰ ਸਾਹਿਬ ਵਿਖੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਪਵਿੱਤਰ ਯਾਦ ਨੂੰ ਸਮਰਪਿਤ ਅਰਦਾਸ ਕੀਤੀ ਗਈ ਜਿਨ੍ਹਾਂ ਸ੍ਰੀ ਅਕਾਲ ਤਖਤ ਸਾਹਿਬ ਦੀ ਸਾਜਨਾ ਕਰਕੇ ਮੀਰੀ ਪੀਰੀ ਸਿਧਾਂਤ ਰਾਹੀਂ ਭਗਤੀ ਤੇ ਸ਼ਕਤੀ ਦਾ ਸੁਮੇਲ ਕੀਤਾ ਅਤੇ ਪੰਥ ਨੂੰ ਇੱਕ ਨਵੀਂ ਦਿਸ਼ਾ ਅਤੇ ਮਾਰਗਦਰਸ਼ਨ ਦਿੱਤਾ।ਦੀਵਾਨ ਮੈਂਬਰ ਸਾਹਿਬਾਨ ਨੇ ਅਕਾਲ ਪੁਰਖ ਸਨਮੁੱਖ ਹੱਕ, ਸੱਚ, ਨਿਆ ਦੇ ਰਸਤੇ ਤੇ ਤੁਰਨ ਦੀ ਸਮਰੱਥਾ ਬਖਸ਼ਣ ਅਤੇ ਸਿੱਖ ਕੌਮ ਦੀ ਏਕਤਾ ਤੇ ਚੜ੍ਹਦੀ ਕਲਾ ਲਈ ਬਹੁਤ ਸ਼ਰਧਾ ਭਾਵਨਾ ਨਾਲ ਅਰਦਾਸ ਕੀਤੀ ।ਚੀਫ ਖਾਲਸਾ ਦੀਵਾਨ ਦੇ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ ਨੇ ਇਸ ਪਾਵਨ ਦਿਹਾੜੇ ਸੰਗਤਾਂ ਨੂੰ ਆਪਣੇ ਇਤਿਹਾਸ, ਮੂਲ ਪੰਥਕ ਅਸੂਲਾਂ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੀ ਮਰਿਆਦਾ ਨਾਲ ਜੁੜੇ ਰਹਿਣ ਦਾ ਸੰਦੇਸ਼ ਦਿੱਤਾ।ਦੀਵਾਨ ਦੇ ਮੀਤ ਪ੍ਰਧਾਨ ਸੰਤੋਖ ਸਿੰਘ ਸੇਠੀ, ਆਨਰੇਰੀ ਸਕੱਤਰ ਰਮਣੀਕ ਸਿੰਘ ਨੇ ਕਿਹਾ ਕਿ ਸ੍ਰੀ ਅਕਾਲ ਤਖਤ ਸਾਹਿਬ ਸਿੱਖੀ ਦੀ ਮਰਿਆਦਾ ਤੇ ਅਧਿਆਤਮਕ ਸ਼ਕਤੀ ਦਾ ਕੇਂਦਰ ਹੀ ਨਹੀਂ ਸਗੋਂ ਖਾਲਸੇ ਦੀ ਸੁਤੰਤਰ ਨਿਆਰੀ ਹੋਂਦ, ਪੰਥਕ ਏਕਤਾ, ਸਾਂਝੀ ਸੋਚ ਅਤੇ ਆਤਮਿਕ ਉਚਾਈ ਨੂੰ ਬਣਾਈ ਰੱਖਣ ਵਾਲਾ ਕੇਂਦਰ ਵੀ ਹੈ।ਐਡੀਸ਼ਨਲ ਆਨਰੇਰੀ ਸਕੱਤਰ ਜਸਪਾਲ ਸਿੰਘ ਢਿੱਲੋਂ ਅਤੇ ਐਡੀਸ਼ਨਲ ਆਨਰੇਰੀ ਸਕੱਤਰ/ਮੁੱਖ ਦਫਤਰ ਮੈਂਬਰ ਇੰਚਾਰਜ ਹਰਵਿੰਦਰ ਪਾਲ ਸਿੰਘ ਚੁੱਘ ਨੇ ਰਾਜ ਅਤੇ ਧਰਮ ਦੀ ਸਾਂਝ ਨੂੰ ਸਮਰਪਿਤ ਸ੍ਰੀ ਅਕਾਲ ਤਖਤ ਸਾਹਿਬ ਦੀ ਇਤਿਹਾਸਕ ਮਹਾਨਤਾ 'ਤੇ ਰੌਸ਼ਨੀ ਪਾਉਂਦਿਆਂ ਕਿਹਾ ਕਿ ਕੌਮ ਦੀ ਸਰਬ ਉੱਚ ਸੰਸਥਾ ਸ੍ਰੀ ਅਕਾਲ ਤਖਤ ਸਾਹਿਬ ਨੂੰ ਚੀਫ ਖਾਲਸਾ ਦੀਵਾਨ ਹਮੇਸ਼ਾ ਤੋਂ ਹੀ ਸਮਰਪਿਤ ਰਿਹਾ ਹੈ ਅਤੇ ਰਹੇਗਾ।ਇਸ ਮੌਕੇ ਦੀਵਾਨ ਡਾ. ਆਤਮਜੀਤ ਸਿੰਘ ਬਸਰਾ, ਹਰਮਨਜੀਤ ਸਿੰਘ, ਆਦਰਸ਼ਪਿੰਦਰ ਸਿੰਘ ਮਾਨ, ਸਰਜੋਤ ਸਿੰਘ ਸਾਹਨੀ, ਗੁਰਬਖਸ਼ ਸਿੰਘ ਬੇਦੀ, ਮਹਿੰਦਰ ਸਿੰਘ, ਤਰਲੋਚਨ ਸਿੰਘ, ਬਲਵਿੰਦਰ ਸਿੰਘ ਬਵੇਜਾ, ਡਾ. ਜਸਵਿੰਦਰ ਕੌਰ ਮਾਹਲ ਸਮੇਤ ਦੀਵਾਨ ਆਫਿਸ ਸਟਾਫ ਮੌਜੂਦ ਸੀ।

# ਕੂਈ ਤੋਂ ਭਟੋਲੀ ਤੱਕ ਸੜਕ ਟੁੱਟੀ ਹੋਣ ਕਰਕੇ ਲੋਕਾਂ ਨੂੰ ਛੇ ਕਿਲੋਮੀਟਰ ਵਾਧੂ ਪੈਂਡਾ ਕਰਨਾ ਪੈਂਦਾ

**ਪਠਾਨਕੋਟ (ਦਵਿੰਦਰ ਸਿੰਘ)**- ਕੂਈ ਤੋਂ ਪਿੰਡ ਭਟੋਲੀ ਤੱਕ ਲਗਭਗ ਤਿੰਨ ਕਿਲੋਮੀਟਰ ਦੀ ਲਿੰਕ ਸੜਕ ਪੂਰੀ ਤਰ੍ਹਾਂ ਟੁੱਟਣ ਕਾਰਨ ਅਤੇ ਵਿਭਾਗ ਵੱਲੋਂ ਲਿੰਕ ਸੜਕ 'ਤੇ ਪੁਲ ਬਣਾਉਣ ਦੇ ਬਾਵਜੂਦ, ਲਿੰਕ ਸੜਕ ਨਹੀਂ ਖੋਲ੍ਹੀ ਗਈ, ਜਿਸ ਕਾਰਨ ਪਿੰਡ ਕੂਈ, ਪਿੰਡ ਪੰਜਾਲਾ, ਪਿੰਡ ਭਟੋਲੀ ਅਤੇ ਹੋਰ ਨਾਲ ਲੱਗਦੀਆਂ ਬਸਤੀਆਂ ਦੇ ਲੋਕਾਂ ਨੂੰ ਆਪਣੇ ਘਰਾਂ ਤੱਕ ਪਹੁੰਚਣ ਲਈ ਲਗਭਗ ਛੇ ਕਿਲੋਮੀਟਰ ਹੋਰ ਸਫ਼ਰ ਕਰਨਾ ਪੈਂਦਾ ਹੈ।ਪਿੰਡ ਪੰਜਾਬ ਦੇ ਸਾਬਕਾ ਸਰਪੰਚ ਕਰਨੈਲ ਸਿੰਘ, ਸਰਪੰਚ ਬੇਵੀ ਦੇਵੀ, ਬਲਦੇਵ ਸਿੰਘ, ਸਾਬਕਾ ਬਲਾਕ ਸਮਿਤੀ ਮੈਂਬਰ ਯਸ਼ੋਧਾ ਦੇਵੀ, ਤਿਲਕ ਰਾਜ, ਧੰਨਾ ਸਿੰਘ, ਕੁਸ਼ ਸਿੰਘ, ਲਵ ਸਿੰਘ, ਕੁਲਦੀਪ ਸਿੰਘ ਅਤੇ ਹੋਰਨਾਂ ਨੇ ਕਿਹਾ ਕਿ ਉਨ੍ਹਾਂ ਦੇ ਪਿੰਡਾਂ ਨੂੰ ਜਾਣ ਵਾਲੀ ਇਹ ਲਿੰਕ ਸੜਕ ਪਿਛਲੇ ਕਈ ਸਾਲਾਂ ਤੋਂ ਪੂਰੀ ਤਰ੍ਹਾਂ ਟੁੱਟੀ ਹੋਈ ਹੈ ਅਤੇ ਹੁਣ ਮੰਡੀਕਰਨ ਬੋਰਡ ਨੇ ਇਹ ਸੜਕ ਬਣਾਈ ਹੈ, ਪਰ ਲਿੰਕ ਸੜਕ ਦੇ ਵਿਚਕਾਰਲੇ ਪੁਲ ਨੂੰ ਕਈ ਮਹੀਨਿਆਂ ਤੋਂ ਲਿੰਕ ਸੜਕ ਨਾਲ ਨਹੀਂ ਜੋੜਿਆ ਗਿਆ ਹੈ, ਜਿਸ ਕਾਰਨ ਇੱਥੇ ਵੱਡਾ ਹਾਦਸਾ ਵੀ ਵਾਪਰ ਸਕਦਾ ਹੈ।ਉਨ੍ਹਾਂ ਦੱਸਿਆ ਕਿ ਇਸ ਲਿੰਕ ਸੜਕ 'ਤੇ ਪੈਂਦੇ ਪਿੰਡਾਂ ਕੂਈ, ਪੰਜਾਲਾ, ਭਮਲਾਡਾ, ਭਟੋਲੀ ਅਤੇ ਹੋਰ ਬਸਤੀਆਂ ਵਿੱਚ ਚਾਰ ਸੌ ਤੋਂ ਵੱਧ ਘਰ ਹਨ, ਜਿਸ ਕਾਰਨ ਇਨ੍ਹਾਂ ਪਿੰਡਾਂ ਦੇ ਲੋਕਾਂ ਨੂੰ ਆਉਣ-ਜਾਣ ਲਈ ਛੇ ਕਿਲੋਮੀਟਰ ਤੋਂ ਵੱਧ ਸਫ਼ਰ ਕਰਨਾ ਪੈਂਦਾ ਹੈ। ਇਨ੍ਹਾਂ ਪਿੰਡਾਂ ਦੇ ਲੋਕਾਂ ਨੇ ਮੰਡੀਕਰਨ ਬੋਰਡ ਦੇ ਅਧਿਕਾਰੀਆਂ ਨੂੰ ਚਿਤਾਵਨੀ ਦਿੱਤੀ ਹੈ ਕਿ ਜੇਕਰ ਉਨ੍ਹਾਂ ਦੀ ਲਿੰਕ ਸੜਕ 'ਤੇ ਬਣੇ ਪੁਲ ਨੂੰ ਲਿੰਕ ਸੜਕ ਨਾਲ ਜੋੜਨ ਦਾ ਕੰਮ ਜਲਦੀ ਨਾ ਕੀਤਾ ਗਿਆ ਤਾਂ ਉਹ ਵੱਡੀ ਲੜਾਈ ਲੜਨ ਲਈ ਮਜਬੂਰ ਹੋਣਗੇ।ਮੰਡੀਕਰਨ ਬੋਰਡ ਦੇ ਐੱਸਡੀਓ ਰੋਹਨ ਕੋਹਾਲ ਨੇ ਦੱਸਿਆ ਕਿ ਉਕਤ ਤਿੰਨ ਕਿਲੋਮੀਟਰ ਸੜਕ ਦਾ ਕੰਮ ਪੂਰਾ ਹੋ ਗਿਆ ਹੈ ਅਤੇ ਲਿੰਕ ਸੜਕ ਦੇ ਕਿਨਾਰੇ ਬਣੇ ਨਾਲੇ ਨੂੰ ਪੂਰਾ ਕਰਨ ਅਤੇ ਇੰਟਰਲਾਕ ਟਾਈਲਾਂ ਨਾਲ ਬਣੇ ਪੁਲ ਨੂੰ ਜੋੜਨ ਤੋਂ ਬਾਅਦ ਇੱਕ ਹਫ਼ਤੇ ਦੇ ਅੰਦਰ ਪੂਰੀ ਲਿੰਕ ਸੜਕ ਨੂੰ ਚਾਲੂ ਕਰ ਦਿੱਤਾ ਜਾਵੇਗਾ।

# ਕਿਸਾਨ ਤੇ ਮਜ਼ਦੂਰ ਜਥੇਬੰਦੀਆਂ ਨੇ ਡੀਸੀ ਗੁਰਦਾਸਪੁਰ ਨੂੰ ਸੌਂਪਿਆ ਮੰਗ ਪੱਤਰ



**ਧਾਰੀਵਾਲ (ਗੁਰਦਾਸਪੁਰ) (ਮਨਦੀਪ ਸਿੰਘ ਵਿੱਕੀ, ਜਨਕ ਮਹਾਜਨ)**- ਗੁਰੂ ਨਾਨਕ ਪਾਰਕ ਗੁਰਦਾਸਪੁਰ ਵਿਖੇ ਵੱਡੀ ਗਿਣਤੀ ਵਿੱਚ ਕਿਸਾਨ ਅਤੇ ਮਜ਼ਦੂਰ ਜਥੇਬੰਦੀਆਂ ਦੇ ਵਰਕਰ ਇਕੱਤਰ ਹੋਏ ਅਤੇ ਰੈਲੀ ਕਰਨ ਉਪਰੰਤ ਡਿਪਟੀ ਕਮਿਸ਼ਨਰ ਗੁਰਦਾਸਪੁਰ ਨੂੰ ਪਿੰਡ ਘਰਾਲੇ ਦੀ ਜ਼ਮੀਨ ਅਰਬਨ ਸਟੇਟ ਲਈ ਕਿਸਾਨਾਂ ਤੋਂ ਖੋਹਣ ਵਿਰੁੱਧ ਮੰਗ ਪੱਤਰ ਦਿੱਤਾ।ਇਸ ਦੀ ਅਗਵਾਈ ਸਾਂਝੇ ਤੌਰ 'ਤੇ ਰਘਬੀਰ ਸਿੰਘ ਪਕੀਵਾਂ, ਅਜੀਤ ਸਿੰਘ ਹੁੰਦਲ, ਰਾਜਗੁਰਵਿੰਦਰ ਸਿੰਘ ਲਾਡੀ, ਰਘਬੀਰ ਸਿੰਘ ਚਾਹਲ, ਸੁਖਦੇਵ ਸਿੰਘ ਭਾਗੋਕਾਵਾਂ, ਗੁਲਜਾਰ ਸਿੰਘ ਬਸੰਤਕੋਟ, ਬਲਬੀਰ ਸਿੰਘ ਕਤੋਵਾਲ ਅਤੇ ਮਜ਼ਦੂਰ ਆਗੂਆਂ ਧਿਆਨ ਸਿੰਘ, ਠਾਕੁਰ ਗੁਰਮੀਤ ਸਿੰਘ ਬਖਤਪੁਰ, ਸੁਭਾਸ਼ ਕੈਰੇ, ਰਣਬੀਰ ਸਿੰਘ ਵਿਰਕ, ਰੂਪ ਸਿੰਘ ਪੱਡਾ, ਵਿਜੇ ਸੋਹਲ, ਧੀਰ ਸਿੰਘ ਸਿੱਧੂ ਤੋਂ ਇਲਾਵਾ ਦਵਿੰਦਰ ਸਿੰਘ, ਲਾਡੀ ਸ਼ਾਹ, ਬਲਪ੍ਰੀਤ ਸਿੰਘ, ਐਡਵੋਕੇਟ ਸੁਖਵਿੰਦਰ ਸਿੰਘ ਅਤੇ ਅਮਰਜੀਤ ਕੌਰ ਆਦਿ ਨੇ ਸਾਂਝੇ ਤੌਰ 'ਤੇ ਕੀਤੀ। ਰੈਲੀ ਨੂੰ ਸੰਬੋਧਨ ਕਰਦਿਆਂ ਬੁਲਾਰਿਆਂ ਨੇ ਆਖਿਆ ਕਿ ਪੰਜਾਬ ਦੀ ਮਾਨ ਸਰਕਾਰ ਕਿਸਾਨਾਂ ਤੋਂ ਜ਼ਮੀਨ ਖੋਹਣ ਲਈ ਐਸਾ ਘਟੀਆ ਕਾਰਜ ਕਰ ਰਹੀ ਹੈ ਜੋ ਇਸ ਤੋਂ ਪਹਿਲਾਂ ਕਾਂਗਰਸ ਅਤੇ ਅਕਾਲੀ ਭਾਜਪਾ ਸਰਕਾਰਾਂ ਵੀ ਨਹੀਂ ਕਰ ਸਕੀਆਂ ।ਅਰਬਨ ਅਸਟੇਟ ਕਲੋਨੀਆਂ ਬਣਾਉਣ ਦੇ ਜਿਸ ਕਾਨੂੰਨ ਦਾ ਕਿਸਾਨ ਪੱਖੀ ਹੋਣ ਦਾ ਢੰਡੋਰਾ ਪਿੱਟਿਆ ਜਾ ਰਿਹਾ ਹੈ ਉਹ ਬੇਹੱਦ ਕਿਸਾਨ ਵਿਰੋਧੀ ਅਤੇ ਖਤਰਨਾਕ ਹੈ।ਅਸਲ ਵਿੱਚ ਉਹ ਕਸਾਈ ਵੱਲੋਂ ਬੱਕਰੇ ਨੂੰ ਝਟਕਾਉਣ ਲਈ ਕਤਲਗਾਹ ਲਿਜਾਣ ਵਾਸਤੇ ਹਰਾ ਚਾਰਾ ਦਿਖਾਉਣ ਦੇ ਬਰਾਬਰ ਹੀ ਹੈ।ਆਗੂਆਂ ਕਿਹਾ ਕਿ ਇਸ ਕਿਸਾਨ ਉਜਾੜੂ ਨਿਯਮ ਨੂੰ ਕਿਸੇ ਵੀ ਹਾਲਤ ਵਿੱਚ ਲਾਗੂ ਨਹੀਂ ਹੋਣ ਦਿੱਤਾ ਜਾਵੇਗਾ।ਆਗੂਆਂ ਕਿਹਾ ਕਿ ਉਂਝ ਵੀ ਘਰਾਲੇ ਪਿੰਡ ਦੀ ਜ਼ਮੀਨ ਪਹਿਲਾਂ ਵੀ ਦੋ ਵਾਰ ਹਾਈਵੇ ਅਤੇ ਇੰਪਰੂਵਮੈਂਟ ਟਰੱਸਟ ਸਕੀਮ ਨੰਬਰ ਸੱਤ ਅਧੀਨ ਵੱਡੇ ਪੱਧਰ ਤੇ ਲੈ ਕੇ ਇਸ ਪਿੰਡ ਨੂੰ ਉਜਾੜਿਆ ਜਾ ਚੁੱਕਾ ਹੈ।ਡਿਪਟੀ ਕਮਿਸ਼ਨਰ ਨੂੰ ਇਸ ਸਬੰਧੀ 80 ਏਕੜ ਜ਼ਮੀਨ ਮਾਲਕਾਂ ਦੇ ਦਸਤਖਤਾ ਹੇਠ ਅਤੇ ਪਿੰਡ ਦੇ ਹੋਰ ਕਿਸਾਨਾਂ ਮਜ਼ਦੂਰਾਂ ਵੱਲੋਂ ਮੰਗ ਪੱਤਰ ਦੇ ਕੇ ਇਸ ਨੋਟੀਫਿਕੇਸ਼ਨ ਨੂੰ ਰੱਦ ਕਰਨ ਦੀ ਮੰਗ ਕੀਤੀ ਗਈ।ਉਪਰੰਤ ਆਗੂਆਂ ਨੇ ਕਿਹਾ ਕਿ ਜਲਦੀ ਹੀ ਵੱਡੀ ਮੀਟਿੰਗ ਕਰਕੇ ਇੱਕ ਵੱਡੇ ਸੰਘਰਸ਼ ਦੀ ਵਿਉਂਤਬੰਦੀ ਕੀਤੀ ਜਾਵੇਗੀ।

# ਬਾਬਾ ਹੰਦਾਲ ਸਾਹਿਬ ਦਾ ਦੋ ਰੋਜ਼ਾ ਜੋੜ ਮੇਲਾ ਚੜ੍ਹਦੀ ਕਲਾ ਨਾਲ ਸਮਾਪਤ

● ਕਬੱਡੀ ਟੂਰਨਾਮੈਂਟ 'ਚ ਜੇਤੂ ਰਹੀ ਟੀਮ ਨੂੰ ਦਿਲਕਸ਼ ਨਗਦ ਇਨਾਮ ਦੇ ਕੇ ਨਿਵਾਜਿਆ



**ਝਬਾਲ (ਹਰਜਿੰਦਰ ਸਿੰਘ ਸੋਨੀ)**- ਤਰਨ ਤਾਰਨ ਦੇ ਨਜ਼ਦੀਕ ਪੰਡੋਰੀ ਰੁਮਾਣਾ ਵਿਖੇ ਧੰਨ ਧੰਨ ਸ੍ਰੀ ਗੁਰੂ ਅਮਰਦਾਸ ਜੀ ਦੇ ਸੇਵਕ ਬਾਬਾ ਹੰਦਾਲ ਸਾਹਿਬ ਦਾ ਦੋ ਰੋਜ਼ਾ ਸਾਲਾਨਾ ਜੋੜ ਮੇਲਾ ਮੁਖੀ ਗੁਰਦੁਆਰਾ ਝੂਲਣੇ ਮਹਿਲ ਜਥੇ :ਬਾਬਾ ਹੀਰਾ ਸਿੰਘ ਸਪੁੱਤਰ ਕੌਮੀ ਸ਼ਹੀਦ ਸੰਤ ਬਾਬਾ ਚਰਨ ਸਿੰਘ ਬੀੜ ਸਾਹਿਬ ਵਾਲੇ) ਕਾਰ ਸੇਵਾ ਸੰਪ੍ਰਦਾਇ ਝੂਲਣੇ ਮਹਿਲ ਠੱਠੀ ਖਾਰਾ ਵਾਲਿਆਂ ਦੀ ਅਗਵਾਈ ਹੇਠ ਇਲਾਕੇ ਤੇ ਸਮੁੱਚੇ ਨਗਰ ਦੀਆਂ ਸੰਗਤਾਂ ਦੇ ਪੂਰਨ ਸਹਿਯੋਗ ਨਾਲ ਬੜੀ ਸ਼ਰਧਾ ਭਾਵਨਾ ਸਤਿਕਾਰ ਤੇ ਧੂਮ ਧਾਮ ਨਾਲ ਮਨਾਇਆ ਗਿਆ।14 ਜੂਨ ਨੂੰ ਜੁਗੋ ਜੁਗ ਅਟੱਲ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰਖਾਏ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ 16 ਜੂਨ ਨੂੰ ਭੋਗ ਪਾਏ ਜਾਣ ਉਪਰੰਤ ਸਜਾਏ ਗਏ ਧਾਰਮਿਕ ਦੀਵਾਨ ਮੌਕੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਛਤਰ-ਛਾਇਆ ਹੇਠ ਸੱਚਖੰਡ ਦੀ ਇਲਾਹੀ ਬਾਣੀ ਦਾ ਰਸ ਭਿੰਨਾ ਕੀਰਤਨ ਅਤੇ ਪੰਥ ਪ੍ਰਸਿੱਧ ਨਾਮੀ ਕਥਾਵਾਚਕ, ਢਾਡੀ ਅਤੇ ਕਵੀਸ਼ਰੀ ਜਥਿਆਂ ਨੇ ਸੰਗਤਾਂ ਨੂੰ ਗੁਰੂ ਜੱਸ ਸੁਣਾ ਕੇ ਨਿਹਾਲ ਕੀਤਾ ਗਿਆ।ਜਦ ਕਿ ਪੰਥ ਦੀਆਂ ਪੁੱਜੀਆਂ ਸਿਰਮੌਰ ਧਾਰਮਿਕ ਸ਼ਖ਼ਸੀਅਤਾਂ ਅਤੇ ਮੇਲੇ ਦੌਰਾਨ ਸੇਵਾਵਾਂ ਨਿਭਾਉਣ ਵਾਲੇ ਸੇਵਾਦਾਰਾਂ ਨੂੰ ਬਾਬਾ ਹੀਰਾ ਸਿੰਘ ਵੱਲੋਂ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ ਜਦਕਿ ਲਗਾਏ ਗਏ ਖ਼ੂਨਦਾਨ ਕੈਂਪ ਮੌਕੇ ਅਨੇਕਾਂ ਨੌਜਵਾਨਾਂ ਤੇ ਔਰਤਾਂ ਨੇ ਖ਼ੂਨਦਾਨ ਕੀਤਾ ਅਤੇ ਠੰਡੇ ਠੰਡੇ ਮਿੱਠੇ ਜਲ ਦੀਆ ਛਬੀਲਾਂ, ਦੁੱਧ, ਚਾਹ, ਪਕੌੜੇ, ਜਲੇਬੀਆਂ ਸਮੇਤ ਵੱਖ-ਵੱਖ ਪਕਵਾਨਾਂ ਦੇ ਗੁਰ ਦੇ ਲੰਗਰ ਅਤੁੱਟ ਵਰਤਾਏ ਗਏ।ਸ਼ਾਮ ਨੂੰ ਇੰਟਰਨੈਸ਼ਨਲ ਪੱਧਰ ਦੇ ਕਰਵਾਏ ਗਏ ਕਬੱਡੀ ਟੂਰਨਾਮੈਂਟ ਵਿੱਚ ਜੇਤੂ ਟੀਮ ਨੂੰ ਦਿਲਕਸ਼ ਨਗਦ ਇਨਾਮ ਦੇ ਕੇ ਨਿਵਾਜਿਆ ਗਿਆ।ਇਸ ਮੌਕੇ ਭਾਈ ਸਤਨਾਮ ਸਿੰਘ ਖੰਡਾ ਸਾਬਕਾ ਪੰਜ ਪਿਆਰੇ ਸਹਿਬਾਨ ਸ੍ਰੀ ਅਕਾਲ ਤਖਤ ਸਹਿਬ, ਬਾਬਾ ਪ੍ਰਗਟ ਸਿੰਘ ਝੂਲਣੇ ਮਹਿਲ, ਬਾਬਾ ਗੁਰਵਿੰਦਰ ਸਿੰਘ ਗੋਰਾ, ਬਾਬਾ ਜਸ਼ਨਬੀਰ ਸਿੰਘ ਝੂਲਣੇ ਮਹਿਲ, ਬਾਬਾ ਸੁੱਖਾ ਸਿੰਘ ਝੂਲਣੇ ਮਹਿਲ, ਮੇਲਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਵਿੱਚ ਭਾਈ ਮੁਖਤਾਰ ਸਿੰਘ ਕਾਕੂ, ਸਰਦੂਲ ਸਿੰਘ ਪ੍ਰਧਾਨ, ਬਲਾਰਾਜ ਸਿੰਘ, ਬਲਦੇਵ ਸਿੰਘ, ਬਾਬਾ ਪਰਗਟ ਸਿੰਘ, ਸੁਖਦੇਵ ਪੱਪੂ ਨੰਬਰਦਾਰ, ਰਵੇਲ ਸਿੰਘ, ਗੁਰਦਿਆਲ ਸਿੰਘ ਪੰਡੋਰੀ ਹਸਣ, ਸਰਵਣ ਸਿੰਘ ਇਟਲੀ, ਸੁਖਵੰਤ ਸਿੰਘ ਚੱਬੇ, ਸਰਪੰਚ ਬਚਿੱਤਰ ਸਿੰਘ, ਚਾਚਾ ਮੋਹਨ ਸਿੰਘ ਪੰਡੋਰੀ ਸਿੱਧਵਾਂ ਸਮੇਤ ਵੱਡੀ ਗਿਣਤੀ 'ਚ ਸੰਗਤਾਂ ਹਾਜ਼ਰ ਸਨ।

# ਸੰਤ ਬਾਬਾ ਤੇਜਾ ਸਿੰਘ ਜੋਤੀਸਰ ਵਾਲਿਆਂ ਦੀ ਯਾਦ 'ਚ ਕ੍ਰਿਕਟ ਟੂਰਨਾਮੈਂਟ ਕਰਵਾਇਆ



**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**- ਜੰਡਿਆਲਾ ਗੁਰੂ ਵਿਖੇ ਸਥਿਤ ਤਪ ਅਸਥਾਨ ਸੰਤ ਬਾਬਾ ਗੁਰਬਖਸ਼ ਸਿੰਘ ਜੀ ਗੁਰਦੁਆਰਾ ਜੋਤੀਸਰ ਸਾਹਿਬ ਜੰਡਿਆਲਾ ਗੁਰੂ ਅਤੇ ਗੁਰਦੁਆਰਾ ਜੋਤੀਸਰ ਸ਼ਿਮਲਾ ਹਿਮਾਚਲ ਪ੍ਰਦੇਸ਼ ਤੋਂ ਵਰੋਸਾਏ ਸੰਤ ਬਾਬਾ ਤੇਜਾ ਸਿੰਘ ਦੀ ਯਾਦ ਵਿੱਚ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਾਲਾਨਾ ਕ੍ਰਿਕਟ ਟੂਰਨਾਮੈਂਟ ਕਰਵਾਇਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਹੋਇਆਂ ਜੋਤੀਸਰ ਜੰਡਿਆਲਾ ਗੁਰੂ ਅਤੇ ਜੋਤੀਸਰ ਸ਼ਿਮਲਾ ਦੇ ਮੁੱਖ ਸੇਵਾਦਾਰ ਬਾਬਾ ਸੁੱਖਾ ਸਿੰਘ ਨੇ ਕਿਹਾ ਕਿ ਇਹ ਟੂਰਨਾਮੈਂਟ ਨੌਜਵਾਨਾਂ ਵੱਲੋਂ ਹਰ ਸਾਲ ਕਰਵਾਇਆ ਜਾਂਦਾ ਹੈ ਅਤੇ ਅੱਜ ਵੀ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਅਤੇ ਵਿਸ਼ੇਸ਼ ਤੌਰ 'ਤੇ ਇਸ ਟੂਰਨਾਮੈਂਟ ਵਿੱਚ ਐੱਨਆਰਆਈ ਵੀਰਾਂ ਵੱਲੋਂ ਤਨ-ਮਨ ਧਨ ਨਾਲ ਸੇਵਾ ਕੀਤੀ ਜਾਂਦੀ ਹੈ ਅਤੇ ਇਸ ਵਾਰ ਸਾਡੇ ਪਿਆਰੇ ਵੀਰ ਗੁਰਜੰਟ ਸਿੰਘ ਨੂੰ ਯਾਦ ਕਰਦਿਆਂ ਹੋਇਆਂ ਜੇਤੂ ਟੀਮਾਂ ਨੂੰ ਵਿਸ਼ੇਸ਼ ਸਨਮਾਨ ਦੇ ਕੇ ਨਿਵਾਜਿਆ। ਬਾਬਾ ਸੁੱਖਾ ਸਿੰਘ ਨੇ ਕਿਹਾ ਕਿ ਨੌਜਵਾਨ ਬੱਚਿਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਖੇਡਾਂ ਨੂੰ ਆਪਣੀ ਖੁਰਾਕ ਸਮਝ ਕੇ ਵੱਧ ਤੋਂ ਵੱਧ ਖੇਡਾਂ ਨਾਲ ਜੁੜਨ ਅਤੇ ਕੁਰਾਹੇ ਪੈ ਚੁੱਕੇ ਨੌਜਵਾਨ ਨਸ਼ੇ ਦਾ ਤਿਆਗ ਕਰਕੇ ਆਪਣੀ ਜ਼ਿੰਦਗੀ ਜਿਉਣ ਅਤੇ ਆਪਣੇ ਮਾਂ ਪਿਉ ਦੀ ਸੇਵਾ ਕਰਕੇ ਜੀਵਨ ਨੂੰ ਸਫਲ ਬਣਾਉਣ! ਉਨ੍ਹਾਂ ਕਿਹਾ ਕਿ ਚੌਰਾਸੀ ਲੱਖ ਜੂਨਾਂ ਤੋਂ ਬਾਅਦ ਮਾਨਸ ਸਰੀਰ ਮਿਲਿਆ ਹੈ। ਇਸ ਲਈ ਨਾਮ ਸਿਮਰਨ ਕਰਕੇ ਗੁਰੂ ਘਰ ਦੀਆਂ ਸੰਗਤਾਂ ਕਰਕੇ ਗੁਰੂ ਸਾਹਿਬ ਦੇ ਆਸ਼ੇ ਮੁਤਾਬਿਕ ਆਪਣੇ ਜੀਵਨ ਨੂੰ ਗੁਰੂ ਸਾਹਿਬ ਦੇ ਰੰਗ ਵਿੱਚ ਰੰਗਣ। ਇਸ ਮੌਕੇ ਇੰਸਪੈਕਟਰ ਗੁਰਮੇਲ ਸਿੰਘ ਸਮਰਾ, ਜਰਮਨ, ਕਵਲ, ਰੌਬੀ, ਹਰਮਨ, ਪ੍ਰਿੰਸ, ਨਵਜੋਤ ਸਿੰਘ ਸਿੱਧੂ ਆਦਿ ਹਾਜ਼ਰ ਸਨ।

# ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰ ਯੂਨੀਅਨ ਵੱਲੋਂ ਤਿੱਖੇ ਸੰਘਰਸ਼ ਦਾ ਸੱਦਾ



**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**- ਜਲ ਸਪਲਾਈ ਅਤੇ ਸੈਨੀਟੇਸ਼ਨ ਕੰਟਰੈਕਟ ਵਰਕਰ ਯੂਨੀਅਨ ਰਜਿ ਨੰ : 31 ਬ੍ਰਾਂਚ ਦੀਨਾਨਗਰ ਦੀ ਮੀਟਿੰਗ ਹੋਈ ਜਿਸ ਵਿੱਚ ਬਰਾਂਚ ਪ੍ਰਧਾਨ ਹਰਦੀਪ ਸਿੰਘ ਹਯਾਤ ਨਗਰ, ਜਨਰਲ ਸਕੱਤਰ ਗੁਰਵਿੰਦਰਜੀਤ ਸਿੰਘ ਨੇ ਸਰਕਾਰ ਦੀਆਂ ਮਾਰੂ ਨੀਤੀਆਂ ਬਾਰੇ ਜਾਣੂ ਕਰਵਾਇਆ ਅਤੇ ਵਰਕਰਾਂ ਨੂੰ ਸੰਘਰਸ਼ ਹੋਰ ਤਿੱਖਾ ਕਰਨ ਲਈ ਕਿਹਾ। ਵਿਭਾਗ ਵੱਲੋਂ ਜਾਰੀ ਕੀਤੇ ਪੱਤਰ ਅਨੁਸਾਰ ਹਰ ਮਹਿਨੇ 7 ਤਰੀਕ ਤੱਕ ਠੇਕਾ ਕਾਮਿਆਂ ਨੂੰ ਤਨਖਾਹ ਦੇਣੀ ਬਣਦੀ ਹੈ ਪਰ ਗੁਰਦਾਸਪੁਰ ਜ਼ਿਲ੍ਹੇ ਵੱਲੋਂ 2-3 ਮਹੀਨੇ ਤੋਂ ਵਰਕਰਾਂ ਨੂੰ ਤਨਖਾਹਾਂ ਨਹੀਂ ਦਿੱਤੀਆਂ ਜਾ ਰਹੀਆਂ। ਇਥੋਂ ਤੱਕ ਕਿ ਕਿਸੇ ਤਿਉਹਾਰ 'ਤੇ ਵੀ ਸਮੇਂ ਸਿਰ ਤਨਖਾਹ ਨਹੀਂ ਦਿੱਤੀ ਜਾਂਦੀ ਜਿਸ ਕਾਰਨ ਵਰਕਰਾਂ ਦੇ ਘਰ ਦੇ ਚੁੱਲ੍ਹੇ ਠੰਢੇ ਪਏ ਹਨ ਅਤੇ ਹੋਰ ਰੋਜ਼ਮਰਾ ਦੇ ਖਰਚੇ ਉਠਾਉਣੇ ਵੀ ਮੁਸ਼ਕਿਲ ਹੋਏ ਹਨ ਜਿਸ ਦੇ ਚੱਲਦੇ ਵਰਕਰਾਂ ਵਿੱਚ ਬਹੁਤ ਜ਼ਿਆਦਾ ਰੋਸ ਹੈ। .ਇਸ ਮੌਕੇ ਸਾਥੀ ਦੀਪਕ ਕੁਮਾਰ, ਬਲਵਿੰਦਰ ਕੁਮਾਰ, ਜੋਗਾ ਸਿੰਘ, ਲਾਡੀ ਸਿੰਘ, ਜਨਕ ਸਿੰਘ, ਰਾਜ ਕੁਮਾਰ, ਸਤਵੰਤ ਸਿੰਘ, ਸੋਹਨ ਲਾਲ, ਮੰਗਤ ਰਾਮ, ਰੋਹਿਤ ਕੁਮਾਰ, ਗੁਰਬਚਨ ਲਾਲ ਤੇ ਬੋਧਰਾਜ ਹਾਜ਼ਰ ਸਨ।

# ਸਬ-ਇੰਸਪੈਕਟਰ ਕਸ਼ਮੀਰ ਸਿੰਘ ਝਬਾਲ ਦੀ ਇੰਸਪੈਕਟਰ ਵਜੋਂ ਤਰੱਕੀ

**ਝਬਾਲ (ਹਰਜਿੰਦਰ ਸਿੰਘ ਸੋਨੀ)**- ਐਂਟੀ ਨਾਰਕੋਟਿਕ ਟਾਸਕ ਫੋਰਸ ਦੇ ਸਬ ਇੰਸਪੈਕਟਰ ਕਸ਼ਮੀਰ ਸਿੰਘ ਝਬਾਲ ਨੂੰ ਪੰਜਾਬ ਪੁਲਸ ਵਿੱਚ ਦਿੱਤੀਆਂ ਚੰਗੀਆਂ ਸੇਵਾਵਾਂ ਕਰਕੇ



ਇੰਸਪੈਕਟਰ ਬਣਨ ਤੇ ਸਟਾਰ ਲਗਾਉਂਦੇ ਹੋਏ ਡੀਜੀਪੀ ਸਪੈਸ਼ਲ ਏਐੱਨਟੀਐੱਫ ਸ. ਕੁਲਦੀਪ ਸਿੰਘ ਤੇ ਡੀਆਈਜੀ ਸੰਜੀਵ ਰਾਮਪਾਲ ਨੇ ਵਧਾਈ ਦਿੱਤੀ ਅਤੇ ਭਵਿੱਖ ਵਿੱਚ ਹੋਰ ਮਿਹਨਤ ਅਤੇ ਲਗਨ ਨਾਲ ਕੰਮ ਕਰਨ ਲਈ ਪ੍ਰੇਰਿਤ ਕੀਤਾ।ਵਧਾਈਆਂ ਦੇਣ ਵਾਲਿਆਂ ਦਾ ਤਾਂਤਾ ਲੱਗਾ ਰਿਹਾ।ਇਸ ਮੌਕੇ ਵਧਾਈ ਦੇਣ ਵਾਲਿਆਂ ਵਿੱਚ ਸਾਬਕਾ ਡੀਜੀਪੀ ਦਿਲਬਾਗ ਸਿੰਘ ਕੋਟ, ਏਆਈਜੀ ਗੁਰਪ੍ਰੀਤ ਸਿੰਘ, ਐੱਸ. ਪੀ. ਗੁਰਿੰਦਰਬੀਰ ਸਿੰਘ ਸਿੱਧੂ, ਡੀਐੱਸਪੀ ਗੁਰਬਿੰਦਰ ਸਿੰਘ ਰੰਧਾਵਾ, ਡੀਐੱਸਪੀ ਗੁਰਵਿੰਦਰ ਸਿੰਘ ਔਲਖ, ਡੀਐੱਸਪੀ ਜਗਜੀਤ ਸਿੰਘ ਚਾਹਲ, ਡੀਐੱਸਪੀ ਹਰਿੰਦਰ ਸਿੰਘ, ਕਾਮਰੇਡ ਜਸਬੀਰ ਸਿੰਘ ਝਬਾਲ, ਦਿਲਬਾਗ ਸਿੰਘ ਪਟਰੋਲ ਪੰਪ ਵਾਲੇ, ਬਾਬਾ ਵਰਿਆਮ ਸਿੰਘ ਝਬਾਲ, ਚੇਅਰਮੈਨ ਰਮਨ ਕੁਮਾਰ ਝਬਾਲ, ਸਰਪੰਚ ਕਵਿਤਾ ਸ਼ਰਮਾ ਤੇ ਸਮੂਹ ਗ੍ਰਾਮ ਪੰਚਾਇਤ ਝਬਾਲ ਪੁਖਤਾ, ਸਰਪੰਚ ਪ੍ਰਗਟ ਸਿੰਘ ਝਬਾਲ, ਸਾਬਕਾ ਸਰਪੰਚ ਨਰਿੰਦਰ ਕੁਮਾਰ ਪੱਪਾ, ਜਗਜੀਤ ਸਿੰਘ ਝਬਾਲ, ਹਰਦੀਪ ਸਿੰਘ, ਸੁਖਜਿੰਦਰ ਸਿੰਘ ਝਬਾਲ, ਨਕੁਲ ਕੋਰਪਾਲ, ਰਵਿੰਦਰ ਸਿੰਘ ਝਬਾਲ, ਹੈਲਥ ਵਰਕਰ ਸਾਹਿਲ ਮੱਟੂ ਸ਼ਾਮ ਨਗਰ, ਰੋਬਿਨ ਵੇਰਵਾ, ਗੁਰਲਾਲ ਸਿੰਘ ਝਬਾਲ ਆਦਿ ਵੀ ਸ਼ਾਮਿਲ ਸਨ।

# ਕੇਵਾਈਸੀ ਜ਼ਰੂਰੀ; ਆਖਰੀ ਤਰੀਕ 30 ਜੂਨ : ਏਐੱਫਐੱਸਓ

**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**- ਪੰਜਾਬ ਵਿੱਚ ਕਣਕ ਕਾਰਡ ਹੋਲਡਰ ਜੋ ਲਾਭਪਾਤਰੀ ਹਨ ਉਨ੍ਹਾਂ ਦੀ ਸਾਰੇ ਪਰਿਵਾਰਾਂ ਦੀ ਕੇਵਾਈਸੀ ਕਰਾਉਣ ਦੀ ਹੁਣ ਸਰਕਾਰ ਵੱਲੋਂ ਲਾਸਟ ਤਰੀਕ 30 ਜੂਨ ਰੱਖੀ ਗਈ ਹੈ।



ਲੋਕ ਸਾਰੇ ਆਪਣੇ ਪਰਿਵਾਰ ਦੇ ਜੀਆਂ ਦੀ ਕੇਵਾਈਸੀ ਡਿਪੂਆਂ 'ਤੇ ਜਾ ਕੇ ਹਰ ਹਾਲਤ 'ਚ ਕਰਵਾਉਣ ਕਿਉਂਕਿ ਇਹ ਬਹੁਤ ਜ਼ਰੂਰੀ ਹੈ। ਉਕਤ ਵਿਚਾਰਾਂ ਦਾ ਪ੍ਰਗਟਾਵਾ ਅਜਨਾਲਾ ਦੇ ਏਐੱਫਐੱਸਓ ਸੰਦੀਪ ਸਿੰਘ ਸੈਂਡੀ ਨੇ ਕੀਤਾ। ਉਨ੍ਹਾਂ ਨੇ ਦੱਸਿਆ ਕਿ ਜੋ ਪਰਿਵਾਰ ਕੇਵਾਈਸੀ ਨਹੀਂ ਕਰਵਾਉਂਦੇ ਉਹ ਸਰਕਾਰੀ ਕਣਕ ਦਾ ਲਾਭ ਨਹੀਂ ਲੈ ਸਕਦੇ। ਇਸ ਕਰਕੇ ਸਰਕਾਰ ਨੇ ਬਹੁਤ ਵਾਰ ਟਾਈਮ ਵਧਾ ਦਿੱਤਾ ਹੈ ਪਰ ਹੁਣ ਇਸ ਤੋਂ ਬਾਅਦ ਮੌਕਾ ਮਿਲਣ ਦੀ ਉਮੀਦ ਬਹੁਤ ਘੱਟ ਹੈ। ਇਸ ਕਰਕੇ ਸਾਰੇ ਰਹਿੰਦੇ ਪਰਿਵਾਰ ਆਪਣੀ ਕੇਵਾਈਸੀ ਡਿੱਪੂਆਂ 'ਤੇ ਜਾ ਕੇ ਕਰਵਾਉਣ। ਇਸ ਮੌਕੇ ਉਨ੍ਹਾਂ ਦੇ ਨਾਲ ਇੰਸਪੈਕਟਰ ਹਰਜੋਤ ਸਿੰਘ, ਇੰਸਪੈਕਟਰ ਸੁਮੱਤ ਪ੍ਰਭਾਕਰ, ਇੰਸਪੈਕਟਰ ਅਰਨ ਖੋਸਲਾ ਅਤੇ ਸੀਨੀਅਰ ਡਿਪੂ ਹੋਲਡਰ ਬਲਵਿੰਦਰ ਸਿੰਘ ਫਤਿਹਾਵਾਲ ਹਾਜ਼ਰ ਸਨ।

# ਸਰਪੰਚ ਧੰਨਾ ਸਿੰਘ ਢੱਡੇ ਤੇ ਲਾਈਨਮੈਨ ਨੱਥਾ ਸਿੰਘ ਦਾ ਕੈਨੇਡਾ 'ਚ ਸਵਾਗਤ

**ਵੇਰਕਾ (ਰਾਣਾ)**- ਅੰਮ੍ਰਿਤਸਰ ਜ਼ਿਲ੍ਹੇ ਦੇ ਇਤਿਹਾਸਿਕ ਪੱਖੋਂ ਮੋਹਰੀ ਗਿਣੇ ਜਾਂਦੇ ਪਿੰਡ ਢੱਡੇ ਦੇ ਮੌਜੂਦਾ ਸਰਪੰਚ ਅਤੇ ਆਮ ਆਦਮੀ ਪਾਰਟੀ ਦੇ ਹਲਕਾ ਮਜੀਠਾ ਦੇ ਸਿਰਕੱਢ ਆਗੂ ਧੰਨਾ



ਸਿੰਘ ਢੱਡੇ ਅਤੇ ਬਿਜਲੀ ਵਿਭਾਗ ਦੇ ਲਾਈਨਮੈਨ ਨੱਥਾ ਸਿੰਘ ਬੀਤੇ ਦਿਨੀਂ ਨਿੱਜੀ ਫੇਰੀ ਦੌਰਾਨ ਕੈਨੇਡਾ ਦੇ ਸ਼ਹਿਰ ਬਰੈਪਟਨ ਪੁੱਜੇ ਜਿੱਥੇ ਉਨ੍ਹਾਂ ਨਾਲ ਸੰਬੰਧਿਤ ਪਤਵੰਤਿਆਂ ਵੱਲੋਂ ਉਨ੍ਹਾਂ ਦਾ ਸ਼ਾਨਦਾਰ ਸਵਾਗਤ ਕੀਤਾ ਗਿਆ। ਇਸ ਮੌਕੇ ਉਨ੍ਹਾਂ ਦੇ ਸਨੇਹੀਆਂ ਵੱਲੋਂ ਉਨ੍ਹਾਂ ਨੂੰ ਬੁੱਕੇ ਭੇਟ ਕਰਕੇ ਦਿਲੀ ਪਿਆਰ ਦਾ ਇਜ਼ਹਾਰ ਕੀਤਾ ਗਿਆ।ਇਸ ਮੌਕੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਸਰਪੰਚ ਧੰਨਾ ਸਿੰਘ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ 'ਚ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੀ ਰੋਕਥਾਮ ਲਈ ਚਲਾਈ ਜਾ ਰਹੀ ਯੁੱਧ ਨਸ਼ਿਆਂ ਵਿਰੁੱਧ ਮੁਹਿਮ ਤਹਿਤ ਸੈਂਕੜੇ ਨਸ਼ਾ ਤਸਕਰਾ 'ਤੇ ਲਗਾਤਾਰ ਕਾਨੂੰਨੀ ਸ਼ਿਕੰਜਾ ਕੱਸਿਆ ਜਾ ਰਿਹਾ ਹੈ ਜਿਸ ਤੋਂ ਆਮ ਲੋਕ ਕਾਫੀ ਸੰਤੁਸ਼ਟ ਹਨ।ਅਖੀਰ 'ਚ ਉਨ੍ਹਾਂ ਨੇ ਆਖਿਆ ਕਿ ਲੁਧਿਆਣਾ ਜ਼ਿਮਨੀ ਚੋਣ ਦੌਰਾਨ 'ਆਪ' ਦੇ ਉਮੀਦਵਾਰ ਸੰਜੀਵ ਅਰੋੜਾ ਨੂੰ ਮਿਲ ਰਹੇ ਭਰਵੇਂ ਜਨਤਕ ਸਮਰਥਨ ਕਾਰਨ ਉਨ੍ਹਾਂ ਦੀ ਜਿੱਤ ਹੋਣੀ ਤੈਅ ਹੈ।ਇਸ ਮੌਕੇ ਉਨ੍ਹਾਂ ਨਾਲ ਲਵਪ੍ਰੀਤ ਸਿੰਘ, ਹਰਪ੍ਰੀਤ ਸਿੰਘ, ਗੁਰਨਾਮ ਸਿੰਘ ਅਤੇ ਹੋਰ ਕਈ ਪਤਵੰਤੇ ਹਾਜ਼ਰ ਸਨ।

# ਪੀਆਰਟੀਸੀ ਵੱਲੋਂ ਡੇਰਾ ਬਾਬਾ ਨਾਨਕ ਤੋਂ ਸ੍ਰੀ ਅਨੰਦਪੁਰ ਸਾਹਿਬ ਲਈ ਬੱਸ ਸਰਵਿਸ ਚਾਲੂ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**- ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਪਟਿਆਲਾ ਦੇ ਐੱਮ. ਡੀ. ਬਿਕਰਮਜੀਤ ਸਿੰਘ ਸ਼ੇਰਗਿੱਲ ਦੇ ਦਿਸ਼ਾ ਨਿਰਦੇਸ਼ਾਂ ਤੇ



ਜਨਰਲ ਮੈਨੇਜਰ ਪ੍ਰਵੀਨ ਕੁਮਾਰ ਸ਼ਰਮਾ, ਚੀਫ ਇੰਸਪੈਕਟਰ ਰਜਿੰਦਰ ਸਿੰਘ ਧੰਜੂ, ਟੀ. ਟੀ. ਆਈ. ਇੰਸਪੈਕਟਰ ਹਰਪ੍ਰੀਤ ਸਿੰਘ, ਇੰਸਪੈਕਟਰ ਹੀਰਾ ਲਾਲ, ਸਬ ਇੰਸਪੈਕਟਰ ਸਹਿਲ ਭਗਤ ਅਤੇ ਸਾਰੀ ਟੀਮ ਦੀ ਸਖਤ ਮਿਹਨਤ ਸਦਕਾ ਡੇਰਾ ਬਾਬਾ ਨਾਨਕ ਤੋਂ ਸ੍ਰੀ ਅਨੰਦਪੁਰ ਸਾਹਿਬ ਦਾ ਨਵਾਂ ਰੂਟ ਪੀਆਰਟੀਸੀ ਕਪੂਰਥਲਾ ਡਿੱਪੂ ਵੱਲੋਂ ਚਾਲੂ ਕੀਤਾ ਗਿਆ ਹੈ ।ਇਸ ਮੌਕੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਸਤਨਾਮ ਸਿੰਘ ਡਿੱਪੂ ਪ੍ਰਧਾਨ ਅਤੇ ਕਮਲਜੀਤ ਸਿੰਘ ਰਿੰਕੂ ਕੈਸ਼ੀਅਰ ਨੇ ਦੱਸਿਆ ਕਿ ਇਸ ਬੱਸ ਦੇ ਸਵੇਰੇ ਚੱਲਣ ਸਮਾਂ ਡੇਰਾ ਬਾਬਾ ਨਾਨਕ ਤੋ 5:15, ਬਟਾਲਾ ਤੋ 6:06, ਹਰਗੋਬਿੰਦਪੁਰ ਤੋਂ 7:10, ਟਾਂਡਾ ਤੋਂ 8:10, ਹੁਸ਼ਿਆਰਪੁਰ ਤੋ 9:25, ਗੜ੍ਹਸ਼ੰਕਰ ਤੋ 10:35 ਅਤੇ ਇਸੇ ਤਰ੍ਹਾਂ ਸ੍ਰੀ ਆਨੰਦਪੁਰ ਸਾਹਿਬ ਤੋਂ ਡੇਰਾ ਬਾਬਾ ਨਾਨਕ ਲਈ ਵਾਪਸੀ ਦਾ ਸਮਾਂ ਸ੍ਰੀ ਅਨੰਦਪੁਰ ਸਾਹਿਬ ਤੋਂ 12:20, ਗੜ੍ਹਸ਼ੰਕਰ ਤੋਂ 13:45, ਟਾਂਡੇ ਤੋਂ ਸ਼ਾਮ 4:45, ਸ੍ਰੀ ਹਰਿਗੋਬਿੰਦਪੁਰ ਤੋਂ 5:30, ਬਟਾਲਾ ਤੋਂ 6:57, ਵਾਪਸ ਡੇਰਾ ਬਾਬਾ ਨਾਨਕ 8:00 ਵਜੇ ਰਾਤ ਪਹੁੰਚੇਗੀ।ਉਨ੍ਹਾਂ ਕਿਹਾ ਕਿ ਇਸ ਬੱਸ ਦੇ ਚੱਲਣ ਨਾਲ ਡੇਰਾ ਬਾਬਾ ਨਾਨਕ ਏਰੀਏ ਦੀਆਂ ਸੰਗਤਾਂ ਨੂੰ ਬਹੁਤ ਵੱਡਾ ਫਾਇਦਾ ਹੋਵੇਗਾ। ਜਿਨ੍ਹਾਂ ਸੰਗਤਾਂ ਨੇ ਸ੍ਰੀ ਅਨੰਦਪੁਰ ਸਾਹਿਬ ਦੇ ਦਰਸ਼ਨਾਂ ਲਈ ਜਾਣਾ ਹੁੰਦਾ ਸੀ ਉਨ੍ਹਾਂ ਨੂੰ ਬਹੁਤ ਦਿੱਕਤਾਂ ਦਾ ਸਾਹਮਣਾ ਕਰਨ ਪੈਂਦਾ ਸੀ । ਉਨ੍ਹਾਂ ਕਿਹਾ ਕਿ ਇਸ ਲਈ ਇਹ ਸਿੱਧੀ ਬੱਸ ਸਰਵਿਸ ਉਨ੍ਹਾਂ ਸੰਗਤਾਂ ਲਈ ਵਰਦਾਨ ਸਾਬਤ ਹੋਵੇਗੀ ।ਇਸ ਮੌਕੇ ਪਰਮਜੀਤ ਸਿੰਘ ਰਿਟਾਇਰਡ ਐੱਸ. ਐੱਸ. ਪੀਆਰਟੀਸੀ, ਕਮਲਜੀਤ ਸਿੰਘ ਰਿੰਕੂ ਕੈਸ਼ੀਅਰ, ਸਤਨਾਮ ਸਿੰਘ ਡਿੱਪੂ ਪ੍ਰਧਾਨ, ਡਰਾਈਵਰ ਗੁਰਭੇਜ ਸਿੰਘ ਅਤੇ ਡਰਾਈਵਰ ਕੁਲਦੀਪ ਸਿੰਘ ਆਦਿ ਮੌਜੂਦ ਸਨ।

# ਦਿਨ ਪ੍ਰਤੀ ਦਿਨ ਪਾਣੀ ਦਾ ਪੱਧਰ ਨੀਵਾਂ ਹੁੰਦਾ ਦੇਖ ਕੇ ਵਾਤਾਵਰਣ ਪ੍ਰੇਮੀਆਂ ਨੂੰ ਭਵਿੱਖ ਦੀ ਚਿੰਤਾ ਸਤਾਉਣ ਲੱਗੀ !

**ਗੁਰਦਾਸਪੁਰ (ਜਨਕ ਮਹਾਜਨ)**- ਜ਼ਿਲ੍ਹਾ ਗੁਰਦਾਸਪੁਰ ਅੰਦਰ ਤਾਪਮਾਨ ਦੇ ਲਗਾਤਾਰ ਵੱਧਦੇ ਪ੍ਰਭਾਵ ਦੇ ਕਾਰਨ ਪਾਣੀ ਦਾ ਪੱਧਰ ਦਿਨ ਪ੍ਰਤੀ ਦਿਨ ਨੀਵਾਂ ਹੁੰਦਾ ਜਾ ਰਿਹਾ ਹੈ। ਜੇਕਰ ਇਹੋ ਹਾਲਾਤ ਰਹੇ ਤਾਂ ਆਉਣ ਵਾਲੇ ਸਮੇਂ ਵਿੱਚ ਪਾਣੀ ਹੋਰ ਹੇਠਾਂ ਚਲਾ ਜਾਵੇਗਾ ਜਿਸ ਦਾ ਖਮਿਆਜ਼ਾ ਆਉਣ ਵਾਲੀ ਪੀੜੀ ਨੂੰ ਭੁਗਤਣ ਪਵੇਗਾ। ਭਾਵੇਂ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਨੂੰ ਝੋਨੇ ਦੇ ਬਦਲਵੇਂ ਤਰੀਕੇ ਨਾਲ ਹੋਰ ਫਸਲਾਂ ਬੀਜਣ ਲਈ ਉਤਸਾਹਿਤ ਕੀਤਾ ਜਾ ਰਿਹਾ ਹੈ ਪਰ ਉਸ ਦਾ ਪ੍ਰਭਾਵ ਕਿਸਾਨਾਂ 'ਤੇ ਬਹੁਤ ਘੱਟ ਨਜ਼ਰ ਆ ਰਿਹਾ ਹੈ। ਪੰਜਾਬ ਸਰਕਾਰ ਵੱਲੋਂ ਨਹਿਰਾਂ, ਰਜਬਾਹਿਆਂ, ਸੂਇਆਂ ਰਾਹੀਂ ਕਿਸਾਨਾਂ ਦੇ ਖੇਤਾਂ ਵਿੱਚ ਪਾਣੀ ਪਹੁਚਾਉਣ ਦੀ ਸਕੀਮ ਵੀ ਢਿੱਲੀ ਨਜ਼ਰ ਆ ਰਹੀ ਹੈ ਕਿਉਂਕਿ ਨਹਿਰੀ ਵਿਭਾਗ ਵੱਲੋਂ ਰਜਬਾਹਿਆਂ ਵਿੱਚ ਪਾਣੀ ਚਲਾਉਣ ਲਈ ਕੋਈ ਖਾਸ ਯਤਨ ਨਹੀਂ ਕੀਤੇ ਜਾ ਰਹੇ। ਦੂਜੇ ਪਾਸੇ ਜੇਕਰ ਗੱਲ ਕਰੀਏ ਕਿਸਾਨਾਂ ਦੀ ਤਾਂ ਕਿਸਾਨ ਸਿੱਧੀ ਬਿਜਾਈ ਕਰਨ ਦੀ ਬਜਾਏ ਕੱਦੂ ਕਰਕੇ ਝੋਨਾ ਲਗਾਉਣ ਨੂੰ ਤਰਜੀਹ ਦੇ ਰਹੇ ਹਨ ਜਿਸ ਕਾਰਨ ਵੱਡੀ ਪੱਧਰ 'ਤੇ ਜ਼ਮੀਨ ਹੇਠਲਾ ਪਾਣੀ ਝੋਨੇ ਦੀ ਬਿਜਾਈ ਲਈ ਵਰਤਿਆ ਜਾ ਰਿਹਾ ਹੈ। ਪਾਣੀ ਦੀ ਲਗਾਤਾਰ ਦੁਰਵਰਤੋਂ ਕਾਰਨ ਵੀ ਪਾਣੀ ਦਾ ਪੱਧਰ ਨੀਵਾਂ ਹੁੰਦਾ ਜਾ ਰਿਹਾ ਹੈ। ਪਾਣੀ ਦੀ ਸਹੀ ਵਰਤੋਂ ਨਾ ਹੋਣ ਕਾਰਨ ਅਤੇ ਪਾਣੀ ਦਾ ਪੱਧਰ ਨੀਵਾਂ ਹੋਣ ਕਾਰਨ ਗੁਰਦਾਸਪੁਰ ਸ਼ਹਿਰ ਅਤੇ ਆਸ ਪਾਸ ਦੇ ਪਿੰਡਾਂ ਅੰਦਰ ਲੱਗੇ ਸਬਮਰਸੀਬਲ ਪੰਪ, ਨਲਕੇ ਅਤੇ ਮੋਟਰਾਂ ਦਾ ਪਾਣੀ ਸੁੱਕ ਰਿਹਾ ਹੈ ਜਿਸ ਕਾਰਨ ਕਿਸਾਨਾਂ ਨੂੰ ਸਿੰਚਾਈ ਵਾਸਤੇ ਡੂੰਘੇ ਬੋਰ ਕਰਵਾਉਣ ਲਈ ਮਜਬੂਰ ਹੋਣਾ ਪੈ ਰਿਹਾ ਹੈ। ਇਨ੍ਹਾਂ ਬੋਰਾਂ 'ਤੇ ਹਜ਼ਾਰਾਂ ਰੁਪਏ ਖਰਚ ਆਉਣ ਕਰਕੇ ਕਿਸਾਨ ਕਾਫ਼ੀ ਚਿੰਤਤ ਹਨ। ਪਾਣੀ ਖ਼ਰਾਬ ਹੋਣ ਕਾਰਨ ਜ਼ਿਆਦਾਤਰ ਲੋਕ ਆਰ. ਓ., ਵਾਟਰ ਸਪਲਾਈ ਤੋਂ ਇਲਾਵਾ ਬੋਤਲਾਂ ਵਿੱਚ ਬੰਦ ਮੁੱਲ ਖਰੀਦ ਕੇ ਪਾਣੀ ਪੀ ਰਹੇ ਹਨ ਜਦਕਿ ਕੁਝ ਸਮਾਂ ਪਹਿਲਾਂ ਦੀ ਗੱਲ ਕਰੀਏ ਤਾਂ ਧਰਤੀ ਹੇਠਲੇ ਸ਼ੁੱਧ ਪਾਣੀ ਨੂੰ ਪੀ ਕੇ ਲੋਕ ਆਪਣੀ ਜ਼ਿੰਦਗੀ ਬਤੀਤ ਕਰਦੇ ਸਨ ਅਤੇ ਸਿਹਤਮੰਦ ਵੀ ਰਹਿੰਦੇ ਸਨ। ਕੁਝ ਵਾਤਾਵਰਨ ਪ੍ਰੇਮੀਆਂ ਨੇ ਚਿੰਤਾ ਜ਼ਾਹਿਰ ਕੀਤੀ ਕਿ ਗੰਦਲੇ ਪਾਣੀ ਦੇ ਨਾਲ ਆਉਣ ਵਾਲੀ ਪੀੜ੍ਹੀਆਂ ਨੂੰ ਆਪਣਾ ਜੀਵਨ ਬਤੀਤ ਕਰਨਾ ਔਖਾ ਹੋ ਜਾਵੇਗਾ ਅਤੇ ਆਉਣ ਵਾਲੀਆਂ ਨਸਲਾਂ ਸਾਨੂੰ ਇਸ ਗੱਲ 'ਤੇ ਕੋਸਣਗੀਆਂ ਕਿ ਸਾਡੇ ਬਜ਼ੁਰਗਾਂ ਨੇ ਪਾਣੀ ਦੀ ਸਹੀ ਵਰਤੋਂ ਨਹੀਂ ਕੀਤੀ ਜਿਸ ਦਾ ਖ਼ਮਿਆਜ਼ਾ ਭੁਗਤਣਾ ਪੈ ਰਿਹਾ ਹੈ। ਉਨਾਂ ਪੰਜਾਬ ਸਰਕਾਰ ਅਤੇ ਸੰਬੰਧਿਤ ਵਿਭਾਗ ਪਾਸੋਂ ਮੰਗ ਕੀਤੀ ਕਿ ਪਾਣੀ ਦੇ ਡਿੱਗਦੇ ਜਾ ਰਹੇ ਪੱਧਰ ਨੂੰ ਉੱਚਾ ਚੁੱਕਣ ਲਈ ਥਾਂ-ਥਾਂ 'ਤੇ ਜਾਗਰੂਕਤਾ ਕੈਂਪ ਲਗਾਉਣ ਦੇ ਨਾਲ ਕਿਸਾਨਾਂ ਨੂੰ ਸਿੱਧੀ ਬਜਾਈ ਅਤੇ ਹੋਰ ਫ਼ਸਲਾਂ ਦੀ ਬੀਜਣ ਲਈ ਉਤਸਾਹਿਤ ਕੀਤਾ ਜਾਵੇ ਤਾਂ ਜੋ ਧਰਤੀ ਹੇਠਲੇ ਪਾਣੀ ਨੂੰ ਗੰਧਲਾ ਹੋਣ ਤੋਂ ਬਚਾਇਆ ਜਾ ਸਕਦਾ।

# ਪੁਲੀ ਦੀ ਰੇਲਿੰਗ ਨਾ ਹੋਣ ਕਾਰਨ ਕਿਸੇ ਵੀ ਸਮੇਂ ਹਾਦਸਾ ਵਾਪਰਨ ਦਾ ਡਰ

**ਗੁਰਦਾਸਪੁਰ (ਜਨਕ ਮਹਾਜਨ)**- ਗੁਰਦਾਸਪੁਰ ਔਜਲਾ ਬਾਈਪਾਸ ਤੋਂ ਪਿੰਡ ਬਾਜੇਚੱਕ ਨੂੰ ਜਾਣ ਵਾਲੀ ਲਿੰਕ ਸੜਕ ਦੇ ਵਿਚਕਾਰ ਵਗਦੇ ਸੂਏ 'ਤੇ ਬਣੀ ਪੁਲੀ



ਦੀ ਇਕ ਪਾਸੇ ਦੀ ਰੇਲਿੰਗ ਟੁੱਟੀ ਹੋਣ ਕਾਰਨ ਹਰ ਵੇਲੇ ਹਾਦਸੇ ਵਾਪਰਨ ਦਾ ਡਰ ਬਣਿਆ ਰਹਿੰਦਾ ਹੈ। ਇਸ ਸਬੰਧੀ ਗੱਲਬਾਤ ਕਰਦਿਆਂ ਪਿੰਡ ਵਾਸੀਆਂ ਨੇ ਸਾਂਝੇ ਤੌਰ 'ਦੇ ਦੱਸਿਆ ਕਿ ਇਸ ਸੜਕ ਤੋਂ ਰੋਜ਼ਾਨਾ ਕਾਫ਼ੀ ਤਾਦਾਦ ਵਿੱਚ ਛੋਟੇ-ਵੱਡੇ ਵਾਹਨ ਦਿਨ ਅਤੇ ਰਾਤ ਸਮੇਂ ਆਉਂਦੇ-ਜਾਂਦੇ ਰਹਿੰਦੇ ਹਨ। ਇਸ ਪੁਲੀ ਤੋਂ ਸੜਕ ਦਾ ਟੇਢਾ ਮੋੜ ਹੋਣ ਕਰਕੇ ਇਥੋਂ ਵੱਡੇ ਵਾਹਨਾਂ ਦਾ ਲੰਘਣਾ ਬੇਹੱਦ ਮੁਸ਼ਕਿਲ ਹੋਇਆ ਪਿਆ ਹੈ ਅਤੇ ਕਈ ਵਾਰ ਵੱਡੇ ਵਾਹਨ ਜਿਵੇਂ ਟਿੱਪਰ, ਟਰੈਕਟਰ ਟਰਾਲੀ ਪਲਟਣ ਨਾਲ ਜਾਨੀ, ਮਾਲੀ ਨੁਕਸਾਨ ਹੋਣ ਦਾ ਡਰ ਬਣਿਆ ਰਹਿੰਦਾ ਹੈ। ਉਨ੍ਹਾਂ ਦੱਸਿਆ ਕਿ ਇਸ ਮਾਮਲੇ ਸਬੰਧੀ ਉਨ੍ਹਾਂ ਪ੍ਰਸ਼ਾਸਨ ਨੂੰ ਵੀ ਜਾਣੂੰ ਕਰਵਾਇਆ ਸੀ ਪਰ ਉਨ੍ਹਾਂ ਨੇ ਵੀ ਇਸ ਪਾਸੇ ਕੋਈ ਧਿਆਨ ਨਹੀਂ ਦਿੱਤਾ ਜਿਸ ਕਰਕੇ ਲੋਕਾਂ ਦਾ ਜ਼ਿਲ੍ਹਾ ਪ੍ਰਸ਼ਾਸਨ ਪ੍ਰਤੀ ਭਾਰੀ ਰੋਸ ਵੇਖਣ ਨੂੰ ਮਿਲ ਰਿਹਾ ਹੈ। ਲੋਕਾਂ ਨੇ ਸੰਬੰਧਿਤ ਵਿਭਾਗ ਪਾਸੋਂ ਮੰਗ ਕੀਤੀ ਕਿ ਪੁਲੀ 'ਤੇ ਰੇਲਿੰਗ ਲਗਾਈ ਜਾਵੇ ਤਾਂ ਜੋ ਕੋਈ ਵੀ ਅਣਸੁਖਾਵੀਂ ਘਟਨਾ ਨਾ ਵਾਪਰ ਸਕੇ।



# ਨਿਸ਼ਾਨ-ਏ-ਸਿੱਖੀ ਦੇ ਵਿਦਿਆਰਥੀ ਸਹਿਜਪ੍ਰੀਤ ਸਿੰਘ ਦੀ ਲੈਫਟੀਨੈਂਟ ਵਜੋਂ ਭਰਤੀ

**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)**- ਬਾਬਾ ਸੇਵਾ ਸਿੰਘ ਜੀ ਕਾਰ ਸੇਵਾ ਖਡੂਰ ਸਾਹਿਬ ਵਾਲਿਆਂ ਦੀ ਸਰਪ੍ਰਸਤੀ ਹੇਠ ਚੱਲ ਰਹੀ ਸੰਸਥਾ ਨਿਸ਼ਾਨ-ਏ-ਸਿੱਖੀ ਇੰਸਟੀਚਿਊਟ ਆਫ਼ ਸਾਇੰਸ ਐਂਡ ਟ੍ਰੇਨਿੰਗ (ਐੱਨ. ਡੀ. ਏ. ਵਿੰਗ) ਦੇ ਪੰਜਵੇਂ ਕੋਰਸ (2019-21) ਦਾ ਵਿਦਿਆਰਥੀ ਸਹਿਜਪ੍ਰੀਤ ਸਿੰਘ ਸਪੁੱਤਰ ਗੁਰਭੇਜ ਸਿੰਘ ਪਿੰਡ ਭਗਵਾਨਪੁਰ, ਜ਼ਿਲ੍ਹਾ ਗੁਰਦਾਸਪੁਰ ਭਾਰਤੀ ਥਲ ਸੈਨਾ ਵਿੱਚ ਬਤੌਰ ਲੈਫਟੀਨੈਂਟ ਭਰਤੀ ਹੋਇਆ।ਸੰਸਥਾ ਦੇ ਡਾਇਰੈਕਟਰ ਮੇਜਰ ਜਨਰਲ ਸ. ਬਲਵਿੰਦਰ ਸਿੰਘ (ਵੀਐੱਸਐੱਮ) ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਵਿਦਿਆਰਥੀ ਦੇ ਪਿਤਾ ਖੇਤੀਬਾੜੀ ਕਰਦੇ ਹਨ।ਉਨ੍ਹਾਂ ਇਹ ਵੀ ਦੱਸਿਆ ਕਿ ਹੁਣ ਤੱਕ ਇਸ ਸੰਸਥਾ ਦੇ 24 ਵਿਦਿਆਰਥੀ ਲੈਫਟੀਨੈਂਟ ਭਰਤੀ ਹੋ ਚੁੱਕੇ ਹਨ।ਉਨ੍ਹਾਂ ਨੇ ਵਿਦਿਆਰਥੀ ਦੀ ਇਸ ਕਾਮਯਾਬੀ ਲਈ ਵਧਾਈ ਦਿੱਤੀ ਅਤੇ ਹੋਰਨਾਂ ਵਿਦਿਆਰਥੀਆਂ ਨੂੰ ਵੀ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।ਇਸ ਮੌਕੇ ਬਾਬਾ ਗੁਰਪ੍ਰੀਤ ਸਿੰਘ, ਬਾਬਾ ਬਲਦੇਵ ਸਿੰਘ ਅਤੇ ਸਮੁੱਚਾ ਸਟਾਫ਼ ਹਾਜ਼ਰ ਸੀ।

# ਧਰੁਵ ਅਬਰੋਲ ਵੱਲੋਂ ਆਈ ਆਈ ਟੀ ਦੀ ਪ੍ਰਵੇਸ਼ ਪ੍ਰੀਖਿਆ ਪਾਸ

**ਗੁਰਦਾਸਪੁਰ (ਦਿਨੇਸ਼ ਕੁਮਾਰ)**- ਟੀ. ਸੀ. ਇੰਟਰਨੈਸ਼ਨਲ ਸਕੂਲ ਗੁਰਦਾਸਪੁਰ ਦੇ ਇੱਕ ਹੁਸ਼ਿਆਰ ਵਿਦਿਆਰਥੀ ਧਰੁਵ ਅਬਰੋਲ ਨੇ ਇੰਡੀਅਨ ਇੰਸਟੀਚਿਊਟ ਆਫ਼ ਟੈਕਨਾਲੋਜੀ (ਆਈਆਈਟੀ) ਦੀ ਔਖੀ ਪ੍ਰਵੇਸ਼ ਪ੍ਰੀਖਿਆ ਪਾਸ ਕਰਕੇ ਇੱਕ ਸ਼ਾਨਦਾਰ



ਪ੍ਰਾਪਤੀ ਹਾਸਲ ਕੀਤੀ ਹੈ।ਉਸਨੂੰ ਦੇਸ਼ ਦੇ ਸਭ ਤੋਂ ਵੱਕਾਰੀ ਇੰਜੀਨੀਅਰਿੰਗ ਸੰਸਥਾਵਾਂ ਵਿੱਚੋਂ ਇੱਕ ਆਈ. ਆਈ. ਟੀ. ਮਦਰਾਸ ਵਿੱਚ ਸੀਟ ਅਲਾਟ ਕੀਤੀ ਗਈ ਹੈ।ਇਸ ਸ਼ਾਨਦਾਰ ਸਫਲਤਾ ਉਪਰ ਸਕੂਲ ਦੇ ਚੇਅਰਮੈਨ ਰਵਿੰਦਰ ਸ਼ਰਮਾ ਨੇ ਧਰੁਵ, ਉਸਦੇ ਮਾਪਿਆਂ ਅਤੇ ਟੀ. ਸੀ. ਇੰਟਰਨੈਸ਼ਨਲ ਸਕੂਲ ਦੇ ਪੂਰੇ ਸਟਾਫ ਨੂੰ ਵਧਾਈ ਦਿੱਤੀ ਹੈ।ਚੇਅਰਮੈਨ ਰਵਿੰਦਰ ਸ਼ਰਮਾ ਨੇ ਕਿਹਾ ਕੀ ਧਰੁਵ ਦੀ ਇਹ ਪ੍ਰਾਪਤੀ ਨਾ ਸਿਰਫ਼ ਉਸਦੇ ਲਈ ਸਗੋਂ ਪੂਰੇ ਸਕੂਲ ਲਈ ਮਾਣ ਵਾਲੀ ਗੱਲ ਹੈ।ਸਾਨੂੰ ਵਿਸ਼ਵਾਸ ਹੈ ਕਿ ਧਰੁਵ ਆਈ. ਆਈ. ਟੀ. ਮਦਰਾਸ ਵਿੱਚ ਆਪਣੀ ਪ੍ਰਤਿਭਾ ਅਤੇ ਸਖ਼ਤ ਮਿਹਨਤ ਨਾਲ ਨਵੀਆਂ ਉਚਾਈਆਂ ਪ੍ਰਾਪਤ ਕਰੇਗਾ। ਚੇਅਰਮੈਨ ਨੇ ਕਿਹਾ ਕਿ ਧਰੁਵ ਦੀ ਇਹ ਪ੍ਰਾਪਤੀ ਉਸਦੀ ਸਖ਼ਤ ਮਿਹਨਤ, ਸਮਰਪਣ ਅਤੇ ਸਕੂਲ ਦੇ ਉਚ ਅਕਾਦਮਿਕ ਮਿਆਰਾਂ ਦਾ ਨਤੀਜਾ ਹੈ।ਅਸੀਂ ਉਸਦੇ ਉੱਜਵਲ ਭਵਿੱਖ ਦੀ ਕਾਮਨਾ ਕਰਦੇ ਹਾਂ ਅਤੇ ਵਿਸ਼ਵਾਸ ਰੱਖਦੇ ਹਾਂ ਕਿ ਉਹ ਆਪਣੇ ਖੇਤਰ ਵਿੱਚ ਉੱਤਮਤਾ ਪ੍ਰਾਪਤ ਕਰੇਗਾ।ਸਕੂਲ ਅਤੇ ਪਰਿਵਾਰ ਧਰੁਵ ਨੂੰ ਉਸਦੀ ਆਉਣ ਵਾਲੀ ਅਕਾਦਮਿਕ ਯਾਤਰਾ ਲਈ ਸ਼ੁਭਕਾਮਨਾਵਾਂ ਦਿੰਦੇ ਹਹਨ ਅਤੇ ਉਸਦੇ ਉੱਜਵਲ ਭਵਿੱਖ ਦੀ ਕਾਮਨਾ ਕਰਦੇ ਹਨ।

18-June-PAGE-4.qxd 6/17/2025 10:42 PM Page 1

ਨਵਾਂ ਜ਼ਮਾਨਾ

ਬੁੱਧਵਾਰ, 18 ਜੂਨ 2025

# ਦੌਰਿਆਂ ਨਾਲ ਕੀ ਖੱਟਿਆ ?

ਪਹਿਲਗਾਮ ਵਿੱਚ 26 ਸੈਲਾਨੀਆਂ ਦੇ ਕਤਲੇਆਮ ਤੋਂ ਬਾਅਦ ਪਾਕਿਸਤਾਨ ਨੂੰ ਨੰਗਾ ਕਰਨ ਤੇ ਦਹਿਸ਼ਤਗਰਦੀ ਬਾਰੇ ਭਾਰਤ ਦੇ ਸਟੈਂਡ ਤੋਂ ਜਾਣੂੰ ਕਰਾਉਣ ਲਈ ਸਰਕਾਰ ਵੱਲੋਂ ਬਣਾਏ ਗਏ ਸਰਬ ਪਾਰਟੀ ਵਫਦਾਂ ਨੇ 33 ਦੇਸ਼ਾਂ ਦਾ ਦੌਰਾ ਕੀਤਾ। ਤ੍ਰਿਣਮੂਲ ਕਾਂਗਰਸ ਦਾ ਸਾਂਸਦ ਅਭਿਸ਼ੇਕ ਬੈਨਰਜੀ ਵੀ ਅਜਿਹੇ ਇੱਕ ਵਫਦ ਵਿੱਚ ਸ਼ਾਮਲ ਸੀ, ਜਿਸ ਨੇ ਪੰਜ ਏਸ਼ੀਆਈ ਦੇਸ਼ਾਂ ਦਾ ਦੌਰਾ ਕੀਤਾ। ਭਾਰਤ ਵਾਪਸ ਆ ਕੇ ਉਸ ਨੇ ਵਿਦੇਸ਼ਾਂ ਵਿੱਚ ਸਿਵਲ ਸੁਸਾਇਟੀ ਦੇ ਮੈਂਬਰਾਂ ਤੇ ਲੋਕਾਂ ਵੱਲੋਂ ਉਸ ਦੇ ਵਫਦ ਨੂੰ ਕੀਤੇ ਗਏ ਸਵਾਲਾਂ ਦੇ ਸੰਦਰਭ ਵਿੱਚ ਸੋਸ਼ਲ ਮੀਡੀਆ ਪਲੇਟਫਾਰਮ 'ਤੇ ਪਾਈ ਇੱਕ ਲੰਬੀ ਪੋਸਟ 'ਚ ਪਹਿਲਗਾਮ ਦੀ ਘਟਨਾ ਨੂੰ ਲੈ ਕੇ ਕੇਂਦਰ ਅੱਗੇ ਕੁਝ ਸਵਾਲ ਰੱਖੇ ਹਨ। ਇਨ੍ਹਾਂ ਸਵਾਲਾਂ ਵਿੱਚ ਪ੍ਰਮੁੱਖ ਸਵਾਲ ਇਹ ਹੈ ਕਿ ਵਫਦਾਂ ਦੇ ਦੌਰਿਆਂ ਨਾਲ ਦੇਸ਼ ਨੂੰ ਕੀ ਹਾਸਲ ਹੋਇਆ ? ਇਸ ਤੋਂ ਇਲਾਵਾ ਉਸ ਨੇ ਇਹ ਸਵਾਲ ਵੀ ਪੁੱਛੇ ਹਨ ਕਿ ਦਹਿਸ਼ਤਗਰਦਾਂ ਨੇ ਸਰਹੱਦ ਕਿਵੇਂ ਟੱਪੀ ਤੇ ਹਮਲੇ ਨੂੰ ਅੰਜਾਮ ਦੇਣ ਵਿੱਚ ਸਫਲ ਕਿਵੇਂ ਹੋ ਗਏ ? ਹਰ ਕੋਈ ਜਾਣਦਾ ਹੈ ਕਿ ਪਹਿਲਗਾਮ ਵਿੱਚ ਜੋ ਹੋਇਆ, ਉਹ ਇੰਟੈਲੀਜੈਂਸ ਦੀ ਨਾਕਾਮੀ ਸੀ, ਪਰ ਫਿਰ ਵੀ ਇੰਟੈਲੀਜੈਂਸ ਬਿਊਰੋ ਦੇ ਚੀਫ ਤਪਨ ਕੁਮਾਰ ਡੇਕਾ ਨੂੰ ਜਵਾਬਦੇਹ ਬਣਾਉਣ ਦੀ ਥਾਂ ਉਸ ਦੇ ਸੇਵਾਕਾਲ ਵਿੱਚ ਇੱਕ ਸਾਲ ਦਾ ਵਾਧਾ ਕਰ ਦਿੱਤਾ ਗਿਆ। ਸਰਕਾਰ ਦੇ ਵੀ ਕਈ ਲੋਕ ਮੰਨਦੇ ਹਨ ਕਿ ਇੰਟੈਲੀਜੈਂਸ ਨਾਕਾਮ ਰਹੀ, ਪਰ ਫਿਰ ਵੀ ਡੇਕਾ ਦਾ ਸੇਵਾਕਾਲ ਵਧਾਉਣ ਪਿੱਛੇ ਕੀ ਮਜਬੂਰੀ ਸੀ ? ਬੈਨਰਜੀ ਨੇ ਇਹ ਵੀ ਸਵਾਲ ਉਠਾਇਆ ਹੈ ਕਿ ਜਦ ਸਰਕਾਰ ਆਪੋਜ਼ੀਸ਼ਨ ਆਗੂਆਂ, ਪੱਤਰਕਾਰਾਂ ਤੇ ਜੱਜਾਂ ਦੀ ਜਾਸੂਸੀ ਕਰਨ ਲਈ ਪੈਗਾਸਸ ਜਾਸੂਸੀ ਯੰਤਰ ਵਰਤ ਸਕਦੀ ਹੈ ਤਾਂ ਉਸ ਨੂੰ ਇਸ ਦੀ ਵਰਤੋਂ ਦਹਿਸ਼ਤਗਰਦਾਂ ਦੇ ਨੈੱਟਵਰਕ ਤੇ ਸ਼ੱਕੀਆਂ ਖਿਲਾਫ ਕਰਨ ਤੋਂ ਕਿਸ ਨੇ ਵਰਜਿਆ ? ਬੈਨਰਜੀ ਨੇ ਇਹ ਵੀ ਪੁੱਛਿਆ ਹੈ ਕਿ ਚਾਰ ਹਮਲਾਵਰ ਦਹਿਸ਼ਤਗਰਦਾਂ ਦਾ ਕੀ ਬਣਿਆ ? ਕੀ ਉਹ ਜਿਊਂਦੇ ਹਨ ਜਾਂ ਮਾਰੇ ਗਏ ? ਜੇ ਮਾਰੇ ਗਏ ਤਾਂ ਸਰਕਾਰ ਸਪੱਸ਼ਟ ਬਿਆਨ ਕਿਉਂ ਨਹੀਂ ਦਿੰਦੀ ? ਜੇ ਫੜੇ ਜਾਂ ਮਾਰੇ ਨਹੀਂ ਗਏ ਤਾਂ ਸਰਕਾਰ ਚੁੱਪ ਕਿਉਂ ਹੈ ? ਬੈਨਰਜੀ ਨੇ ਇਹ ਸਵਾਲ ਵੀ ਕੀਤਾ ਹੈ ਕਿ ਭਾਰਤ ਮਕਬੂਜ਼ਾ ਕਸ਼ਮੀਰ ਨੂੰ ਕਦੋਂ ਹਾਸਲ ਕਰਨ ਦਾ ਇਰਾਦਾ ਰੱਖਦਾ ਹੈ ਅਤੇ ਇਸ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਇਸ ਬਿਆਨ ਨੂੰ ਸਰਕਾਰੀ ਤੌਰ 'ਤੇ ਕਿਉਂ ਨਹੀਂ ਝੁਠਲਾਇਆ ਕਿ ਉਸ ਨੇ ਵਪਾਰ ਬੰਦ ਕਰਨ ਦੀ ਧਮਕੀ ਦੇ ਕੇ ਜੰਗ ਰੁਕਵਾਈ ? ਜਦੋਂ ਦੇਸ਼ ਹਥਿਆਰਬੰਦ ਫੌਜਾਂ ਦੀ ਪਿੱਠ 'ਤੇ ਸੀ ਤਾਂ ਸਮਝੌਤਾ ਕਿਉਂ ਕੀਤਾ ? ਬੈਨਰਜੀ ਨੇ ਇਹ ਸਵਾਲ ਵੀ ਕੀਤਾ ਹੈ ਕਿ ਹੈਰਾਨੀ ਦੀ ਗੱਲ ਹੈ ਕਿ ਭਾਰਤ ਦੁਨੀਆ ਦੀ ਇੱਕ ਵੱਡੀ ਆਰਥਕ ਸ਼ਕਤੀ ਹੋਣ ਅਤੇ ਖੁਦ ਨੂੰ ਵਿਸ਼ਵ ਗੁਰੂ ਵਜੋਂ ਪੇਸ਼ ਕਰਨ ਦੇ ਬਾਵਜੂਦ ਪਾਕਿਸਤਾਨ ਵਿਸ਼ਵ ਬੈਂਕ ਤੇ ਕੌਮਾਂਤਰੀ ਮਾਲੀ ਫੰਡ ਤੋਂ ਵੱਡੇ ਕਰਜ਼ੇ ਕਿਵੇਂ ਹਾਸਲ ਕਰ ਗਿਆ ? ਬੈਨਰਜੀ ਨੇ ਆਪਣੀ ਪੋਸਟ ਦੇ ਅੰਤ ਵਿੱਚ ਇਹ ਤੱਥ ਉਭਾਰਿਆ ਹੈ ਕਿ ਪਿਛਲੇ 10 ਸਾਲ ਵਿੱਚ ਵਿਦੇਸ਼ੀ ਮਾਮਲਿਆਂ (ਪ੍ਰਧਾਨ ਮੰਤਰੀ ਤੇ ਹੋਰਨਾਂ ਦੇ ਦੌਰਿਆਂ) ਉੱਤੇ 2 ਲੱਖ ਕਰੋੜ ਰੁਪਏ ਖਰਚ ਕਰਨ ਤੋਂ ਬਾਅਦ ਦੇਸ਼ ਨੇ ਖੱਟਿਆ ਕੀ ਹੈ ? ਦੇਸ਼ ਦੇ ਲੋਕ ਇਹ ਜਾਣਨਾ ਚਾਹੁੰਦੇ ਹਨ।

ਬੈਨਰਜੀ ਦੇ ਇਹ ਸਵਾਲ ਅਹਿਮ ਹਨ, ਪਰ ਹਮੇਸ਼ਾ ਵਾਂਗ ਸਰਕਾਰ ਨੇ ਜਵਾਬ ਨਹੀਂ ਦੇਣਾ, ਕਿਉਂਕਿ ਉਸ ਦੀ ਸੋਚ ਹੈ ਕਿ ਹਰ ਮਹੀਨੇ ਪੰਜ ਕਿੱਲੋ ਮੁਫਤ ਅਨਾਜ ਲੈਣ ਵਾਲੇ 80 ਕਰੋੜ ਲੋਕ ਅਤੇ ਨਕਦ ਰਾਸ਼ੀ ਹਾਸਲ ਕਰਨ ਵਾਲੀਆਂ ਮਹਿਲਾਵਾਂ ਤੇ ਛੋਟੇ ਕਿਸਾਨ ਉਸ ਦੇ ਖਿਲਾਫ ਨਹੀਂ ਬੋਲਣਗੇ, ਭਾਵੇਂ ਆਪੋਜ਼ੀਸ਼ਨ ਆਗੂ ਜੋ ਮਰਜ਼ੀ ਬੋਲੀ ਜਾਣ।

## ਡਰਾਉਣਾ ਦੌਰ ਚੁਫ਼ੇਰੇ !

ਐਕਸੀਡੈਂਟਾਂ ਦੀਆਂ ਖ਼ਬਰਾਂ ਨੇ ਰੋਜ਼ ਦੇਖੋ,
ਚੜ੍ਹਨੋਂ ਸੜਕ 'ਤੇ ਜਲਕਤ ਡਰਾਇ ਦਿੱਤੀ।
ਫੈਲ ਗਈ ਖੁਦਕੁਸ਼ੀਆਂ ਦੀ 'ਵਬਾ' ਭੈੜੀ,
ਸਬਰ ਸ਼ੁਕਰ ਦੀ ਫਿਤਰਤ ਭੁਲਾਇ ਦਿੱਤੀ।
'ਗੈਂਗਵਾਦ' ਤੇ ਨਸ਼ਿਆਂ ਦੀ ਮਹਾਂਮਾਰੀ,
ਨਵੀਂ ਪੀੜ੍ਹੀ ਹੀ ਜਿਨ੍ਹਾਂ ਭਟਕਾਇ ਦਿੱਤੀ।
ਕਤਲੋਗਾਰਤ ਵੀ ਆਏ ਦਿਨ ਵਧੀ ਜਾਵੇ,
ਆਮ ਲੋਕਾਂ 'ਚ ਦਹਿਸ਼ਤ ਵਧਾਇ ਦਿੱਤੀ।
ਓਧਰ 'ਡਰੋਨ ਮਿਜ਼ਾਈਲਾਂ' ਨੇ ਅੱਤ ਚੁੱਕੀ,
ਸਾਰੀ ਦੁਨੀਆ ਨੂੰ ਝੁਣਝੁਣੀ ਲਾਇ ਦਿੱਤੀ।
ਵਿੱਚ ਗੁਜਰਾਤ ਦੇ ਜਿਹੜਾ ਜਹਾਜ਼ ਡਿੱਗਾ,
ਉਸ ਤਕਨਾਲੋਜੀ ਸੋਚਾਂ ਵਿੱਚ ਪਾਇ ਦਿੱਤੀ।

-ਤਰਲੋਚਨ ਸਿੰਘ ਦੁਪਾਲਪੁਰ, 78146-92724

# 4026 ਦਿਨਾਂ ਦੀ ਮੋਦੀ ਹਕੂਮਤ ਆਮ ਲੋਕਾਂ ਪੱਲੇ ਕੀ ਪਾ ਸਕੀ ?



ਗੁਰਮੀਤ ਸਿੰਘ ਪਲਾਹੀ

26 ਮਈ 2014 ਨੂੰ ਭਾਜਪਾ ਆਗੂ ਨਰੇਂਦਰ ਮੋਦੀ ਨੇ ਦੇਸ਼ ਭਾਰਤ ਦੇ ਪ੍ਰਧਾਨ ਮੰਤਰੀ ਦੀ ਕੁਰਸੀ ਸੰਭਾਲੀ। ਗਿਆਰਾਂ ਸਾਲ, ਗਿਆਰਾਂ ਦਿਨ ਬੀਤ ਗਏ ਹਨ ਉਹਨਾ ਨੂੰ ਇਹ ਸ਼ਕਤੀਸ਼ਾਲੀ ਅਹੁਦਾ ਸੰਭਾਲਿਆਂ।

ਮੋਦੀ ਦੇ ਸ਼ਬਦਾਂ ਦਾ ਸੰਖੇਪ ਜਾਣੀਏ ਤਾਂ ਉਹ ਇਹ ਕਹਿੰਦੇ ਹਨ ਕਿ ਇਸ ਸਮੇਂ ਵਿੱਚ ਉਹਨਾ ਉਹ ਕੰਮ ਕੀਤੇ ਹਨ, ਜਿਹੜੇ (ਆਜ਼ਾਦੀ ਦਿਹਾੜੇ) 15 ਅਗਸਤ 1947 ਜਾਂ (ਗਣਤੰਤਰ ਦਿਹਾੜੇ) 26 ਜਨਵਰੀ 1950 ਤੋਂ ਬਾਅਦ 2014 ਤੱਕ ਕਿਸੇ ਪ੍ਰਧਾਨ ਮੰਤਰੀ ਜਾਂ ਕਿਸੇ ਸਰਕਾਰ ਨੇ ਨਹੀਂ ਕੀਤੇ। ਉਹਨਾ ਤੋਂ ਪਹਿਲਾਂ ਸਾਰੇ ਪ੍ਰਧਾਨ ਮੰਤਰੀਆਂ ਨੇ ਤਾਂ ਦੇਸ਼ ਦੇ ਲੋਕਾਂ ਨੂੰ ਗੁੰਮਰਾਹ ਹੀ ਕੀਤਾ ਹੈ, ਲੋਕਾਂ ਲਈ ਕੋਈ ਕੰਮ ਨਹੀਂ ਕੀਤਾ। ਗਿਆਰਾਂ ਸਾਲਾਂ, ਗਿਆਰਾਂ ਦਿਨਾਂ 'ਚ ਸਿਰਫ਼ ਉਹਨਾਂ ਹੀ ਦੇਸ਼ 'ਚ ਵਿਕਾਸ ਦੀਆਂ ਨੇਰ੍ਹੀਆਂ ਲਿਆ ਦਿੱਤੀਆਂ ਹਨ। ਲੋਕਾਂ ਦੇ ਪੈਰਾਂ ਥੱਲੇ ਮਖਮਲ ਵਿਛਾ ਦਿੱਤੀ ਹੈ। ਚੱਪਲਾਂ ਵਾਲੇ ਵੀ ਜਹਾਜ਼ੇ ਚੜ੍ਹਾ ਦਿੱਤੇ ਹਨ।

ਦੇਸ਼ 'ਚ ਅਮੀਰ ਅਤੇ ਵੱਡੇ ਅਮੀਰ 20 ਫ਼ੀਸਦੀ ਹਨ ਅਤੇ ਬਹੁਤ ਗਰੀਬ 20 ਫ਼ੀਸਦੀ ਹਨ। ਇਹਨਾਂ ਦੋਹਾਂ ਵਰਗਾਂ 'ਚ ਨਾ-ਬਰਾਬਰੀ ਏਨੀ ਵੱਡੀ ਹੈ ਕਿ ਨੇੜ ਭਵਿੱਖ ਵਿੱਚ ਇਹ ਖੱਪਾ ਪੂਰਾ ਹੋਣ ਦੇ ਕੋਈ ਆਸਾਰ ਹੀ ਨਹੀਂ । ਹੇਠਲੇ 20 ਫ਼ੀਸਦੀ ਲੋਕਾਂ 'ਚ ਡਰ ਦੀ ਭਾਵਨਾ ਹੈ, ਅਸੁਰੱਖਿਆ ਹੈ। ਦੇਸ਼ ਬਹੁ-ਗਿਣਤੀ, ਸੰਪਰਦਾਇਕ ਅਤੇ ਜਾਤੀ ਸੰਘਰਸ਼ ਦਾ ਸਾਹਮਣਾ ਕਰ ਰਿਹਾ ਹੈ। ਨਫ਼ਰਤੀ ਭਾਸ਼ਣ ਅਤੇ ਲਿਖਤਾਂ, ਸਰਕਾਰਾਂ ਤੇ ਪੂੰਜੀਪਤੀਆਂ 'ਚ ਖੁੱਲ੍ਹਾ ਗੱਠਜੋੜ, ਅਪਰਾਧਿਕ ਰੁਚੀਆਂ ਚ ਵਾਧਾ, ਨਿਆਂਪਾਲਿਕਾ ਦਾ ਪਤਨ, ਸੰਘੀ ਢਾਂਚੇ 'ਚ ਤਰੇੜਾਂ ਨਹੀਂ ਦਰਾੜਾਂ ਅਤੇ ਵਧ ਰਹੀਆਂ ਹਾਕਮਾਂ ਦੀਆਂ ਡਿਕਟੇਟਰਾਨਾਂ ਰੁਚੀਆਂ ਨੇ ਦੇਸ਼ ਨੂੰ ਤਬਾਹੀ ਕੰਢੇ ਲਿਆ ਖੜਾ ਕੀਤਾ ਹੈ। ਕਿੱਡੀ ਵੱਡੀ ਹੈ ਇਹ ਪ੍ਰਾਪਤੀ ਏਨੇ ਵਰ੍ਹਿਆਂ 'ਚ!

ਸਿਖਰਲੇ ਅਤੇ ਹੇਠਲੇ ਵਰਗਾਂ ਦਾ ਅੰਤਰ ਅਤੇ ਸਿਖਰਲਿਆਂ ਨੂੰ ਬਖ਼ਸ਼ੀਆਂ ਜਾ ਰਹੀਆਂ ਹਕੂਮਤੀ ਸੁਵਿਧਾਵਾਂ ਇਸ ਗੱਲੋਂ ਪ੍ਰਮਾਣਿਤ ਹਨ ਕਿ ਅਹਿਮਦਾਬਾਦ ਅਤੇ ਮੁੰਬਈ ਵਿਚਕਾਰ ਚਲਾਈ ਜਾਣ ਵਾਲੀ ਬੁਲਟ ਟਰੇਨ ਪ੍ਰਯੋਜਨਾ ਉੱਤੇ 1,08,000 ਕਰੋੜ ਖ਼ਰਚੇ ਜਾਣੇ ਹਨ ਜਦ ਕਿ ਧਨ ਦੀ ਭਾਰੀ ਘਾਟ ਕਾਰਨ ਰੇਲ ਵਿੱਚ ਆਮ ਲੋਕਾਂ ਲਈ ਸੁਵਿਧਾਵਾਂ ਤਹਿਸ-ਨਹਿਸ ਹੋਈਆਂ ਪਈਆਂ ਹਨ। 2014 ਤੋਂ 2025 ਵਿਚਕਾਰ 29,970 ਲੋਕ ਰੇਲ ਹਾਦਸਿਆਂ 'ਚ ਮਾਰੇ ਗਏ ਅਤੇ 30,214 ਜ਼ਖ਼ਮੀ ਹੋਏ, ਇਹ ਦੇਸ਼ ਦੇ ਸਭ ਤੋਂ ਵੱਡੇ ਮਹਿਕਮੇ 'ਚ ਵਾਪਰਿਆ ਹੈ।

ਦੇਸ਼ ਦੇ ਬਿਹਤਰ ਜੀਵਨ ਦੀ ਕੁੰਜੀ, ਉਸ ਦੇਸ਼ ਦੇ ਨਾਗਰਿਕ ਦੀ ਪ੍ਰਤੀ ਜੀਅ ਆਮਦਨ ਹੈ, ਨਾ ਕਿ ਜੀ ਡੀ ਪੀ ਦਾ ਆਕਾਰ। ਦੇਸ਼ ਦੀ ਪ੍ਰਤੀ ਜੀਅ ਆਮਦਨ 10 ਸਾਲਾਂ ਵਿੱਚ 1,438 ਅਮਰੀਕੀ ਡਾਲਰ ਤੋਂ 2,711 ਡਾਲਰ ਤੱਕ ਵਧੀ ਅਤੇ ਗਿਆਰਵੇਂ ਸਾਲ ਇਹ 2,878 ਤੱਕ ਪਹੁੰਚੀ। ਇਸ ਲਿਹਾਜ਼ ਨਾਲ ਭਾਰਤ 196 ਦੇਸ਼ਾਂ ਵਿੱਚੋਂ 136ਵੇਂ ਸਥਾਨ 'ਤੇ ਹੈ। ਵਿਕਸਤ ਦੇਸ ਬਣਨ ਲਈ ਕਿਸੇ ਦੇਸ ਦੀ ਆਮਦਨ ਪ੍ਰਤੀ ਜੀਅ 14,000 ਡਾਲਰ ਜ਼ਰੂਰੀ ਹੈ। ਦੇਸ਼ ਦਾ ਆਮ ਨਾਗਰਿਕ ਕਦੋਂ ਇਸ ਆਮਦਨ ਪੱਧਰ 'ਤੇ ਪੁੱਜ ਸਕੇਗਾ, ਜਦ ਕਿ ਉਸ ਦੇ ਆਰਥਿਕ ਹਾਲਾਤ ਬਹੁਤ ਪਤਲੇ ਹਨ। ਦੇਸ਼ ਦਾ ਵੱਡਾ, ਵਿਸ਼ੇਸ਼ ਵਰਗ ਵੱਡੀਆਂ ਉਡਾਰੀਆਂ ਭਰ ਰਿਹਾ ਹੈ।

ਪਿਛਲੇ ਦਿਨੀ ਅਖ਼ਬਾਰਾਂ ਦੀਆਂ ਸੁਰਖੀਆਂ 'ਚ ਇਹ ਖਬਰ ਛਾਈ ਹੋਈ ਹੈ ਕਿ ਭਾਰਤ ਵਿੱਚ ਗਰੀਬੀ ਘਟ ਗਈ ਹੈ। ਗਰੀਬੀ ਤੋਂ ਹੇਠਲੇ ਪੱਧਰ 'ਤੇ ਬਹੁਤ ਘੱਟ ਲੋਕ ਰਹਿ ਗਏ ਹਨ। ਗਰੀਬੀ ਦੇ ਸ਼ਹਿਰਾਂ 'ਚ ਦਰਸ਼ਨ ਕਰਨੇ ਹੋਣ ਤਾਂ ਮੁੰਬਈ 'ਚ ਮਰੀਨ ਡਰਾਈਵ 'ਤੇ ਜਾਓ, ਪਤਾ ਲੱਗ ਜਾਏਗਾ ਕਿ ਦਹਾਕਿਆਂ ਤੋਂ ਇੱਥੇ ਲੋਕ ਬਿਨਾਂ ਛੱਤ ਤੋਂ ਬਸੇਰਾ ਕਰਦੇ ਹਨ। ਬੱਚੀਆਂ ਚੂੜੀਆਂ ਵੇਚ ਕੇ ਗੁਜ਼ਾਰਾ ਕਰਦੀਆਂ ਹਨ ਅਤੇ ਮਸਾਂ ਢਿੱਡ ਭਰਦੀਆਂ ਹਨ। ਹੈਰਾਨੀ ਵਾਲੀ ਗੱਲ ਹੈ ਕਿ ਕੀ ਇਹ ਗਰੀਬੀ ਨਹੀਂ ? ਦੂਜੇ ਪਾਸੇ ਗਗਨ-ਚੁੰਬੀ ਇਮਾਰਤਾਂ, ਹਾਈਵੇ ਵਧ ਰਹੇ ਹਨ। ਕਿਸ ਵਾਸਤੇ ਤੇ ਕਿਉਂ ?

ਯਾਦ ਕਰ ਸਕਦੇ ਹੋ ਕੋਰੋਨਾ ਕਾਲ ਨੂੰ, ਜਦੋਂ ਸ਼ਹਿਰਾਂ ਚੋਂ ਕੰਮ ਕਰਦੇ ਮਜ਼ਦੂਰ ਫੈਕਟਰੀਆਂ ਤੇ ਕਾਰੋਬਾਰ ਬੰਦ ਹੋਣ ਕਾਰਨ ਪੈਦਲ ਆਪਣੇ ਪਿਛਲੇ ਪਿੰਡਾਂ ਤੱਕ ਚਾਲੇ ਪਾ ਗਏ। ਸਿਰਫ਼ ਮਗਨਰੇਗਾ ਹੀ ਇਕ ਸਕੀਮ ਸੀ, ਜਿਸ ਅਧੀਨ ਇਹ ਕਾਮੇ ਪਿੰਡਾਂ 'ਚ ਕੰਮ 'ਤੇ ਲੱਗੇ ਤੇ ਮਜ਼ਦੂਰ ਪ੍ਰਤੀ ਦਿਨ 250 ਰੁਪਏ ਪ੍ਰਾਪਤ ਕਰ ਸਕੇ, ਉਹ ਵੀ ਸਾਲ ਦੇ 100 ਦਿਨ, ਪਰ ਭੁੱਖੇ ਮਰਨੋਂ ਬਚੇ ਰਹੇ। ਇਸ ਕਾਲ ਦੀ ਪ੍ਰਾਪਤੀ ਵੇਖੋ, ਸੈਂਕੜੇ ਹੋਰ ਧਨਾਢ ਅਰਬਪਤੀਆਂ ਦੀ ਲਿਸਟ ਵਿੱਚ ਸ਼ਾਮਲ ਹੋ ਗਏ।

ਪਰ ਸਵਾਲ ਹੈ ਕਿ 11 ਸਾਲਾਂ 11 ਦਿਨਾਂ ਦੇ ਸ਼ਾਸਨ ਕਾਲ 'ਚ ਕਿ ਮੋਦੀ ਜੀ ਦੀ ਸਰਕਾਰ ਗਰੀਬੀ ਹਟਾਉਣ ਦੇ ਨਵੇਂ ਢੰਗ-ਤਰੀਕੇ, ਸਾਧਨ ਲੱਭ ਸਕੀ ? ਉਸ ਵੱਲੋਂ ਮਗਨਰੇਗਾ ਨੂੰ ਨਿੰਦਿਆ ਗਿਆ। ਪਹਿਲੀਆਂ ਚਲਦੀਆਂ ਵਿਕਾਸ ਸਕੀਮਾਂ ਦੇ ਰੰਗ-ਢੰਗ ਬਦਲ ਦਿੱਤੇ ਗਏ। ਹੁਣ ਯੋਜਨਾਵਾਂ ਬਣਦੀਆਂ ਹਨ ਉਹ, ਜਿਹੜੀਆਂ ਹਾਕਮਾਂ ਪੱਲੇ ਵੋਟ ਪਾਉਂਦੀਆਂ ਹਨ। ਮਹਾਰਾਸ਼ਟਰ ਸੂਬੇ ਦੀ ਚੋਣ ਜਿੱਤਣ ਲਈ ਭਾਰਤੀ ਜਨਤਾ ਪਾਰਟੀ ਨੇ 'ਲਾਡਲੀ ਬਹਿਨਾ' ਯੋਜਨਾ ਬਣਾ ਲਈ ਜਾਂ ਫਿਰ ਸਰਕਾਰਾਂ ਇਹੋ ਜਿਹੇ ਢੰਗ-ਤਰੀਕੇ ਲੱਭਦੀਆਂ ਹਨ ਲੋਕਾਂ ਨੂੰ ਖੈਰਾਤ ਵੰਡਣ ਦੇ, ਜਿਸ ਨਾਲ ਉਨਾਂ ਦੀ ਪਾਰਟੀ ਤਾਕਤ 'ਚ ਆਉਂਦੀ ਹੈ। ਇਹ ਖੈਰਾਤਾਂ ਲੈਣ ਲਈ ਲੰਮੀਆਂ ਕਤਾਰਾਂ ਲੱਗਦੀਆਂ ਹਨ, ਕਿੰਨਾਂ ਲੋਕਾਂ ਦੀਆਂ ਆਖ਼ਰ ? ਬਿਨਾਂ ਸ਼ੱਕ ਗਰੀਬਾਂ ਦੀਆਂ । 80 ਕਰੋੜ ਇਹੋ ਗਰੀਬ ਲੋਕ ਉਹ ਮੁਫ਼ਤ ਦਾ ਰਾਸ਼ਨ ਪ੍ਰਾਪਤ ਕਰਦੇ ਹਨ ਤਾਂ ਫਿਰ ਗਰੀਬਾਂ ਦੀ ਲਿਸਟ ਕਿਵੇਂ ਘਟੀ ? 4,026 ਦਿਨਾਂ ਦੀ ਮੋਦੀ ਹਕੂਮਤ ਆਮ ਲੋਕਾਂ ਪੱਲੇ ਕੀ ਪਾ ਸਕੀ ?

ਚੰਗਾ ਰਾਜ ਪ੍ਰਬੰਧ ਉਸ ਨੂੰ ਮੰਨਿਆ ਜਾਂਦਾ ਹੈ, ਜਦ ਦੇਸ 'ਚ ਸਾਰਿਆਂ ਲਈ ਵਧੀਆ, ਮਜ਼ਬੂਤ ਅਤੇ ਨਿਆਂ ਸੰਗਤ ਵਿਵਸਥਾ ਹੋਵੇ ਅਤੇ ਹਰ ਵਿਅਕਤੀ ਨੂੰ ਸੰਤੁਸ਼ਟੀ ਹੋਵੇ ਕਿ ਉਸ ਦਾ ਅਤੇ ਉਸ ਦੇ ਪਰਵਾਰ ਦਾ ਭਵਿੱਖ ਹੋਰ ਵੀ ਚੰਗੇਰਾ ਬਣੇਗਾ, ਪਰ 11 ਸਾਲ 11 ਦਿਨ ਚੰਗਾ ਰਾਜ ਪ੍ਰਬੰਧ ਨਹੀਂ ਦੇ ਸਕਿਆ। ਕੀ ਮੋਦੀ ਜੀ ਦੱਸ ਸਕਦੇ ਹਨ ਕਿ ਕਿੰਨੇ ਲੱਖ ਲੋਕਾਂ ਦਾ ਜੀਵਨ ਪੱਧਰ ਵਧਿਆ ? ਕਿੰਨੇ ਲੱਖ ਲੋਕਾਂ ਨੂੰ ਬਿਹਤਰ ਰੁਜ਼ਗਾਰ ਮਿਲਿਆ। ਕੀ ਲੋਕ ਇਸ ਸਮੇਂ ਦੌਰਾਨ ਬੇਰੁਜ਼ਗਾਰੀ, ਗਰੀਬੀ ਤੋਂ ਡਰ ਰਹਿਤ ਹੋ ਸਕੇ ?

ਇਸ ਤੋਂ ਵੀ ਵੱਡੀ ਗੱਲ ਇਹ ਜਾਨਣ ਵਾਲੀ ਹੈ ਕਿ ਇਸ ਸਮੇਂ ਦੌਰਾਨ ਕਿ ਭਾਰਤ 'ਚ ਨਿਆ ਸੰਗਤ ਵਿਵਸਥਾ ਬਣ ਸਕੀ ਹੈ ? ਕੀ ਕਾਨੂੰਨ ਵਿਵਸਥਾ ਚੰਗੀ ਹੋਈ ਹੈ ? ਕੀ ਲੋਕ ਪਹਿਲਾਂ ਨਾਲੋਂ ਸੌਖਾ ਮਹਿਸੂਸ ਕਰ ਸਕੇ ਹਨ ? ਕੀ ਔਰਤਾਂ ਮਾਨਸਿਕ ਤੌਰ 'ਤੇ ਸੁਰੱਖਿਅਤ ਮਹਿਸੂਸ ਕਰਦੀਆਂ ਹਨ ?

2014 'ਚ ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵਾਗਡੋਰ ਸੰਭਾਲੀ ਸੀ ਤਾਂ ਦੇਸ਼ ਦੀ ਪਾਰਲੀਮੈਂਟ 'ਚ ਗਿਣਤੀ ਦੇ ਕੁਝ ਵਿਅਕਤੀ ਹੀ ਸਨ, ਜਿਨ੍ਹਾਂ ਉਤੇ ਅਪਰਾਧਿਕ ਕੇਸ ਦਰਜ ਸਨ। ਮੋਦੀ ਨੇ ਐਲਾਨਿਆ ਸੀ ਕਿ ਕਿਸੇ ਉਸ ਵਿਅਕਤੀ ਨੂੰ ਦੇਸ਼ ਦੀ ਕਾਨੂੰਨ ਘੜਨੀ ਸਭਾ 'ਚ ਬੈਠਣ ਦੀ ਆਗਿਆ ਉਹ ਅੱਗੋਂ ਤੋਂ ਨਹੀਂ ਦੇਣਗੇ, ਜਿਨ੍ਹਾਂ 'ਤੇ ਅਪਰਾਧਿਕ ਮਾਮਲੇ ਹਨ, ਪਰ 2024 ਦੀ ਪਾਰਲੀਮੈਂਟ 'ਚ 46 ਫ਼ੀਸਦੀ ਮੈਂਬਰ ਪਾਰਲੀਮੈਂਟ, ਅਪਰਾਧਿਕ ਕੇਸਾਂ ਵਾਲੇ ਬੈਠੇ ਹਨ। ਇਹ ਪਿਛਲੇ ਸਮੇਂ ਦੀ ਰਿਕਾਰਡ ਗਿਣਤੀ ਹੈ। ਕੀ ਇਸ ਨੂੰ 11 ਸਾਲਾਂ ਦੀ ਵੱਡੀ ਪ੍ਰਾਪਤੀ ਚ ਸਾਮਿਲ ਕੀਤਾ ਜਾਵੇ ਕਿ ਦੇਸ 'ਚ ਧਨ ਕੁਬੇਰ ਅਪਰਾਧਿਕ ਪਿਛੋਕੜ ਵਾਲੇ ਧੱਕੜ ਲੋਕਾਂ ਦਾ ਕਬਜ਼ਾ ਹੋ ਗਿਆ ਹੈ ? ਕੀ ਇਹਨਾਂ ਤੋਂ ਆਮ ਆਦਮੀ ਨੂੰ ਕੋਈ ਇਨਸਾਫ਼ ਮਿਲਣ ਦੀ ਤਵੱਕੋ ਹੈ ?

ਦੇਸ਼ ਦੀ ਸਾਰੀ ਸ਼ਕਤੀ ਪ੍ਰਧਾਨ ਮੰਤਰੀ ਦੇ ਹੱਥਾਂ 'ਚ ਕੇਂਦਰਤ ਹੈ। ਸਵੇਰੇ-ਸ਼ਾਮ ਉਨ੍ਹਾ ਦੇ ਨਾਂਅ ਦੀ ਮਾਲਾ ਮੀਡੀਆ 'ਚ ਜਪੀ ਜਾਂਦੀ ਹੈ। ਪਾਰਟੀ ਪੱਧਰ ਉੱਤੇ ਉਹਨਾਂ ਦਾ ਵੱਡਾ ਜਸ ਗਾਇਆ ਜਾਂਦਾ ਹੈ। ਇਨਾਂ ਸ਼ਕਤੀਆਂ ਦੇ ਬਾਵਜੂਦ ਜੇਕਰ ਦੇਸ਼ ਬਿਹਤਰ, ਜ਼ਿਆਦਾ ਮਜ਼ਬੂਤ ਅਤੇ ਨਿਆਂ ਸੰਗਤ ਨਹੀਂ ਬਣਦਾ ਤਾਂ ਉਸ ਦੀ ਕਾਰਗੁਜ਼ਾਰੀ ਉੱਤੇ ਪ੍ਰਸ਼ਨ ਚਿੰਨ੍ਹ ਤਾਂ ਲੱਗਣਗੇ ਹੀ।

11 ਸਾਲ, 11 ਦਿਨਾਂ ਦਾ ਸਮਾਂ ਕੋਈ ਘੱਟ ਨਹੀਂ ਹੁੰਦਾ। ਇਸ ਸਮੇਂ ਨੂੰ 'ਸਭ ਕਾ ਸਾਥ ਸਭ ਕਾ ਵਿਕਾਸ' ਲਈ ਵਰਤਿਆ ਜਾ ਸਕਦਾ ਹੈ, ਪਰ ਵਿਕਾਸ ਤਾਂ ਉਹਨਾਂ ਆਪਣੇ ਨਿੱਜੀ ਹਿੱਤਾਂ ਨੂੰ ਸਾਹਮਣੇ ਰੱਖ ਕੇ ਕੀਤਾ ਜਾਂ ਕਰਵਾਇਆ। ਦੇਸ਼ ਦੇ ਸੰਘੀ ਢਾਂਚੇ ਨੂੰ ਸੱਟ ਮਾਰੀ, ਧਾਰਮਕ ਘੱਟ ਗਿਣਤੀਆਂ ਦਾ ਵਿਸ਼ਵਾਸ ਤਾਰ-ਤਾਰ ਕੀਤਾ, ਸੰਵਿਧਾਨ ਦੀਆਂ ਪਰੰਪਰਾਵਾਂ ਨੂੰ ਤੋੜ ਕੇ ਵਿਰੋਧੀ ਸਰਕਾਰਾਂ ਤੋੜੀਆਂ, ਖੁਦਮੁਖਤਾਰ ਸੰਸਥਾਵਾਂ ਨੂੰ ਆਪਣੇ ਹਿੱਤਾਂ ਲਈ ਵਰਤਿਆ, ਨਿਆਂਪਾਲਿਕਾ ਨੂੰ ਕਮਜ਼ੋਰ ਕਰਨ ਲਈ ਯਤਨ ਕੀਤੇ, ਵਿਚਾਰਾਂ ਦੀ ਆਜ਼ਾਦੀ ਉੱਤੇ ਵੱਡੀ ਸੱਟ ਮਾਰੀ, ਆਪਣੇ ਵਿਰੋਧੀਆਂ ਨੂੰ ਜੇਲ੍ਹਾਂ 'ਚ ਡੱਕਿਆ ਤਾਂ ਫਿਰ ਮੋਦੀ ਦੀ ਕਾਰਗੁਜ਼ਾਰੀ ਉੱਤੇ ਸਵਾਲ ਤਾਂ ਉੱਠਣੇ ਹੀ ਸਨ, ਜੋ ਉੱਠ ਰਹੇ ਹਨ।

# ਸੰਪਰਕ : 98158-02070

# ਮੋਬਾਇਲ ਦਾ ਨਸ਼ਾ ਸਭ ਤੋਂ ਭੈੜਾ

ਸੰਦੀਪ ਕੁਮਾਰ

ਅੱਜ ਦੇ ਯੁੱਗ 'ਚ ਜਿੱਥੇ ਤਕਨੀਕ ਨੇ ਮਨੁੱਖੀ ਜੀਵਨ ਨੂੰ ਆਸਾਨ, ਸੁਵਿਧਾਜਨਕ ਅਤੇ ਉਤਸ਼ਾਹਜਨਕ ਬਣਾਇਆ ਹੈ, ਉੱਥੇ ਹੀ ਇਹ ਤਕਨੀਕੀ ਵਿਕਾਸ ਕੁਝ ਖੇਤਰਾਂ ਵਿੱਚ ਵਰਦਾਨ ਦੀ ਥਾਂ ਆਫ਼ਤ ਬਣ ਕੇ ਉਭਰ ਰਿਹਾ ਹੈ। ਮੋਬਾਇਲ ਫੋਨ, ਜੋ ਕਿ ਸ਼ੁਰੂ ਵਿੱਚ ਸੰਚਾਰ ਦਾ ਇਕ ਸ਼ਕਤੀਸ਼ਾਲੀ ਅਤੇ ਵਧੀਆ ਸਾਧਨ ਸੀ, ਅੱਜ ਇੱਕ ਅਜਿਹੇ ਨਸ਼ੇ ਦਾ ਰੂਪ ਧਾਰਨ ਕਰ ਗਿਆ ਹੈ, ਜੋ ਬੱਚਿਆਂ ਤੋਂ ਲੈ ਕੇ ਵੱਡਿਆਂ ਤੱਕ, ਹਰੇਕ ਉਮਰ ਦੇ ਲੋਕਾਂ ਦੀ ਜ਼ਿੰਦਗੀ ਨੂੰ ਪ੍ਰਭਾਵਤ ਕਰ ਰਿਹਾ ਹੈ। ਵਿਸ਼ੇਸ਼ ਕਰਕੇ ਬੱਚਿਆਂ ਵਿੱਚ ਇਹ ਮੋਬਾਇਲ ਦੀ ਆਦਤ ਇੱਕ ਵੱਡੀ ਸਮਾਜਕ ਅਤੇ ਮਾਨਸਿਕ ਚੁਣੌਤੀ ਬਣੀ ਹੋਈ ਹੈ, ਜਿਸ ਨੇ ਉਨ੍ਹਾਂ ਦੀ ਜੀਵਨ ਸ਼ੈਲੀ, ਸੋਚ ਅਤੇ ਭਵਿੱਖ ਉੱਤੇ ਗੰਭੀਰ ਛਾਪ ਛੱਡੀ ਹੈ। ਮੋਬਾਇਲ ਦੀ ਆਦਤ ਨੂੰ ਅੱਜ ਦੇ ਨਵੇਂ ਯੁੱਗ ਦਾ ਸਭ ਤੋਂ ਵੱਡਾ ਨਸ਼ਾ ਕਿਹਾ ਜਾ ਸਕਦਾ ਹੈ, ਜਿਵੇਂ ਕਿ ਸੰਸਾਰ ਭਰ ਵਿੱਚ ਅਫੀਮ, ਸ਼ਰਾਬ, ਚਰਸ, ਗਾਂਜਾ ਅਤੇ ਹੋਰ ਕੈਮੀਕਲ ਨਸ਼ਿਆਂ ਦੇ ਵਿਰੁੱਧ ਵੱਡੀ ਜੰਗ ਚੱਲ ਰਹੀ ਹੈ, ਉਵੇਂ ਹੀ ਮੋਬਾਇਲ ਨਸ਼ਾ ਵੀ ਇੱਕ ਐਸੀ ਮੁਸੀਬਤ ਬਣ ਚੁੱਕਾ ਹੈ ਜਿਸ ਲਈ ਹਾਲੇ ਤੱਕ ਕੋਈ ਵਿਸ਼ੇਸ਼ ਕਾਨੂੰਨੀ ਜਾਂ ਸਮਾਜਿਕ ਰੋਕਥਾਮ ਨਹੀਂ ਕੀਤੀ ਗਈ। ਅਫੀਮ ਜਾਂ ਸ਼ਰਾਬ ਵਰਗਾ ਨਸ਼ਾ ਅਕਸਰ ਵਿਅਕਤੀਗਤ ਚੋਣ ਜਾਂ ਬੁਰੀ ਸੰਗਤ ਦੇ ਪ੍ਰਭਾਵ ਨਾਲ ਸੁਰੂ ਹੁੰਦਾ ਹੈ, ਪਰ ਮੋਬਾਇਲ ਦਾ ਨਸ਼ਾ ਅਜਿਹਾ ਹੈ, ਜੋ ਮਾਪਿਆਂ ਦੀ ਅਣਜਾਣੀ ਲਾਪਰਵਾਹੀ ਨਾਲ ਬੱਚਿਆਂ ਵਿੱਚ ਛੋਟੀ ਉਮਰ ਤੋਂ ਹੀ ਵਧਦਾ ਜਾ ਰਿਹਾ ਹੈ। ਮਾਪੇ, ਜਦੋਂ ਬੱਚਾ ਰੋਂਦਾ ਜਾਂ ਜ਼ਿੱਦ ਕਰਦਾ ਹੈ, ਤਾਂ ਉਸ ਨੂੰ ਕੁਝ ਸਮੇਂ ਲਈ ਚੁੱਪ ਕਰਵਾਉਣ ਦਾ ਸੌਖਾ ਹੱਲ ਮੋਬਾਇਲ ਦੀ ਸਕਰੀਨ ਦੇ ਰੂਪ ਵਿੱਚ ਲੱਭ ਲੈਂਦੇ ਹਨ। ਇਹੀ ਆਦਤ ਹੌਲੀ-ਹੌਲੀ ਬੱਚਿਆਂ ਦੀ ਜ਼ਿੰਦਗੀ ਵਿੱਚ ਅਜਿਹੀ ਗਹਿਰੀ ਜੜ੍ਹ ਬਣ ਜਾਂਦੀ ਹੈ ਕਿ ਉਹ ਪੜ੍ਹਾਈ, ਖੇਡ-ਕੁਦ, ਸਮਾਜਿਕ ਗਤੀਵਿਧੀਆਂ ਅਤੇ ਪਰਵਾਰਕ ਸੰਬੰਧਾਂ ਤੋਂ ਦੂਰ ਹੋਣ ਲੱਗਦੇ ਹਨ। ਮੋਬਾਇਲ ਦੀ ਲੱਤ ਬੱਚਿਆਂ ਦੇ ਸਰੀਰਕ ਅਤੇ ਮਾਨਸਿਕ ਵਿਕਾਸ ਉੱਤੇ ਵੀ ਅਤਿਅੰਤ ਗੰਭੀਰ ਅਸਰ ਪਾ ਰਹੀ ਹੈ। ਜੋ ਉਮਰ ਬਾਹਰੀ ਦੁਨੀਆ ਦੀ ਖੋਜ, ਕਸਰਤ ਅਤੇ ਖੇਡਾਂ ਲਈ ਹੁੰਦੀ ਹੈ, ਉਹ ਹੁਣ ਮੋਬਾਇਲ ਦੀ ਛੋਟੀ ਸਕਰੀਨ ਅੱਗੇ ਬੈਠੇ-ਬੈਠੇ ਬਰਬਾਦ ਹੋ ਰਹੀ ਹੈ। ਬੱਚਿਆਂ ਦੀਆਂ ਅੱਖਾਂ ਉੱਤੇ ਮੋਬਾਇਲ ਦੀ ਨੀਲੀ ਰੌਸ਼ਨੀ ਅਸਰ ਕਰਦੀ ਹੈ, ਜੋ ਕਿ ਨਾ ਸਿਰਫ ਅੱਖਾਂ ਦੀ ਥਕਾਵਟ ਦਾ ਕਾਰਨ ਬਣਦੀ ਹੈ, ਸਗੋਂ ਲੰਮੇ ਸਮੇਂ ਲਈ ਅੱਖਾਂ ਦੀ ਰੋਸ਼ਨੀ ਘਟਾ ਸਕਦੀ ਹੈ। ਇਨ੍ਹਾਂ ਬੱਚਿਆਂ ਵਿੱਚ ਅਕਸਰ ਨਜ਼ਰ ਦੀ ਕਮੀ, ਚਸ਼ਮੇ ਦੀ ਲੋੜ ਅਤੇ ਅੱਖਾਂ ਨਾਲ ਸੰਬੰਧਤ ਹੋਰ ਗੰਭੀਰ ਸਮੱਸਿਆਵਾਂ ਵੇਖਣ ਨੂੰ ਮਿਲ ਰਹੀਆਂ ਹਨ। ਇਨ੍ਹਾਂ ਤਕਨੀਕੀ ਉਪਕਰਣਾਂ ਨਾਲ ਜੁੜੀ ਹੋਈ ਨਿਰੰਤਰ ਲਗਾਤਾਰ ਜਾਂਚ ਅਤੇ ਖੋਜ ਬੱਚਿਆਂ ਦੀ ਮਨੋਵਿਗਿਆਨਕ ਸਿਹਤ ਉੱਤੇ ਵੀ ਗੰਭੀਰ ਪ੍ਰਭਾਵ ਛੱਡ ਰਹੀ ਹੈ। ਉਹ ਆਪਣੀ ਪੜ੍ਹਾਈ ਉੱਤੇ ਧਿਆਨ ਨਹੀਂ ਕੇਂਦਰਤ ਕਰ ਸਕਦੇ, ਇਕਾਗਰਤਾ ਦੀ ਘਾਟ ਪੈ ਜਾਂਦੀ ਹੈ, ਉਨ੍ਹਾਂ ਵਿੱਚ ਥਕਾਵਟ, ਚਿੜਚਿੜਾਪਨ ਅਤੇ ਆਲਸ ਆਉਣ ਲੱਗਦੇ ਹਨ।

ਸੋਸ਼ਲ ਮੀਡੀਆ ਇਸ ਨਸ਼ੇ ਦਾ ਇੱਕ ਹੋਰ ਖਤਰਨਾਕ ਪੱਖ ਹੈ। ਨੌਜਵਾਨ ਤੇ ਬੱਚੇ ਅੱਜ ਰੀਲਾਂ, ਟਿਕਟੋਕ ਵੀਡੀਓਜ, ਯੂਟਿਊਬ ਸ਼ੌਰਟਸ ਅਤੇ ਹੋਰ ਆਕਰਸ਼ਕ ਵੀਡੀਓਜ਼ ਦੇ ਮਾਧਿਅਮ ਨਾਲ ਆਪਣਾ ਕੀਮਤੀ ਸਮਾਂ ਬਰਬਾਦ ਕਰ ਰਹੇ ਹਨ। ਇਹਨਾਂ ਪਲੇਟਫਾਰਮਾਂ 'ਤੇ ਉਪਲੱਬਧ ਵਿਅਰਥ ਅਤੇ ਨਕਲੀ ਚਮਕ-ਧਮਕ ਵਾਲੀ ਜੀਵਨ ਸ਼ੈਲੀ ਨੇ ਬੱਚਿਆਂ ਵਿੱਚ ਇਕ ਅਜਿਹਾ ਝੂਠਾ ਆਕਰਸਣ ਪੈਦਾ ਕਰ ਦਿੱਤਾ ਹੈ, ਜਿਸ ਕਰਕੇ ਉਹ ਹਕੀਕਤ ਦੀ ਦੁਨੀਆ ਤੋਂ ਦੂਰ ਹੋ ਰਹੇ ਹਨ। ਮੋਬਾਇਲ ਦੀ ਬੇਹਿਸਾਬ ਵਰਤੋਂ ਕਾਰਨ ਬੱਚਿਆਂ ਵਿੱਚ ਮਨੋਵਿਗਿਆਨਕ ਰੋਗਾਂ ਦਾ ਵੀ ਵਾਧਾ ਹੋ ਰਿਹਾ ਹੈ। ਅਟੈਂਸ਼ਨ ਡੈਫੀਸਿਟ ਹਾਈਪਰਐਕਟੀਵਿਟੀ ਡਿਸਆਰਡਰ (ਇਕਾਗਰਤਾ ਦੀ ਘਾਟ), ਡਿਪਰੈਸਨ, ਆਤਮ ਵਿਸ਼ਵਾਸ ਦੀ ਘਾਟ, ਮਨੋਵਿਕਾਰ ਅਤੇ ਉਚਿੱਤ ਸਮੇਂ 'ਤੇ ਸੰਤੋਖ ਨਾ ਹੋਣ ਵਰਗੀਆਂ ਸਮੱਸਿਆਵਾਂ ਆਮ ਹੋ ਗਈਆਂ ਹਨ। ਮੋਬਾਇਲ 'ਤੇ ਲਗਾਤਾਰ ਰਹਿਣ ਕਾਰਨ ਉਨ੍ਹਾਂ ਦੀ ਸੋਚਣ ਅਤੇ ਸਮਝਣ ਦੀ ਸਮਰੱਥਾ ਵੀ ਪ੍ਰਭਾਵਿਤ ਹੋ ਰਹੀ ਹੈ। ਛੋਟੇ-ਛੋਟੇ ਕੰਮਾਂ ਲਈ ਵੀ ਬੱਚੇ ਤੁਰੰਤ ਹੱਲ ਚਾਹੁੰਦੇ ਹਨ, ਜਿਸ ਕਾਰਨ ਉਨ੍ਹਾਂ ਵਿੱਚ ਸਹਿਣਸੀਲਤਾ, ਧੀਰਜ ਅਤੇ ਸੰਘਰਸ਼ ਕਰਨ ਦੀ ਸਮਰਥਾ ਘੱਟ ਹੋ ਰਹੀ ਹੈ। ਮੋਬਾਇਲ ਦੀ ਇਸ ਭੈੜੀ ਲੱਤ ਤੋਂ ਬਚਾਅ ਲਈ ਮਾਪਿਆਂ ਦੀ ਭੂਮਿਕਾ ਸਭ ਤੋਂ ਮਹੱਤਵਪੂਰਨ ਹੈ। ਮਾਪਿਆਂ ਨੂੰ ਚਾਹੀਦਾ ਹੈ ਕਿ ਬਚਪਨ ਤੋਂ ਹੀ ਆਪਣੇ ਬੱਚਿਆਂ ਨੂੰ ਮੋਬਾਇਲ ਤੋਂ ਦੂਰ ਰੱਖਣ ਦੀ ਕੋਸ਼ਿਸ਼ ਕਰਨ। ਉਨ੍ਹਾਂ ਨੂੰ ਪ੍ਰਾਕ੍ਰਿਤਕ ਦੁਨੀਆ ਨਾਲ ਜੋੜਨ ਦੀ ਲੋੜ ਹੈ। ਬੱਚਿਆਂ ਨੂੰ ਆਊਟਡੋਰ ਖੇਡਾਂ, ਕਲਚਰਲ ਗਤੀਵਿਧੀਆਂ ਅਤੇ ਸਮਾਜਿਕ ਘਟਨਾਵਾਂ ਵਿੱਚ ਸ਼ਾਮਲ ਕਰਨ ਦੁਆਰਾ ਉਨ੍ਹਾਂ ਦੀ ਦਿਲਚਸਪੀ ਮੋਬਾਇਲ ਤੋਂ ਦੂਰ ਹੋ ਸਕਦੀ ਹੈ। ਉਨ੍ਹਾਂ ਨੂੰ ਪੁਸਤਕਾਂ ਪੜ੍ਹਨ ਦੀ ਆਦਤ ਪਵਾਉਣੀ ਚਾਹੀਦੀ ਹੈ, ਤਾਂ ਜੋ ਉਹ ਆਪਣੇ ਮਨ ਨੂੰ ਵਿਅਰਥ ਸਮੱਗਰੀ ਨਾਲ ਨਹੀਂ, ਸਗੋਂ ਗਿਆਨ ਅਤੇ ਰਚਨਾਤਮਕਤਾ ਨਾਲ ਭਰ ਸਕਣ। ਸਾਨੂੰ ਸਾਰਿਆਂ ਨੂੰ, ਖਾਸ ਕਰਕੇ ਮਾਪਿਆਂ ਨੂੰ ਇਸ ਗੰਭੀਰ ਸਮੱਸਿਆ ਨੂੰ ਸਮਝਦੇ ਹੋਏ ਤੁਰੰਤ ਕਾਰਵਾਈ ਕਰਨੀ ਚਾਹੀਦੀ ਹੈ। ਮੋਬਾਇਲ ਨੂੰ ਸਹੀ ਢੰਗ ਨਾਲ ਵਰਤ ਕੇ ਅਤੇ ਇਸ ਦੀ ਵਰਤੋਂ ਉੱਤੇ ਸੀਮਾ ਲਗਾ ਕੇ ਹੀ ਅਸੀਂ ਆਪਣੇ ਬੱਚਿਆਂ ਨੂੰ ਇਸ ਨਸ਼ੇ ਦੀ ਲੱਤ ਤੋਂ ਬਚਾ ਸਕਦੇ ਹਾਂ ਅਤੇ ਉਨ੍ਹਾਂ ਦਾ ਭਵਿੱਖ ਸੁਨਿਹਰੀ ਬਣਾ ਸਕਦੇ ਹਾਂ।

# ਸੰਪਰਕ : 70098-07121

# ਦੂਜੇ ਲਾਹੌਰ ਸਾਜ਼ਿਸ਼ ਕੇਸ ਦੇ ਗਦਰੀਆਂ ਦੀ ਸ਼ਹਾਦਤ ਨੂੰ ਯਾਦ ਕਰਦਿਆਂ



ਦਲਜੀਤ ਰਾਏ ਕਾਲੀਆ

ਹਿੰਦੁਸਤਾਨ ਨੂੰ ਅੰਗਰੇਜ਼ੀ ਸਾਮਰਾਜ ਤੋਂ ਮੁਕਤ ਕਰਵਾਉਣ ਲਈ ਗਦਰ ਪਾਰਟੀ ਨੇ ਸ਼ਾਨਾਮੱਤਾ ਸੰਘਰਸ਼ ਲੜਿਆ, ਭਾਵੇਂ ਘਰ ਦੇ ਭੇਤੀਆਂ ਸਦਕਾ 1915 ਵਿੱਚ ਗਦਰ ਲਹਿਰ ਅਸਫਲ ਰਹੀ। ਗਦਰ ਲਹਿਰ ਦੀ ਅਸਫਲਤਾ ਪਿੱਛੋਂ ਅੰਗਰੇਜ਼ ਸਰਕਾਰ ਨੇ ਬਹੁਤ ਸਾਰੇ ਗਦਰੀਆਂ ਨੂੰ ਗ੍ਰਿਫਤਾਰ ਕਰਕੇ ਉਹਨਾਂ ਉੱਪਰ ਡਿਫੈਂਸ ਆਫ ਇੰਡੀਆ ਐਕਟ ਅਧੀਨ ਮੁਕੱਦਮੇ ਚਲਾ ਕੇ ਸਜ਼ਾਵਾਂ ਦਿੱਤੀਆਂ। ਗ੍ਰਿਫਤਾਰ ਗਦਰੀਆਂ ਉੱਪਰ ਲਾਹੌਰ ਸਾਜ਼ਿਸ਼ ਕੇਸ ਦੇ ਨਾਂਅ ਹੇਠ ਪਹਿਲਾ ਮੁਕੱਦਮਾ 26 ਅਪ੍ਰੈਲ, 1915 ਨੂੰ ਸ਼ੁਰੂ ਹੋਇਆ ਅਤੇ ਇਸ ਦਾ ਫੈਸਲਾ 13 ਸਤੰਬਰ, 1915 ਨੂੰ ਸੁਣਾਇਆ ਗਿਆ। ਇਸ ਕੇਸ ਦੀ ਸੁਣਵਾਈ ਲਾਹੌਰ ਜੇਲ੍ਹ ਦੇ ਅੰਦਰ ਹੀ ਸ਼ੁਰੂ ਹੋਈ। ਮੁਕੱਦਮੇ ਦੀ ਸੁਣਵਾਈ ਕਰਨ ਲਈ ਤਿੰਨ ਮੈਂਬਰੀ ਵਿਸ਼ੇਸ਼ ਟ੍ਰਿਬਿਊਨਲ ਬਣਾਇਆ ਗਿਆ, ਜਿਸ ਦੇ ਮੁਖੀ ਏ.ਏ. ਇਰਵਿਨ ਸਨ ਅਤੇ ਦੋ ਹੋਰ ਜੱਜ ਜਿਨ੍ਹਾਂ ਵਿੱਚੋਂ ਇੱਕ ਬਰਤਾਨਵੀ ਜੱਜ ਟੀ.ਪੀ. ਐਲਿਸ ਅਤੇ ਇੱਕ ਭਾਰਤੀ ਜੱਜ ਸ਼ਿਓ ਨਰਾਇਣ ਸ਼ਾਮਲ ਸਨ । ਟ੍ਰਿਬਿਊਨਲ ਦੇ ਫੈਸਲੇ ਅਨੁਸਾਰ 24 ਗਦਰੀਆਂ ਨੂੰ ਫਾਂਸੀ, 34 ਨੂੰ ਉਮਰ ਕੈਦ ਕਾਲੇ ਪਾਣੀ, ਹੋਰ 16 ਨੂੰ ਲੰਬੀ ਮਿਆਦ ਦੀ ਕੈਦ ਦੀਆਂ ਸਜ਼ਾਵਾਂ ਦਿੱਤੀਆਂ ਗਈਆਂ ਅਤੇ 4 ਬਰੀ ਕਰ ਦਿੱਤੇ ਗਏ ਸਨ। ਬਾਅਦ ਵਿੱਚ 24 ਫਾਂਸੀ ਵਾਲੇ ਗਦਰੀਆਂ ਵਿੱਚੋਂ 17 ਗਦਰੀਆਂ ਦੀ ਫਾਂਸੀ ਤੋੜ ਕੇ ਉਹਨਾਂ ਦੀ ਸਜ਼ਾ ਉਮਰ ਕੈਦ ਕਾਲੇ ਪਾਣੀ ਵਿੱਚ ਤਬਦੀਲ ਕਰ ਦਿੱਤੀ ਗਈ ਸੀ। ਪਹਿਲੇ ਲਾਹੌਰ ਸਾਜ਼ਿਸ਼ ਕੇਸ ਤਹਿਤ ਕਰਤਾਰ ਸਿੰਘ ਸਰਾਭਾ, ਵਿਸ਼ਨੂੰ ਗਣੇਸ਼ ਪਿੰਗਲੇ, ਹਰਨਾਮ ਸਿੰਘ ਸਿਆਲਕੋਟੀ, ਜਗਤ ਸਿੰਘ ਸੁਰ ਸਿੰਘ, ਸੁਰੈਣ ਸਿੰਘ ਛੋਟਾ, ਸੁਰੈਣ ਸਿੰਘ ਵੱਡਾ ਅਤੇ ਬਖਸ਼ੀਸ਼ ਸਿੰਘ (ਤਿੰਨੇ ਪਿੰਡ ਗਿੱਲ ਵਾਲੀ ਅੰਮ੍ਰਿਤਸਰ) ਲਾਹੌਰ ਦੀ ਸੈਂਟਰਲ ਜੇਲ੍ਹ ਵਿੱਚ ਫਾਂਸੀ ਚਾੜ੍ਹ ਕੇ 16 ਨਵੰਬਰ, 1915 ਨੂੰ ਸ਼ਹੀਦ ਕਰ ਦਿੱਤੇ ਗਏ।

ਇਸ ਤੋਂ ਬਾਅਦ ਵੀ ਲਾਹੌਰ ਸਾਜ਼ਿਸ਼ ਕੇਸ ਨਾਂ ਦੇ ਕਈ ਮੁਕੱਦਮੇ ਗਦਰੀਆਂ ਉੱਪਰ ਚਲਾਏ ਗਏ, ਜਿਨ੍ਹਾਂ ਵਿੱਚ ਕਦੇ ਪੰਜ, ਚਾਰ, ਤਿੰਨ, ਦੋ ਅਤੇ ਇੱਕ ਗਦਰੀ ਨੂੰ ਲਾਹੌਰ ਦੀ ਸੈਂਟਰਲ ਜੇਲ੍ਹ ਵਿੱਚ ਫਾਂਸੀ ਚਾੜ੍ਹ ਕੇ ਸ਼ਹੀਦ ਕੀਤਾ ਗਿਆ। 29 ਅਕਤੂਬਰ, 1915 ਨੂੰ 102 ਗਦਰੀਆਂ ਉੱਪਰ ਲਾਹੌਰ ਸਾਜ਼ਿਸ਼ ਕੇਸ ਦੂਸਰਾ ਨਾਂਅ ਦਾ ਮੁਕੱਦਮਾ (ਜਿਸ ਨੂੰ ਪਹਿਲਾ ਲਾਹੌਰ ਸਪਲੀਮੈਂਟਰੀ ਕੇਸ ਵੀ ਕਿਹਾ ਜਾਂਦਾ ਹੈ) ਲਾਹੌਰ ਦੀ ਸੈਂਟਰਲ ਜੇਲ੍ਹ ਵਿੱਚ ਹੀ ਸ਼ੁਰੂ ਹੋਇਆ । ਇਸ ਸਮੇਂ ਵੀ ਟ੍ਰਿਬਿਊਨਲ ਵਿੱਚ ਪਹਿਲੇ ਲਾਹੌਰ ਸਾਜ਼ਿਸ਼ ਕੇਸ ਵਾਲੇ ਜੱਜ ਹੀ ਸ਼ਾਮਲ ਸਨ। ਇਸ ਕੇਸ ਦਾ ਫੈਸਲਾ 30 ਮਾਰਚ, 1916 ਨੂੰ ਸੁਣਾਇਆ ਗਿਆ। ਇਸ ਮੁਕੱਦਮੇ ਵਿੱਚ ਵੀ ਵੱਡੀ ਗਿਣਤੀ ਵਿੱਚ ਪਰਦੇਸਾਂ ਤੋਂ ਆਏ ਲੋਕ ਸ਼ਾਮਲ ਸਨ, ਜੋ 4 ਅਗਸਤ 1914 ਦੇ ਗਦਰ ਦੇ ਅੰਕ ਵਿੱਚ ਯੁੱਧ ਦਾ ਐਲਾਨ ਛਪਣ ਪਿੱਛੋਂ ਦੇਸ਼ ਪਰਤੇ ਸਨ । ਇਸ ਕੇਸ ਦੇ 30 ਮਾਰਚ, 1916 ਨੂੰ ਸੁਣਾਏ ਗਏ ਫੈਸਲੇ ਅਨੁਸਾਰ ਪੰਜ ਗਦਰੀਆਂ ਨੂੰ ਫਾਂਸੀ ਅਤੇ ਜਾਇਦਾਦ ਜ਼ਬਤੀ, 18 ਨੂੰ ਉਮਰ ਕੈਦ ਅਤੇ ਜਾਇਦਾਦ ਜ਼ਬਤੀ, 36 ਨੂੰ ਵੱਖ-ਵੱਖ ਮਿਆਦ ਦੀ ਕੈਦ ਦੀਆਂ ਸਜ਼ਾਵਾਂ ਦਿੱਤੀਆਂ ਗਈਆਂ ਅਤੇ 15 ਬਰੀ ਕਰ ਦਿੱਤੇ ਗਏ ਸਨ। ਇਸ ਕੇਸ ਦੇ ਬਹੁਤ ਸਾਰੇ ਨਾਮਜ਼ਦ ਦੋਸ਼ੀ ਵਾਅਦਾ ਮੁਆਫ ਬਣ ਗਏ ਸਨ।

18 ਜੂਨ, 1916 ਨੂੰ ਅੰਗਰੇਜ਼ ਹਕੂਮਤ ਨੇ ਗਦਰੀ ਈਸ਼ਰ ਸਿੰਘ ਢੁੱਡੀਕੇ ਉੱਤਮ ਸਿੰਘ ਹਾਂਸ, ਬੀਰ ਸਿੰਘ ਬਾਹੋਵਾਲ, ਰੰਗਾ ਸਿੰਘ ਖੁਰਦਪੁਰ ਅਤੇ ਰੂੜ ਸਿੰਘ ਤਲਵੰਡੀ ਦੁਸਾਂਝ (ਤਲਵੰਡੀ ਭੰਗੇਰੀਆਂ) ਨੂੰ ਸੈਂਟਰਲ ਜੇਲ੍ਹ ਲਾਹੌਰ ਵਿੱਚ ਫਾਂਸੀ ਚਾੜ੍ਹ ਕੇ ਸ਼ਹੀਦ ਕਰ ਦਿੱਤਾ ਸੀ।

ਸ਼ਹੀਦ ਹੋਏ ਗਦਰੀ ਯੋਧਿਆਂ ਦੇ ਸੰਖੇਪ ਜੀਵਨ ਇਸ ਪ੍ਰਕਾਰ ਹਨ:-

ਈਸ਼ਰ ਸਿੰਘ ਢੁੱਡੀਕੇ:-ਉੱਘੇ ਗਦਰੀ ਈਸ਼ਰ ਸਿੰਘ ਢੁੱਡੀਕੇ ਦਾ ਜਨਮ 30 ਮਾਰਚ 1888 ਨੂੰ ਸਰਦਾਰ ਸੱਜਣ ਸਿੰਘ ਅਤੇ ਮਾਤਾ ਧਰਮ ਕੌਰ ਦੇ ਗ੍ਰਹਿ ਪਿੰਡ ਢੁੱਡੀਕੇ ਜ਼ਿਲ੍ਹਾ ਫਿਰੋਜ਼ਪੁਰ (ਹੁਣ ਜ਼ਿਲ੍ਹਾ ਮੋਗਾ) ਵਿਖੇ ਹੋਇਆ। 1907 ਵਿੱਚ ਉਹ ਪਿੰਡ ਦੇ ਕੁਝ ਸਾਥੀਆਂ ਨਾਲ ਕੈਨੇਡਾ ਚਲੇ ਗਏ ਅਤੇ ਉੱਥੇ ਚਾਰ ਸਾਲ ਰਹੇ। ਜਦ ਉਹ ਕੈਨੇਡਾ ਵਿੱਚ ਸਨ ਤਾਂ ਉਹਨਾਂ ਦੇ ਦੋ ਭਰਾ ਅਕਾਲ ਚਲਾਣਾ ਕਰ ਗਏ । ਇਸ ਸਮੇਂ ਮਾਪਿਆਂ ਦੇ ਕਹਿਣ 'ਤੇ ਉਹ ਵਾਪਸ ਪਿੰਡ ਪਰਤ ਆਏ । ਦੂਜੀ ਵਾਰ ਉਹ ਦਸੰਬਰ 1912 ਵਿੱਚ ਕੈਨੇਡਾ ਚਲੇ ਗਏ। ਗਦਰ ਪਾਰਟੀ ਬਣਨ 'ਤੇ ਪਾਰਟੀ ਨਾਲ ਜੁੜ ਗਏ। ਗਦਰ ਪਾਰਟੀ ਦੇ ਹੁਕਮ ਅਨੁਸਾਰ ਉਹ 21 ਦਸੰਬਰ, 1914 ਨੂੰ ਭਾਰਤ ਵਾਪਸ ਪਰਤ ਆਏ। ਆਪਣੇ ਪਿੰਡ ਪਹੁੰਚ ਕੇ ਉਹ ਬੜੀ ਸਰਗਰਮੀ ਨਾਲ ਗਦਰ ਲਹਿਰ ਦੇ ਪ੍ਰਚਾਰ-ਪ੍ਰਸਾਰ ਵਿੱਚ ਜੁਟ ਗਏ। ਉਹਨਾਂ ਗਦਰ ਪਾਰਟੀ ਵਿੱਚ ਤਾਰਾ ਸਿੰਘ, ਈਸ਼ਰ ਸਿੰਘ ਅਤੇ ਪੂਰਨ ਸਿੰਘ ਦੇ ਨਾਂਵਾਂ ਅਧੀਨ ਕੰਮ ਕੀਤਾ।

ਮਾਲਵੇ ਵਿੱਚ ਢੁੱਡੀਕੇ ਗਦਰੀ ਸਰਗਰਮੀਆਂ ਦਾ ਮੁੱਖ ਕੇਂਦਰ ਸੀ। ਭਾਈ ਈਸ਼ਰ ਸਿੰਘ ਤੋਂ ਇਲਾਵਾ ਇਸ ਪਿੰਡ ਦੇ ਹੋਰ ਗਦਰੀ ਮਹਿੰਦਰ ਸਿੰਘ, ਸ਼ਾਮ ਸਿੰਘ ਪਾਖਰ ਸਿੰਘ, ਪਾਲਾ ਸਿੰਘ ਛੋਟਾ ਅਤੇ ਪਾਲਾ ਸਿੰਘ ਵੱਡਾ ਅਤੇ ਮਾਸਟਰ ਫੇਰਾ ਸਿੰਘ ਵੀ ਸਰਗਰਮ ਸਨ। ਢੁੱਡੀਕੇ ਦੇ ਕੇਂਦਰ ਵਿੱਚ ਉੱਤਮ ਸਿੰਘ ਹਾਂਸ, ਜਵੰਦ ਸਿੰਘ ਨੰਗਲ ਕਲਾਂ, ਗਾਂਧਾ ਸਿੰਘ ਕੱਚਰਭੰਨ, ਨਿਧਾਨ ਸਿੰਘ ਚੁੱਘਾ, ਬੀਰ ਸਿੰਘ ਬਾਹੋਵਾਲ ਅਤੇ ਕਈ ਹੋਰ ਗਦਰੀ ਆਉਂਦੇ-ਜਾਂਦੇ ਰਹਿੰਦੇ ਸਨ। ਬਾਬਾ ਪਾਖਰ ਸਿੰਘ ਦੇ ਖੂਹ 'ਤੇ ਉਹਨਾਂ ਦੀਆਂ ਮੀਟਿੰਗਾਂ ਹੁੰਦੀਆਂ ਰਹਿੰਦੀਆਂ ਸਨ। ਭਾਈ ਈਸ਼ਰ ਸਿੰਘ ਜ਼ਿਲ੍ਹਾ ਫਿਰੋਜ਼ਪੁਰ ਦੇ ਇੰਚਾਰਜ ਸਨ। ਫਰਵਰੀ 1915 ਵਿੱਚ ਗਦਰ ਮਚਾਉਣ ਲਈ ਭਾਈ ਈਸ਼ਰ ਸਿੰਘ ਢੁੱਡੀਕੇ ਆਪਣੇ ਹੋਰਨਾਂ ਸਾਥੀਆਂ ਨਾਲ ਫਿਰੋਜ਼ਪੁਰ ਦੀ ਛਾਉਣੀ 'ਤੇ ਕਬਜ਼ਾ ਕਰਨ ਦੀਆਂ ਤਿਆਰੀਆਂ ਵਿਚ ਸਰਗਰਮ ਸਨ, ਪਰ ਐਨ ਮੌਕੇ 'ਤੇ ਆ ਕੇ ਯੋਜਨਾ ਸਿਰੇ ਨਾ ਚੜ੍ਹੀ । ਗਦਰੀਆਂ ਨੇ ਦੇਸ਼ ਦੇ ਗਦਾਰਾਂ ਨੂੰ ਗੱਡੀ ਚਾੜ੍ਹਨ ਦੇ ਫੈਸਲੇ ਵੀ ਕੀਤੇ। ਜ਼ੈਲਦਾਰ ਚੰਦਾ ਸਿੰਘ ਨੰਗਲ ਕਲਾਂ ਨੇ 12 ਅਪ੍ਰੈਲ 1915 ਨੂੰ ਦੇਸ਼ ਭਗਤ ਪਿਆਰਾ ਸਿੰਘ ਲੰਗੇਰੀ ਨੂੰ ਗ੍ਰਿਫਤਾਰ ਕਰਵਾ ਦਿੱਤਾ ਸੀ। ਉਸ ਤੋਂ ਬਦਲਾ ਲੈਣ ਲਈ ਭਾਈ ਈਸ਼ਰ ਸਿੰਘ ਢੁੱਡੀਕੇ ਨੇ ਬੰਤਾ ਸਿੰਘ ਸੰਘਵਾਲ, ਜਵੰਦ ਸਿੰਘ ਨੰਗਲ ਕਲਾਂ ਅਤੇ ਬੂਟਾ ਸਿੰਘ ਅਕਾਲਗੜ੍ਹ ਨਾਲ ਮਿਲ ਕੇ 25 ਅਪ੍ਰੈਲ, 1915 ਨੂੰ ਨੰਗਲ ਕਲਾਂ ਜ਼ਿਲ੍ਹਾ ਹੁਸ਼ਿਆਰਪੁਰ ਦੇ ਜ਼ੈਲਦਾਰ ਚੰਦਾ ਸਿੰਘ ਦਾ ਕਤਲ ਕਰ ਦਿੱਤਾ।

ਗਦਰੀਆਂ ਨੇ 2 ਜੂਨ, 1915 ਨੂੰ ਦੌਧਰ ਵਾਲੇ ਰਜਬਾਹੇ 'ਤੇ ਮੀਟਿੰਗ ਕਰਕੇ ਕਪੂਰਥਲੇ ਦੇ ਅਸਲਾ ਖਾਨਾ ਨੂੰ ਲੁੱਟਣ ਦੀ ਯੋਜਨਾ ਬਣਾਈ। ਇਸ ਮੀਟਿੰਗ ਵਿੱਚ ਢੁੱਡੀਕੇ ਗੈਂਗ ਦੇ ਬਹੁਤ ਸਾਰੇ ਗਦਰੀ ਹਾਜ਼ਰ ਸਨ। ਰੂਪੋਸ਼ ਅਵਸਥਾ ਦੌਰਾਨ ਭਾਈ ਈਸ਼ਰ ਸਿੰਘ ਅਤੇ ਭਾਈ ਉੱਤਮ ਸਿੰਘ ਹਾਂਸ 19 ਸਤੰਬਰ 1915 ਨੂੰ ਫਰੀਦਕੋਟ ਰਿਆਸਤ ਦੇ ਇੱਕ ਪਿੰਡ ਵਿੱਚੋਂ ਗੁਆਰੇ ਦੇ ਖੇਤ ਵਿੱਚੋਂ ਫਲੀਆਂ ਤੋੜਦੇ ਹੋਏ ਪੁਲਸ ਨੇ ਗ੍ਰਿਫਤਾਰ ਕਰ ਲਏ। ਇਹਨਾਂ ਦੋਹਾਂ ਗਦਰੀਆਂ ਨੂੰ ਦੂਜੇ ਲਾਹੌਰ ਸਾਜ਼ਿਸ਼ ਕੇਸ ਵਿੱਚ ਸ਼ਾਮਲ ਕਰ ਲਿਆ ਗਿਆ। ਈਸ਼ਰ ਸਿੰਘ ਨੂੰ 18 ਜੂਨ ਨੂੰ ਚਾਰ ਹੋਰ ਗਦਰੀ ਯੋਧਿਆਂ ਸਮੇਤ ਫਾਂਸੀ ਚਾੜ੍ਹ ਕੇ ਸ਼ਹੀਦ ਕਰ ਦਿੱਤਾ ਗਿਆ।

ਉੱਤਮ ਸਿੰਘ ਹਾਂਸ:-ਉੱਘੇ ਗਦਰੀ ਸ਼ਹੀਦ ਭਾਈ ਉੱਤਮ ਸਿੰਘ ਉਰਫ ਰਾਘੋ ਸਿੰਘ ਦਾ ਜਨਮ 1880 ਦੇ ਆਸ-ਪਾਸ ਪਿੰਡ ਹਾਂਸ ਤਹਿਸੀਲ ਜਗਰਾਓਂ, ਜ਼ਿਲ੍ਹਾ ਲੁਧਿਆਣਾ ਵਿੱਚ ਹੋਇਆ। ਆਪ 1906 ਵਿੱਚ ਕੈਨੇਡਾ ਚਲੇ ਗਏ ਅਤੇ ਗਦਰ ਪਾਰਟੀ ਬਣਨ ਸਮੇਂ ਇਸ ਵਿਚ ਸਰਗਰਮ ਹੋ ਗਏ। ਅੰਗਰੇਜ਼ੀ ਹਕੂਮਤ ਵੱਲੋਂ ਕਾਮਾਗਾਟਾ ਮਾਰੂ ਜਹਾਜ਼ ਦੇ ਮੁਸਾਫਰਾਂ ਦੇ ਕੈਨੇਡਾ ਦਾਖਲੇ 'ਤੇ ਪਾਬੰਦੀ ਦੀ ਸਮੱਸਿਆ ਨੂੰ ਸੁਲਝਾਉਣ ਲਈ ਬਣੀ ਸੋਅਰ ਕਮੇਟੀ ਦੇ ਭਾਈ ਉਤਮ ਸਿੰਘ ਹਾਂਸ ਮੈਂਬਰ ਸਨ। ਗਦਰ ਪਾਰਟੀ ਦੇ ਹੁਕਮ ਅਨੁਸਾਰ ਆਪ ਕੈਨੇਡਾ ਤੋਂ ਆਸਟਰੇਲੀਅਨ ਜਹਾਜ਼ ਰਾਹੀਂ 12 ਦਸੰਬਰ 1914 ਨੂੰ ਕੋਲੰਬੋ ਪਹੁੰਚੇ। ਇਸੇ ਜਹਾਜ਼ ਵਿੱਚ ਹੀ ਈਸ਼ਰ ਸਿੰਘ ਢੁੱਡੀਕੇ, ਰੰਗਾ ਸਿੰਘ ਖੁਰਦਪੁਰ, ਮਸਤਾਨ ਸਿੰਘ ਆਦਿ ਕਈ ਮੁਸਾਫਿਰ ਆਏ ਸਨ, ਜੋ ਬਾਅਦ ਵਿਚ ਲੁਧਿਆਣੇ ਪਹੁੰਚ ਗਏ । ਉਸ ਸਮੇਂ ਵਿਦੇਸਾਂ ਤੋਂ ਆ ਰਹੇ ਹਿੰਦੀਆਂ ਦੀ ਲੁਧਿਆਣਾ ਵਿੱਚ ਬਰੀਕੀ ਨਾਲ ਪੁੱਛ-ਪੜਤਾਲ ਕੀਤੀ ਜਾਂਦੀ ਸੀ। ਇਸ ਸਮੇਂ ਆਪ ਪੁਲਸ ਦੀ ਨਜ਼ਰ ਤੋਂ ਬਚ ਕੇ ਪਿੰਡ ਪਹੁੰਚਣ ਵਿੱਚ ਕਾਮਯਾਬ ਰਹੇ। ਭਾਈ ਉੱਤਮ ਸਿੰਘ ਹਾਂਸ ਕਪੂਰਥਲੇ ਦੇ ਅਸਲਾ ਖਾਨੇ 'ਤੇ ਹਮਲਿਆਂ ਦੀਆਂ ਯੋਜਨਾਵਾਂ ਬਣਾਉਣ ਅਤੇ ਵੱਲੇ ਪੁਲ ਦੀ ਗਾਰਦ 'ਤੇ ਹਮਲਾ ਕਰਨ ਸਮੇਂ ਸ਼ਾਮਲ ਸਨ। ਉਹਨਾਂ ਨੇ ਗ੍ਰਿਫਤਾਰੀ ਤੋਂ ਪਹਿਲਾਂ ਕਾਬੁਲ ਵੱਲ ਜਾਣ ਦਾ ਯਤਨ ਵੀ ਕੀਤਾ। 19 ਸਤੰਬਰ 1915 ਨੂੰ ਈਸ਼ਰ ਸਿੰਘ ਢੁੱਡੀਕੇ ਨਾਲ ਫਰੀਦਕੋਟ ਰਿਆਸਤ ਵਿੱਚੋਂ ਗ੍ਰਿਫਤਾਰ ਕਰ ਲਏ ਗਏ। ਉੱਤਮ ਸਿੰਘ ਹਾਂਸ ਸਮੇਤ 102 ਵਿਅਕਤੀਆਂ ਉੱਪਰ ਲਾਹੌਰ ਸਾਜ਼ਿਸ਼ ਕੇਸ ਦੂਜਾ ਦਾ ਮੁਕੱਦਮਾ ਚਲਾਇਆ ਗਿਆ। ਉਹਨਾਂ ਨੂੰ 18 ਜੂਨ 1916 ਦਿਨ ਐਤਵਾਰ ਨੂੰ ਸੈਂਟਰਲ ਜੇਲ੍ਹ ਲਾਹੌਰ ਵਿੱਚ ਫਾਂਸੀ ਚਾੜ੍ਹ ਕੇ ਸ਼ਹੀਦ ਕਰ ਦਿੱਤਾ ਗਿਆ।

ਰੂੜ ਸਿੰਘ ਤਲਵੰਡੀ ਦੁਸਾਂਝ:-ਗਦਰੀ ਭਾਈ ਰੂੜ ਸਿੰਘ ਦਾ ਜਨਮ ਤਲਵੰਡੀ ਦੁਸਾਂਝ (ਤਲਵੰਡੀ ਭੰਗੇਰੀਆਂ) ਜ਼ਿਲ੍ਹਾ ਫਿਰੋਜ਼ਪੁਰ (ਹੁਣ ਜ਼ਿਲ੍ਹਾ ਮੋਗਾ) ਵਿੱਚ 1875-76 ਦੇ ਆਸ-ਪਾਸ ਸਰਦਾਰ ਸਮੁੰਦ ਸਿੰਘ ਦੇ ਗ੍ਰਹਿ ਵਿਖੇ ਹੋਇਆ। ਕੁਝ ਲੇਖਕ ਲਿਖਦੇ ਹਨ ਕਿ ਉਹਨਾਂ ਦੇ ਢੁੱਡੀਕੇ ਨਾਨਕੇ ਸਨ ਅਤੇ ਕੁਝ ਹੋਰ ਲਿਖਦੇ ਹਨ ਕਿ ਢੁੱਡੀਕੇ ਉਹਨਾਂ ਦੀ ਭੈਣ ਵਿਆਹੀ ਹੋਈ ਸੀ। ਰਿਸ਼ਤੇਦਾਰੀ ਭਾਵੇਂ ਕੋਈ ਵੀ ਹੋਵੇ, ਪਰ ਉਹ ਰਹਿੰਦੇ ਪਿੰਡ ਢੁੱਡੀਕੇ ਹੀ ਸਨ। ਢੁੱਡੀਕੇ ਪਿੰਡ ਮਾਲਵੇ ਵਿੱਚ ਗਦਰ ਲਹਿਰ ਦਾ ਤਕੜਾ ਗੜ੍ਹ ਸੀ। ਢੁੱਡੀਕੇ ਵਿਖੇ ਰਹਿਣ ਸਦਕਾ ਉਹਨਾਂ ਦਾ ਸੰਪਰਕ ਗਦਰੀ ਬਾਬਿਆਂ ਈਸ਼ਰ ਸਿੰਘ, ਮਹਿੰਦਰ ਸਿੰਘ,

(• ਬਾਕੀ ਸਫ਼ਾ 9 'ਤੇ)

# ਕਮਿਊਨਿਸਟ ਪਾਰਟੀਆਂ ਦੇ ਸੱਦੇ 'ਤੇ ਰੋਸ ਮਾਰਚ, ਨੇਤਨਯਾਹੂ ਤੇ ਟਰੰਪ ਦੇ ਫੂਕੇ ਪੁਤਲੇ

## ਗਾਜ਼ਾ 'ਚ ਜਾਰੀ ਕਤਲੇਆਮ ਤੇ ਈਰਾਨ 'ਤੇ ਇਜ਼ਰਾਈਲੀ ਹਮਲਿਆਂ ਦਾ ਕੌਮਾਂਤਰੀ ਪੱਧਰ 'ਤੇ ਵਿਰੋਧ ਕਰਨ ਲਈ ਮੋਦੀ ਸਰਕਾਰ ਤੋਂ ਕੀਤੀ ਮੰਗ










**ਮਾਨਸਾ (ਆਤਮਾ ਸਿੰਘ ਪਮਾਰ)**-ਕਮਿਊਨਿਸਟ ਤੇ ਖੱਬੀਆਂ ਪਾਰਟੀਆਂ ਵੱਲੋਂ ਦਿੱਤੇ ਫ਼ਲਸਤੀਨੀ ਲੋਕਾਂ ਨਾਲ ਇਕਜੁੱਟਤਾ ਪ੍ਰਗਟ ਕਰਨ ਦੇ ਸੱਦੇ 'ਤੇ ਅੱਜ ਇਥੇ ਇਕ ਮੀਟਿੰਗ ਕੀਤੀ ਗਈ। ਮੀਟਿੰਗ ਤੋਂ ਬਾਅਦ ਇਜ਼ਰਾਈਲ ਵੱਲੋਂ ਅਮਰੀਕਾ ਦੀ ਸ਼ਹਿ 'ਤੇ ਲਗਾਤਾਰ ਕੀਤੇ ਜਾ ਰਹੇ ਫ਼ਲਸਤੀਨੀ ਲੋਕਾਂ ਦੇ ਕਤਲੇਆਮ ਤੇ ਈਰਾਨ ਉੱਤੇ ਆਰੰਭੇ ਭਿਆਨਕ ਹਮਲਿਆਂ ਖਿਲਾਫ ਸ਼ਹਿਰ ਵਿੱਚ ਰੋਸ ਮੁਜ਼ਾਹਰਾ ਕਰਦੇ ਹੋਏ ਵਿਖਾਵਾਕਾਰੀਆਂ ਵੱਲੋਂ ਡਿਪਟੀ ਕਮਿਸ਼ਨਰ ਦਫ਼ਤਰ ਮੂਹਰੇ ਪਹੁੰਚ ਕੇ ਡੋਨਾਲਡ ਟਰੰਪ ਤੇ ਨੇਤਨਯਾਹੂ ਦੇ ਪੁਤਲੇ ਸਾੜੇ ਗਏ।ਰੈਲੀ ਤੇ ਵਿਖਾਵੇ ਨੂੰ ਸੀਪੀਆਈ (ਐੱਮ ਐੱਲ) ਲਿਬਰੇਸ਼ਨ ਦੇ ਬੁਲਾਰੇ ਕਾ. ਸੁਖਦਰਸ਼ਨ ਸਿੰਘ ਨੱਤ, ਸੁਰਿੰਦਰ ਪਾਲ ਸ਼ਰਮਾ, ਸੀਪੀਐੱਮ ਆਗੂ ਘਣੀਸ਼ਾਮ ਨਿੱਕੂ, ਕੁਦਰਤ ਮਾਨਵ ਕੇਂਦਰਤ ਲੋਕ ਲਹਿਰ ਦੇ ਆਗੂ ਮਨਜੀਤ ਸਿੰਘ ਮਾਨ, ਬੀਕੇਯੂ ਕ੍ਰਾਂਤੀਕਾਰੀ ਦੇ ਆਗੂ ਦਲਜੀਤ ਸਿੰਘ, ਮੁਸਲਿਮ ਫਰੰਟ ਪੰਜਾਬ ਦੇ ਰਵੀ ਖਾਨ ਤੇ ਪਾਰਟੀ ਦੇ ਕੇਂਦਰੀ ਕਮੇਟੀ ਮੈਂਬਰ ਕਾ. ਰਾਜਵਿੰਦਰ ਸਿੰਘ ਰਾਣਾ ਨੇ ਸੰਬੋਧਨ ਕੀਤਾ। ਬੁਲਾਰਿਆਂ ਨੇ ਕਿਹਾ ਕਿ ਸਮੁੱਚੇ ਸੰਸਾਰ ਦੀ ਲੋਕ ਰਾਏ ਨੂੰ ਅੱਖੋਂ ਪਰੋਖੇ ਕਰਕੇ ਇਜ਼ਰਾਈਲ ਦੀ ਨੇਤਨਯਾਹੂ ਸਰਕਾਰ ਬੀਤੇ ਵੀਹ ਮਹੀਨਿਆਂ ਤੋਂ ਬਿਨਾਂ ਰੁਕੇ ਗਾਜ਼ਾ ਵਿੱਚ ਬੇਕਸੂਰ ਫ਼ਲਸਤੀਨੀ ਬੱਚਿਆਂ ਔਰਤਾਂ, ਬਜ਼ੁਰਗਾਂ ਤੇ ਜ਼ਖ਼ਮੀਆਂ ਬੀਮਾਰਾਂ ਦਾ ਕਤਲੇਆਮ ਕਰ ਰਹੀ ਹੈ।ਉਹ ਸਖ਼ਤ ਘੇਰਾਬੰਦੀ ਵਿੱਚ ਰਹਿ ਰਹੇ ਇਨ੍ਹਾਂ ਫ਼ਲਸਤੀਨੀ ਲੋਕਾਂ ਨੂੰ ਪਾਣੀ, ਖੁਰਾਕ ਤੇ ਦਵਾਈਆਂ ਪਹੁੰਚਾਣ ਉਤੇ ਸਖ਼ਤ ਰੋਕਾਂ ਲਗਾ ਕੇ ਉਨ੍ਹਾਂ ਨੂੰ ਭੁੱਖੇ ਤੇ ਬੇਇਲਾਜ ਰੱਖ ਕੇ ਮਾਰਿਆ ਜਾ ਰਿਹਾ ਹੈ।ਸਾਮਰਾਜੀ ਅਮਰੀਕਾ ਦੀ ਟਰੰਪ ਸਰਕਾਰ ਇਸ ਸਭ ਕੁੱਝ ਦੀ ਖੁੱਲ੍ਹੇਆਮ ਹਮਾਇਤ ਦੇ ਰਹੀ ਹੈ।ਅਮਰੀਕਾ ਦੇ ਇਸ਼ਾਰੇ 'ਤੇ ਹੀ ਹੁਣ ਨੇਤਨਯਾਹੂ ਸਰਕਾਰ ਨੇ ਇਜ਼ਰਾਈਲ ਤੋਂ ਸੋਲਾਂ ਸੌ ਕਿਲੋਮੀਟਰ ਦੂਰੀ 'ਤੇ ਸਥਿਤ ਈਰਾਨ ਉਤੇ ਭਿਆਨਕ ਹਮਲੇ ਸ਼ੁਰੂ ਕਰ ਦਿੱਤੇ ਹਨ।ਇਹ ਘੋਰ ਨਸਲਵਾਦੀ ਤੇ ਪਿਛਾਂਹਖਿੱਚੂ ਯਹੂਦੀਵਾਦੀ ਸਰਕਾਰ ਸੰਸਾਰ ਨੂੰ ਤੀਜੀ ਸੰਸਾਰ ਜੰਗ ਵੱਲ ਧੱਕ ਰਹੀ ਹੈ, ਪਰ ਜਿਸ ਭਾਰਤ ਨੂੰ ਕਦੇ ਸੰਸਾਰ ਭਰ ਵਿੱਚ ਗੁੱਟ ਨਿਰਲੇਪ ਲਹਿਰ ਦੇ ਮੋਢੀ ਵਜੋਂ ਵੱਡਾ ਮਾਣ ਸਤਿਕਾਰ ਹਾਸਲ ਸੀ, ਹੁਣ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ 'ਚ ਉਹੀ ਭਾਰਤ ਪੂਰੀ ਤਰ੍ਹਾਂ ਅਮਰੀਕਾ ਤੇ ਇਜ਼ਰਾਈਲ ਦਾ ਪਿੱਠੂ ਬਣਿਆ ਨਜ਼ਰ ਆ ਰਿਹਾ ਹੈ।ਇਸੇ ਕਾਰਨ ਹੁਣ ਉਸੇ ਭਾਰਤ ਵਿੱਚ ਨਾ ਗਾਜ਼ਾ 'ਚ ਇਨਸਾਨੀਅਤ ਉਤੇ ਢਾਹੇ ਜਾ ਰਹੇ ਜ਼ੁਲਮਾਂ ਖਿਲਾਫ ਬੋਲਣ ਦੀ ਹਿੰਮਤ ਹੈ ਤੇ ਨਾ ਉਸ ਇਰਾਨ ਉਤੇ ਹੋ ਰਹੇ ਹਮਲਿਆਂ ਖਿਲਾਫ, ਜਿਸ ਨਾਲ ਲੰਬੇ ਅਰਸੇ ਤੋਂ ਸਾਡੇ ਦੋਸਤਾਨਾ ਸੰਬੰਧ ਚਲੇ ਆ ਰਹੇ ਹਨ।ਅਸੀਂ ਮੰਗ ਕਰਦੇ ਹਾਂ ਕਿ ਮੋਦੀ ਸਰਕਾਰ ਦੇਸ਼ ਦੀ ਸਥਾਪਤ ਵਿਦੇਸ਼ ਨੀਤੀ ਮੁਤਾਬਕ ਅਮਰੀਕਾ ਇਜ਼ਰਾਈਲ ਦੀ ਇਸ ਕੌਮਾਂਤਰੀ ਗੁੰਡਾਗਰਦੀ ਖ਼ਿਲਾਫ਼ ਸਖ਼ਤ ਸਟੈਂਡ ਲਵੇ।

ਪ੍ਰਦਰਸ਼ਨ ਦੌਰਾਨ ਨਾਵਲਕਾਰ ਪ੍ਰਗਟ ਸਤੌਜ, ਕਾ. ਨਛੱਤਰ ਸਿੰਘ ਖੀਵਾ, ਮਜ਼ਦੂਰ ਮੁਕਤੀ ਮੋਰਚਾ ਲਿਬਰੇਸ਼ਨ ਵੱਲੋਂ ਬਲਵਿੰਦਰ ਸਿੰਘ ਘਰਾਂਗਣਾਂ, ਗੁਰਮੀਤ ਸਿੰਘ ਨੰਦਗੜ੍ਹ, ਕਾ. ਧਰਮਪਾਲ ਨੀਟਾ, ਪ੍ਰਗਤੀਸ਼ੀਲ ਇਸਤਰੀ ਸਭਾ (ਏਪਵਾ) ਵੱਲੋਂ ਜਸਬੀਰ ਕੌਰ ਨੱਤ, ਬਲਵਿੰਦਰ ਕੌਰ ਖਾਰਾ, ਹਰਜੀਤ ਕੌਰ, ਕਾਮਰੇਡ ਰਾਜ ਕੁਮਾਰ, ਇਨਕਲਾਬੀ ਨੌਜਵਾਨ ਸਭਾ ਦੇ ਆਗੂ ਗਗਨਦੀਪ ਸਿਰਸੀਵਾਲਾ, ਕੇਵਲ ਸਿੰਘ, ਹਰਗਿਆਨ ਢਿੱਲੋਂ, ਮਨਿੰਦਰ ਸਿੰਘ ਜਵਾਹਰਕੇ, ਹਰਜੀਤ ਸਿੰਘ, ਕਾ. ਪ੍ਰਸ਼ੋਤਮ, ਕੌਰ ਸਿੰਘ ਬਾਬਾ, ਸੇਵਾ ਮੁਕਤ ਥਾਣੇਦਾਰ ਗੁਰਪ੍ਰਨਾਮ ਦਾਸ ਹਾਜ਼ਰ ਸਨ।

**ਸੰਗਰੂਰ (ਪ੍ਰਵੀਨ ਸਿੰਘ)** : ਸੀਪੀਆਈ ਤੇ ਸੀਪੀਐੱਮ ਵੱਲੋਂ ਸਾਂਝੇ ਤੌਰ 'ਤੇ ਸੁਖਦੇਵ ਸ਼ਰਮਾ ਸਕੱਤਰ ਸੀਪੀਆਈ ਚਮਕੌਰ ਸਿੰਘ ਖੇੜੀ ਸਕੱਤਰ ਸੀਪੀਐੱਮ ਦੀ ਅਗਵਾਈ ਵਿੱਚ ਫਲਸਤੀਨ ਦੇ ਹੱਕ ਵਿੱਚ ਵਿਸ਼ਾਲ ਮਾਰਚ ਕਰਕੇ ਡੀ ਸੀ ਦਫਤਰ 'ਤੇ ਰੈਲੀ ਕੀਤੀ ਗਈ।ਰੈਲੀ ਨੂੰ ਸੰਬੋਧਨ ਕਰਦਿਆਂ ਦੋਨਾਂ ਆਗੂਆਂ ਨੇ ਦੱਸਿਆ ਕਿ ਇਜ਼ਰਾਈਲ ਅਮਰੀਕਾ ਦਾ ਬਿਗੜਿਆ ਹੋਇਆ ਬੱਚਾ ਹੈਫਲਸਤੀਨ 'ਤੇ ਹਮਲੇ ਕਰਕੇ ਉੱਥੇ ਬਜ਼ੁਰਗਾਂ ਤੇ ਔਰਤਾਂ, ਬੱਚਿਆਂ ਨੂੰ ਵੀ ਬਖਸ਼ ਨਹੀਂ ਰਿਹਾ। ਹਸਪਤਾਲਾਂ, ਸਕੂਲਾਂ ਤੇ ਫੌਜੀ ਟਿਕਾਣਿਆਂ 'ਤੇ ਹਮਲੇ ਕੀਤੇ ਜਾ ਰਹੇ ਹਨ।ਹੁਣ ਤੱਕ ਲਗਭਗ 70 ਹਜ਼ਾਰ ਦੇ ਕਰੀਬ ਫਲਸਤੀਨੀਆਂ ਨੂੰ ਮੌਤ ਦੇ ਘਾਟ ਉਤਾਰਿਆ ਜਾ ਚੁੱਕਿਆ ਹੈ।ਅੱਜ ਉਨ੍ਹਾਂ ਫਲਸਤੀਨੀਆਂ ਦੀ ਨਸਲਕੁਸ਼ੀ ਕੀਤੀ ਜਾ ਰਹੀ ਹੈ, ਜਿਨ੍ਹਾਂ ਨੇ ਆਪਣੀ ਧਰਤੀ ਇਜ਼ਰਾਈਲ ਨੂੰ ਦੇਸ਼ ਬਣਾਉਣ ਵਾਸਤੇ ਦਿੱਤੀ, 1948 ਤੋਂ ਪਹਿਲਾਂ ਦੁਨੀਆ ਦੇ ਨਕਸ਼ੇ 'ਤੇ ਇਜ਼ਰਾਈਲ ਨਾਂ ਦਾ ਦੇਸ਼ ਵੀ ਨਹੀਂ ਸੀ, ਹੁਣ ਉਹ




ਫਲਸਤੀਨ ਨੂੰ ਖਤਮ ਕਰਨ 'ਤੇ ਹੀ ਨਹੀਂ ਤੁਲਿਆ ਹੋਇਆ, ਸਗੋਂ ਇਰਾਨ 'ਤੇ ਹਮਲੇ ਕਰਕੇ ਉਸ ਦੀ ਫੌਜੀ ਕਮਾਂਡਰਾਂ ਨੂੰ ਤੇ ਸਾਇੰਸਦਾਨਾਂ ਨੂੰ ਮਾਰ ਦਿੱਤਾ ਹੈ। ਰਹਾਇਸ਼ੀ ਇਲਾਕੇ 'ਤੇ ਬੰਬ ਸੁੱਟੇ ਜਾ ਰਹੇ ਹਨ, ਆਮ ਲੋਕਾਂ ਨੂੰ ਮੌਤ ਦੇ ਘਾਟ ਉਤਾਰਿਆ ਜਾ ਰਿਹਾ ਹੈ ਤੇ ਜ਼ਖਮੀ ਕੀਤੇ ਜਾ ਰਹੇ ਹਨ।ਇਸੇ ਤਰ੍ਹਾਂ ਭਾਰਤ ਦੀ ਬਦੇਸ਼ ਨੀਤੀ ਜੋ ਗੁੱਟ ਨਿਰਲੇਪ ਸੀ, ਫਲਸਤੀਨ ਦੇ ਪੱਖ ਵਿੱਚ ਸੀ ਪਰ ਅੱਜ ਸਾਡੇ ਦੇਸ਼ ਦੀ ਆਰਐੱਸਐੱਸ ਦੀ ਅਗਵਾਈ ਵਾਲੀ ਸਰਕਾਰ ਨੇ ਇਸ ਨੀਤੀ ਤੋਂ ਪਾਸਾ ਵੱਟ ਲਿਆ, ਭਾਵੇਂ ਮੋਦੀ ਸਰਕਾਰ ਕਹਿ ਰਹੀ ਹੈ ਕਿ ਉਨ੍ਹਾਂ ਨੇ ਵੋਟ ਦਾ ਬਾਈਕਾਟ ਕੀਤਾ ਹੈ ਪਰ ਇਹ ਅਸਲ ਵਿੱਚ ਇਜ਼ਰਾਈਲ ਦੀ ਮਦਦ ਹੈ।

ਇਸ ਰੈਲੀ ਨੂੰ ਹੋਰਨਾਂ ਤੋਂ ਇਲਾਵਾ ਨਿਰਮਲ ਸਿੰਘ ਬਟਰਿਆਣਾ, ਜੀਵਨ ਸਿੰਘ, ਲਵਜੀਤ ਸਿੰਘ ਸੰਗਰੂਰ, ਪ੍ਰਦੀਪ ਚੀਮਾ, ਸੀਤਾ ਰਾਮ ਸ਼ਰਮਾ ਸੀਪੀਆਈ ਤੇ ਹਰਬੰਸ ਸਿੰਘ ਨਮੋਲ ਜੱਗਾ ਸਿੰਘ ਉਪਲੀ, ਰਣਜੀਤ ਸਿੰਘ, ਇੰਦਰਜੀਤ ਸਿੰਘ ਛੰਨਾ, ਜੋਗਿੰਦਰ ਵੱਧਨ ਸੀਪੀਐੱਮ ਤੋਂ ਇਲਾਵਾ ਬਿਰਜਲਾਲ ਇੰਦਰ ਸਿੰਘ ਤੇ ਵਿਸ਼ੇਸ਼ਣ ਰਾਮ ਨੇ ਵੀ ਸੰਬੋਧਨ ਕੀਤਾ।ਅੰਤ ਵਿੱਚ ਸੀਪੀਆਈ ਦੇ ਸੂਬਾ ਕੌਂਸਲ ਮੈਂਬਰ ਸਾਥੀ ਹਰਦੇਵ ਸਿੰਘ ਬਖਸ਼ੀਵਾਲਾ ਨੇ ਰੈਲੀ ਵਿੱਚ ਸ਼ਾਮਲ ਹੋਏ ਲੋਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਾਨੂੰ ਫਲਸਤੀਨ ਦੀ ਮਦਦ ਕਰਨੀ ਚਾਹੀਦੀ ਹੈ।ਇਰਾਨ 'ਤੇ ਹਮਲਿਆਂ ਦਾ ਵਿਰੋਧ ਕਰਦੇ ਹਾਂ ਕਿਉਂਕਿ ਇਹ ਦੇਸ਼ ਪ੍ਰਮਾਣੂ ਸਮਰਥਾ ਵਾਲੇ ਹਨ, ਜਿਸ ਦਾ ਸੇਕ ਸਾਰੀ ਦੁਨੀਆ ਨੂੰ ਲੱਗੇਗਾ। ਉਨ੍ਹਾਂ ਸਾਰੇ ਸਾਥੀਆਂ ਦਾ ਧੰਨਵਾਦ ਕੀਤਾ।

**ਬਠਿੰਡਾ (ਪਰਵਿੰਦਰ ਜੀਤ ਸਿੰਘ)** : ਦੇਸ਼ ਦੀਆਂ ਖੱਬੀਆਂ ਪਾਰਟੀਆਂ ਦੇ 'ਫਲਸਤੀਨ ਨਾਲ ਇਕਜੁੱਟਤਾ ਦਿਵਸ' ਮਨਾਏ ਜਾਣ ਦੇ ਦੇਸ਼ ਵਿਆਪੀ ਸੱਦੇ ਨੂੰ ਲਾਗੂ ਕਰਦਿਆਂ ਇੱਥੋਂ ਦੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਚੌਕ ਵਿਖੇ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ.ਐੱਮ.ਪੀ.ਆਈ.) ਤੇ ਸੀ ਪੀ ਆਈ (ਐੱਮ ਐੱਲ) ਲਿਬਰੇਸ਼ਨ ਦੇ ਕਾਰਕੁੰਨਾਂ ਨੇ ਹੱਥਾਂ 'ਚ ਜੰਗ ਦੀ ਭਿਆਨਕਤਾ ਨੂੰ ਦਰਸਾਉਂਦੀਆਂ ਤਖਤੀਆਂ ਫੜ ਕੇ ਅਮਨ ਕਾਇਮੀ ਲਈ ਭਰਵਾਂ ਮੁਜ਼ਾਹਰਾ ਕੀਤਾ।

ਇਸ ਮੌਕੇ ਨਾਮਵਰ ਖੱਬੇ ਪੱਖੀ ਆਗੂਆਂ ਪ੍ਰਕਾਸ਼ ਸਿੰਘ ਨੰਦਗੜ੍ਹ, ਹਰਜੀਤ ਸਿੰਘ ਬਰਾੜ, ਗੁਰਮੀਤ ਸਿੰਘ ਜੈ ਸਿੰਘ ਵਾਲਾ, ਬਾਵਾ ਸਿੰਘ ਦਿਓਣ ਨੇ ਆਪਣੇ ਵਿਚਾਰ ਰੱਖੇ। ਬੁਲਾਰਿਆਂ ਨੇ ਮੰਗ ਕੀਤੀ ਕਿ ਇਜ਼ਰਾਈਲ ਵੱਲੋਂ ਅਮਰੀਕਨ ਸਾਮਰਾਜ ਤੇ ਪੱਛਮ ਦੇ ਅਮੀਰ ਦੇਸ਼ਾਂ ਦੀ ਸ਼ਹਿ 'ਤੇ ਫਲਸਤੀਨੀਆਂ ਦੇ ਨਸਲਘਾਤ ਅਤੇ ਆਪਣੀ ਮਾਤ ਭੂਮੀ ਤੋਂ ਉਨ੍ਹਾਂ ਦੇ ਮੁਕੰਮਲ ਉਜਾੜੇ ਲਈ ਛੇੜੀ ਨਿਹੱਕੀ ਤੇ ਅਸਾਵੀਂ ਜੰਗ ਫੌਰੀ ਬੰਦ ਕੀਤੀ ਜਾਵੇ।

ਬੁਲਾਰਿਆਂ ਨੇ ਕਿਹਾ ਕਿ ਇਨਸਾਨੀਅਤ ਦਾ ਤਕਾਜ਼ਾ ਇਹ ਮੰਗ ਕਰਦਾ ਹੈ ਕਿ ਲੱਖਾਂ ਨਿਰਦੋਸ਼ ਫਲਤੀਨੀਆਂ, ਜਿਨ੍ਹਾਂ 'ਚ ਭਾਰੀ ਬਹੁ-ਗਿਣਤੀ ਔਰਤਾਂ ਤੇ ਅਣਭੋਲ ਬੱਚੇ ਹਨ, ਦੇ ਕਾਤਲ ਨੇਤਨਯਾਹੂ ਤੇ ਇਸ ਦੇ ਜੁੰਡੀਦਾਰਾਂ ਨੂੰ ਫਾਹੇ ਲਾਇਆ ਜਾਵੇ। ਉਨ੍ਹਾਂ ਵਿਸ਼ਵ ਨਾਗਰਿਕਾਂ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜੇ ਸੰਸਾਰ ਦੇ ਅਮਨ ਪਸੰਦ ਲੋਕੀਂ ਫਲਸਤੀਨੀਆਂ ਦੇ ਬਚਾਅ ਲਈ ਨਾ ਨਿੱਤਰੇ ਤਾਂ ਪੂਰੇ ਏਸ਼ੀਆਈ ਖਿੱਤੇ ਨੂੰ ਤੇਜ਼ੀ ਨਾਲ ਆਪਣੀ ਲਪੇਟ 'ਚ ਲੈ ਰਹੀ ਇਹ ਜੰਗ ਛੇਤੀ ਹੀ ਵਿਸ਼ਵ ਯੁੱਧ ਵਿੱਚ ਤਬਦੀਲ ਹੋ ਜਾਵੇਗੀ। ਉਨ੍ਹਾਂ ਵਿਸ਼ਵ ਸਮੁਦਾਇ ਨੂੰ ਜ਼ੋਰਦਾਰ ਅਪੀਲ ਕੀਤੀ ਕਿ ਜੰਗਬਾਜ਼ ਜੁੰਡਲੀ ਵੱਲੋਂ ਗਾਜਾ ਤੇ ਪੱਛਮੀ ਕਿਨਾਰੇ ਦੇ ਲੱਖਾਂ ਲੋਕਾਂ ਨੂੰ ਭੁੱਖੇ ਮਾਰਨ ਲਈ ਰਾਹਤ ਕਾਰਜਾਂ 'ਚ ਡਾਹੇ ਜਾ ਰਹੇ ਅੜਿੱਕਿਆਂ ਖਿਲਾਫ਼ ਗਰਜਵੀਂ ਆਵਾਜ਼ ਬੁਲੰਦ ਕੀਤੀ ਜਾਵੇ। ਬੁਲਾਰਿਆਂ ਨੇ ਇਜ਼ਰਾਈਲ ਵੱਲੋਂ ਈਰਾਨ 'ਤੇ ਕੀਤੇ ਜਾ ਰਹੇ ਹਮਲਿਆਂ ਬਾਰੇ ਡੂੰਘੀ ਚਿੰਤਾ ਦਾ ਇਜ਼ਹਾਰ ਕੀਤਾ। ਆਗੂਆਂ ਨੇ ਕਿਹਾ ਕਿ ਯੂ ਐੱਨ ਓ ਦੀ ਅਸੰਬਲੀ 'ਚ ਜੰਗਬੰਦੀ ਦੇ ਮਤੇ 'ਤੇ ਵੋਟਾਂ ਪੈਣ ਵੇਲੇ ਗੈਰ-ਹਾਜ਼ਰ ਰਹਿ ਕੇ ਭਾਰਤ ਸਰਕਾਰ ਨੇ ਇਜ਼ਰਾਈਲ-ਅਮਰੀਕਾ ਜੰਗਬਾਜ਼ ਜੁੰਡਲੀ ਦਾ ਹੀ ਪੱਖ ਪੂਰਿਆ ਹੈ।

**ਪਟਿਆਲਾ (ਭੁਪਿੰਦਰਜੀਤ ਮੌਲਵੀਵਾਲਾ)** : ਇਜ਼ਰਾਈਲ ਵੱਲੋਂ ਫਲਸਤੀਨੀਆਂ ਖਿਲਾਫ ਵਿੱਢੀ ਜੰਗ ਖਿਲਾਫ ਜਿੱਥੇ ਸਮੁੱਚੇ ਦੇਸ਼ ਅੰਦਰ ਫਲਸਤੀਨਿਆਂ ਦੇ ਹੱਕ ਵਿੱਚ ਧਰਨੇ ਮੁਜ਼ਾਹਰੇ ਕਨਵੈਨਸ਼ਨਾਂ ਤੇ ਅਰਥੀਆਂ ਫੂਕੀਆਂ ਗਈਆਂ, ਉੱਥੇ ਜ਼ਿਲ੍ਹੇ ਪਟਿਆਲੇ ਦੀਆਂ ਖੱਬੀਆਂ ਧਿਰਾਂ ਵੱਲੋਂ ਦੋਸਤੀ ਭਵਨ ਪਟਿਆਲਾ ਵਿਖੇ, ਨਿਰਮਲ ਸਿੰਘ ਧਾਲੀਵਾਲ, ਹਰੀ ਸਿੰਘ ਦੌਣ ਕਲਾਂ, ਗੁਰਦਰਸ਼ਨ ਸਿੰਘ ਖਾਸਪੁਰ ਤੇ ਅਵਤਾਰ ਸਿੰਘ ਕੌਰਜੀ ਵਾਲਾ ਦੀ ਅਗਵਾਈ ਹੇਠ ਵਿਸ਼ਾਲ ਕੈਨਵੇਨਸ਼ਨ ਕੀਤੀ ਗਈ। ਖਰਾਬ ਮੌਸਮ ਦੇ ਬਾਵਜੂਦ ਵੱਖ ਵੱਖ ਧਿਰਾਂ ਨਾਲ ਸੰਬਧਤ ਅਮਨ ਪਸੰਦ ਵਰਕਰ ਵੱਡੀ ਗਿਣਤੀ ਵਿੱਚ ਦੋਸਤੀ ਭਵਨ ਪਟਿਆਲਾ ਵਿਖੇ ਪਹੁੰਚੇ ਇਕੱਤਰ ਹੋਏ ਅਮਨ ਪਸੰਦ ਲੋਕਾਂ ਨੂੰ ਸੰਬੋਧਨ ਕਰਦਿਆਂ ਦਰਸ਼ਨ ਬੇਲੂ ਮਾਜਰਾ, ਧਰਮਪਾਲ ਸੀਲ, ਰਜਿੰਦਰ ਸਿੰਘ ਰਾਜਪੁਰਾ ਤੇ ਅਮਰਜੀਤ ਘਨੌਰ ਨੇ ਕਿਹਾ ਕਿ ਸਾਮਰਾਜੀ ਮੂਲਕਾ ਦੀ ਸ਼ਹਿ ਦੇ ਉੱਤੇ ਲੰਮੇ ਸਮੇਂ ਤੋਂ ਇਜ਼ਰਾਈਲ ਫਲਸਤੀਨ ਦੇ ਲੋਕਾਂ ਦਾ ਕਤਲੇ ਆਮ ਕਰ ਰਿਹਾ ਹੈ, ਇਸ ਤੋਂ ਵੀ ਅੱਗੇ ਜਾ ਕੇ ਯੁੱਧ ਦੇ ਸਾਰੇ ਨਿਯਮਾਂ ਨੂੰ ਛਿੱਕੇ ਤੇ ਟੰਗ ਕੇ ਸੰਘਣੀ ਆਬਾਦੀ ਵਾਲੀ ਜਗਾ, ਧਾਰਮਿਕ ਸਥਾਨਾਂ, ਸਕੂਲਾਂ ਹਸਪਤਾਲਾਂ ਤੇ ਇਸ ਤੋਂ ਵੀ ਦੁਖਦਾਈ ਗੱਲ ਹੈ ਕਿ ਜੰਗ ਕਰਕੇ ਘਰੋਂ ਬੇਘਰ ਹੋਏ ਲੋਕਾਂ ਨੂੰ ਫਲਸਤੀਨ ਸਰਕਾਰ ਜਿੱਥੇ ਭੋਜਨ ਮੁਹੱਈਆ ਕਰਦੀ ਹੈ, ਉੱਥੇ ਵੀ ਹਮਲੇ ਕਰਕੇ ਸਾਰੇ ਹੱਦਾਂ ਬੰਨੇ ਪਾਰ ਕਰ ਦਿੱਤੇ ਹਨ। ਉਨ੍ਹਾਂ ਚੇਤਾਵਨੀ ਭਰੇ ਲਹਿਜੇ ਵਿੱਚ ਕਿਹਾ ਕਿ ਇਜ਼ਰਾਈਲ ਆਪਣੇ ਸਾਮਰਾਜੀ ਮਿੱਤਰਾ ਦੀ ਸ਼ਹਿ ਉੱਤੇ ਛੇੜੀ ਜੰਗ ਬੰਦ ਕਰਕੇ ਫਲਸਤੀਨੀ ਲੋਕਾਂ ਨੂੰ ਆਜ਼ਾਦ ਕਰੇ। ਅੰਤ ਵਿੱਚ ਸਮੁੱਚੇ ਅਮਨ ਪਸੰਦ ਵਰਕਰ ਨਾਹਰੇ ਮਾਰਦੇ ਹੋਏ ਪੂਰੇ ਜੋਸ਼ ਨਾਲ ਮਾਰਚ ਕਰਦੇ ਹੋਏ ਸਰਹੱਦੀ ਗੇਟ ਪਟਿਆਲਾ ਵਿਖੇ ਪੁੱਜੇ ਜਿੱਥੇ ਟਰੰਪ ਤੇ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਦੇ ਪੁਤਲੇ ਫੂਕ ਕੇ ਜ਼ੋਰਦਾਰ ਨਾਹਰੇਬਾਜ਼ੀ ਕੀਤੀ ਗਈ, ਸਟੇਜ ਸਕੱਤਰ ਦੀ ਭੂਮਿਕਾ ਜਗਤਾਰ ਸਿੰਘ ਫਤਿਹ ਮਾਜਰੀ ਨੇ ਬਾਖੂਬੀ ਨਿਭਾਈ।

## ਕਾਤਰਾਂ

### ਜੀ ਐਸ ਅਲੋਏਸ ਕੰਪਨੀ ਵੱਲੋਂ ਪਲੇਸਮੈਂਟ ਕੈਂਪ ਅੱਜ

**ਸੰਗਰੂਰ (ਪ੍ਰਵੀਨ ਸਿੰਘ)**-ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵੱਲੋਂ ਜੀ ਐਸ ਅਲੋਏਸ ਕੰਪਨੀ ਨਾਲ ਤਾਲਮੇਲ ਕਰਕੇ 18 ਜੂਨ ਨੂੰ ਨੌਕਰੀ ਦੇ ਚਾਹਵਾਨ ਪ੍ਰਾਰਥੀਆਂ ਲਈ ਰੋਜ਼ਗਾਰ ਦਫ਼ਤਰ ਵਿਖੇ ਇੱਕ ਪਲੇਸਮੈਂਟ ਕੈਂਪ ਲਾਇਆ ਜਾ ਰਿਹਾ ਹੈ।ਜ਼ਿਲ੍ਹਾ ਰੋਜ਼ਗਾਰ ਉਤਪਤੀ ਹੁਨਰ ਵਿਕਾਸ ਤੇ ਸਿਖਲਾਈ ਅਫਸਰ ਸ਼੍ਰੀਮਤੀ ਸਿੰਪੀ ਸਿੰਗਲਾ ਨੇ ਦੱਸਿਆ ਕਿ ਕੰਪਨੀ ਵੱਲੋਂ ਸੀ ਐਨ ਸੀ ਆਪਰੇਟਰ, ਵੈਲਡਰ, ਫਿਟਰ (ਲੜਕੇ ਤੇ ਲੜਕੀਆਂ ਦੋਵੇਂ) ਦੀ ਅਸਾਮੀ ਲਈ ਇੰਟਰਵਿਊ ਲਈ ਜਾਵੇਗੀ, ਜਿਸ ਲਈ ਪ੍ਰਾਰਥੀ ਦੀ ਵਿੱਦਿਅਕ ਯੋਗਤਾ 10ਵੀਂ, 12ਵੀਂ, ਆਈ.ਟੀ.ਆਈ ਹੋਣੀ ਚਾਹੀਦੀ ਹੈ।ਇਸ ਤੋਂ ਇਲਾਵਾ ਉਮਰ 18 ਤੋਂ 30 ਸਾਲ ਹੋਣੀ ਚਾਹੀਦੀ ਹੈ।ਚਾਹਵਾਨ ਤੇ ਯੋਗ ਪ੍ਰਾਰਥੀ ਰਜਿਊਮ ਤੇ ਵਿੱਦਿਅਕ ਯੋਗਤਾ ਦੇ ਸਰਟੀਫਿਕੇਟ ਦੀਆਂ ਫੋਟੋ ਕਾਪੀਆਂ ਲੈ ਕੇ ਇਸ ਇੰਟਰਵਿਊ ਵਿੱਚ ਭਾਗ ਲੈ ਸਕਦੇ ਹਨ। ਇੰਟਰਵਿਊ ਵਿੱਚ ਭਾਗ ਲੈਣ ਲਈ ਕੋਈ ਵੀ ਟੀ.ਏ ਤੇ ਡੀ.ਏ ਦੇਣ ਯੋਗ ਨਹੀਂ ਹੋਵੇਗਾ।

### ਐਕਟਿਵਾ ਤੇ ਗੱਡੀ ਦੀ ਟੱਕਰ 'ਚ ਔਰਤ ਦੀ ਮੌਤ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਦੇ ਮੋਗਾ ਰੋਡ 'ਤੇ ਸੁਰਜੀਤ ਮੈਮੋਰੀਅਲ ਨਜ਼ਦੀਕ ਬਸਤੀ ਭਾਗ ਸਿੰਘ ਵਾਲੀ ਕੋਲ ਇਕ ਐਕਟਿਵਾ ਤੇ ਗੱਡੀ ਦੀ ਟੱਕਰ ਵਿੱਚ ਐਕਟਿਵਾ ਸਵਾਰ ਮਹਿਲਾ ਦੀ ਮੌਤ ਹੋ ਗਈ। ਇਸ ਸਬੰਧੀ ਥਾਣਾ ਕੁੱਲਗੜ੍ਹੀ ਪੁਲਸ ਨੇ ਅਣਪਛਾਤੇ ਗੱਡੀ ਚਾਲਕ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਦੀਪਾਕਰ ਪੁੱਤਰ ਵਿਜੇ ਕੁਮਾਰ ਮੰਗਲ ਵਾਸੀ 02 ਹਾਊਸ ਨੰਬਰ 219 ਫਿਰੋਜ਼ਪੁਰ ਕੈਂਟ ਨੇ ਦੱਸਿਆ ਕਿ 16 ਜੂਨ 2025 ਨੂੰ ਕਰੀਬ 2 ਵਜੇ ਉਸ ਦੀ ਭੈਣ ਨੈਨਸੀ ਜੈਨ ਪਤਨੀ ਵਿਸ਼ਾਲ ਜੈਨ ਵਾਸੀ ਫਿਰੋਜ਼ਪੁਰ ਕੈਂਟ ਉਮਰ ਕਰੀਬ 43 ਸਾਲ ਐਕਟਿਵਾ 'ਤੇ ਸੁਰਜੀਤ ਮੈਮੋਰੀਅਲ ਮੋਗਾ ਰੋਡ 'ਤੇ ਐਡਮਿਸ਼ਨ ਦਾ ਪੁੱਛਣ ਜਾ ਰਹੀ ਸੀ, ਜਦ ਬਸਤੀ ਭਾਗ ਸਿੰਘ ਵਾਲੀ ਮੋਗਾ ਰੋਡ 'ਤੇ ਪੁੱਜੀ ਤਾਂ ਮੋਗਾ ਰੋਡ ਪਾਸੋਂ ਇਕ ਤੇਜ਼ ਰਫਤਾਰ ਗੱਡੀ ਆਈ ਤੇ ਉਸ ਦੀ ਭੈਣ ਦਾ ਉਸ ਨਾਲ ਐਕਸੀਡੈਂਟ ਹੋ ਗਿਆ। ਦੀਪਾਕਰ ਨੇ ਦੱਸਿਆ ਕਿ ਗੱਡੀ ਚਾਲਕ ਗੱਡੀ ਭਜਾ ਕੇ ਲੈ ਗਿਆ, ਜਿਸ ਨਾਲ ਉਸ ਦੀ ਭੈਣ ਦੀ ਮੌਕੇ 'ਤੇ ਮੌਤ ਹੋ ਗਈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਬਲਦੇਵ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਅਣਪਛਾਤੇ ਗੱਡੀ ਚਾਲਕ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

### ਘਰਵਾਲੀ ਦਾ ਸਾਫੇ ਨਾਲ ਗਲਾ ਘੁੱਟ ਕੇ ਕੀਤਾ ਕਤਲ, ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਤਲਵੰਡੀ ਭਾਈ ਵਿਖੇ ਇੱਕ ਵਿਅਕਤੀ ਵੱਲੋਂ ਆਪਣੀ ਘਰਵਾਲੀ ਦਾ ਸਾਫੇ ਨਾਲ ਗਲਾ ਘੁੱਟ ਕੇ ਕਤਲ ਕਰਨ ਦੀ ਖਬਰ ਮਿਲੀ ਹੈ। ਇਸ ਸਬੰਧੀ ਥਾਣਾ ਤਲਵੰਡੀ ਭਾਈ ਪੁਲਸ ਨੇ ਮ੍ਰਿਤਕਾ ਦੇ ਪਤੀ ਖਿਲਾਫ 103 (1) ਬੀਐੱਨਐੱਸ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਬਲਵੀਰ ਸਿੰਘ ਪੁੱਤਰ ਗਿੰਦਰ ਸਿੰਘ ਵਾਸੀ ਪਿੰਡ ਮਹਿਣਾ ਜ਼ਿਲ੍ਹਾ ਮੋਗਾ ਨੇ ਦੱਸਿਆ ਕਿ 16 ਜੂਨ 2025 ਨੂੰ ਕਰੀਬ 3 ਵਜੇ ਦੁਪਹਿਰ ਉਸ ਦੇ ਭਾਣਜੇ ਅਮਨਦੀਪ ਸਿੰਘ ਵਾਸੀ ਪਿੰਡ ਹਰਾਜ ਨੇ ਦੱਸਿਆ ਕਿ ਮੰਮੀ ਨੂੰ ਡੈਡੀ ਨੇ ਮਾਰ ਦਿੱਤਾ ਹੈ। ਬਲਵੀਰ ਸਿੰਘ ਨੇ ਦੱਸਿਆ ਕਿ ਉਹ ਆਪਣੇ ਭਰਾ ਜਰਨੈਲ ਸਿੰਘ ਸਮੇਤ ਹੋਰ ਮੋਹਤਬਰਾਂ ਨੂੰ ਨਾਲ ਲੈ ਕੇ ਆਪਣੀ ਭੈਣ ਦੇ ਘਰ ਪਿੰਡ ਹਰਾਜ ਆ ਕੇ ਪਤਾ ਕੀਤਾ ਤਾਂ ਉਸ ਦੀ ਭੈਣ ਪਰਮਜੀਤ ਕੌਰ (34 ਸਾਲ) ਦੀ ਲਾਸ਼ ਬੈੱਡ 'ਤੇ ਕਮਰੇ ਅੰਦਰ ਪਈ ਹੋਈ ਸੀ। ਬਲਵੀਰ ਸਿੰਘ ਨੇ ਦੱਸਿਆ ਕਿ ਜਗਸੀਰ ਸਿੰਘ ਨੇ ਪਰਮਜੀਤ ਕੌਰ ਦਾ ਸਾਫੇ ਨਾਲ ਗਲਾ ਘੁੱਟ ਕੇ ਮਾਰਿਆ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਇੰਸਪੈਕਟਰ ਬਲਰਾਜ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਦੋਸ਼ੀ ਜਗਸੀਰ ਸਿੰਘ ਖਿਲਾਫ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਕਿਸਾਨ ਦੀ ਜ਼ਮੀਨ 'ਤੇ ਕਬਜ਼ਾ ਕਰਨ ਆਏ ਬੀ ਡੀ ਪੀ ਓ ਨੂੰ ਕਾਮਰੇਡਾਂ ਬੇਰੰਗ ਮੋੜਿਆ

*ਧੱਕੇਸ਼ਾਹੀ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤੀ ਜਾਵੇਗੀ : ਆਗੂ*



**ਜਲਾਲਾਬਾਦ (ਪਰਮਜੀਤ ਢਾਬਾਂ)**-ਭਾਰਤੀ ਕਮਿਊਨਿਸਟ ਪਾਰਟੀ ਤੇ ਕੁੱਲ ਹਿੰਦ ਕਿਸਾਨ ਸਭਾ ਵੱਲੋਂ ਸਥਾਨਕ ਪਿੰਡ ਢੰਡੀ ਕਦੀਮ ਵਿਖੇ ਗਰੀਬ ਕਿਸਾਨ ਸ਼ਰਮਾ ਸਿੰਘ ਦੀ ਜ਼ਮੀਨ 'ਤੇ ਨਜਾਇਜ਼ ਢੰਗ ਨਾਲ ਕਬਜ਼ਾ ਕਰਨ ਆਏ ਪ੍ਰਸ਼ਾਸਨ ਤੇ ਪੰਚਾਇਤ ਨੂੰ ਖਾਲੀ ਹੱਥ ਮੋੜਿਆ ਗਿਆ।ਇਸ ਮੌਕੇ ਗੱਲਬਾਤ ਕਰਦਿਆਂ ਕੁੱਲ ਹਿੰਦ ਕਿਸਾਨ ਸਭਾ ਦੇ ਬਲਾਕ ਪ੍ਰਧਾਨ ਕ੍ਰਿਸ਼ਨ ਧਰਮੂ ਵਾਲਾ ਤੇ ਨੌਜਵਾਨ ਆਗੂ ਨਰਿੰਦਰ ਢਾਬਾਂ ਨੇ ਦੱਸਿਆ ਕਿ ਪਿੰਡ ਢੰਡੀ ਕਦੀਮ ਦੇ ਗਰੀਬ ਕਿਸਾਨ ਸ਼ਰਮਾ ਸਿੰਘ ਨੇ ਵੀਹ ਸਾਲ ਪਹਿਲਾਂ ਉਪਰੋਕਤ ਜ਼ਮੀਨ ਸੁੱਚਾ ਸਿੰਘ ਤੋਂ ਖਰੀਦੀ ਸੀ ਅਤੇ ਵੀਹ ਸਾਲਾਂ ਤੋਂ ਉਹ ਇਸ ਉੱਪਰ ਖੇਤੀ ਕਰਦਾ ਆ ਰਿਹਾ ਹੈ ਅਤੇ ਅੱਜ ਪ੍ਰਸ਼ਾਸਨ ਵੱਲੋਂ ਉਸ ਨੂੰ ਬਿਨਾਂ ਕੋਈ ਨੋਟਿਸ ਭੇਜੇ ਪੰਚਾਇਤ ਨੂੰ ਕਬਜ਼ਾ ਦੁਆਉਣ ਦੀ ਕੋਸ਼ਿਸ਼ ਕੀਤੀ ਗਈ।

ਆਗੂਆਂ ਨੇ ਗੱਲਬਾਤ ਕਰਦਿਆਂ ਕਿਹਾ ਇਸ ਜ਼ਮੀਨ ਉੱਪਰ ਕਿਸਾਨ ਵੱਲੋਂ ਝੋਨੇ ਦੀ ਫ਼ਸਲ ਬੀਜੀ ਗਈ ਹੈ ਤੇ ਰਾਜਸੀ ਸ਼ਹਿ ਤੇ ਬਿਨਾਂ ਕੋਈ ਨਿਸ਼ਾਨ ਦੇਹੀ ਕਰਵਾਏ ਤੇ ਮਾਲ ਮਹਿਕਮੇ ਦੀ ਆਗਿਆ ਤੋਂ ਬਿਨਾਂ ਬੀ.ਡੀ.ਪੀ.ਓ. ਜਲਾਲਾਬਾਦ ਵੱਲੋਂ ਵੱਡੀ ਗਿਣਤੀ ਵਿੱਚ ਪੁਲਸ ਦੇ ਮੁਲਾਜ਼ਮ ਨਾਲ ਲਿਆ ਕੇ ਨਜਾਇਜ ਢੰਗ ਨਾਲ ਪੰਚਾਇਤ ਨੂੰ ਕਬਜ਼ਾ ਦੁਆਉਣ ਦੀ ਕੀਤੀ ਕੋਸ਼ਿਸ਼ ਨੂੰ ਕਿਸੇ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਇਸ ਮੌਕੇ ਆਗੂਆਂ ਨੇ ਮੰਗ ਕਰਦਿਆਂ ਕਿਹਾ ਇਸ ਲਈ ਜ਼ਿੰਮੇਵਾਰ ਅਧਿਕਾਰੀਆਂ ਦੇ ਬਣਦੀ ਕਾਰਵਾਈ ਕੀਤੀ ਜਾਵੇ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸਰਬ ਭਾਰਤ ਨੌਜਵਾਨ ਸਭਾ ਦੇ ਜ਼ਿਲ੍ਹਾ ਸਕੱਤਰ ਹਰਭਜਨ ਛੱਪੜੀ ਵਾਲਾ, ਕਿਸਾਨ ਆਗੂ ਜੰਮੂ ਰਾਮ ਬੰਨ੍ਹ ਵਾਲਾ, ਕਰਨੈਲ ਬੱਘੇਕੇ, ਪੰਮਾ ਥਾਰੇ ਵਾਲਾ, ਹਰਚਰਨ ਪਾਲੀ ਵਾਲਾ, ਸ਼ਰਮਾ ਢੰਡੀਆਂ, ਕਾਲਾ ਸੁਬਾਜ਼ ਕੇ ਤੇ ਟਹਿਲ ਸਿੰਘ ਸੁਬਾਜ਼ ਕੇ ਆਦਿ ਆਗੂ ਤੇ ਵੱਡੀ ਗਿਣਤੀ ਵਿੱਚ ਵਰਕਰ ਹਾਜ਼ਰ ਸਨ।

## ਖੁੱਲ੍ਹੀ ਬੋਲੀ ਹੇਠ ਘਪਲੇਬਾਜ਼ੀ ਦੀ ਮੁੱਖ ਮੰਤਰੀ ਵੱਲੋਂ ਜਾਂਚ ਦੇ ਹੁਕਮ

**ਜੈਤੋ (ਸਤੀਸ਼ ਕੁਮਾਰ ਭੀਰੀ)**-ਨਗਰ ਕੌਂਸਲ ਜੈਤੋ ਵੱਲੋਂ ਘਪਲੇਬਾਜ਼ੀ, ਬੇਈਮਾਨੀ, ਗੁੰਡਾਗਰਦੀ ਤੇ ਕਾਨੂੰਨ ਨੂੰ ਛਿੱਕੇ ਟੰਗਣ ਵਿੱਚ ਪਿਛਲੀਆਂ ਸਰਕਾਰਾਂ ਨੂੰ ਚੰਗਾ ਕਹਾਉਂਦੇ ਹੋਏ ਸਤਿਕਾਰਤ ਬਣਾ ਦਿੱਤਾ ਗਿਆ ਹੈ।ਇੱਥੇ ਦੱਸਣਯੋਗ ਹੈ ਕਿ ਮੌਜੂਦਾ ਪ੍ਰਧਾਨ ਹਰੀਸ਼ ਵੱਲੋਂ ਪਿਛਲੀਆਂ ਸਰਕਾਰਾਂ ਦੌਰਾਨ ਲਗਾਤਾਰ ਤੇ ਅਨੇਕਾਂ ਆਰ ਟੀ ਆਈ ਅਰਜ਼ੀਆਂ ਪਾ ਕੇ ਨਗਰ ਕੌਂਸਲ ਵੱਲੋਂ ਕੀਤੇ ਜਾਂਦੇ ਤਮਾਮ ਕੰਮਾਂ ਜਿਵੇਂ ਕਿ ਖੁੱਲ੍ਹ ਬੋਲੀ, ਸੜਕਾਂ ਗਲੀਆਂ ਨਾਲੀਆਂ ਦੇ ਠੇਕੇ, ਸਟਰੀਟ ਲਾਈਟਾਂ ਤੇ ਸੀਵਰੇਜ ਸਿਸਟਮ ਦੇ ਖਿਲਾਫ ਘਪਲੇਬਾਜ਼ੀ ਉਜਾਗਰ ਕਰਨ ਦਾ ਢਿੰਡੋਰਾ ਪਿੱਟਣ ਵਾਲਾ ਅੱਜ ਖੁਦ ਪ੍ਰਧਾਨਗੀ ਦੀ ਕੁਰਸੀ 'ਤੇ ਕਾਬਜ਼ ਹੋ ਕੇ ਸ਼ਰੇਆਮ ਘਪਲੇਬਾਜ਼ੀ ਤੇ ਧੱਕੇਸ਼ਾਹੀ ਕਰ ਰਿਹਾ ਹੈ। ਜੇਕਰ ਕਿਸੇ ਸਮਾਜਸੇਵੀ ਜਾਂ ਪੱਤਰਕਾਰ ਭਾਈਚਾਰੇ ਵੱਲੋਂ ਇਸ ਦੀ ਧੱਕੇਸ਼ਾਹੀ ਵਿਰੁੱਧ ਆਵਾਜ਼ ਉਠਾਉਣ ਦੀ ਕੋਸ਼ਿਸ਼ ਕੀਤੀ ਗਈ ਤਾਂ ਪ੍ਰਧਾਨ ਹਰੀਸ਼ ਪਰਵਾਰ ਸਮੇਤ ਬੁਖਲਾਹਟ ਵਿੱਚ ਆ ਕੇ ਸੋਸ਼ਲ ਮੀਡੀਆ ਰਾਹੀਂ ਉਨ੍ਹਾਂ ਦੀ ਕਿਰਦਾਰਕੁਸ਼ੀ ਕਰਨ ਲੱਗ ਪਿਆ ਤੇ ਆਪਣੇ ਕਿਰਦਾਰ ਦੇ ਹੇਠਲੇ ਪੱਧਰ ਨੂੰ ਛੂੰਹਦਾ ਹੋਇਆ ਧਮਕੀਆਂ ਵੀ ਦੇਣ ਲੱਗ ਪਿਆ। ਜੇਕਰ ਜਾਣਕਾਰੀ ਦਿੱਤੀ ਜਾਵੇ ਤਾਂ ਇਹ ਹੈ ਕਿ ਨਗਰ ਕੌਂਸਲ ਵੱਲੋਂ ਸ਼ਰੇਆਮ ਕਾਨੂੰਨ ਦੀਆਂ ਧੱਜੀਆਂ ਉਡਾਉਣ ਨੂੰ ਵੀ ਲਗਾਤਾਰ ਪਹਿਲ ਦਿੱਤੀ ਜਾ ਰਹੀ ਹੈ।ਨਗਰ ਕੌਂਸਲ ਜੈਤੋ ਦੇ ਪ੍ਰਧਾਨ ਹਰੀਸ਼ ਤੇ ਈ ਓ ਮਨਿੰਦਰ ਪਾਲ ਸਿੰਘ ਵੱਲੋਂ ਖੁੱਲ੍ਹੀ ਬੋਲੀ ਦੇ ਨਾਮ ਹੇਠ ਕੀਤੀ ਗਈ ਗੁੰਡਾਗਰਦੀ, ਧੱਕੇਸ਼ਾਹੀ ਤੇ ਨਗਰ ਕੌਂਸਲ ਨੂੰ ਭਾਰੀ ਆਰਥਿਕ ਨੁਕਸਾਨ ਪਹੁੰਚਾਉਣ ਲਈ ਐਡਵੋਕੇਟ ਸਤੀਸ਼ ਕੁਮਾਰ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਨੂੰ ਲਿਖਿਆ ਤਾਂ ਉਨ੍ਹਾਂ ਵੱਲੋਂ ਇਸ 'ਤੇ ਤੁਰੰਤ ਐਕਸ਼ਨ ਲੈਂਦਿਆਂ ਇਸ ਘਪਲੇਬਾਜ਼ੀ ਦੀ ਜਾਂਚ ਆਈ ਏ ਐੱਸ ਤੇਜਵੀਰ ਸਿੰਘ ਪ੍ਰਮੁੱਖ ਸਕੱਤਰ ਸਥਾਨਕ ਸਰਕਾਰਾਂ ਵਿਭਾਗ ਨੂੰ ਸੌਂਪ ਦਿੱਤੀ। ਜਦੋਂ ਇਸ ਮਾਮਲੇ ਸਬੰਧੀ ਪੱਖ ਲੈਣ ਲਈ ਪ੍ਰਮੁੱਖ ਸਕੱਤਰ ਨੂੰ ਫੋਨ ਕੀਤਾ ਤਾਂ ਉਨ੍ਹਾਂ ਕਿਹਾ ਕਿ ਇਸ ਦੀ ਪੜਤਾਲ ਕਰਨ ਉਪਰੰਤ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ ਤੇ ਦੋਸ਼ੀਆਂ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

## ਬਲਾਕ ਭੀਖੀ ਦੀ ਹੋਂਦ ਨੂੰ ਬਚਾਉਣ ਲਈ ਬੀ ਡੀ ਪੀ ਓ ਦਫਤਰ ਵਿਖੇ ਧਰਨਾ



**ਭੀਖੀ (ਧਰਮਵੀਰ ਸ਼ਰਮਾ)**-ਪੰਜਾਬ ਸਰਕਾਰ ਵੱਲੋਂ ਸੂਬੇ ਦੇ ਬਲਾਕਾਂ ਦੇ ਪੁਨਰਗਠਨ ਦੀ ਨੀਤੀ ਅਧੀਨ ਬਲਾਕ ਭੀਖੀ ਨੂੰ ਤੋੜਨ ਦੇ ਅੰਦੇਸ਼ੇ ਦੇ ਵਿਰੋਧ ਵਿੱਚ ਅੱਜ ਵੱਖ ਵੱਖ ਜਥੇਬੰਦੀਆਂ ਵੱਲੋਂ ਬੀ ਡੀ ਪੀ ਓ ਦਫਤਰ ਵਿਖੇ 2 ਘੰਟੇ ਲਈ ਸੰਕੇਤਕ ਧਰਨਾ ਦੇ ਕੇ ਜਿੱਥੇ ਸਰਕਾਰ ਖਿਲਾਫ ਨਾਅਰੇਬਾਜ਼ੀ ਕੀਤੀ, ਉਥੇ ਕਿਹਾ ਕਿ ਦਫਤਰ ਦਾ ਸਾਮਾਨ ਨਹੀਂ ਚੁੱਕਣ ਦਿੱਤਾ ਜਾਵੇਗਾ ਤੇ ਸੰਗਠਨ ਆਪਣੇ ਪੱਧਰ 'ਤੇ ਦਫਤਰ ਦੀ ਪਹਿਰੇਦਾਰੀ ਕਰਨਗੇ। ਇਸ ਮੌਕੇ ਧਰਨੇ ਨੂੰ ਸੰਬੋਧਨ ਕਰਦੇ ਹੋਏ ਪੰਜਾਬ ਕਿਸਾਨ ਯੂਨੀਅਨ ਦੇ ਸੂਬਾ ਆਗੂ ਭੋਲਾ ਸਿੰਘ ਸਮਾਓਂ, ਏਟਕ ਦੇ ਜ਼ਿਲ੍ਹਾ ਪ੍ਰਧਾਨ ਕਰਨੈਲ ਸਿੰਘ, ਪੰਜਾਬ ਪ੍ਰਦੇਸ਼ ਕਿਸਾਨ ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਬਲਜੀਤ ਸ਼ਰਮਾ ਖੀਵਾ, ਭਾਕਿਯੂ ਕਾਦੀਆਂ ਦੇ ਗੁਰਨਾਮ ਸਿੰਘ ਭੀਖੀ ਨੇ ਕਿਹਾ ਕਿ ਸੂਬਾ ਸਰਕਾਰ ਲੋਕਾਂ ਨੂੰ ਪ੍ਰਸ਼ਾਸਨਕ ਸੇਵਾਵਾਂ ਦੇਣ ਲਈ ਦੋਗਲੀ ਨੀਤੀ ਅਪਣਾ ਰਹੀ ਹੈ। ਇੱਕ ਪਾਸੇ ਨਵੇਂ ਜ਼ਿਲ੍ਹਿਆਂ ਦਾ ਗਠਨ ਕੀਤਾ ਗਿਆ ਤੇ ਦੂਜੇ ਪਾਸੇ ਪ੍ਰਸ਼ਾਸਨ ਦੀ ਮੁੱਢਲੀ ਇਕਾਈ ਬੀ ਡੀ ਪੀ ਓ ਦਫਤਰ ਨੂੰ ਤੋੜਨ 'ਤੇ ਲੱਗੀ ਹੋਈ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਜਿੱਥੇ ਭੀਖੀ ਇਲਾਕੇ ਦੇ 33 ਪਿੰਡਾਂ ਦੇ ਲੋਕਾਂ ਨੂੰ ਸਿਰਦਰਦੀ ਦਾ ਸਾਹਮਣਾ ਕਰਨਾ ਪਵੇਗਾ, ਉਥੇ ਸਰਕਾਰੀ ਪੋਸਟਾਂ ਖਤਮ ਹੋਣ ਨਾਲ ਨੌਜਵਾਨ ਹੋਰ ਬੇਰੁਜ਼ਗਾਰ ਹੋਣਗੇ।

ਉਨ੍ਹਾਂ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਬਲਾਕ ਤੋੜੇ ਗਏ ਤਾਂ ਇਸ ਦੇ ਗੰਭੀਰ ਰਾਜਨੀਤਕ ਨਤੀਜੇ ਭੁਗਤਣੇ ਪੈਣਗੇ। ਉਨ੍ਹਾਂ ਕਿਹਾ ਕਿ ਭੀਖੀ ਬਲਾਕ ਦੇ ਦਫਤਰ ਦਾ ਸਾਮਾਨ ਹਰਗਿਜ਼ ਨਹੀਂ ਚੁੱਕਣ ਦੇਣਗੇ ਅਤੇ ਜੇਕਰ ਜ਼ਰੂਰਤ ਪਈ ਤਾਂ ਦਫਤਰ ਦੀ 24 ਘੰਟੇ ਪਹਿਰੇਦਾਰੀ ਕੀਤੀ ਜਾਵੇਗੀ। ਧਰਨੇ ਵਿੱਚ ਮੋਲਕ ਸਿੰਘ, ਬਲਦੇਵ ਸਿੰਘ ਸਮਾਓਂ, ਕਾਮਰੇਡ ਕੁਲਦੀਪ ਸਿੰਘ, ਸੋਹਣ ਲਾਲ, ਕਾਮਰੇਡ ਗੁਲਾਬ ਸਿੰਘ, ਭੂਰਾ ਸਿੰਘ ਸਮਾਓਂ, ਸਾਬਕਾ ਕੌਂਸਲਰ ਕੇਵਲ ਸਿੰਘ, ਗੁਰਨਾਮ ਸਿੰਘ, ਕੇਵਲ ਸਿੰਘ ਸਮਾਓਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਆਗੂ ਮੌਜੂਦ ਸਨ।

## ਹਿੰਮਤਪੁਰਾ ਦਾ ਨੌਜਵਾਨ ਕੈਨੇਡਾ ਵਿਖੇ ਗੱਡੀ ਸਮੇਤ ਦਰਿਆ 'ਚ ਰੁੜ੍ਹਿਆ

**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-ਮੋਗਾ ਜ਼ਿਲ੍ਹੇ ਦੇ ਪਿੰਡ ਹਿੰਮਤਪੁਰਾ ਦੇ 21 ਸਾਲਾ ਨੌਜਵਾਨ ਨਵਦੀਪ ਸਿੰਘ ਦੇ ਕੈਨੇਡਾ ਵਿਖੇ ਗੱਡੀ ਸਮੇਤ ਦਰਿਆ ਵਿੱਚ ਰੁੜ੍ਹ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਨੌਜਵਾਨ ਕਈ ਦਿਨਾਂ ਤੋਂ ਲਾਪਤਾ ਹੈ, ਜਿਸ ਦੀ ਭਾਲ ਕੀਤੀ ਜਾ ਰਹੀ ਹੈ, ਪਰ ਦਰਿਆ ਦੇ ਤੇਜ਼ ਬਹਾਅ ਕਾਰਨ ਅਜੇ ਤੱਕ ਉਸ ਦਾ ਕੋਈ ਪਤਾ ਨਹੀਂ ਲੱਗ ਸਕਿਆ। ਇਹ ਵੀ ਪਤਾ ਲੱਗਾ ਹੈ ਕਿ ਹਿੰਮਤਪੁਰੇ ਦਾ 21 ਸਾਲਾ ਨੌਜਵਾਨ ਨਵਦੀਪ ਸਿੰਘ ਸਿੱਧੂ ਜੋ ਕਿ ਆਪਣੇ ਮਾਪਿਆਂ ਦੀ ਇਕਲੌਤੀ ਔਲਾਦ ਸੀ, ਉਹ ਕੁਝ ਸਮਾਂ ਪਹਿਲਾਂ ਹੀ ਕੈਨੇਡਾ ਗਿਆ ਸੀ ਅਤੇ ਅੱਜਕੱਲ੍ਹ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਵਿਖੇ ਵਰਕ ਪਰਮਿਟ 'ਤੇ ਰਹਿ ਰਿਹਾ ਸੀ। ਉਕਤ ਨੌਜਵਾਨ ਆਪਣੇ ਤਿੰਨ ਸਾਥੀਆਂ ਸਮੇਤ ਗੱਡੀ 'ਚ ਸਵਾਰ ਹੋ ਕੇ ਆਪਣੇ ਕੰਮ 'ਤੇ ਜਾ ਰਿਹਾ ਸੀ ਕਿ ਦਰੱਖਤ ਤੋਂ ਬਚਾਅ ਕਰਦੇ ਸਮੇਂ ਉਸ ਦੀ ਗੱਡੀ ਦਰਿਆ ਵਿੱਚ ਜਾ ਡਿੱਗੀ। ਉਸ ਦੇ ਤਿੰਨ ਸਾਥੀ ਸੁਰੱਖਿਅਤ ਬਚ ਨਿਕਲਣ ਵਿੱਚ ਕਾਮਯਾਬ ਰਹੇ, ਪਰ ਨਵਦੀਪ ਸਿੰਘ ਸਿੱਧੂ ਦਾ ਪਤਾ ਨਹੀਂ ਲੱਗ ਸਕਿਆ। ਪੁਲਸ, ਸਕੋਮਿਸ ਫਾਇਰ ਡਿਪਾਰਟਮੈਂਟ ਤੇ ਸਰਚ ਐਂਡ ਰੈਸਕਿਊ ਟੀਮਾਂ ਨੇ ਗੱਡੀ ਤੇ ਗੁੰਮ ਨਵਦੀਪ ਸਿੰਘ ਦੀ ਭਾਲ ਕੀਤੀ, ਪਰ ਪਾਣੀ ਦੇ ਤੇਜ਼ ਵਹਾਅ ਕਾਰਨ ਹਲੇ ਤੱਕ ਕੋਈ ਕਾਮਯਾਬੀ ਨਹੀਂ ਮਿਲ ਸਕੀ। ਇਸ ਘਟਨਾ ਕਾਰਨ ਨਵਦੀਪ ਸਿੰਘ ਦਾ ਪਰਿਵਾਰ ਗਹਿਰੇ ਸਦਮੇ ਵਿੱਚ ਹੈ।



## ਕਾਮਰੇਡ ਘੁੱਕਰ ਸਿੰਘ ਦੀ ਯਾਦ 'ਚ ਸ਼ਰਧਾਂਜਲੀ ਸਮਾਗਮ

**ਮੁਕਤਸਰ (ਪੱਤਰ ਪ੍ਰੇਰਕ)**-ਕਾਮਰੇਡ ਘੁੱਕਰ ਸਿੰਘ ਸਾਨੂੰ 9 ਜੂਨ 2025 ਨੂੰ ਸਦੀਵੀਂ ਵਿਛੋੜਾ ਦੇ ਗਏ ਸਨ।ਉਨ੍ਹਾ ਦੀ ਯਾਦ ਵਿੱਚ ਗੁਰਦੁਆਰਾ ਸ੍ਰੀ ਤੇਗ ਬਹਾਦਰ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ।ਗੁਰਦੁਆਰੇ ਦੇ ਹਾਲ ਵਿੱਚ ਭਾਰੀ ਇਕੱਠ ਹੋਇਆ, ਜਿਸ ਨੂੰ ਰਾਗੀ ਸਿੰਘਾਂ ਨੇ ਆਪਣੇ ਕੀਰਤਨ ਰਾਹੀਂ ਸ਼ਰਧਾ ਦੇ ਫੁੱਲ ਭੇਟ ਕੀਤੇ।ਉਪਰੰਤ ਵੱਖ ਵੱਖ ਜਥੇਬੰਦੀਆਂ ਦੇ ਆਗੂਆਂ ਨੇ ਪਰਵਾਰ ਨਾਲ ਹਮਦਰਦੀ ਤੇ ਦੁੱਖ ਸਾਂਝਾ ਕੀਤਾ।ਸ਼ਰਧਾ ਦੇ ਫੁੱਲ ਭੇਟ ਕਰਦਿਆਂ ਬੁਲਾਰਿਆਂ ਨੇ ਦੱਸਿਆ ਕਿ ਕਾਮਰੇਡ ਘੁੱਕਰ ਸਿੰਘ ਪੰਜਾਬ ਖੇਤ ਮਜ਼ਦੂਰ ਸਭਾ ਦੇ ਉੱਘੇ ਲੀਡਰ ਤੇ ਕਾਮਰੇਡ ਮਹਿੰਦਰ ਸਿੰਘ ਦੇ ਵੱਡੇ ਭਾਈ ਸਨ।ਉਨ੍ਹਾਂ ਨੇ ਇਨਕਲਾਬੀ ਗੁੜ੍ਹਤੀ ਦੇ ਕੇ ਆਪਣੇ ਭਰਾ ਮਹਿੰਦਰ ਸਿੰਘ, ਗੁਰਨਾਮ ਸਿੰਘ ਤੇ ਪੁੱਤਰ ਹਰਦੇਵ ਸਿੰਘ ਨੂੰ ਲੋਕ ਲਹਿਰ ਵੱਲ ਤੋਰਿਆ।ਉਨ੍ਹਾਂ ਕਿਹਾ ਕਿ ਤੁਰ ਤਾਂ ਸਾਰਿਆਂ ਨੇ ਜਾਣਾ ਹੈ, ਪਰ ਕੁੱਝ ਲੋਕ ਘੁੱਕਰ ਸਿੰਘ ਵਰਗੇ ਹੁੰਦੇ ਹਨ, ਜੋ ਸਮਾਜ ਵਿੱਚ ਸਦੀਵੀ ਪੈੜਾਂ ਪਾ ਜਾਂਦੇ ਹਨ।ਉਨ੍ਹਾਂ ਕਿਹਾ ਕਿ ਘੁੱਕਰ ਸਿੰਘ ਸੰਘਰਸ਼ਾਂ ਦੌਰਾਨ ਕਦੇ ਡੋਲੇ ਨਹੀਂ।ਹਮੇਸ਼ਾ ਮੋਹਰਲੀਆਂ ਕਤਾਰਾਂ ਵਿੱਚ ਰਹੇ ਤੇ ਜ਼ਿੰਦਗੀ ਲੋਕਾਂ ਦੇ ਲੇਖੇ ਲਾ ਦਿੱਤੀ ਅਤੇ ਆਖਰੀ ਸਾਹਾਂ ਤੱਕ ਸੰਘਰਸ਼ ਦੇ ਪਾਂਧੀ ਰਹੇ।ਕਾਮਰੇਡ ਘੁੱਕਰ ਸਿੰਘ ਦੀ ਮੌਤ ਦਾ ਜਿੰਨਾ ਨਾ-ਪੂਰਾ ਹੋਣ ਵਾਲਾ ਘਾਟਾ ਪਰਵਾਰ ਨੂੰ ਪਿਆ ਹੈ, ਉਸ ਤੋਂ ਵੱਧ ਘਾਟਾ ਕਿਰਤੀ ਲਹਿਰ ਨੂੰ ਪਿਆ ਹੈ।ਇਸ ਸ਼ਰਧਾਂਜਲੀ ਸਮਾਗਮ ਵਿੱਚ ਪੰਜਾਬ ਖੇਤ ਮਜ਼ਦੂਰ ਸਭਾ ਦੇ ਸੂਬਾ ਜਨਰਲ ਸਕੱਤਰ ਕਾਮਰੇਡ ਦੇਵੀ ਕੁਮਾਰੀ ਸਰਹਾਲੀ ਕਲਾਂ, ਸੂਬਾ ਮੀਤ ਸਕੱਤਰ ਕਾਮਰੇਡ ਨਾਨਕ ਚੰਦ ਲੰਬੀ, ਵਿੱਤ ਸਕੱਤਰ ਕਾਮਰੇਡ ਰਿਸ਼ੀਪਾਲ ਖੁੱਬਣ, ਜ਼ਿਲ੍ਹਾ ਪ੍ਰਧਾਨ ਕਾਮਰੇਡ ਮਹਿੰਗਾ ਰਾਮ ਦੋਦੇ, ਬਲਾਕ ਸਕੱਤਰ ਕਾਮਰੇਡ ਪ੍ਰੀਤਮ ਸਿੰਘ ਘਮਿਆਰਾ, ਜ਼ਿਲ੍ਹਾ ਵਰਕਿੰਗ ਕਮੇਟੀ ਮੈਂਬਰ ਕਾਮਰੇਡ ਦਿਲਬਾਗ ਸਿੰਘ ਸਮਾਘਾ, ਜਗਸੀਰ ਸਿੰਘ ਨੰਬਰਦਾਰ ਸਮਾਘਾ, ਸੂਬਾ ਸਿੰਘ ਸਿੱਖ ਵਾਲਾ, ਪ੍ਰਮਜੀਤ ਸਿੰਘ ਸਿੱਖ ਮਲਾਣਾ, ਡਾ. ਗੁਰਜੰਟ ਸਿੰਘ ਰਪਾਣਾ ਆਦਿ ਨੇ ਸ਼ਰਧਾ ਦੇ ਫੁੱਲ ਭੇਟ ਕੀਤੇ।ਸ਼ੋਕ ਸੰਦੇਸ਼ ਭੇਜਣ ਵਾਲਿਆਂ ਵਿੱਚ ਭਾਰਤੀ ਖੇਤ ਮਜ਼ਦੂਰ ਯੂਨੀਅਨ ਦੇ ਜਨਰਲ ਸਕੱਤਰ ਕਾਮਰੇਡ ਗੁਲਜ਼ਾਰ ਸਿੰਘ ਗੋਰੀਆ, ਜਨਰਲ ਕੌਂਸਲ ਮੈਂਬਰ ਕਾਮਰੇਡ ਸੁਰਜੀਤ ਸਿੰਘ ਸੋਹੀ, ਕਾਮਰੇਡ ਜਸਬੀਰ ਕੌਰ ਸਰਾਂ ਆਦਿ ਨੇ ਸ਼ੋਕ ਸੰਦੇਸ਼ਾਂ ਰਾਹੀਂ ਸ਼ਰਧਾਂਜਲੀ ਭੇਟ ਕੀਤੀ।ਆਏ ਹੋਏ ਸਾਥੀਆਂ ਦਾ ਧੰਨਵਾਦ ਕਾਮਰੇਡ ਮਹਿੰਦਰ ਸਿੰਘ ਨੇ ਕੀਤਾ।



## ਕੋਆਪ੍ਰੇਟਿਵ ਬੈਂਕ ਸ਼ੁਤਰਾਣਾ ਵਿਖੇ ਸਹਿਕਾਰਤਾ ਦਿਵਸ ਨੂੰ ਸਮਰਪਤ ਸਮਾਗਮ

### ਬੈਂਕ ਦੀ ਕਾਰਗੁਜ਼ਾਰੀ ਨੂੰ ਬਿਹਤਰ ਬਣਾਉਣ ਲਈ ਸੁਝਾਵਾਂ ਦੀ ਮੰਗ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)** ਵਿਸ਼ਵ ਸਹਿਕਾਰਤਾ ਦਿਵਸ ਨੂੰ ਸਮਰਪਤ ਸਮਾਗਮ ਕੋਆਪ੍ਰੇਟਿਵ ਬੈਂਕ ਸ਼ੁਤਰਾਣਾ ਵਿਖੇ ਬਰਾਂਚ ਮੈਨੇਜਰ ਸੁਖਵਿੰਦਰ ਸਿੰਘ ਦੀ ਅਗਵਾਈ ਹੇਠ ਹੋਇਆ, ਜਿਸ ਵਿੱਚ ਮੁੱਖ ਮਹਿਮਾਨ ਦੇ ਤੌਰ 'ਤੇ ਡਾਇਰੈਕਟਰ ਸਹਿਕਾਰੀ ਸਭਾਵਾਂ ਪਟਿਆਲਾ ਦਵਿੰਦਰਦੀਪ ਸਿੰਘ ਬੂਟਾ ਮੌਲਵੀਵਾਲਾ ਨੇ ਸ਼ਿਰਕਤ ਕੀਤੀ। ਸਮਾਗਮ ਦੌਰਾਨ ਜੁੜੇ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮਹਿਮਾਨ ਦਵਿੰਦਰਦੀਪ ਸਿੰਘ ਬੂਟਾ ਮੌਲਵੀਵਾਲਾ ਨੇ ਬੈਂਕ ਦੀ ਕਾਰਗੁਜ਼ਾਰੀ ਬਿਹਤਰ ਬਣਾਉਣ ਲਈ ਸੁਝਾਵਾਂ ਦੀ ਮੰਗ ਕਰਦਿਆਂ ਕਿਹਾ ਕਿ ਪਿਛਲੇ ਕਰੀਬ ਸਵਾ ਸੌ ਸਾਲ ਤੋਂ ਸਹਿਕਾਰਤਾ ਵਿਭਾਗ ਲੋਕਾਂ ਦੀ ਬਿਹਤਰੀ ਲਈ ਕੰਮ ਕਰਦਾ ਆ ਰਿਹਾ ਹੈ।ਕਿਸਾਨਾਂ ਤੇ ਮਜ਼ਦੂਰਾਂ ਨੂੰ ਸ਼ਾਹੂਕਾਰਾਂ ਦੇ ਮਹਿੰਗੇ ਕਰਜ਼ੇ ਤੋਂ ਬਚਾਉਣ ਵਿੱਚ ਸਹਿਕਾਰਤਾ ਵਿਭਾਗ ਦੀ ਅਹਿਮ ਭੂਮਿਕਾ ਹੈ।ਵਿਸ਼ੇਸ਼ ਤੌਰ 'ਤੇ ਪੁੱਜੇ ਬੈਂਕ ਦੇ ਨੋਡਲ ਅਫਸਰ ਸੁਰਿੰਦਰ ਕੁਮਾਰ ਗਰਗ ਨੇ ਕਿਹਾ ਕਿ ਬੈਂਕ ਵੱਲੋਂ ਖਾਤਾ ਧਾਰਕਾਂ ਤੇ ਵਿਭਾਗ ਵੱਲੋਂ ਕਿਸਾਨਾਂ ਮਜ਼ਦੂਰਾਂ ਨੂੰ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਜਦੋਂ ਪ੍ਰਾਈਵੇਟ ਬੈਂਕ ਮਹਿੰਗੇ ਕਰਜ਼ੇ ਦੇ ਰਹੇ ਹਨ, ਉਸ ਸਮੇਂ ਆਪਣੇ ਗਾਹਕਾਂ ਨੂੰ ਪੈਰਾਂ ਸਿਰ ਕਰਨ ਲਈ ਕੋਆਪ੍ਰੇਟਿਵ ਬੈਂਕ ਵੱਲੋਂ ਸਸਤੀਆਂ ਵਿਆਜ ਦਰਾਂ ਉੱਤੇ ਕਰਜ਼ਾ ਦਿੱਤਾ ਜਾ ਰਿਹਾ ਹੈ।ਇਸ ਦੌਰਾਨ ਸਹਿਕਾਰੀ ਸਭਾ ਦੁਤਾਲ ਦੇ ਸਕੱਤਰ ਗੁਰਪ੍ਰੀਤ ਸਿੰਘ ਮਨੇਸ ਨੇ ਕਿਹਾ ਕਿ ਸਹਿਕਾਰੀ ਬੈਂਕ ਲੋਕਾਂ ਦਾ ਆਪਣਾ ਬੈਂਕ ਹੈ, ਇਸ ਲਈ ਬੈਂਕ ਦੀ ਮਜ਼ਬੂਤੀ ਲਈ ਹਰ ਇੱਕ ਨੂੰ ਸਹਿਯੋਗ ਦੇਣਾ ਚਾਹੀਦਾ ਹੈ।ਸਕੱਤਰ ਉਮਰਾਓ ਸਿੰਘ ਵਿਰਕ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਾਬਕਾ ਚੇਅਰਮੈਨ ਪੀਏਡੀਬੀ ਪਾਤੜਾਂ ਮਹਿਲ ਸਿੰਘ ਗਲੋਲੀ, ਰਮਨਦੀਪ ਸਿੰਘ, ਗੁਲਾਬ ਸਿੰਘ, ਰਾਜ ਸਿੰਘ ਝੱਬਰ, ਵਧਾਵਾ ਸਿੰਘ ਸ਼ੁਤਰਾਣਾ, ਸਤਨਾਮ ਸਿੰਘ ਵਿਰਕ, ਸਲਵਿੰਦਰ ਸਿੰਘ, ਸਕੱਤਰ ਸਾਹਿਬਾਨ ਬਲਜੀਤ ਸਿੰਘ, ਕੁਲਬੀਰ ਸਿੰਘ, ਕਿਰਪਾਲ ਸਿੰਘ, ਅਮਨਿੰਦਰ ਸਿੰਘ, ਗੁਰਜੋਤ ਸਿੰਘ, ਗੁਰਪ੍ਰੀਤ ਸਿੰਘ, ਬਲਵਿੰਦਰ ਸਿੰਘ ਤੇ ਦੇਸਰਾਜ ਸਿੰਘ ਆਦਿ ਹਾਜ਼ਰ ਸਨ।

## ਪੀ ਆਰ ਟੀ ਸੀ ਦੇ ਕੱਚੇ ਮੁਲਾਜ਼ਮਾਂ ਵੱਲੋਂ ਤਨਖਾਹਾਂ ਨਾ ਮਿਲਣ 'ਤੇ ਰੋਸ ਧਰਨਾ



**ਬੁਢਲਾਡਾ (ਅਸ਼ੋਕ ਲਾਕੜਾ)**-ਪੀ ਆਰ ਟੀ ਸੀ ਦੇ ਕੱਚੇ ਮੁਲਾਜ਼ਮਾਂ ਵੱਲੋਂ ਲਗਭਗ ਦੋ ਮਹੀਨਿਆਂ ਤੋਂ ਤਨਖਾਹਾਂ ਨਾ ਮਿਲਣ ਉੱਤੇ ਰੋਸ ਪ੍ਰਦਰਸ਼ਨ ਕੀਤਾ ਗਿਆ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪੀ ਆਰ ਟੀ ਸੀ ਦੇ ਕੱਚੇ ਮੁਲਾਜ਼ਮ ਜਵਾਹਰ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਅੱਜ 17 ਤਰੀਕ ਹੋ ਚੁੱਕੀ ਹੈ, ਪ੍ਰੰਤੂ ਮਈ 2025 ਦੀ ਤਨਖਾਹ ਹੁਣ ਤੱਕ ਪੀ ਆਰ ਟੀ ਸੀ ਮੈਨੇਜਮੈਂਟ ਵੱਲੋਂ ਸਾਨੂੰ ਜਾਰੀ ਨਹੀਂ ਕੀਤੀ ਗਈ ਹੈ, ਜਿਸ ਦੇ ਰੋਸ ਵਜੋਂ ਅਸੀਂ ਚੇਤਾਵਨੀ ਦੇ ਤੌਰ 'ਤੇ ਦੋ ਘੰਟੇ ਪੀ ਆਰ ਟੀ ਸੀ ਦੇ ਡੀਪੂ ਦਾ ਗੇਟ ਬੰਦ ਕਰਕੇ ਆਪ ਦਾ ਰੋਸ ਜ਼ਾਹਰ ਕੀਤਾ ਹੈ।ਉਨ੍ਹਾਂ ਕਿਹਾ ਕਿ ਪੀ ਆਰ ਟੀ ਸੀ ਦੇ ਸਮੂਹ ਕੱਚੇ ਮੁਲਾਜ਼ਮਾਂ ਨੂੰ ਸਮੇਂ ਸਿਰ ਤਨਖਾਹ ਨਾ ਮਿਲਣਾ ਉਨ੍ਹਾਂ ਦੀ ਰੋਜ਼ੀ ਰੋਟੀ ਨਾਲ ਖਿਲਵਾੜ ਕਰਨਾ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀ ਧੱਕੇਸ਼ਾਹੀ ਨੂੰ ਨਹੀਂ ਬਰਦਾਸ਼ਤ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਜੇਕਰ ਪੀ ਆਰ ਟੀ ਸੀ ਮੈਨੇਜਮੈਂਟ ਨੇ ਜਲਦੀ ਸਾਡੀਆਂ ਤਨਖਾਹਾਂ ਜਾਰੀ ਨਹੀਂ ਕੀਤੀਆਂ ਤਾਂ 19 ਤਰੀਖ ਤੋਂ ਅਸੀਂ ਸਵੇਰੇ ਪਹਿਲੇ ਟਾਈਮ ਤੋਂ ਪੂਰੇ ਪੰਜਾਬ ਵਿੱਚ ਮੁਕੰਮਲ ਚੱਕਾ ਜਾਮ ਕਰਕੇ ਆਪਣਾ ਰੋਸ ਪ੍ਰਦਰਸ਼ਨ ਕਰਾਂਗੇ ਅਤੇ ਆਪਣੀਆਂ ਮੰਗਾਂ ਨੂੰ ਪੂਰਾ ਕਰਵਾਉਣ ਸਬੰਧੀ ਸਰਕਾਰ ਦਾ ਪਿੱਟ ਸਿਆਪਾ ਕਰਾਂਗੇ।

## ਪਾਰਟੀ ਵੱਡੀ ਹੁੰਦੀ ਹੈ ਨਾ ਕਿ ਕੋਈ ਵਿਅਕਤੀ : ਗੋਲਡੀ, ਖੜਿਆਲ

### ਰਾਜਿੰਦਰ ਦੀਪਾ ਦੇ ਸ਼੍ਰੋਮਣੀ ਅਕਾਲੀ ਦਲ ਛੱਡਣ ਨਾਲ ਪਾਰਟੀ ਨੂੰ ਕੋਈ ਫਰਕ ਨਹੀਂ ਪਿਆ



**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**-ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਸ੍ਰੀ ਰਾਜਿੰਦਰ ਦੀਪਾ ਵੱਲੋਂ ਪਾਰਟੀ ਛੱਡਣ ਨੂੰ ਲੈ ਕੇ ਰਾਜਨੀਤੀ ਵਿੱਚ ਘਮਾਸਾਨ ਮੱਚਦਾ ਹੋਇਆ ਨਜ਼ਰ ਆ ਰਿਹਾ ਹੈ।ਸ਼੍ਰੋਮਣੀ ਅਕਾਲੀ ਦਲ ਹਲਕਾ ਸੁਨਾਮ ਊਧਮ ਸਿੰਘ ਵਾਲਾ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਤੇਜਿੰਦਰ ਸਿੰਘ ਸੰਘਰੇੜੀ ਦੀ ਪ੍ਰਧਾਨਗੀ ਹੇਠ ਸਥਾਨਕ ਅਰਬਨ ਕਰੇਵ ਵਿਖੇ ਹੋਈ।ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਸੰਗਰੂਰ ਇੰਚਾਰਜ ਵਿਨਰਜੀਤ ਸਿੰਘ ਗੋਲਡੀ ਤੇ ਜ਼ਿਲ੍ਹਾ ਯੂਥ ਇੰਚਾਰਜ ਹਰਪਾਲ ਸਿੰਘ ਖੜਿਆਲ ਨੇ ਬੀਤੀ ਕੱਲ੍ਹ ਰਜਿੰਦਰ ਦੀਪਾ ਵੱਲੋਂ ਪਾਰਟੀ ਛੱਡ ਕੇ ਕਾਂਗਰਸ ਵਿੱਚ ਸ਼ਾਮਲ ਹੋਣ 'ਤੇ ਆਪਣੀ ਪ੍ਰਤੀਕਿਰਿਆ ਦਿੰਦਿਆਂ ਕਿਹਾ ਕਿ ਪਾਰਟੀ ਵੱਡੀ ਹੁੰਦੀ ਹੈ ਨਾ ਕਿ ਕੋਈ ਵਿਅਕਤੀ। ਉਕਤ ਆਗੂਆਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਰਾਜਿੰਦਰ ਦੀਪਾ ਨਾਲ ਸਰਕਲ ਸੁਨਾਮ ਦਾ ਕੋਈ ਵੀ ਸਰਕਲ ਪ੍ਰਧਾਨ ਜਾਂ ਵਰਕਰ ਪਾਰਟੀ ਛੱਡ ਕੇ ਨਹੀਂ ਗਿਆ।ਹਲਕੇ ਦੀ ਸਮੁੱਚੀ ਲੀਡਰਸ਼ਿਪ ਪਾਰਟੀ ਨਾਲ ਡੱਟ ਕੇ ਖੜ੍ਹੀ ਹੈ।ਉਨ੍ਹਾਂ ਕਿਹਾ ਕਿ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਰਜਿੰਦਰ ਦੀਪਾ ਨੂੰ ਮਾਣ ਦਿੰਦਿਆਂ ਪਾਰਟੀ ਦਾ ਹਲਕਾ ਇੰਚਾਰਜ ਬਣਾਇਆ ਸੀ, ਜਦੋਂ ਕਿ ਕਿਸੇ ਹੋਰ ਪਾਰਟੀ ਨੇ ਦੀਪਾ ਨੂੰ ਅਜਿਹਾ ਕੋਈ ਅਹੁਦਾ ਨਹੀਂ ਦਿੱਤਾ ਸੀ।ਉਨ੍ਹਾਂ ਕਿਹਾ ਕਿ ਰਜਿੰਦਰ ਦੀਪਾ ਅਕਾਲ ਤਖਤ ਦੇ ਫੈਸਲੇ ਨਾਲ ਖੜ੍ਹਨ ਦਾ ਦਾਅਵਾ ਕਰਦਾ ਹੈ, ਜਦੋਂ ਕਿ ਉਹ ਖੁਦ ਅਕਾਲ ਤਖਤ ਸਾਹਿਬ ਢਾਹੁਣ ਵਾਲੀ ਪਾਰਟੀ ਕਾਂਗਰਸ ਵਿੱਚ ਸ਼ਾਮਲ ਹੋ ਗਏ ਹਨ।

# ਜਲ ਸ਼ਕਤੀ ਅਭਿਆਨ ਤਹਿਤ ਕੇਂਦਰੀ ਟੀਮ ਵੱਲੋਂ ਕਪੂਰਥਲਾ ਦਾ ਦੌਰਾ

ਕਪੂਰਥਲਾ (ਬਲਵੀਰ ਸ਼ਾਲਪੁਰੀ)- ਜਲ ਸ਼ਕਤੀ ਅਭਿਆਨ ਤਹਿਤ ਦੇ ਮੈਂਬਰੀ ਕੇਂਦਰੀ ਟੀਮ ਵੱਲੋਂ ਕਪੂਰਥਲਾ ਜ਼ਿਲ੍ਹੇ ਦਾ ਦੌਰਾ ਕਰਕੇ ਪਾਣੀ ਦੀ ਸਾਂਭ ਸੰਭਾਲ ਲਈ ਕੀਤੇ ਜਾ ਰਹੇ ਯਤਨਾਂ ਦਾ ਜਾਇਜ਼ਾ ਲਿਆ ਗਿਆ। ਕੇਂਦਰੀ ਟੀਮ ਜਿਸ ਵਿੱਚ ਡਾਇਰੈਕਟਰ ਨੀਤੀ ਆਯੋਗ ਅਮਿਤ ਵਰਮਾ ਤੇ ਡਿਪਟੀ ਡਾਇਰੈਕਟਰ ਕੇਂਦਰੀ ਜਲ ਕਮਿਸ਼ਨ ਬ੍ਰਿਜੇਸ਼ ਸਿੰਘ ਵੱਲੋਂ ਡਿਪਟੀ ਕਮਿਸ਼ਨਰ ਕਪੂਰਥਲਾ ਅਮਿਤ ਕੁਮਾਰ ਪੰਚਾਲ ਨਾਲ ਉਨ੍ਹਾਂ ਦੇ ਦਫਤਰ ਵਿਖੇ ਮੁਲਾਕਾਤ ਕੀਤੀ ਗਈ। ਟੀਮ ਵੱਲੋਂ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਵਧੀਕ ਡਿਪਟੀ ਕਮਿਸ਼ਨਰ ਵਿਕਾਸ ਵਰਿੰਦਰਪਾਲ ਸਿੰਘ ਬਾਜਵਾ ਨੇ ਟੀਮ ਨੂੰ ਕਪੂਰਥਲਾ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਪਾਣੀ ਦੀ ਸਾਂਭ ਸੰਭਾਲ ਤੇ ਵਿਸ਼ੇਸ਼ ਕਰਕੇ ਮੀਂਹ ਦੇ ਪਾਣੀ ਦੀ ਸੁਚੱਜੀ ਵਰਤੋਂ ਲਈ ਕੀਤੇ ਜਾ ਰਹੇ ਯਤਨਾਂ ਬਾਰੇ ਜਾਣਕਾਰੀ ਦਿੱਤੀ। ਕੇਂਦਰੀ ਟੀਮ ਵੱਲੋਂ ਪਿੰਡ ਨੱਥੂ ਚਾਹਲ ਵਿਖੇ ਕੈਨਾਲ ਆਰਟੀਫਿਸ਼ਲ ਰੀਚਾਰਜਿੰਗ ਪੌਂਡ, ਮਸੀਤਾਂ ਵਿਖੇ ਥਾਪਰ ਮਾਡਲ ਤਹਿਤ ਪਾਣੀ ਦੀ ਸਿਚਾਈ ਲਈ ਵਰਤੋਂ, ਮੀਰੇ ਪਿੰਡ ਵਿਖੇ ਡਰਿੱਪ ਇਰੀਗੇਸ਼ਨ ਤੇ ਨਿਰਮਲ ਕੁਟੀਆ ਦਾ ਦੌਰਾ ਕਰਕੇ ਪਾਣੀ ਦੀ ਸੰਭਾਲ ਲਈ ਕੀਤੇ ਜਾ ਯਤਨਾਂ ਨੂੰ ਵੇਖਿਆ ਗਿਆ। ਇਸ ਮੌਕੇ ਰਾਜ ਸਭਾ ਮੈਂਬਰ ਸੰਤ ਬਾਬਾ ਬਲਬੀਰ ਸਿੰਘ ਸੀਚੇਵਾਲ ਨੇ ਟੀਮ ਨੂੰ ਪਵਿੱਤਰ ਵੇਈਂ ਨੂੰ ਸੁਰਜੀਤ ਕਰਨ ਤੇ ਸੀਚੇਵਾਲ ਵਿਖੇ ਪਾਣੀ ਦੀ ਸੰਭਾਲ ਲਈ ਕੀਤੇ ਜਾ ਰਹੇ ਯਤਨਾਂ ਬਾਰੇ ਜਾਣਕਾਰੀ ਦਿੱਤੀ। ਇਸ ਤਂ ਇਲਾਵਾ ਟੀਮ ਵਲੋਂ ਕੈਚ ਦਾ ਰੇਨ 2025 ਮੁਹਿੰਮ ਤਹਿਤ ਆਗਾਮੀ ਮਾਨਸੂਨ ਸੀਜ਼ਨ ਦੌਰਾਨ ਮੀਂਹ ਦੇ ਪਾਣੀ ਦੀ ਵੱਧ ਤੋਂ ਵੱਧ ਸੰਭਾਲ ਤੇ ਸਹੀ ਵਰਤੋਂ ਉਪਰ ਜ਼ੋਰ ਦਿੱਤਾ ਗਿਆ। ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਮਾਨਸੂਨ ਸੀਜ਼ਨ ਤੋਂ ਪਹਿਲਾਂ ਜ਼ਿਲ੍ਹੇ ਦੇ ਲਗਭਗ 600 ਪਿੰਡਾਂ ਅੰਦਰ ਛੱਪੜਾਂ ਦੀ ਸਫਾਈ ਕਰਵਾਈ ਗਈ ਹੈ। ਇਸ ਤੋਂ ਇਲਾਵਾ ਮੀਂਹ ਦੇ ਪਾਣੀ ਦੀ ਸੰਭਾਲ ਲਈ ਵੱਡੀ ਗਿਣਤੀ ਵਿੱਚ ਪਿੰਡਾਂ ਅੰਦਰ ਥਾਪਰ ਮਾਡਲ ਤਹਿਤ ਛੱਪੜ ਬਣਾਏ ਗਏ ਹਨ, ਜਿਸ ਨਾਲ ਨਾਲ ਖੇਤਾਂ ਅੰਦਰ ਸਿੰਚਾਈ ਲਈ ਪਾਣੀ ਵਰਤਿਆ ਜਾ ਰਿਹਾ ਹੈ। ਇਸ ਮੌਕੇ ਨਗਰ ਨਿਗਮ ਕਪੂਰਥਲਾ ਤੇ ਫਗਵਾੜਾ, ਪੰਚਾਇਤ ਵਿਭਾਗ, ਖੇਤੀਬਾੜੀ, ਬਾਗਬਾਨੀ, ਜਲ ਸਰੋਤ ਵਿਭਾਗ, ਭੂਮੀ ਰੱਖਿਆ ਵਿਭਾਗ, ਜਲ ਸਪਲਾਈ ਦੇ ਅਧਿਕਾਰੀ ਹਾਜ਼ਰ ਸਨ।

# ਬੇਲਨ ਬ੍ਰਿਗੇਡ ਨੇ ਕੀਤੀ ਸ਼ਰਾਬ 'ਤੇ ਪਾਬੰਦੀ ਦੀ ਮੰਗ

ਲੁਧਿਆਣਾ (ਰੈਕਟਰ ਕਥੂਰੀਆ) ਬੇਲਨ ਬ੍ਰਿਗੇਡ ਨੇ ਇੱਕ ਵਾਰ ਫਿਰ ਨਸ਼ਿਆਂ ਦੇ ਖਿਲਾਫ ਜੰਗ ਵਿੱਢ ਦਿੱਤੀ ਹੈ। ਇਸ ਵਾਰ ਇਸ ਮਹਿਲਾ ਸੰਗਠਨ ਨੇ ਸਾਰੇ ਉਮੀਦਵਾਰਾਂ ਕੋਲੋਂ ਲਿਖਤੀ ਤੌਰ 'ਤੇ ਜਾ ਕੇ ਸਿੱਧਾ ਸਵਾਲ ਕੀਤਾ ਹੈ ਕਿ ਉਹ ਨਸ਼ਾ ਬੰਦ ਕਰਾਉਣ ਦੀ ਹਿੰਮਤ ਕਰਨਗੇ ਜਾਂ ਨਹੀਂ? ਬੇਲਨ ਬ੍ਰਿਗੇਡ ਵੱਲੋਂ ਨਸ਼ਿਆਂ ਵਿਰੁੱਧ ਸ਼ੁਰੂ ਕੀਤੀ ਗਈ ਮੁਹਿੰਮ ਉਦੋਂ ਹੀ ਸਫਲ ਹੋਵੇਗੀ, ਜਦੋਂ ਪੰਜਾਬ ਸਰਕਾਰ ਸ਼ਰਾਬ 'ਤੇ ਪੂਰੀ ਤਰ੍ਹਾਂ ਪਾਬੰਦੀ ਲਾਵੇਗੀ। ਇਸ ਮੁੱਦੇ 'ਤੇ ਬੇਲਨ ਬ੍ਰਿਗੇਡ ਦੇ ਮੈਂਬਰਾਂ ਨੇ ਲੁਧਿਆਣਾ ਵਿੱਚ ਚੋਣ ਲੜ ਰਹੇ ਉਮੀਦਵਾਰਾਂ ਨੂੰ ਇੱਕ ਮੰਗ ਪੱਤਰ ਦਿੱਤਾ। ਬੇਲਨ ਬ੍ਰਿਗੇਡ ਦੀ ਕੌਮੀ ਪ੍ਰਧਾਨ ਅਨੀਤਾ ਸ਼ਰਮਾ ਨੇ ਕਾਂਗਰਸੀ ਉਮੀਦਵਾਰ ਭਾਰਤ ਭੂਸ਼ਣ ਆਸ਼ੂ, ਭਾਜਪਾ ਉਮੀਦਵਾਰ ਜੀਵਨ ਗੁਪਤਾ ਅਤੇ ਅਕਾਲੀ ਉਮੀਦਵਾਰ ਪਰੋਪਕਾਰ ਸਿੰਘ ਘੁੰਮਣ ਤੋਂ ਮੰਗ ਕੀਤੀ ਹੈ ਕਿ ਜੇਕਰ ਅਸੀਂ ਪੰਜਾਬ ਵਿੱਚੋਂ ਨਸ਼ਾ ਖਤਮ ਕਰਨਾ ਚਾਹੁੰਦੇ ਹਾਂ ਤਾਂ ਸਭ ਤੋਂ ਪਹਿਲਾਂ ਸ਼ਰਾਬ ਵਰਗੇ ਸਰਕਾਰੀ ਨਸ਼ੇ 'ਤੇ ਪਾਬੰਦੀ ਲਾਈ ਜਾਣੀ ਚਾਹੀਦੀ ਹੈ। ਅਨੀਤਾ ਸ਼ਰਮਾ ਨੇ ਅੱਗੇ ਕਿਹਾ ਕਿ ਸਾਰੀਆਂ ਪਾਰਟੀਆਂ ਦੀਆਂ ਸਰਕਾਰਾਂ ਸ਼ਰਾਬ ਤੋਂ ਟੈਕਸ ਇਕੱਠਾ ਕਰਦੀਆਂ ਹਨ ਤੇ ਫਿਰ ਸਮਾਜ ਦੀ ਭਲਾਈ ਲਈ ਕੰਮ ਕਰਦੀਆਂ ਹਨ, ਜਿਸ ਵਿੱਚ ਸਰਕਾਰ ਇਸ ਨੂੰ ਸਕੂਲਾਂ ਵਿੱਚ ਬੱਚਿਆਂ ਦੀ ਸਿੱਖਿਆ, ਗਰੀਬ ਲੋਕਾਂ ਦੇ ਇਲਾਜ ਆਦਿ 'ਤੇ ਖਰਚ ਕਰਦੀ ਹੈ।

# ਬਿਆਸ-ਹਜ਼ਰਤ ਨਿਜ਼ਾਮੁਦੀਨ ਤੇ ਬਿਆਸ-ਸਹਾਰਨਪੁਰ ਵਿਚਕਾਰ ਵਿਸ਼ੇਸ਼ ਰੇਲ ਸੇਵਾਵਾਂ ਸ਼ੁਰੂ

ਫਿਰੋਜ਼ਪੁਰ (ਅਸ਼ੋਕ ਸ਼ਰਮਾ) : ਰੇਲਵੇ ਵਿਭਾਗ ਨੇ ਬਿਆਸ ਵਿੱਚ ਰਾਧਾ ਸਵਾਮੀ ਸਤਸੰਗ ਦੇ ਸ਼ਰਧਾਲੂਆਂ ਦੀ ਸਹੂਲਤ ਲਈ ਵਿਸ਼ੇਸ਼ ਮੇਲ ਐਕਸਪ੍ਰੈੱਸ ਟਰੇਨਾਂ ਚਲਾਉਣ ਦਾ ਫੈਸਲਾ ਕੀਤਾ ਹੈ। ਇਹ ਸੇਵਾਵਾਂ ਹਜ਼ਰਤ ਨਿਜ਼ਾਮੁਦੀਨ ਤੇ ਸਹਾਰਨਪੁਰ ਤੋਂ ਬਿਆਸ ਅਤੇ ਵਾਪਸੀ ਲਈ ਸੰਚਾਲਿਤ ਕੀਤੀਆਂ ਜਾਣਗੀਆਂ। ਹਜ਼ਰਤ ਨਿਜ਼ਾਮੁਦੀਨ-ਬਿਆਸ ਵਿਸ਼ੇਸ਼ ਟਰੇਨ, ਇਹ ਟਰੇਨ ਨੰਬਰ 04451 ਹਜ਼ਰਤ ਨਿਜ਼ਾਮੁਦੀਨ ਤੋਂ 26 ਜੂਨ 2025 ਨੂੰ ਸ਼ਾਮ 7.40 ਵਜੇ ਰਵਾਨਾ ਹੋਵੇਗੀ ਤੇ ਅਗਲੇ ਦਿਨ ਸਵੇਰੇ 4.05 ਵਜੇ ਬਿਆਸ ਪਹੁੰਚੇਗੀ। ਵਾਪਸੀ ਵਿੱਚ, ਟਰੇਨ ਨੰਬਰ 04452 ਬਿਆਸ ਤੋਂ 29 ਜੂਨ 2025 ਨੂੰ ਰਾਤ 8.35 ਵਜੇ ਚੱਲੇਗੀ ਅਤੇ ਅਗਲੇ ਦਿਨ ਸਵੇਰੇ 4 ਵਜੇ ਹਜ਼ਰਤ ਨਿਜ਼ਾਮੁਦੀਨ ਪਹੁੰਚੇਗੀ। ਇਹ ਟਰੇਨ ਰਸਤੇ ਵਿੱਚ ਦਿੱਲੀ, ਸਬਜ਼ੀ ਮੰਡੀ, ਅੰਬਾਲਾ ਛਾਉਣੀ, ਲੁਧਿਆਣਾ ਤੇ ਜਲੰਧਰ ਸਿਟੀ ਸਟੇਸ਼ਨਾਂ 'ਤੇ ਰੁਕੇਗੀ। ਸਹਾਰਨਪੁਰ-ਬਿਆਸ ਵਿਸ਼ੇਸ਼ ਟਰੇਨ, ਇਹ ਟਰੇਨ ਨੰਬਰ 04565 ਸਹਾਰਨਪੁਰ ਤੋਂ 27 ਜੂਨ 2025 ਨੂੰ ਰਾਤ 8.50 ਵਜੇ ਰਵਾਨਾ ਹੋਵੇਗੀ ਅਤੇ ਅਗਲੇ ਦਿਨ ਸਵੇਰੇ 2.15 ਵਜੇ ਬਿਆਸ ਪਹੁੰਚੇਗੀ। ਵਾਪਸੀ ਵਿੱਚ ਟਰੇਨ ਨੰਬਰ 04566 ਬਿਆਸ ਤੋਂ 29 ਜੂਨ 2025 ਨੂੰ ਸ਼ਾਮ 3 ਵਜੇ ਚੱਲੇਗੀ ਅਤੇ ਰਾਤ 8.20 ਵਜੇ ਸਹਾਰਨਪੁਰ ਪਹੁੰਚੇਗੀ। ਇਹ ਟਰੇਨ ਯਮੁਨਾਨਗਰ ਜਗਾਧਰੀ, ਜਗਾਧਰੀ ਵਰਕਸ਼ਾਪ, ਅੰਬਾਲਾ ਛਾਉਣੀ, ਲੁਧਿਆਣਾ ਤੇ ਜਲੰਧਰ ਸਿਟੀ ਸਟੇਸ਼ਨਾਂ 'ਤੇ ਰੁਕੇਗੀ। ਇਹ ਵਿਸ਼ੇਸ਼ ਟਰੇਨਾਂ ਸ਼ਰਧਾਲੂਆਂ ਦੀ ਸੁਵਿਧਾ ਤੇ ਸੁਰੱਖਿਆ ਨੂੰ ਧਿਆਨ ਵਿੱਚ ਰੱਖਦਿਆਂ ਸੰਚਾਲਿਤ ਕੀਤੀਆਂ ਜਾ ਰਹੀਆਂ ਹਨ।

# ਰੋਟਰੀ ਕਲੱਬ ਨੇ ਨੱਕ, ਕੰਨ ਤੇ ਗਲੇ ਦੇ ਮਰੀਜ਼ਾਂ ਲਈ ਮੁਫ਼ਤ ਜਾਂਚ ਕੈਂਪ ਲਗਾਇਆ

ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)-ਰੋਟਰੀ ਕਲੱਬ ਸ੍ਰੀ ਅਨੰਦਪੁਰ ਸਾਹਿਬ ਵੱਲੋਂ ਸਥਾਨਕ ਸ੍ਰੀ ਗੁਰੂ ਤੇਗ ਬਹਾਦਰ ਮਲਟੀ ਸਪੈਸ਼ਲਿਟੀ ਹਸਪਤਾਲ ਵਿਖੇ ਈ ਐਨ ਟੀ ਮੁਫ਼ਤ ਜਾਂਚ ਕੈਂਪ ਲਗਾਇਆ ਗਿਆ, ਜਿਸ ਦਾ ਰਸਮੀ ਤੌਰ 'ਤੇ ਉਦਘਾਟਨ ਕਲੱਬ ਦੇ ਸਾਬਕਾ ਪ੍ਰਧਾਨ ਤੇ ਉੱਘੇ ਸਰਜਨ ਡਾਕਟਰ ਪੀਜੀਐਸ ਗੰਗ ਵੱਲੋਂ ਕੀਤਾ ਗਿਆ। ਇਸ ਮੌਕੇ ਉਹਨਾਂ ਸੰਬੋਧਨ ਕਰਦਿਆਂ ਰੋਟਰੀ ਕਲੱਬ ਵੱਲੋਂ ਸਮੇਂ ਸਮੇਂ 'ਤੇ ਕੀਤੇ ਜਾਂਦੇ ਸਮਾਜ ਭਲਾਈ ਦੇ ਕੰਮਾਂ ਸਬੰਧੀ ਚਾਨਣਾ ਪਾਇਆ ਅਤੇ ਕੈਂਪ ਸਬੰਧੀ ਮਰੀਜ਼ਾਂ ਨੂੰ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਕਲੱਬ ਦੇ ਪ੍ਰਧਾਨ ਗੁਰਚਰਨ ਸਿੰਘ ਘਟੀਵਾਲ ਨੇ ਆਏ ਮਹਿਮਾਨਾਂ ਅਤੇ ਡਾਕਟਰਾਂ ਅਤੇ ਉਨ੍ਹਾਂ ਦੀ ਟੀਮ ਦਾ ਧੰਨਵਾਦ ਕੀਤਾ। ਕਲੱਬ ਦੇ ਪ੍ਰੋਜੈਕਟ ਇੰਚਾਰਜ ਬਬਲੂ ਰਾਣਾ ਅਤੇ ਮੈਂਬਰਾਂ ਨੇ ਦੱਸਿਆ ਕਿ ਈ ਐਨ ਟੀ ਸਪੈਸ਼ਲਿਸਟ ਡਾਕਟਰ ਸੁਚੇਤਾ ਪਰਮਾਰ ਦੀ ਟੀਮ ਨੇ 50 ਦੇ ਕਰੀਬ ਮਰੀਜ਼ਾਂ ਦੀ ਮੁਫ਼ਤ ਜਾਂਚ ਕਰਨ ਉਪਰੰਤ ਲੋੜਵੰਦਾਂ ਨੂੰ ਦਵਾਈਆਂ ਵੀ ਮੁਫਤ ਦਿੱਤੀਆਂ। ਇਸ ਮੌਕੇ ਕਲੱਬ ਮੈਂਬਰਾਂ ਵਿੱਚ ਸੈਕਟਰੀ ਜਸਵੀਰ ਸਿੰਘ ਜੱਸਾ, ਸੁਖਵਿੰਦਰ ਪਾਲ ਸਿੰਘ ਸੁੱਖੂ, ਸੁਖਵਿੰਦਰ ਸਿੰਘ ਰਾਜੂ, ਮਹਿੰਦਰ ਸਿੰਘ ਰਾਣਾ, ਸਟਾਫ ਵਿੱਚ ਜਸਵੀਰ ਸਿੰਘ, ਅੰਕੁਸ਼ ਕੁਮਾਰ, ਪ੍ਰੀਆ, ਜੋਤੀ, ਮਨਜੀਤ, ਅਮਨ ਆਦਿ ਹਾਜ਼ਰ ਸਨ।

# ਹਰੀਪੁਰ ਵਿਖੇ ਬਾਬਾ ਸ਼ਾਹ ਕਮਾਲ ਦਾ ਸਾਲਾਨਾ ਦੋ ਰੋਜ਼ਾ ਉਰਸ ਕਰਵਾਇਆ

ਜਲੰਧਰ (ਸੁਰਿੰਦਰ ਕੁਮਾਰ) ਪਿੰਡ ਹਰੀਪੁਰ ਵਿਖੇ ਸਥਿਤ ਦਰਬਾਰ ਹਜ਼ਰਤ ਬਾਬਾ ਸ਼ਾਹ ਕਮਾਲ ਵਿਖੇ ਦੋ ਰੋਜ਼ਾ ਸਾਲਾਨਾ ਉਰਸ ਗ੍ਰਾਮ ਪੰਚਾਇਤ, ਸੰਗਤਾਂ ਦੇ ਸਹਿਯੋਗ ਨਾਲ ਹਜ਼ਰਤ ਬਾਬਾ ਸ਼ਾਹ ਕਮਾਲ ਸਾਂਈ ਜੁਮਲੇ ਸ਼ਾਹ ਵੈਲਫੇਅਰ ਸੁਸਾਇਟੀ ਉਦੇਸੀਆ ਵੱਲੋਂ ਬੀਬੀ ਸ਼ਰੀਫਾ ਦੇ ਅਸ਼ੀਰਵਾਦ ਨਾਲ ਕਰਵਾਇਆ ਗਿਆ। ਉਰਸ ਦੇ ਪਹਿਲੇ ਦਿਨ ਸੰਤ ਪੁਰਸ਼ਾਂ, ਪ੍ਰਬੰਧਕਾਂ ਅਤੇ ਸੰਗਤਾਂ ਵੱਲੋਂ ਦਰਬਾਰ 'ਚ ਚਿਰਾਗ ਰੌਸ਼ਨ ਕੀਤੇ ਗਏ। ਇਸ ਉਪਰੰਤ ਕਵਾਲੀਆਂ ਕਰਾਮਤ ਫਕੀਰ, ਮੁਰਾਦ ਸਲੀਮ ਕਵਾਲ, ਵਨੀਤ ਖਾਨ, ਸ਼ੌਕਤ ਦੀਵਾਨਾ ਕਵਾਲ ਪਟਿਆਲਾ, ਕੁਲਦੀਪ ਕਾਦਰ, ਹਬੀਬ ਅੰਲੀ ਮਤੋਈ, ਉਰਸ ਦੇ ਦੂਜੇ ਦਿਨ ਚਾਦਰ ਅਤੇ ਝੰਡੇ ਦੀ ਰਸਮ ਕੀਤੀ ਗਈ। ਇਸ ਮੌਕੇ ਸਵਾਮੀ ਰਾਮ ਭਾਰਤੀ ਆਦਮਪੁਰ, ਕਿਰਨਾ ਮਹੰਤ, ਬਾਬਾ ਪ੍ਰਿਥੀ ਪਾਲ ਸਿੰਘ ਬਾਲੀ, ਸੰਤ ਸਰਵਣ ਸਿੰਘ ਸਭਰ, ਬਾਬਾ ਅਸ਼ੋਕ ਜਲੰਧਰ, ਸੰਤ ਸੰਚੀ ਵੱਲੋਂ ਤੇ ਹੋਰ ਮਹਾਂਪੁਰਸ਼ਾਂ ਨੇ ਆਇਆ ਸੰਗਤਾਂ ਨੂੰ ਅਸ਼ੀਰਵਾਦ ਦਿੱਤਾ। ਰਣਜੀਤ ਰਾਣਾ, ਪ੍ਰਤਾਪ ਰਾਣਾ, ਕੁਲਵਿੰਦਰ ਕਿੰਦਾ, ਬੂਟਾ ਮੁਹੰਮਦ, ਐਕਰ ਦਿਲਸ਼ਾ, ਦਲਵਿੰਦਰ ਦਿਆਲਪੁਰ, ਐਲਕਸ ਸਾਬਕਰਵੀ, ਕੁਮਾਰ ਰਾਜਨ, ਸਰਬਜੀਤ ਫੁਲ ਸਮੇਤ ਹੋਰ ਕਲਾਕਾਰਾਂ ਨੇ ਸ਼ਿਰਕਤ ਕਰਦਿਆਂ ਦਰਬਾਰ ਵਿਚ ਹਾਜ਼ਰੀ ਲਗਵਾਈ। ਹਲਕਾ ਵਿਧਾਇਕ ਸੁਖਵਿੰਦਰ ਕੋਟਲੀ ਵਿਸ਼ੇਸ਼ ਤੌਰ 'ਤੇ ਮੌਕੇ ਵਿਚ ਹਾਜ਼ਰੀ ਲਗਵਾਈ। ਇਸ ਮੌਕੇ ਜਸਵੀਰ, ਗੁਰਨਾਮ, ਈਸ਼ਾ, ਖੁਸ਼ੀ ਮੁਹੰਮਦ, ਸੁਰਿੰਦਰ ਸਿੰਘ ਯੂਐਸਏ, ਬਲਜਿੰਦਰ ਸਿੰਘ ਬਾਸਲ ਕਨੇਡਾ, ਸ਼ਿਵਮ ਬਲ੍ਹਣਾ, ਸੋਨੂੰ, ਬਲਜੀਤ ਸਿੰਘ, ਨਿਰਮਲ ਸਿੰਘ, ਸਰਪੰਚ ਹਰੀਪੁਰ, ਜਸਵਿੰਦਰ ਸਿੰਘ, ਹਰਿੰਦਰ ਮਹਿਤਾ ਤੇ ਹੋਰਨਾਂ ਨੇ ਸੰਗਤਾਂ ਨੂੰ ਮੇਲੇ ਦੀਆਂ ਵਧਾਈਆਂ ਦਿੱਤੀਆਂ।

## PUBLIC NOTICE

It is to inform that we, S.Jagdeep Singh S/o S. Ravinder Pal Singh and Smt. KirandeepKaur wife of Jagdeep Singh residents of 2/113, Gali No.2, Near SukaTalabMandir, Sultanwind Road, Amritsar hereby declare that the original Sale Deed Dated 20.05.2009 registered vide Document No.1392, Book No.1, Volume No.10501 at Page 57 executed by M/s. Satish Estate Private Limited in favour of S. Gurdeep Singh son of S. Kuldeep Singh has already been lost and a Police report vide G.D.No.019 Dated 02.03.2024 has been lodged with Police Station Islamabad, Amritsar in this respect and the said Sale Deed has not been located till date nor any loan etc. has been obtained from any bank or financial institution by pledging the said sale deed nor the same has been misused in any manner

## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸ੍ਰੀ ਜਗਤਾਰ ਸਿੰਘ ਨਾਇਬ ਤਹਿਸੀਲਦਾਰ ਜਲੰਧਰ-1

... ਨੰਬਰ : 124 ਮਿਤੀ/ਰੀਡਰ 16/06/2025

ਸਹੀ/-ਨਾਇਬ ਤਹਿਸੀਲਦਾਰ ਜਲੰਧਰ-1

## ਪਬਲੀਕੇਸ਼ਨ ਨੋਟਿਸ

ਬਾ ਅਦਾਲਤ ਸਹਾਇਕ ਕੁਲੈਕਟਰ ਦਰਜਾ ਪਹਿਲਾ, ਅਜੀਤਵਾਲ, ਜ਼ਿਲ੍ਹਾ ਮੋਗਾ।

ਕੇਸ ਨੰਬਰ : ਤਕਸੀਮ

ਅਨਵਾਨ : ਗੁਰਮੇਲ ਸਿੰਘ ਬਨਾਮ ਸੁਖਵਿੰਦਰ ਸਿੰਘ ਵਗੈਰਾ

ਰਕਬਾ : ਚੂਹੜਚੱਕ।

ਤਾਰੀਖ ਪੇਸ਼ੀ : 02-07-2025

ਨੋਟਿਸ ਬਨਾਮ ਆਮ ਪਬਲਿਕ

... ਨੋਟਿਸ ਅੱਜ ਮਿਤੀ 04-06-2025 ਨੂੰ ਨਿਮਨ ਹਸਤਾਖਰ ਦੇ ਹਸਤਾਖਰਾਂ ਅਤੇ ਅਦਾਲਤ ਦੀ ਮੋਹਰ ਨਾਲ ਜਾਰੀ ਹੋਇਆ ਹੈ।

ਸਹਾਇਕ ਕੁਲੈਕਟਰ ਦਰਜਾ-ਪਹਿਲਾ ਅਜੀਤਵਾਲ (ਜ਼ਿਲ੍ਹਾ ਮੋਗਾ)।

3. ਮੱਖਣ ਸਿੰਘ ਪੁੱਤਰ ਬਖਤਾਵਰ ਸਿੰਘ ਪੁੱਤਰ ਸੱਜਣ ਸਿੰਘ ਉਰਫ ਧੰਨਾ ਸਿੰਘ ਵਾਸੀਆਨ ਪਿੰਡ ਚੂਹੜਚੱਕ, ਤਹਿਸੀਲ ਵਾ ਜ਼ਿਲ੍ਹਾ ਮੋਗਾ।

5. ਪੰਜਾਬ ਨੈਸ਼ਨਲ ਬੈਂਕ ਬਰਾਂਚ ਢੁੱਡੀਕੇ, ਤਹਿਸੀਲ ਵਾ ਜ਼ਿਲ੍ਹਾ ਮੋਗਾ।

ਨੰਬਰ/16 ਮਿਤੀ/ਰੀਡਰ 5/06/2025

## ਜਨਤਕ ਸੂਚਨਾ

ਜੋ ਕੋਈ ਵੀ ਇਸ ਨਾਲ ਸੰਬੰਧਤ ਹੈ, ਉਸਦੇ ਲਈ

ਆਮ ਜਨਤਾ ਦੀ ਜਾਣਕਾਰੀ 'ਚ ਲਿਆਂਦਾ ਜਾਂਦਾ ਹੈ ਕਿ ਮੇਰੇ ਗ੍ਰਾਹਕ ਮੈਸ: ਕਾਂਮਬਿਟਿਕ ਗਲੋਬਲ ਕੈਪਲੇਟ ਪ੍ਰਾਈਵੇਟ ਲਿਮਟਿਡ ਦਾ ਦਫ਼ਤਰ 17, ਨਿਊ ਰੋਹਤਕ ਰੋਡ, ਕਰੋਲ ਬਾਗ, ਨਵੀਂ ਦਿੱਲੀ 'ਚ ਹੈ, ਜੋ ਕੁਲ 21 ਕਨਾਲ -19-1/9 ਮਰਲੇ (2.744 ਏਕੜ) ਜ਼ਮੀਨ ਦਾ ਪੂਰਨ ਨਿਵੇਕਲਾ ਮਾਲਕ ਹੈ ਅਤੇ ਉਸ ਦੇ ਕਬਜ਼ੇ 'ਚ ਹੈ, ਜੋ ਖੇਵਟ/ਖਤੌਨੀ ਨੰ: 39/51, ਮੁਸਤਤਿਲ/ਕਿਲਾ ਨੰ: 4//25/1 (4-13) 'ਚ ਸਥਿਤ ਹੈ। ਇਸ ਦਾ 17/93ਵਾਂ ਹਿੱਸਾ 0 ਕਨਾਲ 17 ਮਰਲਾ ਰਕਬਾ ਹੈ ਅਤੇ ਖੇਵਟ/ਖਤੌਨੀ 42/48 ਮੁਸਤਤਿਲ/ਕਿਲਾ ਨੰ: 7//7/2 (2-13), 14 (7-11), ਕਿੱਤੇ 2, ਰਕਬਾ 10 ਕਨਾਲ 4 ਮਰਲੇ ਹੈ। ਇਸ ਦਾ ਸਲਾਮ ਹਿੱਸਾ 10 ਕਨਾਲ 4 ਮਰਲੇ ਰਕਬਾ ਹੈ ਅਤੇ ਮੁਸਤਤਿਲ/ਕਿਲਾ ਨੰਬਰ 7//15/1(6-1) 'ਚ ਇਸ ਦਾ 594/893 ਹਿੱਸਾ 4 ਕਨਾਲ 0-1/2 ਮਰਲਾ ਰਕਬਾ ਹੈ ਅਤੇ ਖੇਵਟ /ਖਤੌਨੀ 2/2,3 ਮੁਸਤਤਿਲ/ਕਿਲਾ ਨੰ: 7//4/1(7-18), 7/1(5-7) ਕਿੱਤੇ 2 ਖੇਤਰਫਲ 13 ਕਨਾਲ 5 ਮਰਲੇ, ਇਸ ਦਾ 316/721ਵਾਂ ਹਿੱਸਾ 5 ਕਨਾਲ 16-1/7 ਮਰਲਾ ਅਤੇ ਮੁਸਤਤਿਲ/ਕਿਲਾ ਨੰ: 7//5/2(2-9) 'ਚ ਇਸ ਦਾ 316/721ਵਾਂ ਹਿੱਸਾ 1 ਕਨਾਲ 1-1/2 ਮਰਲਾ ਹੈ, ਜੋ ...

ਵਿਕਾਸ ਦੀਪ ਐਡਵੋਕੇਟ, ਦਫਤਰ ਐੱਚ ਯੂ-30, ਦੂਸਰੀ ਮੰਜ਼ਲ, ਪੀਤਮਪੁਰਾ, ਦਿੱਲੀ-110034

ਮਿਤੀ : 15.06.2025

## COURT NOTICE

In The Court of
**Sh. Akbar Khan**
Sub-Divisional Judicial Magistrate
Guruharsahai
CNR No. : PBFZD1-000880-2022
Next Date:-05-07-2025
Raj Kumar
Vs.
Naresh Kumar
Detail of offence :-
Notice To:
Naresh Kumar S/o Sushil Kumar Village Gali No. 3, Krishan Kitba Wala, Main Bazar Guruharsahai, Punjab, 2nd Address Naresh Kumar S/o Sushil Kumar R/o Amul Booth Jadunath Colony, Shopping Centre No. 7 56 APO Bathinda Cantt.

In above titled case, the accused could not be served. It is ordered that accused should appear in person or through counsel on 05-07-2025 at 10.00 a.m.

For details logon to https://highcourtchd.gov.in/?mod=district_notice&district=moga-court.

Sub-Divisional Judicial Magistrate
Guruharsahai
Dated, this day of 13-06-2025

## COURT NOTICE

(U/o 5 Rule 20 CPC)
In The Court of
Sh. Varinder Kumar
Additional Civil Judge Senior Division Nabha,
CNR No. PBPTB0-000485-2025
Next Date:- 04-09-2025
Balvir Singh
Vs.
General Public
Publication Issued To:
General Public
General Public

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 04-09-2025 at 10:00 a.m.

For details logon to https://highcourtchd.gov.in/?mod=district_notice&district=patiala

Additional Civil Judge Senior
Division Nabha
Dated, this day of 03-06-2025

## COURT NOTICE

(U/o 5 Rule 20 CPC)
In The Court of
**Ms. Mandeep Kaur**
Civil Judge (Junior Division), Dasuya
CNR No. PBHOA0-000614-2024
Next Date: 15-07-2025
Harbans Lal
Vs.
Harpreet Kaur
Publication Issued To:
1. Harpreet Kaur D/o Nishan Singh S/o Kabal Singh, 2. Gurpreet Kaur D/o Nishan Singh S/o Kabal Singh, 4. Harbhajan Singh S/o Dhanna Ram S/o Labhu, 5. Ravi Umr S/o Nirmal Dass S/o Pritam Dass, 8. Rupinder Kaur w/o Gopal Dass S/o Gurdas Ram. All R/o Vill. Balagan, Tehsil Dasuya, Distt. Hoshiarpur.

In above titled case, the defendant(s) / respondent(s) could not be served. It is ordered that defendant(s)/ respondent(s) should appear in person or through counsel on 15-07-2025 at 10:00 a.m.

For details logon to https://highcourtchd.gov.in/?mod=district_notice&district=Hoshiarpur

Civil Judge Junior Division) Dasuya
Dated, this day of 13-06-2025

## COURT NOTICE

(U/o 5 Rule 20 CPC)
In The Court of
**Ms. Mandeep Kaur**
Civil Judge (Junior Division), Dasuya
CNR No. PBHOA0-000157-2025
Next Date :- 02-07-2025
Tirlochan Singh S/o Gurmail Singh R/o Village Unchi Bassi PO. Lamin, Tehsil Dasuya, District Hoshiarpur
......Plaintiff
Vs.
General Public and Others
....defendants
Suit for Declaration.
Publication Issued To:
1) General Public

In above titled case, the defendant(s)/ respondent(s) could not be served. It is ordered that defendant(s)/respondent(s) should appear in person or through counsel on 02-07-2025 at 10:00 a.m.

For details logon to https://highcourtchd.gov.in/?mod=district_notice&district=Hoshiarpur

Civil Judge (Junior Division)
Dasuya
Dated, this day of 22-05-2025

## HINDU COLLEGE, AMRITSAR

invites online applications for the post of PRINCIPAL on regular basis at rkguptaastrologer@gmail.com. Qualification and Grade as per UGC/ NCTE/ Punjab Govt./ GNDU/ DPI norms. Reservation Policy will be as per Punjab Govt. rules. Candidates must submit online application within 15 days from the date of publication of advertisement. A copy of the application alongwith a demand draft of Rs.1180/- (non-refundable) in favour of Registrar, Guru Nanak Dev University, Amritsar may also be sent to Dean, CDC, Guru Nanak Dev University, Amritsar within stipulated time through Registered Post. Candidate must send the required documents alongwith the application as per the list available for Aided Colleges in the CDC Portal on University website (www.gndu.ac.in). Incomplete application (without the required documents) 'or' the application received after due date will not be entertained.

## ਕੋਰਟ ਨੋਟਿਸ, ਜ਼ਿਲ੍ਹਾ ਮੈਜਿਸਟ੍ਰੇਟ, ਜਲੰਧਰ V/S ਆਮ ਜਨਤਾ

ਵਿਸ਼ਾ : ਵਿਆਹ ਰਜਿਸਟ੍ਰੇਸ਼ਨ ਸਰਟੀਫਿਕੇਟ ਜਾਰੀ ਕਰਨ ਬਾਰੇ।

ਬਿਨੈਕਾਰ ਦਾ ਨਾਮ : ਪਰਮਜੀਤ ਸਿੰਘ    ਪਿਤਾ/ਪਤੀ ਦਾ ਨਾਮ : ਪਰਮਜੀਤ ਬੰਗੜ

ਪਤਾ : Patti Jodha Bundala, Village - Bundala / Tehsil - Sub-Tehsil - Goryan / District - Jalandhar, Punjab

ਉਪਰੋਕਤ ਪ੍ਰਾਰਥੀ ਨੇ ਵਿਆਹ ਰਜਿਸਟ੍ਰੇਸ਼ਨ ਸਰਟੀਫਿਕੇਟ ਜਾਰੀ ਕਰਨ ਲਈ ਸੇਵਾ ਕੇਂਦਰ ਵਿੱਚ ਆਪਣੇ ਪੁੱਤਰ ਦੇ ਲਈ ਬਿਨੈ ਪੱਤਰ ਦਿੱਤਾ ਹੈ। ਇਸ ਦੇ ਵੇਰਵੇ ਹੇਠ ਲਿਖੇ ਦਿੱਤੇ ਗਏ ਹਨ।

ਨਾਮ : ਕਰਨ ਬੰਗੜ    ਪਿਤਾ ਦਾ ਨਾਮ : ਪਰਮਜੀਤ ਬੰਗੜ    ਪਤਾ: Patti Jodha Bundala, Bundala, Sub-Tehsil - Goryan, Jalandhar, Punjab

ਉਮਰ/ਜਨਮ ਮਿਤੀ : 28-(06/09/1996)

... ਇਹ ਇਸ਼ਤਿਹਾਰ ਮੇਰੇ ਦਸਤਖ਼ਤਾਂ ਅਤੇ ਮੇਰੇ ਦਫ਼ਤਰ ਦੀ ਅਦਾਲਤੀ ਮੋਹਰ ਨਾਲ ਮਿਤੀ 10.06.2025 ਨੂੰ ਜਾਰੀ ਹੋਇਆ।

ਨੰਬਰ 48/ਰੀਡਰ/ਵੀਕਲ    ਮਿਤੀ 10-06-2025    ਜ਼ਿਲ੍ਹਾ ਮੈਜਿਸਟ੍ਰੇਟ, ਜਲੰਧਰ, ਪੰਜਾਬ, ਭਾਰਤ

# ਕਲਾਸੀਫਾਈਡ ਇਸ਼ਤਿਹਾਰ

## Change of Name

I, Paramjit Singh S/O Partap Singh R/O H.No.46, Diamond Estate, Near Water Tank, G.T. Road, Amritsar, Punjab have changed my name from Paramjit Singh to Paramjit Singh Manan. Concerned note.

I, Komal D/o Niranjan Singh R/o Village & Post Office- Beas Pind, District-Jalandhar , Punjab, India have changed my name from Komal to Komal Kumari. Please note.

I, Ranvir Singh S/o Yadwinder R/o H. No. 313, Paras Estate, Basti Peer Daad Jalandhar declare that Ranvir Singh and Robin Sharma is one and the same person. All concerned please note.

I, Harpreet Singh Kamal S/O Amarjit Singh R/O 1454, Maha Singh Gate, Near SBI Bank, Cheel Mandi, Amritsar, Punjab have changed my name from Harpreet Singh Kamal to Harpreet Singh. Concerned note.

I, Hargun Singh D/O Harpreet Singh R/O 1454, Cheel Mandi, Mahan Singh Gate, Amritsar, Punjab have changed my name from Hargun Singh to Hargun Kaur. Concerned note.

I, Jyoti W/o Amandeep Singh resident of 1080, Gali Kapooran Wali, Near Pipli Sahib Gurdwara Putlighar, Amritsar. I have changed my name from Jyoti to Jyoti Singh. (Singh is my surname). All concerned please note.

I Surinder Pall son of Gopal Dass resident of village Sheikhupur District Kapurthala have changed from Surinder Pall to Surinder Pal. All concerned please note.

I, Sushma Bhandari W/o Rajesh Kumar Bhandari D/o Tara Chand R/o H. No. 728/8 Housing Board Colony, Near Model Town, Jalandhar have changed my name from Sushma Devi to Sushma Bhandari after marriage. Concerned please note.

I Harpreet Rai S/o Sukhdev Singh, R/o Vill. Pragpur, PO Dhanowali, Jalandhar have changed my name from Harpreet Rai to Harpreet Singh.

I, Tamana Kaur alias Tamana Daughter of Amarjit Kumar, Resident of Village Gehlran, Post Office Behram Sarista, District Jalandhar, Punjab, have changed my name from Tamana Kaur alias Tamana to Tamana Kaur in which given name is Tamana and surname is Kaur.

I, Vishaldeep Singh S/o Gurdev Singh R/o VPO Chabhal Kalan, Baghel Singh Wala, Tarn Taran, Punjab have changed my name from Vishaldeep Singh to Singh is my surname and Vishaldeep is my given name.

I, Harpreet Singh S/o Gurpal Singh R/o H.No. 429, Main Bazar, Azad Nagar, Sultanwind Road, Amritsar, Punjab have changed my name from Harpreet Singh to Singh is my surname and Harpreet is my given name.

I, Jagir Singh S/o Mahinder Singh R/o H. No. 149 Bhullar Road Punder Tehsil Batala District Gurdaspur-143505 Punjab declare that my surname Singh and name Jagir All concerned persons note it.

I, Harvinder Kaur D/o Raj Dev R/o. Vill. Saido Patti, PO Bassi Kalan Distt. Hoshiarpur declare that my father's correct name is Raj Dev. Concerned note.

I, Malkit Singh Sund S/o Late Karam Chand R/o H.No. B-23, 652, Mohalla Ravidass Nagar Distt. Hoshiarpur Punjab have changed my name from Malkit Singh Sund to Malkit Singh. Concerned note.

I, Kavita W/o Lokesh Sharma R/o H.No. 183, Qadian Road, Urban Estate, Batala, Distt. Gurdaspur, Punjab have changed my name from Kavita to Kavita Sharma. All concerned please note.

I, hitherto known as MEENA RANI D/O MAST RAM W/O MOHAN SINGH, Residing at VPO Lambra Kangri, Hoshiarpur, Punjab 146113, have changed my name and shall hereafter be known as MANDEEP KAUR.

I, Karanvir Singh s/o Gurcharan Singh r/o Vill. Musakhel, Po. Sher Singh Wala, Tehsil Bholath, Distt. Kapurthala Declare that my given name as Karanvir & Surname as Singh. All Please Note.

I, Sandeep Singh s/o Sohan Singh r/o Village Mallu Kadrabad, Po. Balehar Khanpur, Distt. Kapurthala have changed my name to Sandeep Singh Sahota. All Please Note.

I, Sandeep Singh s/o Sohan Singh Sahota R/o Village Mallu Kadrabad, Po. Balehar Khanpur, Distt. Kapurthala have changed my minor son name from Jasmeet Singh to Jasmeet Singh Sahota. (Surname as Sahota) All Please Note.

I, Sanehlatta w/o Deepak Kumar Babbar r/o 31, Shivaji Nagar, Basti Danishmanda, Jalandhar have changed my name from Sanehlatta to Snehlata Babbar. All Please Note.

I, Daljit Kaur w/o Avtar Singh r/o H.No.B-I/33, Anand Nagar, Maqsudan, Jalandhar Declare that given name as Daljit & Surname as Kaur. All Please Note.

I, Kiran Preet W/o Gurinderdeep Singh R/o 67, Bantocks, West Brom. B70 0PB and adress in india is Vill. Mehtan, Kapurthala, Punjab have changed my name from Kiran Preet to Kiranpreet Kaur. All Please Note.

I, Harmeet Kaur W/o Onkar Singh Nahal R/o V.Parapind, Po.Pattar Kalan, Distt. Jalandhar, Punjab have changed my minor daughter given name as Sukhmanpreet and Surname as Kaur. All Please Note.

I, Harmeet Kaur W/o Onkar Singh Nahal R/o V.Parapind, Po.Pattar Kalan, Distt. Jalandhar, Punjab have changed my minor daughter given name as Anureet and Surname as Kaur. All Please Note.

I, Sarwan Chand S/o Labbu Ram R/o Vill. Salempur Masandan, Po. Talhan, Distt. Jalandhar, Punjab have changed my name spelling from Sarwan Chand to Swaran Chand. All Please Note. (R)

I, Aman Kaur W/o Swaran Chand R/o Vill. Salempur Masandan, Po. Talhan, Distt.Jalandhar, Punjab have changed my name spelling from Aman Kaur to Amar Kaur. All Please Note. (R)

## Change of Name

I, hitherto known as Jaizz Randhawa D/o Mandeep Singh R/o Ishwar Meher Estate, Dr. Ambedkar Bhawan, Bhattian, Ludhiana, Punjab-141008 have changed my name and shall hereafter be known as Gurleen Kaur.

I, hitherto known as Jasleen Kaur Chandhok W/o Amiteshwar Pal Singh R/o H.No 466-R Model Town, Adjoining Lane of Union Bank, Jalandhar, Punjab- 144003 have changed my name and shall hereafter be known as Jasleen Kaur.

I, Kuldeep Sareen s/o Manohar Lal Sareen r/o H.No. 361, Shaheed Udham Singh Nagar, Jalandhar have changed my minor daughter name from Muskaan to Muskaan Sareen. All Please Note.

I, Dimple Kumari W/o Kamaljit Jakhu R/o H.No. 6/2487, Mohalla Ravidass Pura Mahetpur Road Nakodar, Jalandhar, Punjab-144040 have changed my name from Dimple Kumari to Dimple Kumari Jakhu. All Please Note.

I, Kamaljit Jakhu S/o Ved Parkash R/o H.No. 6/2487, Mohalla Ravidass Pura Mahetpur Road Nakodar, Jalandhar, Punjab-144040 have changed my minor son name from Parampreet to Parampreet Jakhu. All Please Note.

I, Dishant S/o Naresh Kumar R/o H.No.134, Bootan Mandi, Jalandhar have changed my name from Dishant to Dishant Mahey. All Please Note.

I, Rajdeep Kaur W/o Inderjit Singh Sagoo R/o H.No. 14, New Raj Nagar, Basti Bawa Khel, Jalandhar-144021, Punjab have changed my name from Rajdeep Kaur to Rajdeep Kaur Sagoo. All Please Note.

I, Inderjit Singh Sagoo S/o Sohan Singh R/o H.No. 14, New Raj Nagar, Basti Bawa Khel, Jalandhar-144021, Punjab have changed my minor son name from Mandeep Singh to Mandeep Singh Sagoo. All Please Note.

I, Inderjit Singh Sagoo S/o Sohan Singh R/o H.No. 14, New Raj Nagar, Basti Bawa Khel, Jalandhar-144021, Punjab have changed my minor son name from Arjunjot Singh to Arjunjot Singh Sagoo. All Please Note.

## PUBLIC NOTICE

It is for general information that I, MUKESH KUMAR S/o MOHAN LAL R/o 83/A, 1, VPO. Garhdiwala, Tehsil Dasuya, District Hoshiarpur, Punjab-144207 declare that name of my minor son has been wrongly written as DIVYAM in my minor son DIVYAM SANDAL aged 17 years in his 10th class educational documents. The actual name of my minor son is DIVYAM SANDAL, which may be amended accordingly.

I, Harnek Singh S/o Surjit Singh R/o Vill: Mallian Khurd Teh-Nakodar Distt. Jalandhar declare that my documents my father name mentioned as Surjit Singh. but on my father documents his name mentioned as Ajit Singh. Surjit Singh and Ajit Singh is one and the same person.

I, Sat Narain S/o Balkar Singh r/o H.No.278, Three Star Paradise Colony, New Hardyal Nagar, Kotla Road, Po. Chugitti, Distt. Jalandhar, Punjab declare that my name is mentioned in my few documents such as Sat Narain and same other documents mentioned as Sat Narayan. I State that all my names i.e. as Sat Narain and Sat Narayan is the name of one and the same person.

I, Sat Parkash S/o Gian Chand Dhawan R/o H.No. 22, Bhagat Singh Nagar, Model House, Jalandhar, Punjab, India have changed my name from Sat Parkash to Sat Parkash Dhawan, in which Given Name as Sat Parkash & Surname as Dhawan. All concerned please note.

## ਆਮ ਸੂਚਨਾ

ਮੈ ਗੋਪਾਲ ਕ੍ਰਿਸ਼ਨ ਪੁੱਤਰ ਬਾਵਾ ਰਾਮ ਵਾਸੀ ਪਿੰਡ ਤੇ ਡਾਕ: ਹਰਿਆਣਾ ਤਹਿਸੀਲ ਅਤੇ ਜ਼ਿਲਾ ਹੁਸ਼ਿਆਰਪੁਰ ਬਿਆਨ ਕਰਦਾ ਹਾਂ ਕਿ ਮੈਂ ਆਪਣੇ ਲੜਕੇ ਵਿਨੋਦ ਕੁਮਾਰ ਅਤੇ ਨੂੰਹ ਰਮਜੋਤ ਕੌਰ ਉਰਫ ਜੋਤੀ, ਅਰਿਆਨ ਪੋਤਰੇ ਨੂੰ ਮੈ ਚਲ ਅਤੇ ਅਚਲ ਜਾਇਦਾਦ ਤੋ ਬੇਦਖਲ ਕੀਤਾ ਸੀ। ਪਰ ਹੁਣ ਮੇਰੇ ਕਹਿਣੇ ਵਿਚ ਹਨ, ਮੈ ਆਪਣੀ ਚਲ ਅਤੇ ਅਚਲ ਜਾਇਦਾਦ ਦੀ ਬੇਦਖਲੀ ਵਾਪਸ ਲੈਂਦਾ ਹਾਂ। ਮੈਂ ਉਪਰੋਕਤ ...

## ਨਾਂਅ ਦੀ ਬਦਲੀ

ਮੈਂ, ਸਿਮਰਜੀਤ ਕੌਰ ਪਤਨੀ ... ਵਾਸੀ ... ਜਲੰਧਰ ... ਸਿਮਰਜੀਤ ਕੌਰ ... ਲਿਆ ਹੈ।

ਮੈਂ ... ਵਾਸੀ ... ਗੁਰਦਾਸਪੁਰ ... ਪੁਨਮਪ੍ਰੀਤ ...

ਮੈਂ ... ਵਾਸੀ ... ਕਾਲੋਨੀ ... ਅਮਨਜੀਤ ... ਬਦਲਾਇਆ ...

ਮੈਂ ... ਨੰ: 11, ... ਮੈਂ ਆਪਣਾ ਨਾਮ ਅਮਨਜੀਤ ਕੌਰ (Amanjeet Kaur) ਤੋਂ (Amanjit Kaur) ਵਿਚ ਠੀਕ ਕਰਵਾਇਆ ਹੈ।

## ਬੇਦਖਲੀ ਨੋਟਿਸ

ਮੈਂ ਸੁਰਜੀਤ ਕੁਮਾਰ ਅਰੋੜਾ ਪੁੱਤਰ ... ਵਾਸੀ ... ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ... ਕੁਮਾਰ ... ਸਾਰੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ। ਉਸ ਦੇ ਕਿਸੇ ਵੀ ਲੈਣ ਦੇਣ ਦਾ ਜ਼ਿੰਮੇਵਾਰ ਮੇਰਾ ਬਾਕੀ ਪਰਿਵਾਰ ਜ਼ਿੰਮੇਵਾਰ ਨਹੀਂ ਹੋਵੇਗਾ।

...

## COURT NOTICE

(U/o 5 Rule 20 CPC)
In The Court of
**Ms. Mandeep Kaur**
Civil Judge (Junior Division), Dasuya
CNR No. PBHOA0-000711-2024
Next Date: 11-07-2025
Joginder Singh
Vs.
Jaspal Singh
Publication issued to:
8. Amarjit Kaur
Spouse : Surjit Singh
R/o Near Civil Hospital Bhunga, Tehsil and Distt. Hoshiarpur.

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 11-07-2025 at 10:00 a.m.

For details logon to https://highcourtchd.gov.in/?mod=district_notice&district=Hoshiarpur

Civil Judge (Junior Division).
Dasuya
Dated this day of 13-06-2025

# ਨਕਲੀ ਸੀਮਿੰਟ ਵੇਚਣ ਵਾਲੇ 3 ਵਿਅਕਤੀ ਟਰੱਕ ਸਮੇਤ ਕਾਬੂ

ਫਿਰੋਜ਼ਪੁਰ (ਅਸ਼ੋਕ ਸ਼ਰਮਾ) : ਫਿਰੋਜ਼ਪੁਰ ਵਿਖੇ ਨਕਲੀ ਸੀਮਿੰਟ ਵੇਚਣ ਵਾਲੇ ਤਿੰਨ ਵਿਅਕਤੀਆਂ ਨੂੰ ਟਰੱਕ ਸਮੇਤ ਕਾਬੂ ਕਰਕੇ ਉਨ੍ਹਾਂ ਖਿਲਾਫ ਥਾਣਾ ਘੱਲ ਖੁਰਦ ਵਿਖੇ ਮਾਮਲਾ ਦਰਜ ਕੀਤਾ ਹੈ। ... ਗ੍ਰਿਫਤਾਰ ਕਰਕੇ ਉਥੋਂ ਇਕ ਟਰੱਕ ਨੰਬਰ ਐੱਚਪੀ-12-ਏ 9697 ਸੀਮਿੰਟ ਦੀਆਂ ਬੋਰੀਆਂ ਲੋਡਡ ਤੇ ਕੈਂਟਰ ਨੰਬਰ ਪੀਬੀ 06 ਬੀਬੀ 1397 ਅਤੇ ਅੰਬੂਜਾ, ਏਸੀਸੀ, ਅਲਟਰਾਟੈਕ ਦੇ ਖਾਲੀ ਗੱਟੇ ਬਰਾਮਦ ਕੀਤੇ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀਆਨ ਖਿਲਾਫ ਮਾਮਲੇ ਦਰਜ ਕਰ ਲਏ ਗਏ ਹਨ।

## ਬੇਦਖਲੀ ਨੋਟਿਸ

ਅਸੀਂ ਸੁਖਵੰਤ ਕੌਰ ਪਤਨੀ ਸ੍ਰੀ ਸਤਨਾਮ ਸਿੰਘ ਅਤੇ ਸਤਨਾਮ ਸਿੰਘ ਪੁੱਤਰ ਗੁਰਬਚਨ ਸਿੰਘ ਵਾਸੀਆਨ ਪਿੰਡ ਖੁਸਰੋਪੁਰ, ਪੱਤੜ ਕਲਾਂ, ਜਲੰਧਰ ਬਿਆਨ ਕਰਦਾ ਹਾਂ ਕਿ ਸਾਡਾ ਲੜਕਾ ਰਣਜੀਤ ਸਿੰਘ ਸਾਡੇ ਕਹਿਣੇ ਤੋਂ ਬਾਹਰ ਹੈ ਤੇ ਸਾਡੀ ਇੱਜ਼ਤ-ਮਾਣ ਨਹੀਂ ਕਰਦਾ, ਘਰ ਵਿਚ ਲੜਾਈ-ਝਗੜਾ ਕਰਦਾ ਹੈ। ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

...

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ / ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## ਬਾਬਾ ਖੇਤਰਪਾਲ ਦੇ ਮੰਦਰ 'ਚ ਲਗਾਇਆ ਭੰਡਾਰਾ



**ਬਾਘਾ ਪੁਰਾਣਾ (ਮਨੀ ਸਿੰਗਲਾ)**- ਸਥਾਨਕ ਸ਼ਹਿਰ ਦੇ ਚੰਨੂੰਵਾਲਾ ਰੋਡ ਉੱਪਰ ਮਹਿਫਲ ਪੈਲੇਸ ਦੀ ਬੈਕਸਾਈਡ ਤਿਆਰ ਹੋ ਰਹੇ ਬਾਬਾ ਖੇਤਰਪਾਲ ਜੀ ਦੇ ਮੰਦਰ ਨੂੰ ਲੈ ਸੰਗਤਾਂ 'ਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ ਅਤੇ ਵੱਡੀ ਗਿਣਤੀ ਵਿੱਚ ਸ਼ਰਧਾਲੂ ਇੱਥੇ ਨਤਮਸਤਕ ਹੋ ਕੇ ਖੁਸ਼ੀਆਂ ਪ੍ਰਾਪਤ ਕਰਦੇ ਹਨ ਅਤੇ ਹਰ ਐਤਵਾਰ ਦੀ ਐਤਵਾਰ ਸੰਗਤਾਂ ਵੱਲੋਂ ਇਸ ਜਗ੍ਹਾ 'ਤੇ ਭੰਡਾਰਾ ਲਗਾਇਆ ਜਾਂਦਾ ਹੈ, ਜਿਸ ਤਹਿਤ ਬਾਬਾ ਖੇਤਰ ਪਾਲ ਜੀ ਦੇ ਮੰਦਰ ਵਿਖੇ ਅੱਜ ਪੂਰੀ ਤੇ ਉਨ੍ਹਾਂ ਦੇ ਪਰਵਾਰ ਵੱਲੋਂ ਦਾਨ ਕਰਦਿਆਂ ਸ਼ਰਧਾ ਨਾਲ ਲੰਗਰ ਲਗਾਇਆ ਗਿਆ, ਜਿਸ ਦੌਰਾਨ ਮੰਦਰ ਵਿੱਚ ਆਉਣ ਵਾਲੀ ਸੰਗਤ ਨੂੰ ਪੰਗਤ ਵਿੱਚ ਬਿਠਾ ਕੇ ਲੰਗਰ ਛਕਾਇਆ ਗਿਆ।ਬਾਬਾ ਖੇਤਰ ਪਾਲ ਜੀ ਸੇਮਤੀ ਦੇ ਚੇਅਰਮੈਨ ਵਿਸ਼ੇ ਬਾਂਸਲ, ਪ੍ਰਧਾਨ ਸੰਜੀਵ ਕੁਮਾਰ ਗਰਗ, ਕੈਸ਼ੀਅਰ ਰਾਕੇਸ਼ ਜਿੰਦਲ ਤੋਂ ਤਾਂ ਹੋਰ ਆਗੂਆਂ ਨੇ ਗੱਲਬਾਤ ਕਰਦਿਆਂ ਕਿਹਾ ਕਿ ਜੋ ਵੀ ਸ਼ਰਧਾਲੂ ਸੱਚੇ ਮਨ ਨਾਲ ਇੱਥੇ ਅਰਦਾਸ ਕਰਦਾ ਹੈ, ਬਾਬਾ ਖੇਤਰਪਾਲ ਜੀ ਉਸ ਦੀ ਮਨੋਕਾਮਨਾ ਪੂਰੀ ਕਰਦੇ ਹਨ।ਉਨ੍ਹਾਂ ਦੱਸਿਆ ਕਿ ਜੋ ਬੀਤੇ ਦਿਨ ਐਤਵਾਰ ਨੂੰ ਭੰਡਾਰਾ ਲਗਾਇਆ ਗਿਆ ਹੈ, ਇਸ ਦੀ ਸੇਵਾ ਅਜੇ ਪੂਰੀ ਤੇ ਉਨ੍ਹਾਂ ਦੇ ਪਰਵਾਰ ਵੱਲੋਂ ਕੀਤੀ ਗਈ, ਜਿਸ 'ਤੇ ਕਮੇਟੀ ਮੈਂਬਰਾਂ ਵੱਲੋਂ ਬਾਬਾ ਖੇਤਰ ਪਾਲ ਜੀ ਅੱਗੇ ਅਰਦਾਸ ਕੀਤੀ ਗਈ ਕਿ ਇਸ ਪਰਵਾਰ ਦੀ ਹਰ ਮਨੋਕਾਮਨਾ ਪੂਰੀ ਕਰੇ।ਇਸ ਮੌਕੇ ਵੱਡੀ ਗਿਣਤੀ ਵਿੱਚ ਹੋਰ ਵੀ ਸ਼ਰਧਾਲੂ ਹਾਜ਼ਰ ਸਨ।

## ਸਕੂਲ ਅਪਗ੍ਰੇਡ ਕਰਾਉਣ 'ਤੇ ਗ੍ਰਾਮ ਪੰਚਾਇਤ ਤੇ ਪਿੰਡ ਵਾਸੀਆਂ ਨੇ ਕੀਤਾ ਧੰਨਵਾਦ



**ਚੀਮਾ ਮੰਡੀ (ਰਵਿੰਦਰ ਚੀਮਾ)**-ਸ਼ਹੀਦ ਹਵਾਲਦਾਰ ਜਗਸੀਰ ਸਿੰਘ ਸਰਕਾਰੀ ਹਾਈ ਸਕੂਲ ਸਤੌਜ ਨੂੰ ਅਪਗ੍ਰੇਡ ਕਰਕੇ ਸੀਨੀਅਰ ਸੈਕੰਡਰੀ ਸਕੂਲ ਬਣਾਏ ਜਾਣ ਦੀ ਖੁਸ਼ੀ ਵਿੱਚ ਗ੍ਰਾਮ ਪੰਚਾਇਤ ਤੇ ਪਿੰਡ ਵਾਸੀਆਂ ਵੱਲੋਂ ਲੱਡੂ ਵੰਡ ਕੇ ਖੁਸ਼ੀ ਮਨਾਈ ਗਈ।ਇਸ ਸਬੰਧ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਮਾਤਾ ਹਰਪਾਲ ਕੌਰ ਸਰਕਾਰੀ ਸਕੂਲ ਵਿਖੇ ਪੁੱਜੇ, ਜਿੱਥੇ ਸਕੂਲ ਦੇ ਮੁਖੀ ਅੰਜੂ ਬਾਲਾ ਤੇ ਹਰਬੰਸ ਸਿੰਘ ਹੈਪੀ ਵੱਲੋਂ ਮਾਤਾ ਹਰਪਾਲ ਕੌਰ ਦਾ ਲੱਡੂਆਂ ਨਾਲ ਮੂੰਹ ਮਿੱਠਾ ਕਰਾਇਆ ਗਿਆ।ਸਰਪੰਚ ਹੈਪੀ ਸਤੌਜ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਤੇ ਵਿੱਤ ਮੰਤਰੀ ਪੰਜਾਬ ਹਰਪਾਲ ਸਿੰਘ ਚੀਮਾ ਦੇ ਯਤਨਾਂ ਸਦਕਾ ਉਨ੍ਹਾਂ ਦੇ ਪਿੰਡ ਦਾ ਸਕੂਲ ਬਾਰ੍ਹਵੀਂ ਤੱਕ ਅਪਗ੍ਰੇਡ ਕੀਤਾ ਗਿਆ ਹੈ।ਉਨ੍ਹਾਂ ਦੱਸਿਆ ਕਿ ਸਕੂਲ ਨੂੰ ਅਪਗ੍ਰੇਡ ਕਰਾਉਣ ਵਿੱਚ ਮਾਤਾ ਹਰਪਾਲ ਕੌਰ ਦਾ ਵੀ ਬਹੁਤ ਵੱਡਾ ਯੋਗਦਾਨ ਹੈ।ਉਨ੍ਹਾਂ ਮਾਤਾ ਹਰਪਾਲ ਕੌਰ ਦਾ ਸਨਮਾਨ ਵੀ ਕੀਤਾ।

## ਲੁਧਿਆਣਾ ਜ਼ਿਮਨੀ ਚੋਣ 'ਚ 'ਆਪ' ਸ਼ਾਨਦਾਰ ਜਿੱਤ ਪ੍ਰਾਪਤ ਕਰੇਗੀ : ਵਰਿੰਦਰ ਸੋਨੀ



**ਭੀਖੀ (ਧਰਮਵੀਰ ਸ਼ਰਮਾ)**-ਸਥਾਨਕ ਮਾਰਕਿਟ ਕਮੇਟੀ ਦੇ ਚੇਅਰਮੈਨ ਮਾ. ਵਰਿੰਦਰ ਸੋਨੀ ਨੇ ਲੁਧਿਆਣਾ ਜ਼ਿਮਨੀ ਚੋਣ ਵਿੱਚ ਇੱਕ ਹਫਤਾ ਲਗਾਤਾਰ ਕੀਤੇ ਪ੍ਰਚਾਰ ਤੋਂ ਬਾਅਦ ਦਾਅਵਾ ਕੀਤਾ ਕਿ ਲੁਧਿਆਣਾ ਪੱਛਮੀ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੰਜੀਵ ਅਰੋੜਾ ਸ਼ਾਨਦਾਰ ਜਿੱਤ ਪ੍ਰਾਪਤ ਕਰਨਗੇ। ਉਨ੍ਹਾਂ ਕਿਹਾ ਕਿ ਪਿਛਲੇ ਤਿੰਨ ਸਾਲਾਂ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਦੇ ਮਾਰਗਦਰਸ਼ਨ ਵਿੱਚ ਕੀਤੇ ਲੋਕ ਹਿਤੈਸ਼ੀ ਫੈਸਲਿਆਂ ਤੋਂ ਲੋਕ ਗਦਾਗਦ ਹਨ। ਉਨ੍ਹਾਂ ਕਿਹਾ ਕਿ ਪਿਛਲੇ ਦਿਨੀਂ ਸਰਕਾਰ ਵੱਲੋਂ ਉਦਯੋਗਿਕ ਇਕਾਈਆਂ ਲਈ ਐਲਾਨੀ ਨੀਤੀ ਉਪਰੰਤ ਲੁਧਿਆਣਾ ਦੇ ਵੋਟਰ ਹੋਰ ਵੀ ਖੁਸ਼ ਹਨ। ਇਸ ਨਾਲ ਸੂਬੇ ਦਾ ਸਰਵਪੱਖੀ ਵਿਕਾਸ ਹੋਣ ਦੇ ਨਾਲ ਨਾਲ ਨੌਜਵਾਨਾਂ ਨੂੰ ਰੁਜ਼ਗਾਰ ਦੇ ਮੌਕੇ ਮੁਹੱਈਆ ਹੋਣਗੇ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਦੀ ਨੀਅਤ ਤੇ ਨੀਤੀ ਲੋਕ ਹਿਤੈਸ਼ੀ ਹੈ। ਸੂਬੇ ਨੂੰ ਸਿੱਖਿਆ, ਸਿਹਤ ਤੇ ਮੁੱਢਲੇ ਢਾਂਚੇ ਦੇ ਵਿਕਾਸ ਲਈ ਬਹੁਪੱਖੀ ਯਤਨ ਹੋ ਰਹੇ ਹਨ ਅਤੇ ਸਰਕਾਰ ਭ੍ਰਿਸ਼ਟਾਚਾਰ ਨੂੰ ਨੱਥਣ ਵਿੱਚ ਕਾਮਯਾਬ ਰਹੀ ਹੈ।

## ਬਾਗਬਾਨੀ ਵਿਭਾਗ ਨੇ ਕਰਵਾਇਆ ਤਕਨੀਕੀ ਸਿਖਲਾਈ ਸੈਸ਼ਨ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਬਾਗਬਾਨੀ ਵਿਭਾਗ ਵੱਲੋਂ ਨਵੇਂ ਐੱਮ.ਆਈ.ਡੀ.ਐੱਚ. ਦਿਸ਼ਾ ਨਿਰਦੇਸ਼ਾਂ ਸੰਬੰਧੀ ਜ਼ਿਲ੍ਹਾ ਪੱਧਰੀ ਤਕਨੀਕੀ ਸਿਖਲਾਈ ਸੈਸ਼ਨ ਸਿਟਰਸ ਅਸਟੇਟ ਬਾਦਲ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿਖੇ ਕੀਤਾ ਗਿਆ। ਇਸ ਸੈਸ਼ਨ ਦੌਰਾਨ ਡਿਪਟੀ ਡਾਇਰੈਕਟਰ ਬਾਗਬਾਨੀ ਚੰਡੀਗੜ੍ਹ ਡਾ. ਹਰਪ੍ਰੀਤ ਸਿੰਘ ਸੇਠੀ, ਏ.ਆਈ.ਐੱਫ. ਟੀਮ ਲੀਡਰ ਰਵਦੀਪ ਕੌਰ ਤੇ ਜਾਇਕਾ ਟੀਮ ਤੋਂ ਸ਼ੁਭਮ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਇਸ ਮੌਕੇ ਸਭ ਤੋਂ ਪਹਿਲਾਂ ਸਹਾਇਕ ਡਾਇਰੈਕਟਰ ਬਾਗਬਾਨੀ ਸੁਖਦੇਵ ਸਿੰਘ ਬਰਾੜ ਨੇ ਆਏ ਹੋਏ ਅਧਿਕਾਰੀਆਂ ਨੂੰ ਜੀ ਆਇਆਂ ਕਿਹਾ ਤੇ ਤਕਨੀਕੀ ਸੈਸ਼ਨ ਵਿੱਚ ਖੇਤੀਬਾੜੀ ਵਿਭਾਗ ਤੋਂ ਡਾ. ਸੁਖਚੈਨ ਸਿੰਘ ਨੇ ਟਿਕਾਊ ਖੇਤੀਬਾੜੀ ਸਬੰਧੀ ਵੱਖ-ਵੱਖ ਸਕੀਮਾਂ ਬਾਰੇ ਜਾਣਕਾਰੀ ਦਿੱਤੀ। ਇਸੇ ਤਰ੍ਹਾਂ ਪੰਜਾਬ ਐਗਰੋ ਤੋਂ ਗੁਰਪ੍ਰੀਤ ਸਿੰਘ ਨੇ ਪੰਜਾਬ ਐਗਰੋ ਦੁਆਰਾ ਤੇ ਭੂਮੀ ਰੱਖਿਆ ਵਿਭਾਗ ਤੋਂ ਆਏ ਅਧਿਕਾਰੀਆਂ ਵੱਲੋਂ ਆਪਣੇ ਵਿਭਾਗ ਦੀਆਂ ਸਕੀਮਾਂ ਬਾਰੇ ਦੱਸਿਆ ਗਿਆ। ਬਾਗਬਾਨੀ ਵਿਕਾਸ ਅਫਸਰ ਸ੍ਰੀ ਮੁਕਤਸਰ ਸਾਹਿਬ ਅਮਨਦੀਪ ਕੌਰ ਵੱਲੋਂ ਐੱਮ.ਆਈ.ਡੀ.ਐੱਚ. ਦੀਆਂ ਸਕੀਮਾਂ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ ਗਈ। ਜਾਇਕਾ ਟੀਮ ਵੱਲੋਂ ਕਿੰਨੂ ਵਾਲੇ ਕਿਸਾਨਾਂ ਨਾਲ ਵਿਚਾਰ ਵਟਾਂਦਰੇ ਕੀਤੇ ਗਏ। ਇਸ ਤਕਨੀਕੀ ਸੈਸ਼ਨ ਵਿੱਚ ਸਮੂਹ ਬਾਗਬਾਨੀ ਵਿਭਾਗ ਦੇ ਅਫਸਰ ਤੇ ਅਧਿਕਾਰੀ ਹਾਜ਼ਰ ਰਹੇ। ਇਸ ਸਮਾਗਮ ਦੌਰਾਨ ਸਿਟਰਸ ਅਸਟੇਟ ਬਾਦਲ ਦੇ ਮੈਂਬਰ ਤੇ 250 ਅਗਾਂਹਵਧੂ ਕਿਸਾਨਾਂ ਨੇ ਭਾਗ ਲਿਆ।

## ਸੀਵਰੇਜ ਸਮੱਸਿਆ ਮਾਮਲੇ 'ਤੇ ਮਾਇਆ ਗਾਰਡਨ ਕਾਲੋਨੀ ਵਸਨੀਕਾਂ ਤੇ ਕਾਲੋਨਾਈਜ਼ਰਾਂ ਵਿਚਾਲੇ ਮੀਟਿੰਗ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਸ੍ਰੀ ਅਮਨ ਅਰੋੜਾ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਮਾਇਆ ਗਾਰਡਨ ਕਾਲੋਨੀ ਵਿੱਚ ਚੱਲ ਰਹੀ ਸੀਵਰੇਜ ਸਮੱਸਿਆ ਨੂੰ ਲੈ ਕੇ ਕਾਲੋਨੀ ਵਸਨੀਕਾਂ ਤੇ ਕਾਲੋਨਾਈਜ਼ਰਾਂ ਵਿਚਕਾਰ ਇੱਕ ਮੀਟਿੰਗ ਮਾਰਕੀਟ ਕਮੇਟੀ ਦਫ਼ਤਰ ਵਿੱਚ ਆਯੋਜਤ ਕੀਤੀ ਗਈ।ਮੀਟਿੰਗ 'ਚ ਕਾਲੋਨੀ ਪ੍ਰਧਾਨ ਐਡਵੋਕੇਟ ਸਤਨਾਮ ਸਿੰਘ, ਕਾਰਜਕਾਰੀ ਕਮੇਟੀ ਮੈਂਬਰ ਐਡਵੋਕੇਟ ਸੁਸ਼ੀਲ ਵਸ਼ਿਸ਼ਟ, ਐਡਵੋਕੇਟ ਪੁਸ਼ਪਿੰਦਰ ਜਿੰਦਲ ਤੇ ਹੋਰ ਵਸਨੀਕ ਮੌਜੂਦ ਰਹੇ।ਉਨ੍ਹਾਂ ਨੇ ਨਾ ਸਿਰਫ਼ ਸੀਵਰੇਜ ਦੀ ਗੰਭੀਰ ਸਮੱਸਿਆ, ਸਗੋਂ ਕਾਲੋਨੀ ਨੂੰ ਨਗਰ ਕੌਂਸਲ ਨੂੰ ਹੈਂਡਓਵਰ ਕਰਨ ਵਾਲਾ ਮਾਮਲਾ ਵੀ ਬਹੁਤ ਹੀ ਗੰਭੀਰਤਾ ਨਾਲ ਕਾਲੋਨਾਈਜ਼ਰਾਂ ਸਾਹਮਣੇ ਰੱਖਿਆ।ਕਾਲੋਨਾਈਜ਼ਰ ਰਮੇਸ਼ ਕੁਮਾਰ ਤੇ ਉਨ੍ਹਾਂ ਦੇ ਸਾਥੀਆਂ ਨੇ ਕਾਲੋਨੀ ਵਾਸੀਆਂ ਨੂੰ ਭਰੋਸਾ ਦਿਵਾਇਆ ਕਿ ਉਹਨਾਂ ਦੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਤੁਰੰਤ ਅਤੇ ਤਰਜੀਹੀ ਅਧਾਰ 'ਤੇ ਕੀਤਾ ਜਾਵੇਗਾ ਅਤੇ ਇਸ ਦਿਸ਼ਾ ਵਿੱਚ ਕੰਮ ਅੱਜ ਤੋਂ ਹੀ ਸ਼ੁਰੂ ਕਰ ਦਿੱਤਾ ਗਿਆ ਹੈ।ਮੀਟਿੰਗ ਦੌਰਾਨ ਫ਼ੈਸਲਾ ਕੀਤਾ ਗਿਆ ਕਿ ਸੀਵਰੇਜ ਸਮੱਸਿਆ ਸੰਬੰਧੀ ਅਗਲੀ ਸਮੀਖਿਆ ਮੀਟਿੰਗ 20 ਜੂਨ ਨੂੰ ਹੋਵੇਗੀ, ਜਦਕਿ ਕਾਲੋਨੀ ਨੂੰ ਨਗਰ ਕੌਂਸਲ ਨੂੰ ਹੈਂਡਓਵਰ ਕਰਨ ਸੰਬੰਧੀ ਮੀਟਿੰਗ 1 ਜੁਲਾਈ ਨੂੰ ਰੱਖੀ ਗਈ ਹੈ।ਇਸ ਮੌਕੇ ਮਾਰਕੀਟ ਕਮੇਟੀ ਦੇ ਚੇਅਰਮੈਨ ਸ੍ਰੀ ਮੁਕੇਸ਼ ਜੁਨੇਜਾ ਤੇ ਸਰਨੇਸ਼ ਕੁਮਾਰ ਸਿੰਗਲਾ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ।

## ਵਾਲਮੀਕਿ ਮਹਾਂਪੰਚਾਇਤ ਪੰਜਾਬ ਨੇ ਕਰਾਇਆ ਚੌਧਰੀ ਸੰਮੇਲਨ



**ਗੁਰੂ ਹਰਸਹਾਏ (ਫ਼ਕੀਰ ਚੰਦ ਸਿਕਰੀ)**- ਵਾਲਮੀਕੀ ਮਹਾਂਪੰਚਾਇਤ ਰਜਿ. ਪੰਜਾਬ ਵੱਲੋਂ ਬਾਘਾ ਪੁਰਾਣਾ 'ਚ ਚੌਧਰੀ ਸੰਮੇਲਨ ਕਰਾਇਆ ਗਿਆ, ਜਿਸ ਵਿੱਚ ਪੰਜਾਬ ਦੇ ਸਾਰੇ ਸ਼ਹਿਰਾਂ ਤੇ ਜ਼ਿਲ੍ਹਿਆਂ ਤੋਂ ਵਾਲਮੀਕਿ ਮਹਾਂਪੰਚਾਇਤ ਦੇ ਚੌਧਰੀ ਤੇ ਪੰਜਾਬ ਦੇ ਸਾਰੇ ਹੀ ਆਗੂਆਂ ਨੇ ਵੱਡੀ ਗਿਣਤੀ 'ਚ ਸ਼ਿਰਕਤ ਕੀਤੀ।ਇਸ ਮੌਕੇ ਰੋਤਾਸ਼ ਨੂੰ ਜਿੱਥੇ ਬਾਘਾਪੁਰਾਣਾ ਦਾ ਚੌਧਰੀ ਬਣਾਇਆ ਗਿਆ, ਉੱਥੇ ਹੀ ਉਨ੍ਹਾਂ ਨੂੰ ਵੱਡੀ ਜ਼ਿੰਮੇਦਾਰੀ ਦਿੰਦੇ ਹੋਏ ਜ਼ਿਲ੍ਹਾ ਮੋਗਾ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ। ਸੰਮੇਲਨ ਵਿੱਚ ਵਾਲਮੀਕਿ ਮਹਾਂਪੰਚਾਇਤ ਦੇ ਪੰਜਾਬ ਪ੍ਰਧਾਨ ਸ਼ਾਮ ਲਾਲ ਬਿੱਟੂ, ਚੇਅਰਮੈਨ ਸ਼ਿਵ ਕੁਮਾਰ ਪੰਜਾਬ, ਵਾਈਸ ਚੇਅਰਮੈਨ ਅਮੀ ਲਾਲ, ਵਾਈਸ ਪ੍ਰਧਾਨ ਪੰਜਾਬ ਨੱਥੂ ਰਾਮ, ਐਡਵਾਈਜ਼ਰ ਸਤਪਾਲ ਵਿਸ਼ੇਸ਼ ਤੌਰ 'ਤੇ ਪਹੁੰਚੇ।ਹਾਜ਼ਰ ਇਕੱਠ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਸ਼ਾਮ ਲਾਲ ਬਿੱਟੂ ਨੇ ਸਮਾਜ ਨੂੰ ਨਸ਼ਿਆਂ ਵਰਗੀ ਅਲਾਮਤਾਂ ਤੋਂ ਦੂਰ ਰਹਿਣ ਦੀ ਪ੍ਰੇਰਣਾ ਦਿੱਤੀ ਤੇ ਬੱਚਿਆਂ ਨੂੰ ਚੰਗੇ ਸਕੂਲਾਂ ਵਿਚ ਸਿੱਖਿਆ ਪ੍ਰਾਪਤ ਕਰਨ ਲਈ ਪ੍ਰੇਰਤ ਕੀਤਾ।ਉਨ੍ਹਾਂ ਕਿਹਾ ਕਿ ਪੜ੍ਹਾਈ ਇਕ ਤੀਸਰਾ ਨੇਤਰ ਹੈ, ਜੋ ਸਾਡੇ ਸਮਾਜ ਵਿਚ ਬਹੁਤ ਜ਼ਰੂਰੀ ਹੈ।ਇਸ ਦੌਰਾਨ ਸੰਮੇਲਨ 'ਚ ਪਹੁੰਚੀਆਂ ਸ਼ਖ਼ਸੀਅਤਾਂ ਨੂੰ ਜ਼ਿਲ੍ਹੇ ਦੇ ਆਗੂਆਂ ਵੱਲੋਂ ਸਨਮਾਨਤ ਕੀਤਾ ਗਿਆ।

# ਪੰਜਾਬੀ ਯੂਨੀਵਰਸਿਟੀ ਵਿਖੇ 'ਫਿਜ਼ੀਕਲ, ਕੈਮੀਕਲ ਤੇ ਇੰਜਨੀਅਰਿੰਗ' ਵਿਸ਼ੇ 'ਤੇ ਰਿਫ਼ਰੈਸ਼ਰ ਕੋਰਸ ਸੰਪੰਨ

**ਅਧਿਆਪਕ ਦਾ ਆਪਣੇ ਖੇਤਰ ਵਿਚਲੇ ਨਵੇਂ ਗਿਆਨ ਨਾਲ ਜੁੜ ਕੇ ਅੱਪਡੇਟ ਰਹਿਣਾ ਬਹੁਤ ਜ਼ਰੂਰੀ : ਡਾ. ਜਗਦੀਪ ਸਿੰਘ**



**ਪਟਿਆਲਾ (ਰਜਿੰਦਰ ਸਿੰਘ ਥਿੰਦ)** ਪੰਜਾਬੀ ਯੂਨੀਵਰਸਿਟੀ ਦੇ ਯੂ.ਜੀ.ਸੀ. ਮਾਲਵੀਆ ਮਿਸ਼ਨ ਟੀਚਰ ਟ੍ਰੇਨਿੰਗ ਸੈਂਟਰ ਵਿਖੇ 'ਫਿਜ਼ੀਕਲ ਸਾਇੰਸਿਜ਼, ਕੈਮੀਕਲ ਸਾਇੰਸਿਜ਼ ਤੇ ਇੰਜਨੀਅਰਿੰਗ' ਵਿਸ਼ੇ ਨਾਲ ਸਬੰਧਤ ਰਿਫ਼ਰੈਸ਼ਰ ਕੋਰਸ ਸੰਪੰਨ ਹੋ ਗਿਆ ਹੈ।ਸੈਂਟਰ ਦੇ ਡਾਇਰੈਕਟਰ ਪ੍ਰੋ. ਰਮਨ ਮੈਣੀ ਨੇ ਦੱਸਿਆ ਕਿ ਵਿਦਾਇਗੀ ਸੈਸ਼ਨ ਦੀ ਪ੍ਰਧਾਨਗੀ ਉੱਪ-ਕੁਲਪਤੀ ਡਾ. ਜਗਦੀਪ ਸਿੰਘ ਨੇ ਕੀਤੀ ਤੇ ਚੰਢੀਗੜ੍ਹ ਦੇ ਵੱਲੋਂ ਨਾਲ ਯੂਨੀਵਰਸਿਟੀ ਸਿਸਟਮ ਦੇ ਉਪ-ਕੁਲਪਤੀ ਪ੍ਰੋ. ਵਿਜੇ ਕੁਮਾਰ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ। ਡਾ. ਜਗਦੀਪ ਸਿੰਘ ਨੇ ਆਪਣੇ ਪ੍ਰਧਾਨਗੀ ਭਾਸ਼ਣ ਦੌਰਾਨ ਕਿਹਾ ਕਿ ਗਿਆਨ ਦੇ ਨਵੇਂ ਖੇਤਰਾਂ ਤੇ ਰੁਝਾਨਾਂ ਨਾਲ ਜੋੜੀ ਰੱਖਣ ਦੇ ਲਿਹਾਜ਼ ਨਾਲ 'ਰਿਫ਼ਰੈਸ਼ਰ ਕੋਰਸ' ਦਾ ਹਰੇਕ ਅਧਿਆਪਕ ਦੀ ਜ਼ਿੰਦਗੀ ਵਿੱਚ ਵਿਸ਼ੇਸ਼ ਮਹੱਤਵ ਹੁੰਦਾ ਹੈ।ਉਨ੍ਹਾਂ ਕਿਹਾ ਕਿ ਅਧਿਆਪਨ ਇੱਕ ਅਜਿਹਾ ਖੇਤਰ ਹੈ, ਜਿੱਥੇ ਹਰੇਕ ਅਧਿਆਪਕ ਦਾ ਆਪਣੇ ਖੇਤਰ ਵਿਚਲੇ ਨਵੇਂ ਗਿਆਨ ਨਾਲ ਜੁੜ ਕੇ ਅੱਪਡੇਟ ਰਹਿਣਾ ਬਹੁਤ ਜ਼ਰੂਰੀ ਹੁੰਦਾ ਹੈ। 'ਰਿਫ਼ਰੈਸ਼ਰ ਕੋਰਸ' ਇਸ ਮਕਸਦ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ।ਉਨ੍ਹਾਂ ਕਿਹਾ ਕਿ ਅਜਿਹੇ ਰਿਫ਼ਰੈਸ਼ਰ ਕੋਰਸ ਗਿਆਨ ਦੇ ਆਦਾਨ-ਪ੍ਰਦਾਨ ਤੇ ਹੁਨਰ ਵਧਾਉਣ ਲਈ ਇੱਕ ਲੋੜੀਂਦਾ ਮੰਚ ਪ੍ਰਦਾਨ ਕਰਦੇ ਹਨ।ਉਨ੍ਹਾਂ ਸਾਰੇ ਭਾਗੀਦਾਰਾਂ ਨੂੰ ਉਨ੍ਹਾਂ ਦੇ ਅਕਾਦਮਿਕ ਤੇ ਪੇਸ਼ੇਵਰ ਕੰਮਾਂ ਵਿੱਚ ਨਿਰੰਤਰ ਸਫਲਤਾ ਲਈ ਆਪਣੀਆਂ ਸ਼ੁੱਭ-ਕਾਮਨਾਵਾਂ ਦਿੱਤੀਆਂ। ਮੁੱਖ ਮਹਿਮਾਨ ਡਾ. ਵਿਜੇ ਕੁਮਾਰ ਨੇ ਇਸ ਪ੍ਰੋਗਰਾਮ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਇਸ ਨੂੰ ਭਾਰਤ ਭਰ ਦੀਆਂ ਵੱਖ-ਵੱਖ ਸੰਸਥਾਵਾਂ ਦੇ ਫੈਕਲਟੀ ਮੈਂਬਰਾਂ ਲਈ ਲਾਹੇਵੰਦ ਅਮਲ ਕਰਾਰ ਦਿੱਤਾ।ਉਨ੍ਹਾਂ ਆਪਣੇ ਭਾਸ਼ਣ ਵਿੱਚ ਤਕਨਾਲੋਜੀ ਤੇ ਖੋਜ ਦੀ ਪਰਿਵਰਤਨਸ਼ੀਲ ਭੂਮਿਕਾ ਨੂੰ ਉਜਾਗਰ ਕਰਦਿਆਂ ਅਹਿਮ ਨੁਕਤੇ ਪੇਸ਼ ਕੀਤੇ।ਉਨ੍ਹਾਂ ਕਿਹਾ ਕਿ ਭੌਤਿਕ ਵਿਗਿਆਨ, ਰਸਾਇਣ ਵਿਗਿਆਨ ਤੇ ਇੰਜੀਨੀਅਰਿੰਗ ਖੇਤਰ ਵਿੱਚ ਉੱਭਰ ਰਹੀਆਂ ਚੁਣੌਤੀਆਂ ਨੂੰ ਨਵੇਂ ਗਿਆਨ ਨਾਲ ਲੈਸ ਹੋ ਕੇ ਟੱਕਰ ਦੀ ਲੋੜ ਹੈ। ਰਿਫ਼ਰੈਸ਼ਰ ਕੋਰਸ ਦੇ ਕੋਆਰਡੀਨੇਟਰ ਡਾ. ਅਨੂਪ ਠਾਕੁਰ ਤੇ ਕੋ-ਕੋਆਰਡੀਨੇਟਰ ਡਾ. ਕਰਮਜੀਤ ਸਿੰਘ ਧਾਲੀਵਾਲ ਨੇ ਵੀ ਆਪਣੇ ਵਿਚਾਰ ਰੱਖੇ।ਅੰਤ ਵਿੱਚ ਪ੍ਰੋ. ਰਮਨ ਮੈਣੀ ਨੇ ਆਪਣੇ ਧੰਨਵਾਦੀ ਭਾਸ਼ਣ ਦੌਰਾਨ ਇਸ ਕੋਰਸ ਦੇ ਆਯੋਜਨ ਸਬੰਧੀ ਸਮਰਪਤ ਸਟਾਫ਼ ਮੈਂਬਰਾਂ ਡਾ. ਮਨਦੀਪ ਸਿੰਘ, ਸ੍ਰੀ ਦਿਆਲ ਦੱਤ, ਸ੍ਰੀ ਸੁਰਿੰਦਰ ਸਿੰਘ, ਸ੍ਰੀਮਤੀ ਕਾਂਤਾ ਰਾਣੀ, ਸ੍ਰੀ ਮਹਾਵੀਰ ਸਿੰਘ ਤੇ ਸ੍ਰੀ ਸੁਰਿੰਦਰ ਕੁਮਾਰ ਦੀ ਵੀ ਪ੍ਰਸ਼ੰਸਾ ਕੀਤੀ ਗਈ।

# ਸਰਕਾਰ ਪਿੰਡਾਂ ਦੇ ਵਿਕਾਸ ਲਈ ਵਚਨਬੱਧ : ਬਾਜ਼ੀਗਰ

■ 26 ਪੰਚਾਇਤਾਂ ਨੂੰ 74 ਲੱਖ ਦੀਆਂ ਗਰਾਂਟਾਂ ਦੇ ਚੈੱਕ ਵੰਡੇ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)** ਸੂਬੇ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਪਿੰਡਾਂ ਦੇ ਸਰਬਪੱਖੀ ਵਿਕਾਸ ਲਈ ਪਿੰਡਾਂ ਦੀਆਂ ਪੰਚਾਇਤਾਂ ਨੂੰ ਗਰਾਂਟਾਂ ਦੇਣ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ ਗਿਆ।ਇਸ ਦੌਰਾਨ ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਵੱਲੋਂ ਹਲਕੇ ਦੀਆਂ 26 ਪੰਚਾਇਤਾਂ ਨੂੰ 74 ਲੱਖ ਰੁਪਏ ਦੀਆਂ ਗ੍ਰਾਂਟਾਂ ਦੇ ਚੈੱਕ ਵੰਡੇ ਗਏ। ਪੰਚਾਇਤਾਂ ਨੂੰ ਚੈੱਕ ਵੰਡਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹਲਕਾ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਪਿੰਡਾਂ ਦੇ ਸਰਬਪੱਖੀ ਵਿਕਾਸ ਲਈ ਲਗਾਤਾਰ ਯਤਨਸ਼ੀਲ ਹੈ, ਜਿਸ ਦੇ ਤਹਿਤ ਹਲਕਾ ਸ਼ੁਤਰਾਣਾ ਦੀਆਂ ਬਲਾਕ ਸਮਾਣਾ ਅਧੀਨ ਆਉਣ ਵਾਲੀਆਂ ਪੰਚਾਇਤਾਂ ਨੂੰ ਵਿਕਾਸ ਕੰਮਾਂ ਲਈ ਗਰਾਂਟਾਂ ਦਿੱਤੀਆਂ ਗਈਆਂ ਹਨ।ਉਨ੍ਹਾਂ ਦੱਸਿਆ ਕਿ ਪਿੰਡ ਕੁਲਾਰਾਂ ਨੂੰ 5 ਲੱਖ, ਭੇਡਪੁਰੀ ਨੂੰ 2 ਲੱਖ, ਗੋਬਿੰਦ ਨਗਰ ਕੁਲਾਰਾਂ ਨੂੰ 2 ਲੱਖ ਰੁਪਏ, ਰਾਮਪੁਰ ਪੜਤਾ 2 ਲੱਖ ਰੁਪਏ, ਸ਼ਾਹਪੁਰ ਨੂੰ ਦੋ ਲੱਖ ਰੁਪਏ, ਚੁੱਪਕੀ ਨੂੰ ਦੋ ਲੱਖ ਰੁਪਏ, ਬੁਜਰਕ ਨੂੰ 2 ਲੱਖ ਰੁਪਏ, ਘੰਗਰੋਲੀ ਨੂੰ 2 ਲੱਖ ਰੁਪਏ, ਨਾਗਰੀ ਨੂੰ 5 ਲੱਖ ਰੁਪਏ ਸ਼ਾਹਪੁਰ ਨੂੰ 5 ਲੱਖ, ਮਵੀ ਕਲਾਂ ਨੂੰ 7 ਲੱਖ, ਉਗੋਕੇ ਨੂੰ 6 ਲੱਖ 50 ਹਜ਼ਾਰ ਰੁਪਏ, ਰਾਮਪੁਰ ਪੜਤਾ ਨੂੰ 6 ਲੱਖ 40, ਘੱਗਰੀਲੀ ਨੂੰ ਚਾਰ ਲੱਖ, ਉਗੋਕੇ ਨੂੰ ਦੋ ਲੱਖ, ਬੁਜਰਕ ਨੂੰ 2 ਲੱਖ, ਖੇੜੀ ਨਗਾਈਆਂ ਨੂੰ ਤਿੰਨ ਲੱਖ, ਕੁਲਾਰਾਂ ਨੂੰ 4 ਲੱਖ, ਦੇਦੜਾ ਨੂੰ ਚਾਰ ਲੱਖ 40 ਹਜ਼ਾਰ, ਮਰਦਾਂ ਹੇੜੀ ਨੂੰ 2 ਲੱਖ 20 ਹਜ਼ਾਰ ਤੇ ਸ਼ਾਹਪੁਰ ਨੂੰ 3 ਲੱਖ 50 ਹਜ਼ਾਰ ਰੁਪਏ ਦੀਆਂ ਗਰਾਂਟਾਂ ਦੇ ਮਨਜ਼ੂਰੀ ਪੱਤਰ ਦਿੱਤੇ ਗਏ ਹਨ।ਇਸ ਮੌਕੇ ਹੋਰਨਾਂ ਤੋਂ ਇਲਾਵਾ ਹਲਕਾ ਵਿਧਾਇਕ ਦੇ ਨਿੱਜੀ ਸਹਾਇਕ ਪਾਰਸ, ਸੀਨੀਅਰ ਆਪ ਆਗੂ ਕੁਲਦੀਪ ਸਿੰਘ ਥਿੰਦ, ਸਰਪੰਚ ਗੁਰਜੀਤ ਸਿੰਘ, ਅਵਤਾਰ ਸਿੰਘ ਪੰਚ, ਜਸਪਾਲ ਸਿੰਘ ਨੰਬਰਦਾਰ, ਰਾਮ ਸਿੰਘ ਪਿੰਡ ਚੁੱਪਕੀ, ਸਰਪੰਚ ਬੇਲੂਮਾਜਰਾ ਜੋਰਾ ਸਿੰਘ, ਪੰਚ ਜਗਮੀਤ ਸਿੰਘ ਤੇ ਅੰਮ੍ਰਿਤਪਾਲ ਸਿੰਘ ਆਦ ਹਾਜ਼ਰ ਸਨ।



ਪੰਚਾਇਤਾਂ ਨੂੰ ਗ੍ਰਾਂਟਾਂ ਦੇ ਚੈੱਕ ਤਕਸੀਮ ਕਰਦੇ ਹਲਕਾ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ।

# ਸਰਬੱਤ ਦਾ ਭਲਾ ਟਰੱਸਟ ਨੇ ਮਹੀਨਾਵਾਰ ਸਹਾਇਤਾ ਰਾਸ਼ੀ ਦੇ ਚੈੱਕ ਵੰਡੇ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਸੇਵੀਅਰ ਸਿੰਘ ਵਜੋਂ ਜਾਣੇ ਜਾਂਦੇ ਦੁੱਬਈ ਦੇ ਉੱਘੇ ਕਾਰੋਬਾਰੀ ਤੇ ਉੱਘੇ ਸਮਾਜ ਸੇਵੀ ਡਾ. ਐੱਸ ਪੀ ਸਿੰਘ ਉਬਰਾਏ ਵੱਲੋਂ ਅਤੇ ਕੌਮੀ ਪ੍ਰਧਾਨ ਜੱਸਾ ਸਿੰਘ ਸੰਧੂ ਦੀ ਯੋਗ ਅਗਵਾਈ ਵਿੱਚ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਫਿਰੋਜ਼ਪੁਰ ਸਿਟੀ ਦੇ ਬੱਸ ਸਟੈਂਡ ਅੰਦਰ ਬਣੇ ਕਾਮਰੇਡ ਦਿਆਲ ਸਿੰਘ ਹਾਲ ਵਿੱਚ ਕਰਵਾਏ ਗਏ ਸਾਦੇ ਸਮਾਗਮ ਦੌਰਾਨ ਫਿਰੋਜ਼ਪੁਰ ਤੇ ਮਮਦੋਟ ਇਲਾਕੇ ਨਾਲ ਸਬੰਧਤ 30 ਜ਼ਰੂਰਤਮੰਦਾਂ, ਵਿਧਵਾਵਾਂ ਤੇ ਅੰਗਹੀਣ ਪਰਵਾਰਾਂ ਨੂੰ ਆਰਥਿਕ ਸਹਾਇਤਾ ਰਾਸ਼ੀ ਦੇ ਚੈੱਕ ਵੰਡੇ ਗਏ। ਇਹ ਚੈੱਕ ਸੰਸਥਾ ਦੇ ਜ਼ਿਲ੍ਹਾ ਪ੍ਰਧਾਨ ਫਿਰੋਜ਼ਪੁਰ ਅਮਰਜੀਤ ਕੌਰ ਛਾਬੜਾ, ਜ਼ਿਲ੍ਹਾ ਜਰਨਲ ਸਕੱਤਰ ਪਾਲ ਸਿੰਘ ਅਤੇ ਸਿਟੀ ਤੇ ਛਾਉਣੀ ਦੇ ਇੰਚਾਰਜ ਬਲਵਿੰਦਰਪਾਲ ਸ਼ਰਮਾ ਤੇ ਹੋਰ ਮੈਂਬਰਾਂ ਵੱਲੋਂ ਵੰਡੇ ਗਏ। ਇਸ ਮੌਕੇ ਟੀਮ ਨਾਲ ਲੰਮੇ ਸਮੇਂ ਤੋਂ ਸੇਵਾਵਾਂ ਨਿਭਾਉਣ ਵਾਲੇ ਮੈਂਬਰ ਪਾਲ ਸਿੰਘ ਨੂੰ ਜ਼ਿਲ੍ਹਾ ਜਨਰਲ ਦੀਆਂ ਸੇਵਾਵਾਂ ਲਈ ਤੇ ਰਣਧੀਰ ਕੁਮਾਰ ਜੋਸ਼ੀ ਨੂੰ ਜ਼ਿਲ੍ਹਾ ਟੀਮ ਦੀ ਮੈਂਬਰਸ਼ਿਪ ਦੀ ਨਿਯੁਕਤੀ ਲਈ ਜ਼ਿਲ੍ਹਾ ਪ੍ਰਧਾਨ ਅਮਰਜੀਤ ਕੌਰ ਛਾਬੜਾ ਵੱਲੋਂ ਤੇ ਟੀਮ ਮੈਂਬਰਾਂ ਵੱਲੋਂ ਸਿਰੋਪਾਉ ਭੇਟ ਕਰਕੇ ਸਨਮਾਨਤ ਕੀਤਾ ਗਿਆ ਅਤੇ ਮੁਬਾਰਕਬਾਦ ਦਿੱਤੀ ਗਈ। ਜ਼ਿਲ੍ਹਾ ਜਨਰਲ ਸਕੱਤਰ ਪਾਲ ਸਿੰਘ ਤੇ ਜ਼ਿਲ੍ਹਾ ਟੀਮ ਦੇ ਸ਼ਾਮਲ ਮੈਂਬਰ ਰਣਧੀਰ ਜੋਸ਼ੀ ਨੇ ਕਿਹਾ ਕਿ ਡਾ. ਐੱਸ ਪੀ ਸਿੰਘ ਓਬਰਾਏ ਨਾਲ ਸੇਵਾਵਾਂ ਨਿਭਾਉਣਾ ਸਾਡੀ ਖੁਸ਼ਕਿਸਮਤੀ ਹੈ ਤੇ ਟਰੱਸਟ ਪ੍ਰਤੀ ਆਪਣੀਆਂ ਸੇਵਾਵਾਂ ਨੂੰ ਪੂਰੀ ਤਨਦੇਹੀ ਨਾਲ ਨਿਭਾਵਾਂਗੇ। ਇਸ ਮੌਕੇ ਜ਼ਿਲ੍ਹਾ ਮੀਤ ਪ੍ਰਧਾਨ ਦਵਿੰਦਰ ਸਿੰਘ ਛਾਬੜਾ ਸਿਟੀ, ਛਾਉਣੀ ਦੇ ਇਸਤਰੀ ਵਿੰਗ ਦੇ ਇੰਚਾਰਜ ਤਲਵਿੰਦਰ ਕੌਰ ਤੇ ਮਹਾਂਵੀਰ ਸਿੰਘ ਨੇ ਦੱਸਿਆ ਕਿ ਸੰਸਥਾ ਦੇ ਬਾਨੀ ਡਾ. ਐੱਸ ਪੀ ਸਿੰਘ ਓਬਰਾਏ ਵੱਲੋਂ ਲੰਮੇ ਸਮੇਂ ਤੋਂ ਲੋੜਵੰਦਾਂ ਦੀ ਭਲਾਈ ਦੇ ਕਿਸੇ ਹੋਰ ਤੋਂ ਮਾਲੀ ਮੱਦਦ ਲਏ ਆਪਣੇ ਕੋਲੋਂ ਹੀ ਲਗਾਤਾਰ ਆਰਥਿਕ ਸਹਾਇਤਾ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਫਿਰੋਜ਼ਪੁਰ ਜ਼ਿਲ੍ਹੇ ਅੰਦਰ ਪੰਜ ਆਧੁਨਿਕ ਸਹੂਲਤਾਂ ਵਾਲੀਆਂ ਮੈਡੀਕਲ ਲੈਬੋਰਟਰੀਆਂ, ਫਿਜ਼ੀਓਥਰੈਪੀ ਸੈਂਟਰ, ਫਰੀ ਕੰਪਿਊਟਰ ਸੈਂਟਰ, ਫਰੀ ਸਿਲਾਈ ਸੈਂਟਰ, ਲੋੜਵੰਦ ਹੁਸ਼ਿਆਰ ਵਿਦਿਆਰਥੀਆਂ ਨੂੰ ਸਕਾਲਰਸ਼ਿਪ, ਐਂਬੂਲੈਂਸ ਤੇ ਜ਼ਿਲ੍ਹੇ ਅੰਦਰ 1 ਲੱਖ 38 ਹਜ਼ਾਰ ਰੁਪਏ ਦੀ ਆਰਥਿਕ ਸਹਾਇਤਾ ਰਾਸ਼ੀ ਦੇ ਚੈੱਕ ਲੋੜਵੰਦ ਪਰਵਾਰਾਂ ਨੂੰ ਵੰਡੇ ਜਾਂਦੇ ਹਨ ਅਤੇ ਅੱਗੇ ਹੋਰ ਵੀ ਕਈ ਲੋਕ ਭਲਾਈ ਦੇ ਕਾਰਜ ਸ਼ੁਰੂ ਕੀਤੇ ਜਾਣਗੇ। ਇਸ ਮੌਕੇ ਮਹਾਂਵੀਰ ਸਿੰਘ ਕਿਰਨ ਪੇਂਟਰ, ਸਿਟੀ ਤੇ ਛਾਉਣੀ ਦੇ ਇੰਚਾਰਜ ਬਲਵਿੰਦਰ ਪਾਲ ਸ਼ਰਮਾ, ਇੰਚਾਰਜ ਇਸਤਰੀ ਵਿੰਗ ਛਾਉਣੀ ਤੇ ਸਿਟੀ ਤਲਵਿੰਦਰ ਕੌਰ, ਮੈਂਬਰ ਰਣਧੀਰ ਜੋਸ਼ੀ ਹੋਰ ਪਤਵੰਤੇ ਮੌਜੂਦ ਸਨ।



# ਹਰੇਕ ਵਿਅਕਤੀ ਦਾ ਪੌਦੇ ਲਾਉਣ ਲਈ ਸਹਿਯੋਗ ਜ਼ਰੂਰੀ : ਜਸਪਾਲ ਸਿੰਘ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਜ਼ਿਲ੍ਹਾ ਸੈਸ਼ਨ ਜੱਜ ਮੈਡਮ ਰੁਪਿੰਦਰਜੀਤ ਚਹਿਲ ਚੇਅਰਮੈਨ ਜ਼ਿਲ੍ਹਾ ਕਨੂੰਨੀ ਸੇਵਾਵਾਂ ਅਥਾਰਟੀ ਪਟਿਆਲਾ ਸਰਪ੍ਰਸਤੀ ਹੇਠ ਮੈਡਮ ਅਮਨਦੀਪ ਕੰਬੋਜ ਚੀਫ਼ ਜੁਡੀਸ਼ੀਅਲ ਮੈਜਿਸਟ੍ਰੇਟ ਕਮ ਸਕੱਤਰ ਜ਼ਿਲ੍ਹਾ ਕਨੂੰਨੀ ਸੇਵਾਵਾਂ ਅਥਾਰਟੀ ਦੀ ਅਗਵਾਈ ਹੇਠ 'ਹਰ ਔਰ ਲੱਕੜਹਾਰੇ ਹੈਂ, ਫਿਰ ਬੀ ਪੇੜ ਕਹਾਂ ਹਾਰੇ ਹੈਂ' ਮੁਹਿੰਮ ਤਹਿਤ ਡੀ.ਸੀ.ਪੀ.ਓ. ਸ਼੍ਰੀ ਵੈਭਵ ਚੌਧਰੀ ਆਈ.ਪੀ.ਐੱਸ.ਐਸ.ਪੀ.ਹੈੱਡ ਕੁਆਟਰ ਦੇ ਦਿਸ਼ਾ ਨਿਰਦੇਸ਼ ਅਨੁਸਾਰ ਪੁਲਸ ਸਾਂਝ ਕੇਂਦਰ ਡਵੀਜ਼ਨ ਪੁਲਿਸ ਥਾਣਾ ਸਦਰ ਦੇ ਇੰਚਾਰਜ ਐਸ.ਆਈ. ਜਸਪਾਲ ਸਿੰਘ ਰਾਸ਼ਟਰਪਤੀ ਪੁਲਿਸ ਮੈਡਲ ਵਿਜੇਤਾ, ਸਮਾਜ ਸੇਵੀ ਸੰਸਥਾਵਾਂ ਚਾਇਲਡ ਪ੍ਰੋਟੈਕਸ਼ਨ ਐਂਡ ਓਲਡਏਜ ਹੋਮ ਵੈਲਫੇਅਰ ਸੁਸਾਇਟੀ, ਉਮੰਗ ਵੈਲਫੇਅਰ ਫਾਊਂਡੇਸ਼ਨ, ਯੂਥ ਕਲੱਬ ਬਾਦਸ਼ਾਹਪੁਰ ਤੇ ਗਰੇਟ ਥਿੰਕਰ ਪਟਿਆਲਾ ਦੇ ਸਹਿਯੋਗ ਨਾਲ ਪੌਦੇ ਲਾਏ ਗਏ।ਪ੍ਰੋਗਰਾਮ ਵਿੱਚ ਮੈਂਬਰ ਪੁਲਸ ਸਾਂਝ ਕਮੇਟੀ ਐਚ ਐਸ ਕਰੀਰ ਰਾਸ਼ਟਰਪਤੀ ਐਵਾਰਡ ਵਿਜੇਤਾ, ਪੀ ਐਲ ਵੀ ਹੇਮ ਰਿਸ਼ੀ ਮੈਂਬਰ ਪੁਲਿਸ ਸਾਂਝ ਕਮੇਟੀ, ਪੀ ਐਲ ਵੀ ਪਰਮਜੀਤ ਸਿੰਘ ਮੈਂਬਰ ਪੁਲਸ ਸਾਂਝ ਕਮੇਟੀ ਸਟੇਟ ਐਵਾਰਡੀ, ਪੀ.ਐਲ.ਵੀ.ਗੁਰਕੀਰਤ ਸਿੰਘ ਮੈਂਬਰ ਪੁਲਸ ਸਾਂਝ ਕਮੇਟੀ, ਕਰਨੈਲ ਸਿੰਘ ਮੈਂਬਰ ਪੁਲਿਸ ਸਾਂਝ ਕਮੇਟੀ, ਕੁਲਵੰਤ ਧੀਮਾਨ ਮੈਂਬਰ ਪੁਲਸ ਸਾਂਝ ਕਮੇਟੀ, ਅਰਵਿੰਦਰ ਸਿੰਘ ਮੈਂਬਰ ਪੁਲਸ ਸਾਂਝ ਕਮੇਟੀ ਤੇ ਪਰਮਜੀਤ ਸਿੰਘ ਗਿੱਲ ਵਲੋਂ ਸਹਿਯੋਗ ਦਿੱਤਾ ਗਿਆ। ਐਸ ਆਈ ਜਸਪਾਲ ਸਿੰਘ ਨੇ ਕਿਹਾ ਕਿ ਪੌਦੇ ਮਨੁੱਖੀ ਜੀਵਨ ਅਤੇ ਗ੍ਰਹਿ ਨੂੰ ਕਾਇਮ ਰੱਖਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।ਪ੍ਰਕਾਸ਼ ਸੰਸ਼ਲੇਸ਼ਣ ਦੁਆਰਾ ਪੌਦੇ ਆਕਸੀਜਨ ਪੈਦਾ ਕਰਦੇ ਹਨ, ਜੋ ਮਨੁੱਖੀ ਸਾਹ ਲਈ ਜ਼ਰੂਰੀ ਹੈ।ਪੌਦੇ ਪੋਸ਼ਣ ਦਾ ਇੱਕ ਮੁੱਖ ਸਰੋਤ ਹਨ, ਜੋ ਫ਼ਲ, ਸਬਜ਼ੀਆਂ, ਅਨਾਜ ਅਤੇ ਹੋਰ ਬਹੁਤ ਕੁਝ ਪ੍ਰਦਾਨ ਕਰਦੇ ਹਨ।ਪੌਦਿਆਂ ਦਾ ਘਰਾਂ ਤੇ ਹੋਰ ਢਾਂਚਿਆਂ ਦੇ ਨਿਰਮਾਣ ਵਿੱਚ ਅਹਿਮ ਯੋਗਦਾਨ ਹੈ।ਬਹੁਤ ਸਾਰੇ ਪੌਦਿਆਂ ਵਿੱਚ ਚਿਕਿਤਸਕ ਗੁਣ ਹੁੰਦੇ ਹਨ, ਜਿਨ੍ਹਾਂ ਦੀ ਵਰਤੋਂ ਜੀਵਨ-ਰੱਖਿਅਕ ਇਲਾਜ ਵਿਕਸਤ ਕਰਨ ਲਈ ਕੀਤੀ ਜਾਂਦੀ ਹੈ।ਇਸ ਤੋਂ ਇਲਾਵਾ ਪੌਦੇ ਜਲਵਾਯੂ ਨੂੰ ਨਿਯਮਤ ਕਰਨ, ਕਾਰਬਨ ਡਾਈਆਕਸਾਈਡ ਨੂੰ ਸੋਖਣ ਤੇ ਤਾਪਮਾਨ ਨੂੰ ਮੱਧਮ ਕਰਨ ਵਿੱਚ ਮਦਦ ਕਰਦੇ ਹਨ।ਕਈ ਤਰੀਕਿਆਂ ਨਾਲ ਪੌਦੇ ਅਸਲ ਵਿੱਚ ਮਨੁੱਖੀ ਜੀਵਨ ਤੇ ਸਾਡੇ ਗ੍ਰਹਿ ਦੀ ਸਿਹਤ ਲਈ ਜ਼ਰੂਰੀ ਹਨ।




# ਹਾਈਪਰਟੈਂਸ਼ਨ ਜਾਗਰੂਕਤਾ ਪੇਂਟਿਗ ਤੇ ਪ੍ਰਸ਼ਨ ਮੁਕਾਬਲੇ ਕਰਵਾਏ

■ ਹਾਈਪਰਟੈਂਸ਼ਨ ਖਾਮੋਸ਼ ਕਾਤਲ, ਇਸ ਬਾਰੇ ਜਾਗਰੂਕਤਾ ਜ਼ਰੂਰੀ : ਡਾ. ਕਾਮਰਾ



**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**-ਸਿਵਲ ਸਰਜਨ ਡਾ. ਸੰਜੇ ਕਾਮਰਾ ਦੀ ਯੋਗ ਅਗਵਾਈ ਹੇਠ ਹਾਈਪਰਟੈਂਸ਼ਨ ਬਾਰੇ ਜਾਗਰੂਕਤਾ ਮਹੀਨੇ ਦੌਰਾਨ ਜਾਰੀ ਗਤੀਵਿਧੀਆਂ ਦੀ ਲੜੀ ਤਹਿਤ ਸਥਾਨਕ ਸਰਕਾਰੀ ਨਰਸਿੰਗ ਸਕੂਲ ਵਿਖੇ ਇੱਕ ਪ੍ਰੋਗਰਾਮ ਕਰਵਾਇਆ ਗਿਆ।ਇਸ ਮੌਕੇ ਹਾਈਪਰਟੈਂਸ਼ਨ (ਹਾਈ ਬਲੱਡ ਪ੍ਰੈਸ਼ਰ) ਬਾਰੇ ਜਾਗਰੂਕਤਾ ਪੈਦਾ ਕਰਨ ਦੇ ਉਦੇਸ਼ ਨਾਲ ਕੁਇਜ਼ ਤੇ ਪੇਂਟਿੰਗ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਨਰਸਿੰਗ ਸਿੱਖਿਆਰਥਣਾਂ ਨੇ ਉਤਸ਼ਾਹ ਨਾਲ ਹਿੱਸਾ ਲਿਆ। ਡਾ. ਸੰਜੇ ਕਾਮਰਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਹਾਈਪਰਟੈਂਸ਼ਨ ਦੇ ਵਧਦੇ ਪ੍ਰਕੋਪ ਤੇ ਇਸਦੇ ਮਾੜੇ ਪ੍ਰਭਾਵਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ।

ਉਨ੍ਹਾਂ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਹਾਈਪਰਟੈਂਸ਼ਨ ਇੱਕ 'ਸਾਈਲੈਂਟ ਕਿਲਰ' ਹੈ, ਜੋ ਸ਼ੁਰੂਆਤੀ ਪੜਾਵਾਂ ਵਿੱਚ ਕੋਈ ਖਾਸ ਲੱਛਣ ਨਹੀਂ ਦਿਖਾਉਂਦਾ, ਪਰ ਜੇਕਰ ਇਸ ਦਾ ਸਮੇਂ ਸਿਰ ਇਲਾਜ ਨਾ ਕੀਤਾ ਜਾਵੇ, ਤਾਂ ਇਹ ਦਿਲ ਦੇ ਦੌਰੇ, ਸਟ੍ਰੋਕ, ਗੁਰਦੇ ਫੇਲ੍ਹ ਹੋਣ ਤੇ ਅੱਖਾਂ ਦੀ ਰੌਸ਼ਨੀ ਦੇ ਨੁਕਸਾਨ ਵਰਗੀਆਂ ਗੰਭੀਰ ਬਿਮਾਰੀਆਂ ਦਾ ਕਾਰਨ ਬਣ ਸਕਦਾ ਹੈ।ਉਨ੍ਹਾਂ ਸਿਹਤਮੰਦ ਜੀਵਨ ਸ਼ੈਲੀ, ਨਿਯਮਤ ਕਸਰਤ, ਸਿਹਤਮੰਦ ਖੁਰਾਕ ਤੇ ਤਣਾਅ ਪ੍ਰਬੰਧਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਤਾਂ ਜੋ ਹਾਈਪਰਟੈਂਸ਼ਨ ਨੂੰ ਰੋਕਿਆ ਜਾ ਸਕੇ ਅਤੇ ਪ੍ਰਬੰਧਤ ਕੀਤਾ ਜਾ ਸਕੇ।ਇਸ ਤੋਂ ਬਾਅਦ ਕੁਇਜ਼ ਮੁਕਾਬਲਾ ਕਰਵਾਇਆ ਗਿਆ, ਜਿਸ ਵਿੱਚ ਹਾਈਪਰਟੈਂਸ਼ਨ ਦੇ ਕਾਰਨਾਂ, ਲੱਛਣਾਂ, ਇਲਾਜ, ਰੋਕਥਾਮ ਤੇ ਇਸ ਨਾਲ ਜੁੜੀਆਂ ਹੋਰ ਬਿਮਾਰੀਆਂ ਬਾਰੇ ਪ੍ਰਸ਼ਨ ਪੁੱਛੇ ਗਏ। ਸਿੱਖਿਆਰਥਣਾਂ ਨੇ ਗਿਆਨ ਤੇ ਉਤਸ਼ਾਹ ਨਾਲ ਭਰਪੂਰ ਪ੍ਰਦਰਸ਼ਨ ਕੀਤਾ, ਜਿਸ ਤੋਂ ਪਤਾ ਚੱਲਦਾ ਹੈ ਕਿ ਉਨ੍ਹਾਂ ਨੂੰ ਇਸ ਮਹੱਤਵਪੂਰਨ ਸਿਹਤ ਮੁੱਦੇ ਬਾਰੇ ਚੰਗੀ ਜਾਣਕਾਰੀ ਸੀ।ਮੁਕਾਬਲਾ ਬਹੁਤ ਹੀ ਰੋਮਾਂਚਕ ਰਿਹਾ ਤੇ ਆਖਰੀ ਦੌਰ ਤੱਕ ਮੁਕਾਬਲਾ ਕਾਫੀ ਸਖ਼ਤ ਰਿਹਾ।ਕੁਇਜ਼ ਮੁਕਾਬਲੇ ਦੇ ਨਾਲ-ਨਾਲ ਪੇਂਟਿੰਗ ਮੁਕਾਬਲਾ ਵੀ ਕਰਵਾਇਆ ਗਿਆ, ਜਿਸ ਦਾ ਵਿਸ਼ਾ 'ਹਾਈਪਰਟੈਂਸ਼ਨ : ਰੋਕਥਾਮ ਤੇ ਜਾਗਰੂਕਤਾ' ਸੀ। ਸਿੱਖਿਆਰਥਣਾਂ ਨੇ ਰੰਗਾਂ ਤੇ ਕਲਾਕਾਰੀ ਰਾਹੀਂ ਆਪਣੇ ਵਿਚਾਰਾਂ ਨੂੰ ਪ੍ਰਗਟ ਕਰਨ ਦੀ ਬੇਮਿਸਾਲ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ।ਦੋਵਾਂ ਮੁਕਾਬਲਿਆਂ ਦੀ ਸਮਾਪਤੀ ਤੋਂ ਬਾਅਦ ਨਰਸਿੰਗ ਸਕੂਲ ਦੇ ਪ੍ਰਿੰਸੀਪਲ ਸੁਰਿੰਦਰ ਕੌਰ ਤੇ ਹੋਰ ਫੈਕਲਟੀ ਮੈਂਬਰਾਂ ਨੇ ਜੇਤੂਆਂ ਦਾ ਐਲਾਨ ਕੀਤਾ।ਜੇਤੂਆਂ ਨੂੰ ਸਿਵਲ ਸਰਜਨ, ਡਾ. ਸੰਜੇ ਕਾਮਰਾ ਵੱਲੋਂ ਇਨਾਮ ਤੇ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਤ ਕੀਤਾ ਗਿਆ।ਉਨ੍ਹਾਂ ਜੇਤੂਆਂ ਨੂੰ ਵਧਾਈ ਦਿੱਤੀ ਤੇ ਉਨ੍ਹਾਂ ਦੇ ਯਤਨਾਂ ਦੀ ਸ਼ਲਾਘਾ ਕੀਤੀ।ਉਨ੍ਹਾਂ ਸਮੂਹ ਭਾਗੀਦਾਰਾਂ ਤੇ ਪ੍ਰੋਗਰਾਮ ਨੂੰ ਸਫਲ ਬਣਾਉਣ ਵਾਲੇ ਅਧਿਆਪਕਾਂ ਦਾ ਵੀ ਧੰਨਵਾਦ ਕੀਤਾ। ਪ੍ਰੋਗਰਾਮ ਦੇ ਅੰਤ ਵਿੱਚ ਪ੍ਰਿੰਸੀਪਲ ਨੇ ਸਿਵਲ ਸਰਜਨ ਦਾ ਧੰਨਵਾਦ ਕੀਤਾ ਤੇ ਭਵਿੱਖ ਵਿੱਚ ਵੀ ਅਜਿਹੇ ਜਾਗਰੂਕਤਾ ਪ੍ਰੋਗਰਾਮ ਕਰਨ ਦੀ ਪ੍ਰਤੀਬੱਧਤਾ ਦੁਹਰਾਈ।ਇਸ ਮੌਕੇ ਡਿਪਟੀ ਮੈਡੀਕਲ ਕਮਿਸ਼ਨਰ ਡਾ. ਵਿਕਾਸ ਧੀਰ, ਦੁਰਗਾ ਪ੍ਰਸਾਦ ਐੱਸ ਆਈ, ਹਰਦੀਪ ਕੁਮਾਰ ਬਲਾਕ ਐਜੂਕੇਟਰ, ਨਰਿੰਦਰ ਪਾਲ ਸਿੰਘ ਬਲਾਕ ਐਜੂਕੇਟਰ, ਦੀਪਕ ਸ਼ਰਮਾ, ਹਰਪ੍ਰੀਤ ਸਿੰਘ ਆਦਿ ਤੋਂ ਇਲਾਵਾ ਸਕੂਲ ਸਟਾਫ ਤੇ ਸਿੱਖਿਆਰਥਣਾਂ ਹਾਜ਼ਰ ਸਨ।

## ਪ੍ਰਧਾਨ ਮੰਤਰੀ ਦੀਆਂ ਪ੍ਰਾਪਤੀਆਂ ਸਬੰਧੀ ਜਾਣੂ ਕਰਾਉਣ ਲਈ ਲਾਈਆਂ ਜਾਣਗੀਆਂ ਪ੍ਰਦਰਸ਼ਨੀਆਂ : ਮਨਜੀਤ ਸਿੰਘ ਰਾਏ



**ਮੋਗਾ (ਇਕਬਾਲ ਸਿੰਘ ਖਹਿਰਾ)**-2014 ਵਿੱਚ ਦੇਸ਼ ਵਿੱਚ ਸੱਤਾ ਸੰਭਾਲਣ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੇਸ਼ ਦੇ ਗਰੀਬਾਂ, ਲੋੜਵੰਦਾਂ ਅਤੇ ਆਮ ਲੋਕਾਂ ਲਈ ਨਵੀਆਂ ਯੋਜਨਾਵਾਂ ਬਣਾਈਆਂ ਹਨ ਤੇ ਲਾਭਪਾਤਰੀਆਂ ਨੂੰ ਜ਼ਮੀਨੀ ਪੱਧਰ 'ਤੇ ਇਨ੍ਹਾਂ ਯੋਜਨਾਵਾਂ ਦਾ ਲਾਭ ਪੁਚਾਇਆ ਹੈ।ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਪ੍ਰਾਪਤੀਆਂ ਬਾਰੇ ਲੋਕਾਂ ਨੂੰ ਜਾਣੂ ਕਰਾਉਣ ਲਈ ਦੇਸ਼ ਭਰ ਵਿੱਚ ਵੱਖ-ਵੱਖ ਪ੍ਰੋਗਰਾਮ ਚਲਾਏ ਜਾ ਰਹੇ ਹਨ, ਜਿਸ ਵਿੱਚ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ 11 ਸਾਲਾਂ ਵਿੱਚ ਪ੍ਰਾਪਤੀਆਂ ਸਬੰਧੀ ਜਾਣੂੰ ਕਰਾਉਣ ਲਈ 18, 19 ਅਤੇ 20 ਜੂਨ ਨੂੰ ਮੋਗਾ ਜ਼ਿਲ੍ਹੇ ਵਿੱਚ ਬੱਸ ਸਟੈਂਡ, ਰੇਲਵੇ ਸਟੇਸ਼ਨ, ਡਾਕਘਰ ਤੇ ਹੋਰ ਥਾਵਾਂ 'ਤੇ ਪ੍ਰਦਰਸ਼ਨੀਆਂ ਦਾ ਆਯੋਜਨ ਕੀਤਾ ਜਾਵੇਗਾ, ਤਾਂ ਜੁ ਆਮ ਲੋਕਾਂ ਨੂੰ ਪ੍ਰਧਾਨ ਮੰਤਰੀ ਦੀਆਂ ਪ੍ਰਾਪਤੀਆਂ ਬਾਰੇ ਜਾਣਕਾਰੀ ਮਿਲ ਸਕੇ।ਉਪਰੋਕਤ ਵਿਚਾਰ ਭਾਜਪਾ ਦੇ ਮੋਗਾ ਜ਼ਿਲ੍ਹਾ ਸਹਿ-ਇੰਚਾਰਜ ਮਨਜੀਤ ਸਿੰਘ ਰਾਏ ਅਤੇ ਭਾਜਪਾ ਜ਼ਿਲ੍ਹਾ ਪ੍ਰਧਾਨ ਡਾ. ਸੀਮਾਂਤ ਗਰਗ ਨੇ ਪੁਰਾਣੀ ਦਾਣਾ ਮੰਡੀ ਵਿਖੇ ਸਥਿਤ ਭਾਜਪਾ ਦੇ ਜ਼ਿਲ੍ਹਾ ਦਫ਼ਤਰ ਵਿੱਚ ਮੰਡਲ ਦੇ ਜ਼ਿਲ੍ਹਾ ਪ੍ਰਧਾਨਾਂ ਅਤੇ ਅਹੁਦੇਦਾਰਾਂ ਦੇ ਸਮੂਹ ਨੂੰ ਸੰਬੋਧਨ ਕਰਦਿਆਂ ਪ੍ਰਗਟ ਕੀਤੇ।ਇਸ ਮੌਕੇ ਮੋਗਾ ਦੇ ਪਿੰਡ ਲੰਡੇਕੇ ਵਿੱਚ ਦੂਜੀਆਂ ਰਾਜਨੀਤਕ ਪਾਰਟੀਆਂ ਛੱਡ ਕੇ ਭਾਜਪਾ ਵਿੱਚ ਸ਼ਾਮਲ ਹੋਣ ਵਾਲੇ ਮਰਦਾਂ ਅਤੇ ਔਰਤਾਂ ਨੂੰ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ।ਭਾਜਪਾ ਦੇ ਮੋਗਾ ਜ਼ਿਲ੍ਹਾ ਸਹਿ-ਇੰਚਾਰਜ ਮਨਜੀਤ ਸਿੰਘ ਰਾਏ ਤੇ ਭਾਜਪਾ ਜ਼ਿਲ੍ਹਾ ਪ੍ਰਧਾਨ ਡਾ. ਸੀਮਾਂਤ ਗਰਗ ਨੇ ਕਿਹਾ ਕਿ ਪ੍ਰਧਾਨ ਮੰਤਰੀ ਵੱਲੋਂ ਦੇਸ਼ ਦੇ ਗਰੀਬ ਲੋਕਾਂ ਦੇ ਆਰਥਿਕ ਪੱਧਰ ਨੂੰ ਉੱਚਾ ਚੁੱਕਣ ਲਈ ਪੂਰੇ ਦੇਸ਼ ਵਿੱਚ ਲੋਕਾਂ ਦੀ ਭਲਾਈ ਲਈ ਸ਼ੁਰੂ ਕੀਤੀਆਂ ਗਈਆਂ।

## ਮਾਰ ਦੇਣ ਦੀ ਨੀਅਤ ਨਾਲ ਕੀਤੇ ਫਾਇਰ ਨਾਲ ਨੌਜਵਾਨੀ ਜ਼ਖਮੀਂ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਵਿੱਚ ਬਸਤੀ ਭੱਟੀਆਂ ਵਾਲੀ ਵਿਖੇ ਇੱਕ ਨੌਜਵਾਨ ਨੂੰ ਮਾਰ ਦੇਣ ਦੀ ਨੀਅਤ ਨਾਲ ਫਾਇਰ ਕਰਕੇ ਉਸ ਨੂੰ ਜ਼ਖਮੀਂ ਕਰਨ ਦੀ ਖਬਰ ਮਿਲੀ ਹੈ। ਇਸ ਸਬੰਧੀ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ ਇਕ ਵਿਅਕਤੀ ਨੂੰ ਗ੍ਰਿਫਤਾਰ ਕਰਕੇ 6 ਖਿਲਾਫ 109, 190। 191, 125 ਬੀਐੱਨਐੱਸ ਤੇ ਆਰਮਜ਼ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਅੰਸ਼ ਉਰਫ ਬਾਦਲ ਪੁੱਤਰ ਮੂਲ ਚੰਦ ਵਾਸੀ ਗਲੀ ਕੁਮਾਰ ਵਾਲੀ ਬਸਤੀ ਭੱਟੀਆਂ ਵਾਲੀ ਫਿਰੋਜ਼ਪੁਰ ਨੇ ਦੱਸਿਆ ਕਿ ਉਹ ਤੇ ਆਰੀਅਨ ਪੁੱਤਰ ਅਰੁਣ ਮਹਿਤਾ ਵਾਸੀ ਬਸਤੀ ਭੱਟੀਆਂ ਵਾਲੀ ਫਿਰੋਜ਼ਪੁਰ ਸ਼ਹਿਰ ਦੇ ਆਪਣੇ ਮੋਟਰਸਾਈਕਲ 'ਤੇ ਯੂਨੀਅਨ ਤੋਂ ਘਰ ਆ ਰਹੇ ਸੀ ਤਾਂ ਘਰ ਦੀ ਗਲੀ ਦੇ ਮੋੜ 'ਤੇ ਅਚਾਨਕ ਇਕ ਐਕਟਿਵਾ ਸਵਾਰ ਨੇ ਬਿਨਾਂ ਇੰਡੀਕੇਟਰ ਦਿੱਤੇ ਐਕਟਿਵਾ ਮੋੜ ਦਿੱਤੀ ਤਾਂ ਉਸ ਨੇ ਉਨ੍ਹਾਂ ਨੂੰ ਕਿਹਾ ਕਿ ਕਿ ਤੂੰ ਇੰਡੀਕੇਟਰ ਤਾਂ ਦੇ ਦਿੰਦਾ, ਉਹ ਬੋਲਣ ਲੱਗ ਪਿਆ, ਜਿਸ ਨੇ ਕਿਹਾ ਕਿ ਤੈਨੂੰ ਨਹੀਂ ਪਤਾ ਮੈਂ ਕੌਣ ਹਾਂ ਮੈਂ ਦੇਵ ਕੰਤੋੜ ਦਾ ਭਰਾ ਹਾਂ। ਫਿਰ ਉਹ ਆਪੋ ਆਪਣੇ ਘਰ ਚਲੇ ਗਏ ਤਾਂ ਕੁਝ ਸਮੇਂ ਬਾਅਦ ਉਸ ਦੇ ਦੋਸਤ ਆਰੀਅਨ ਨੂੰ ਇੰਸਟਾ-ਆਈਡੀ ਤੋਂ ਫੋਨ ਦੇਵ ਕੰਤੋੜ ਪੁੱਤਰ ਸੋਨੂੰ ਕੰਤੋੜ ਵਾਸੀ ਗਲੀ ਕੁਮਾਰ ਵਾਲੀ ਬਸਤੀ ਭੱਟੀਆਂ ਵਾਲੀ ਫਿਰੋਜ਼ਪੁਰ ਸ਼ਹਿਰ ਦਾ ਆਇਆ ਤੇ ਗਾਲ੍ਹੀ ਗਲੋਚ ਕਰਨ ਲੱਗ ਪਿਆ ਤੇ ਜਦ ਉਹ ਬਾਹਰ ਗਲੀ ਵਿੱਚ ਆਏ ਤਾਂ ਦੇਵ ਤੇ ਵੰਸ਼ ਪੁੱਤਰ ਜਗਮੋਹਨ, ਮੋਨੂੰ ਕੰਤੋੜ ਪੁੱਤਰ ਪ੍ਰੇਮ ਕੁਮਾਰ, ਮਿੱਟੂ ਮੰਡ ਪੁੱਤਰ ਪਵਨ ਕੁਮਾਰ, ਸ਼ਿੱਟੂ ਪੁੱਤਰ ਪਵਨ ਕੁਮਾਰ ਵਾਸੀਆਨ ਗਲੀ ਕੁਮਾਰ ਵਾਲੀ ਬਸਤੀ ਭੱਟੀਆਂ ਵਾਲੀ ਫਿਰੋਜ਼ਪੁਰ ਸ਼ਹਿਰ ਬਾਹਰ ਗਲੀ ਵਿੱਚ ਆ ਕੇ ਇੱਟਾਂ ਰੋੜੇ ਚਲਾਉਣ ਲੱਗ ਪਏ, ਜਿੱਥੇ ਗਲੀ ਵਿੱਚ ਸਟਰੀਟ ਲਾਈਟ ਜਗਦੀ ਸੀ, ਸਾਫ ਦਿਖ ਰਿਹਾ ਸੀ। ਅੰਸ਼ ਨੇ ਦੱਸਿਆ ਕਿ ਫਿਰ ਦੇਵ ਪੁੱਤਰ ਸੋਨੂੰ ਨੇ ਦਸਤੀ ਰਿਵਾਲਵਰ ਦਾ ਫਾਇਰ ਮਾਰ ਦੇਣ ਦੀ ਨੀਅਤ ਨਾਲ ਉਸ ਵੱਲ ਸਿੱਧ ਮਾਰਿਆ, ਜੋ ਉਸ ਦੀ ਵੱਖੀ 'ਤੇ ਲੱਗਾ, ਫਿਰ ਦੂਸਰਾ ਫਾਇਰ ਕੀਤਾ ਜੋ ਉਸ ਦੀ ਖੱਬੀ ਬਾਂਹ ਦੀ ਕਲਾਈ 'ਤੇ ਲੱਗਾ। ਅੰਸ਼ ਨੇ ਦੱਸਿਆ ਕਿ ਉਸ ਦਾ ਇਲਾਜ ਸਿਵਲ ਹਸਪਤਾਲ ਫਿਰੋਜ਼ਪੁਰ ਵਿਖੇ ਚੱਲ ਰਿਹਾ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਸੁਖਚੈਨ ਸਿੰਘ ਨੇ ਦੱਸਿਆ ਕਿ ਪੁਲਸ ਨੇ ਦੇਵ ਕੰਤੋੜ ਨੂੰ ਗ੍ਰਿਫਤਾਰ ਕਰਕੇ ਉਕਤ ਦੋਸ਼ੀਅਨ ਖਿਲਾਫ ਮਾਮਲਾ ਦਰਜ ਕਰ ਲਿਆ ਹੈ ਤੇ ਅੱਗੇ ਦੀ ਕਾਰਵਾਈ ਕੀਤੀ ਜਾ ਰਹੀ ਹੈ।

## ਨਾਬਾਲਗ ਨਾਲ ਬਲਾਤਕਾਰ ਦੇ ਦੋਸ਼ ਹੇਠ ਇੱਕ ਵਿਰੁੱਧ ਕੇਸ ਦਰਜ

**ਸ੍ਰੀ ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਇੱਕ 12 ਸਾਲਾ ਨਾਬਾਲਗ ਲੜਕੀ ਨਾਲ ਬਲਾਤਕਾਰ ਦੇ ਦੋਸ਼ ਹੇਠ ਮੰਡੀ ਗੋਬਿੰਦਗੜ੍ਹ ਪੁਲਸ ਵੱਲੋਂ ਇੱਕ ਲੜਕੇ ਨੂੰ ਨਾਮਜ਼ਦ ਕੀਤੇ ਜਾਣ ਦਾ ਸਮਾਚਾਰ ਹੈ।ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਪੀੜਤਾ ਨੇ ਦੱਸਿਆ ਕਿ ਕਰਮਜੋਤ ਸਿੰਘ ਵਾਸੀ ਮੰਡੀ ਗੋਬਿੰਦਗੜ੍ਹ ਉਸ ਨੂੰ ਗੱਲਾਂ 'ਚ ਲਾ ਕੇ ਆਪਣੇ ਮੋਟਰਸਾਈਕਲ ਪਿੱਛੇ ਬਿਠਾ ਕੇ ਜ਼ੀਰਕਪੁਰ ਵਿਖੇ ਲੈ ਗਿਆ ਸੀ, ਜਿੱਥੇ ਵਿਆਹ ਦਾ ਝਾਂਸਾ ਦੇ ਕੇ ਉਸਦੀ ਮਰਜ਼ੀ ਦੇ ਵਿਰੁੱਧ ਉਸ ਨਾਲ ਬਲਾਤਕਾਰ ਕੀਤਾ ਗਿਆ, ਜਿਸ ਤੋਂ ਬਾਅਦ ਕਰਮਜੋਤ ਸਿੰਘ ਉਸ ਨੂੰ ਰਾਮ ਨਗਰ ਮੰਡੀ ਗੋਬਿੰਦਗੜ੍ਹ ਵਿਖੇ ਲੈ ਆਇਆ, ਜਿੱਥੇ ਉਸ ਵੱਲੋਂ ਫਿਰ ਉਸ ਨਾਲ ਬਲਾਤਕਾਰ ਕੀਤਾ ਗਿਆ, ਜਿਸ ਤੋਂ ਬਾਅਦ ਕਰਮਜੋਤ ਸਿੰਘ ਉਸ ਨੂੰ ਉਸਦੇ ਘਰ ਛੱਡ ਗਿਆ।ਪੀੜਤਾਂ ਦੇ ਬਿਆਨਾਂ ਤੇ ਅ/ਧ 65(1) ਬੀਐਨਐਸ ਤੇ ਪੋਸਕੋ ਐਕਟ ਤਹਿਤ ਦਰਜ ਕੀਤੇ ਗਏ ਮੁਕੱਦਮੇ 'ਚ ਕਰਮਜੋਤ ਸਿੰਘ ਨੂੰ ਨਾਮਜ਼ਦ ਕਰਕੇ ਥਾਣਾ ਮੰਡੀ ਗੋਬਿੰਦਗੜ੍ਹ ਦੀ ਪੁਲਿਸ ਵੱਲੋਂ ਮਾਮਲੇ ਦੀ ਤਫ਼ਤੀਸ਼ ਕੀਤੀ ਜਾ ਰਹੀ ਹੈ।

# ਵਿਕਾਸ ਕੰਮ ਤੈਅ ਸਮੇਂ 'ਚ ਮੁਕੰਮਲ ਕਰਨੇ ਯਕੀਨੀ ਬਣਾਏ ਜਾਣ : ਸੰਦੀਪ ਰਿਸ਼ੀ




**ਸੰਗਰੂਰ (ਪ੍ਰਵੀਨ ਸਿੰਘ)**-ਡਿਪਟੀ ਕਮਿਸ਼ਨਰ ਸ੍ਰੀ ਸੰਦੀਪ ਰਿਸ਼ੀ ਨੇ ਜ਼ਿਲ੍ਹੇ ਵਿਚਲੇ ਵਿਕਾਸ ਕਾਰਜਾਂ ਦੀ ਸਮੀਖਿਆ ਕਰਦਿਆਂ ਜ਼ਿਲ੍ਹੇ 'ਚ ਚੱਲ ਰਹੇ ਵੱਖ-ਵੱਖ ਪ੍ਰੋਜੈਕਟਾਂ ਨੂੰ ਨਿਰਧਾਰਤ ਸਮੇਂ 'ਚ ਬਿਨਾਂ ਦੇਰੀ ਦੇ ਮੁਕੰਮਲ ਕਰਨ ਦੇ ਆਦੇਸ਼ ਦਿੱਤੇ ਹਨ। ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿੱਚ ਜ਼ਿਲ੍ਹੇ ਦੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਆਖਿਆ ਕਿ ਸਰਕਾਰੀ ਪ੍ਰੋਜੈਕਟਾਂ ਦੇ ਚੱਲ ਰਹੇ ਕਾਰਜਾਂ 'ਚ ਕਿਸੇ ਵੀ ਤਰ੍ਹਾਂ ਦੀ ਢਿੱਲ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਤੇ ਅਜਿਹਾ ਵਤੀਰਾ ਅਪਣਾਉਣ ਵਾਲੇ ਅਧਿਕਾਰੀਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਖੇਡ ਮੈਦਾਨਾਂ, ਛੱਪੜਾਂ ਦੀ ਸਾਫ਼-ਸਫ਼ਾਈ, ਪੀਣ ਵਾਲੇ ਪਾਣੀ ਦੇ ਪ੍ਰੋਜੈਕਟਾਂ, ਨਜ਼ਾਇਜ ਕਬਜ਼ਿਆਂ ਨੂੰ ਛੁਡਵਾਉਣ, ਪਿੰਡਾਂ ਤੇ ਸ਼ਹਿਰਾਂ ਦੀ ਦਿੱਖ ਨੂੰ ਸੁਧਾਰਨ ਨਾਲ ਸਬੰਧਤ ਵਿਕਾਸ ਕਾਰਜਾਂ ਦੀ ਸਮੀਖਿਆ ਕੀਤੀ। ਡਿਪਟੀ ਕਮਿਸ਼ਨਰ ਨੇ ਮਹਾਤਮਾ ਗਾਂਧੀ ਦਿਹਾਤੀ ਰੁਜ਼ਗਾਰ ਗਾਰੰਟੀ ਕਾਨੂੰਨ (ਮਗਨਰੇਗਾ) ਹੇਠ ਮਗਨਰੇਗਾ ਵਰਕਰਾਂ ਤੋਂ ਵੱਧ ਤੋਂ ਵੱਧ ਵੱਖ-ਵੱਖ ਕਾਰਜ ਕਰਾਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਮਗਨਰੇਗਾ ਦਿਹਾਤੀ ਖੇਤਰਾਂ ਵਿੱਚ ਨਾ ਕੇਵਲ ਲੋਕਾਂ ਨੂੰ ਰੋਜ਼ਗਾਰ ਮੁਹੱਈਆ ਕਰਾਉਂਦਾ ਹੈ, ਸਗੋਂ ਇਸ ਨਾਲ ਦਿਹਾਤੀ ਖੇਤਰਾਂ ਵਿੱਚ ਬੁਨਿਆਦੀ ਢਾਂਚੇ ਦੇ ਵਿਕਾਸ ਦੇ ਨਾਲ-ਨਾਲ ਲੋਕਾਂ ਦਾ ਆਰਥਿਕ ਪੱਧਰ ਵੀ ਉੱਚਾ ਹੋ ਰਿਹਾ ਹੈ। ਡੀ.ਸੀ. ਨੇ ਕਿਹਾ ਕਿ ਪਿੰਡਾਂ ਤੇ ਸ਼ਹਿਰਾਂ ਦੀ ਸਾਫ਼-ਸਫ਼ਾਈ ਸਬੰਧੀ ਕਾਰਜਾਂ ਦੀ ਜ਼ਿਲ੍ਹੇ ਦੇ ਬੀ.ਡੀ.ਪੀ.ਓਜ਼ ਤੇ ਕਾਰਜ ਸਾਧਕ ਅਫ਼ਸਰ ਖ਼ੁਦ ਨਿਰੀਖਣ ਕਰਨ। ਡਿਪਟੀ ਕਮਿਸ਼ਨਰ ਨੇ ਸਮੂਹ ਅਧਿਕਾਰੀਆਂ ਨੂੰ ਵਿਕਾਸ ਕੰਮਾਂ 'ਚ ਤੇਜ਼ੀ ਲਿਆਉਣ ਅਤੇ ਚੱਲ ਰਹੇ ਕੰਮਾਂ ਲਈ ਨਿੱਜੀ ਤੌਰ 'ਤੇ ਦੌਰਾ ਕਰਕੇ ਧਿਆਨ ਦੇਣ ਲਈ ਕਿਹਾ। ਉਨ੍ਹਾਂ ਨੇ ਜ਼ਿਲ੍ਹੇ 'ਚ ਚੱਲ ਰਹੇ ਵਿਕਾਸ ਕੰਮਾਂ ਨੂੰ ਜਲਦ ਤੋਂ ਜਲਦ ਮੁਕੰਮਲ ਕਰਨ ਵਾਸਤੇ ਸਮੂਹ ਵਿਭਾਗਾਂ ਦੇ ਅਧਿਕਾਰੀਆਂ ਨੂੰ ਕੰਮਾਂ ਦੀ ਸਮੇਂ-ਸਮੇਂ 'ਤੇ ਪ੍ਰਗਤੀ ਰਿਪੋਰਟ ਪੇਸ਼ ਕਰਨ ਲਈ ਵੀ ਆਖਿਆ।

# ਆਰਸੇਟੀ ਬਡਰੁੱਖਾਂ ਵਿਖੇ ਲੜਕੀਆਂ ਦਾ ਟੇਲਰਿੰਗ ਕੋਰਸ ਸਮਾਪਤ

■ ਡਿਪਟੀ ਕਮਿਸ਼ਨਰ ਨੇ ਸਿਖਿਆਰਥਣਾਂ ਨੂੰ ਵੰਡੇ ਸਰਟੀਫਿਕੇਟ



**ਸੰਗਰੂਰ (ਪ੍ਰਵੀਨ ਸਿੰਘ)**-ਸਟੇਟ ਬੈਂਕ ਆਫ ਇੰਡੀਆ ਤੇ ਭਾਰਤ ਸਰਕਾਰ ਦੁਆਰਾ ਪਿੰਡ ਬਡਰੁੱਖਾਂ (ਸੰਗਰੂਰ) ਵਿਖੇ ਚਲਾਏ ਜਾ ਰਹੇ ਪੇਂਡੂ ਸਵੈ-ਰੋਜ਼ਗਾਰ ਸਿਖਲਾਈ ਸੰਸਥਾ (ਆਰਸੇਟੀ) ਵਿਖੇ ਵੂਮੈਨ ਟੇਲਰ ਕੋਰਸ ਸਫਲਤਾਪੂਰਨ ਸੰਪੰਨ ਹੋ ਗਿਆ। ਸਮਾਪਤੀ ਸਮਾਰੋਹ ਮੌਕੇ ਡਿਪਟੀ ਕਮਿਸ਼ਨਰ ਸ੍ਰੀ ਸੰਦੀਪ ਰਿਸ਼ੀ ਨੇ ਉਚੇਚੇ ਤੌਰ 'ਤੇ ਪਹੁੰਚ ਕੇ ਸਿਖਿਆਰਥਣਾਂ ਨੂੰ ਸਰਟੀਫਿਕੇਟ ਵੰਡੇ ਅਤੇ ਲੜਕੀਆਂ ਨੂੰ ਸਰਕਾਰੀ ਸਕੀਮਾਂ ਦਾ ਲਾਭ ਲੈ ਕੇ ਆਪਣੇ ਪੈਰਾਂ ਉੱਤੇ ਖੜ੍ਹੇ ਹੋਣ ਦਾ ਸੱਦਾ ਦਿੱਤਾ। ਇਸ 31 ਦਿਨਾਂ ਦੇ ਕੋਰਸ ਵਿੱਚ 31 ਸਿਖਿਆਰਥਣਾਂ ਨੇ ਭਾਗ ਲਿਆ।

ਇਸ ਮੌਕੇ ਸੰਬੋਧਨ ਕਰਦਿਆਂ ਸ੍ਰੀ ਸੰਦੀਪ ਰਿਸ਼ੀ ਨੇ ਸਿਖਿਆਰਥਣਾਂ ਨੂੰ ਹੁਨਰਮੰਦ ਹੋ ਕੇ ਆਪਣਾ ਰੁਜ਼ਗਾਰ ਸ਼ੁਰੂ ਕਰਨ ਬਾਰੇ ਪ੍ਰੇਰਿਤ ਕੀਤਾ ਤੇ ਨਾਲ ਹੀ ਕੋਰਸ ਸਮਾਪਤ ਹੋਣ ਦੀਆਂ ਮੁਬਾਰਕਾਂ ਦਿੱਤੀਆਂ। ਉਨ੍ਹਾਂ ਕਿਹਾ ਕਿ ਆਰਸੇਟੀ ਸੰਸਥਾ ਪੇਂਡੂ ਖੇਤਰ ਦੇ ਮੁੰਡੇ-ਕੁੜੀਆਂ ਲਈ ਵਰਦਾਨ ਸਾਬਿਤ ਹੋ ਸਕਦੀ ਹੈ, ਜੇਕਰ ਨੌਜਵਾਨ ਇਥੋਂ ਸਿਖਲਾਈ ਲੈ ਕੇ ਆਪਣੇ ਖੁਦ ਦੇ ਕੰਮ ਸ਼ੁਰੂ ਕਰਨ ਤੇ ਆਪਣੇ ਪੈਰਾਂ ਉੱਤੇ ਖੜ੍ਹੇ ਹੋਣ। ਉਨ੍ਹਾਂ ਕਿਹਾ ਕਿ ਇਥੋਂ ਸਿਖਲਾਈ ਲੈਣ ਵਾਲੇ ਸਿਖਿਆਰਥੀਆਂ ਨੂੰ ਨੌਕਰੀ ਨਾਲ ਜੋੜਨ ਜਾਂ ਆਪਣਾ ਕੰਮ ਧੰਦਾ ਸ਼ੁਰੂ ਕਰਨ ਤੱਕ ਪ੍ਰਸ਼ਾਸਨ ਵੱਲੋਂ ਹਰ ਤਰ੍ਹਾਂ ਦੀ ਯੋਗ ਮਦਦ ਕੀਤੀ ਜਾਂਦੀ ਹੈ। ਇਸ ਮੌਕੇ ਸਿਖਿਆਰਥਣਾਂ ਨੂੰ ਸਰਕਾਰੀ ਬੈਂਕ ਦੇ ਲੋਨ ਬਾਰੇ ਜਾਣਕਾਰੀ ਦਿੱਤੀ ਗਈ। ਇਸ ਮੌਕੇ ਸਿਖਿਆਰਥਣਾਂ ਨੇ ਐੱਸ. ਬੀ. ਆਈ. ਆਰਸੇਟੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਵੂਮੈਨ ਟੇਲਰ ਦੇ ਕੰਮ ਨੂੰ ਸਿੱਖਣ ਨਾਲ ਹੁਣ ਉਹ ਆਪਣਾ ਰੋਜ਼ਗਾਰ ਸ਼ੁਰੂ ਕਰ ਸਕਣਗੇ ਤੇ ਆਪਣੇ ਪਰਵਾਰ ਨੂੰ ਬਿਹਤਰ ਜ਼ਿੰਦਗੀ ਦੇ ਸਕਣਗੇ। ਇਸ ਮੌਕੇ ਵਿਪਿਨ ਕੌਸ਼ਲ ਖੇਤਰੀ ਮੈਨੇਜਰ ਐੱਸ.ਬੀ.ਆਈ. ਆਰ.ਬੀ.ਓ-5 ਸੰਗਰੂਰ, ਸੰਜੀਵ ਅਗਰਵਾਲ ਐੱਲ.ਡੀ.ਐੱਮ. ਸੰਗਰੂਰ, ਮੋਹਿੰਦਰ ਸਿੰਘ ਮੈਨੇਜਰ ਐੱਫ ਆਈ, ਮਨੀਸ਼ ਗੁਪਤਾ ਡੀ.ਡੀ.ਐੱਮ. ਨਾਬਾਰਡ, ਦਿਲੀਪ ਕੁਮਾਰ ਡਾਇਰੈਕਟਰ ਐੱਸ.ਬੀ.ਆਈ. ਆਰਸੇਟੀ ਸੰਗਰੂਰ, ਬਾਲ ਕ੍ਰਿਸ਼ਨ (ਫੈਕਲਟੀ), ਅਮਨਦੀਪ ਠਾਕੁਰ (ਫੈਕਲਟੀ), ਮਨਜਿੰਦਰ ਸਿੰਘ (ਕਲਰਕ), ਮਦਨਜੀਤ ਸ਼ਰਮਾ (ਕਲਰਕ), ਹਰਦੀਪ ਸਿੰਘ ਤੇ ਮੱਖਣ ਸਿੰਘ ਮੌਜੂਦ ਸਨ।

# ਰੋਟਰੀ ਟਾਈਟਨਸ 3090 ਨੇ ਸੈਮੀਨਾਰ 'ਚ ਲੀਡਰਸ਼ਿਪ ਦੀ ਮਿਸ਼ਾਲ ਜਗਾਈ

**ਸਮਾਣਾ (ਗੁਰਪਿਆਰ ਸਿੰਘ ਬੱਲ)**

ਐੱਸ.ਆਰ.ਐੱਸ ਅਸਟੇਟਸ ਵਿੱਚ ਪ੍ਰੇਰਣਾ ਦੀ ਲਹਿਰ ਦੌੜ ਗਈ, ਕਿਉਂਕਿ ਰੋਟਰੀ ਇੰਟਰਨੈਸ਼ਨਲ ਡਿਸਟ੍ਰਿਕਟ 3090, ਜਿਸ ਵਿੱਚ ਪੰਜਾਬ, ਹਰਿਆਣਾ ਤੇ ਰਾਜਸਥਾਨ ਦੇ ਹਿੱਸੇ ਆਉਂਦੇ ਹਨ, ਨੇ ਆਪਣੇ ਸ਼ਕਤੀਸ਼ਾਲੀ ਪ੍ਰੀ-ਏਜੀ ਤੇ ਸੀਏਜੀ ਸਿਖਲਾਈ ਸੈਮੀਨਾਰ ਦਾ ਆਯੋਜਨ ਕੀਤਾ। ਰੋਟਰੀ ਕਲੱਬ ਦੁਆਰਾ ਪ੍ਰਧਾਨ ਜੀ.ਸੀ. ਗੋਇਲ ਦੀ ਅਗਵਾਈ ਹੇਠ ਆਯੋਜਤ ਇਸ ਸੈਮੀਨਾਰ ਵਿੱਚ 90 ਕਲੱਬਾਂ ਦੇ 150 ਤੋਂ ਵੱਧ ਰੋਟੇਰੀਅਨਾਂ ਨੇ ਭਾਗ ਲਿਆ, ਜਿਨ੍ਹਾਂ ਵਿੱਚ 28 ਸਹਾਇਕ ਗਵਰਨਰ, 9 ਰਾਜ ਤੇ ਜ਼ੋਨਲ ਕੋਆਰਡੀਨੇਟਰ ਅਤੇ 50 ਜ਼ਿਲ੍ਹਾ ਕੈਬਨਿਟ ਮੈਂਬਰ ਸ਼ਾਮਲ ਸਨ, ਜੋ ਆਉਣ ਵਾਲੇ ਰੋਟਰੀ ਕਾਰਜਕਾਲ ਨੂੰ ਸਫ਼ਲ ਬਣਾਉਣ ਲਈ ਇਕਜੁਟ ਹੋਏ ਸਨ।ਮੁੱਖ ਮਹਿਮਾਨ ਸ਼੍ਰੀ ਪ੍ਰਦੀਪ ਗੋਇਲ, ਆਈ ਆਰ ਐਸ, ਐਡੀਸ਼ਨਲ ਕਮਿਸ਼ਨਰ ਆਫ ਇਨਕਮ ਟੈਕਸ, ਪਟਿਆਲਾ ਨੇ ਸੈਮੀਨਾਰ ਦੀ ਸ਼ੋਭਾ ਵਧਾਈ, ਜਿਨ੍ਹਾਂ ਨੂੰ ਰੋਟਰੀ ਪਰਵਾਰ ਵਿੱਚ ਵੀ ਗਰਮਜੋਸ਼ੀ ਨਾਲ ਸ਼ਾਮਲ ਕੀਤਾ ਗਿਆ ਸੀ, ਜੋ ਰੋਟਰੀ ਦੀ ਲਗਾਤਾਰ ਵਧਦੀ ਤਾਕਤ ਨੂੰ ਦਰਸਾਉਂਦਾ ਹੈ।ਨਮਾਨਯੋਗ ਮਹਿਮਾਨ ਡਾ. ਏ. ਆਰ. ਸ਼ਰਮਾ, ਚੇਅਰਮੈਨ ਸ਼੍ਰੀ ਰਿਸੇਲਾ, ਹੈਲਥ ਫੂਡਜ਼ ਲਿਮਟਿਡ ਦੇ ਐਮ ਡੀ ਪੁਰਸ਼ੋਤਮ ਗਰਗ ਅਤੇ ਸ਼ਿਵਾ ਗਰੁੱਪ ਦੇ ਚੇਅਰਮੈਨ ਆਰ.ਟੀ.ਐਨ. ਮੱਖਣ ਲਾਲ ਗਰਗ ਨੇ ਪ੍ਰੇਰਣਾਦਾਇਕ ਸੰਦੇਸ਼ ਦਿੱਤੇ, ਜੋ ਸਮਾਜ ਦੇ ਹੇਠਲੇ ਵਰਗਾਂ ਦੀ ਸੇਵਾ ਰਾਹੀਂ ਨੈਤਿਕ ਅਗਵਾਈ ਤੇ ਰਾਸ਼ਟਰ ਨਿਰਮਾਣ ਵਿੱਚ ਰੋਟਰੀ ਦੀਆਂ ਡੂੰਘੀਆਂ ਜੜ੍ਹਾਂ ਨੂੰ ਉਜਾਗਰ ਕਰਦੇ ਹਨ। ਜ਼ਿਲ੍ਹਾ ਗਵਰਨਰ ਰੋਟੇਰੀਅਨ ਡਾ. ਸੰਦੀਪ ਚੌਹਾਨ ਨੇ ਪ੍ਰੋਗਰਾਮ ਦੀ ਸ਼ੁਰੂਆਤ ਇੱਕ ਜ਼ੋਰਦਾਰ ਅਪੀਲ ਨਾਲ ਕੀਤੀ, ਜਿਸ ਵਿੱਚ ਸੇਵਾ ਤੇ ਸਮੂਹਿਕ ਵਿਕਾਸ ਦਾ ਸੰਦੇਸ਼ ਦਿੱਤਾ ਗਿਆ। ਸੀਨੀਅਰ ਆਗੂਆਂ ਨੇ ਸਮਾਗਮ ਵਿੱਚ ਬਹੁਤ ਡੂੰਘਾਈ ਜੋੜੀ।ਪੀ.ਡੀ.ਜੀ ਰੋਟੇਰੀਅਨ ਡਾ. ਕੇ.ਕੇ. ਜੌਹਰੀ ਨੇ ਨਿੱਘਾ ਸਵਾਗਤ ਕੀਤਾ। ਪੀ ਡੀ ਜੀ ਰੋਟੇਰੀਅਨ ਘਨਸ਼ਿਆਮ ਕਾਂਸਲ ਨੇ ਸੈਮੀਨਾਰ ਦੇ ਨੇਕ ਉਦੇਸ਼ ਨੂੰ ਪ੍ਰੀਭਾਸ਼ਤ ਕੀਤਾ ਤੇ ਮੁੱਖ ਸੈਸ਼ਨਾਂ ਦੀ ਅਗਵਾਈ ਪੀ ਡੀ ਜੀ ਰੋਟੇਰੀਅਨ ਅਮਜਦ ਅਲੀ, ਪੀ ਡੀ ਜੀ ਰੋਟੇਰੀਅਨ ਸੰਜੇ ਗੁਪਤਾ, ਪੀ ਡੀ ਜੀ ਰੋਟੇਰੀਅਨ ਪ੍ਰੇਮ ਅਗਰਵਾਲ ਤੇ ਪੀ ਡੀ ਜੀ ਰੋਟੇਰੀਅਨ ਗੁਲਬਹਾਰ ਸਿੰਘ ਰੈਟੋਲ ਨੇ ਕੀਤੀ।

ਪੀ ਡੀ ਜੀ ਰੋਟੇਰੀਅਨ ਐਸ ਆਰ ਪਾਸੀ, ਪੀ ਡੀ ਜੀ ਰੋਟੇਰੀਅਨ ਰਾਜਿੰਦਰ ਤਨੇਜਾ, ਪੀ ਡੀ ਜੀ ਰੋਟੇਰੀਅਨ ਪ੍ਰਦੀਪ ਚਾਹਲ, ਪੀ ਡੀ ਜੀ ਰੋਟੇਰੀਅਨ ਰਾਜੀਵ ਗਰਗ ਤੇ ਪੀ ਡੀ ਜੀ ਰੋਟੇਰੀਅਨ ਡਾ. ਵੀ. ਬੀ. ਦੀਕਸ਼ਿਤ ਨੇ ਆਪਣਾ ਆਸ਼ੀਰਵਾਦ ਦਿੱਤਾ ਅਤੇ ਸਥਾਈ ਰੋਟਰੀ ਗਿਆਨ ਸਾਂਝਾ ਕੀਤਾ। ਡੀ ਜੀ ਐਨ ਡੀ ਰੋਟੇਰੀਅਨ ਐਸ.ਐਸ. ਵਸ਼ਿਸ਼ਟ ਨੇ ਧੰਨਵਾਦ ਕੀਤਾ।



18 Jun Page-8.qxd 6/17/2025 10:33 PM Page 1



# ਕਾਰ 'ਤੇ ਫਾਇਰਿੰਗ ਹੋਣ ਦੀ ਝੂਠੀ ਖਬਰ ਦੇਣ ਵਾਲੇ ਨੌਜਵਾਨ ਵਿਰੁੱਧ ਕੇਸ ਦਰਜ

**ਚਮਕੌਰ ਸਾਹਿਬ (ਗੁਰਵਿੰਦਰ ਸਿੰਘ ਬੋਬੀ)**— ਆਪਣੀ ਕਾਰ 'ਤੇ ਫਾਇਰਿੰਗ ਹੋਣ ਬਾਰੇ ਝੂਠੀ ਸੂਚਨਾ ਦੇਣ ਵਾਲੇ ਪਿੰਡ ਜਟਾਣਾ ਦੇ ਇੱਕ ਨੌਜਵਾਨ ਖਿਲਾਫ ਕੇਸ ਦਰਜ ਕਰਕੇ ਪੁਲਸ ਨੇ ਨੌਜਵਾਨ ਨੂੰ ਜੇਲ੍ਹ ਭੇਜ ਦਿੱਤਾ ਹੈ।ਥਾਣਾ ਮੁਖੀ ਇੰਸਪੈਕਟਰ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਇਤਲਾਹ ਮਿਲੀ ਸੀ ਕਿ ਇੱਕ ਕਾਲੇ ਰੰਗ ਦੀ ਵੈਨਿਊ ਕਾਰ ਨੰਬਰ ਪੀਬੀ 71 ਬੀ 8800, ਜਿਸ ਨੂੰ ਤਰਨਜੋਤ ਸਿੰਘ ਪਿੰਡ ਜਟਾਣਾ ਚਲਾ ਰਿਹਾ ਸੀ, ਉਸ ਉੱਪਰ ਦੋ ਨਾਮਲੂਮ ਮੋਟਰਸਾਈਕਲ ਚਾਲਕਾਂ ਵੱਲੋਂ ਫਾਇਰਿੰਗ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਜਿਉਂ ਹੀ ਇਹ ਮਾਮਲਾ ਐਸਐਸਪੀ ਗੁਲਨੀਤ ਸਿੰਘ ਖੁਰਾਣਾ ਦੇ ਧਿਆਨ ਵਿੱਚ ਲਿਆਂਦਾ ਗਿਆ ਤਾਂ ਉਨ੍ਹਾਂ ਮੌਕੇ ਤੇ ਪਹੁੰਚ ਕੇ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰਨ ਦੇ ਆਦੇਸ਼ ਦਿੱਤੇ ਜਿਸ 'ਤੇ ਅਮਲ ਕਰਦਿਆਂ ਪੁਲਸ ਵੱਲੋਂ ਉਨ੍ਹਾਂ ਸਮੇਤ ਡੀਐਸਪੀ ਮਨਜੀਤ ਸਿੰਘ ਔਲਖ ਅਤੇ ਸੀਆਈ ਸਟਾਫ ਦੀ ਟੀਮ ਵੱਲੋਂ ਮੌਕੇ 'ਤੇ ਪਹੁੰਚ ਕੇ ਮਾਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ ਗਈ ਅਤੇ ਰੂਪਨਗਰ ਦੀ ਫਰਾਂਸਿਸਕ ਟੀਮ ਨੂੰ ਵੀ ਮੌਕੇ 'ਤੇ ਬੁਲਾਇਆ ਗਿਆ । ਉਕਤ ਟੀਮਾਂ ਵੱਲੋਂ ਪੜਤਾਲ ਕਰਨ ਉਪਰੰਤ ਦੱਸਿਆ ਕਿ ਗੱਡੀ ਦੇ ਸ਼ੀਸ਼ੇ ਉੱਪਰ ਜੋ ਗੋਲੀਆਂ ਦੇ ਨਿਸ਼ਾਨ ਦਿਖਾਈ ਦੇ ਰਹੇ ਹਨ ਉਹ ਕਿਸੇ ਵੀ ਕਾਰਤੂਸ ਦੇ ਨਹੀਂ ਹਨ ਸਗੋਂ ਇਹ ਨਿਸ਼ਾਨ ਕਿਸੇ ਵਿਅਕਤੀ ਵੱਲੋਂ ਜਾਣ ਬੁਝ ਕੇ ਕਿਸੇ ਨੁਕੀਲੀ ਚੀਜ਼ ਅਤੇ ਹਥੌੜੇ ਦੀ ਸਹਾਇਤਾ ਨਾਲ ਪਾਏ ਗਏ ਹਨ। ਉਨ੍ਹਾਂ ਦੱਸਿਆ ਕਿ ਤਰਨਜੋਤ ਸਿੰਘ ਵੱਲੋਂ ਕਾਰ 'ਤੇ ਫਾਇਰਿੰਗ ਕਰਨ ਸਬੰਧੀ ਦਿੱਤੀ ਗਈ ਖਬਰ ਝੂਠੀ ਹੈ । ਉਨ੍ਹਾਂ ਦੱਸਿਆ ਕਿ ਜਦੋਂ ਤਰਨਜੋਤ ਸਿੰਘ ਕੋਲੋਂ ਸਖਤੀ ਨਾਲ ਪੁੱਛਗਿਛ ਕੀਤੀ ਗਈ ਤਾਂ ਉਸ ਨੇ ਮੰਨਿਆ ਕਿ ਇਹ ਨਿਸ਼ਾਨ ਉਸ ਨੇ ਖੁਦ ਸ਼ੀਸ਼ੇ ਤੇ ਪੇਚਕਸ ਰੱਖ ਕੇ ਹਥੌੜੇ ਨਾਲ ਸੱਟ ਮਾਰ ਕੇ ਪਾਏ ਹਨ । ਉਨ੍ਹਾਂ ਦੱਸਿਆ ਕਿ ਤਰਨਜੋਤ ਸਿੰਘ ਨੇ ਦੱਸਿਆ ਕਿ ਅਜਿਹਾ ਉਸ ਨੇ ਮੋਬਾਈਲ ਫੋਨ 'ਤੇ ਨੈਟਫਲਿਕਸ ਵੈਬ ਸੀਰੀਜ ਦੇਖ ਕੇ ਆਪਣੇ ਪਰਵਾਰ 'ਤੇ ਪ੍ਰਭਾਵ ਬਣਾਉਣ ਲਈ ਕੀਤਾ ਹੈ, ਤਾਂ ਜੋ ਉਸ ਦੇ ਪਰਵਾਰਕ ਮੈਂਬਰ ਡਰ ਕੇ ਉਸ ਨੂੰ ਜਲਦੀ ਵਿਦੇਸ਼ ਭੇਜ ਦੇਣ । ਉਨ੍ਹਾਂ ਦੱਸਿਆ ਕਿ ਮੌਕੇ 'ਤੇ ਹਾਜ਼ਰ ਲੋਕਾਂ ਕੋਲੋਂ ਕੀਤੀ ਪੁੱਛਗਿੱਛ ਦੌਰਾਨ ਸਾਹਮਣੇ ਆਇਆ ਕਿ ਤਰਨਜੋਤ ਸਿੰਘ ਪਹਿਲਾਂ ਵੀ ਟਰੈਕਟਰ ਤੇ ਉੱਚੀ ਆਵਾਜ਼ ਵਿੱਚ ਗਾਣੇ ਲਗਾ ਕੇ ਅਤੇ ਸਕੂਲ ਕਾਲਜ ਤੋਂ ਛੁੱਟੀ ਹੋਣ ਸਮੇਂ ਬੁੱਲਟ ਮੋਟਰਸਾਈਕਲ ਤੇ ਪਟਾਖੇ ਮਾਰ ਕੇ ਆਸ ਪਾਸ ਦੇ ਲੋਕਾਂ ਨੂੰ ਤੰਗ ਪ੍ਰੇਸ਼ਾਨ ਕਰਦਾ ਰਹਿੰਦਾ ਸੀ। ਪੁਲਸ ਨੇ ਕੇਸ ਦਰਜ ਕਰਕੇ ਮੁਲਜ਼ਮ ਨੂੰ ਅਦਾਲਤ ਵਿੱਚ ਪੇਸ਼ ਕੀਤਾ ਗਿਆ, ਜਿਸ ਤੇ ਅਦਾਲਤ ਵੱਲੋਂ 20 ਜੂਨ ਤੱਕ ਉਸ ਨੂੰ ਰੂਪਨਗਰ ਦੀ ਜੇਲ੍ਹ ਵਿੱਚ ਭੇਜ ਦਿੱਤਾ ਗਿਆ ਹੈ ।



# ਬਸਪਾ ਵੱਲੋਂ ਖੁਰਾਲਗੜ੍ਹ ਤੋਂ ਅਸਲ ਨਸ਼ਾ ਵਿਰੋਧੀ ਮੁਹਿੰਮ ਅੱਜ ਸ਼ੁਰੂ ਹੋਵੇਗੀ

**ਹੁਸ਼ਿਆਰਪੁਰ (ਓ ਪੀ ਰਾਣਾ, ਬਲਵੀਰ ਸਿੰਘ ਸੈਣੀ)** ਬਹੁਜਨ ਸਮਾਜ ਪਾਰਟੀ ਵਲੋਂ 18 ਜੂਨ ਨੂੰ ਸ੍ਰੀ ਖੁਰਾਲਗੜ੍ਹ ਸਾਹਿਬ ਤੋਂ ਅਸਲ ਨਸ਼ਾ ਵਿਰੋਧੀ ਮੁਹਿੰਮ ਸ਼ੁਰੂ ਕੀਤੀ ਜਾਵੇਗੀ , ਕਿਓਂਕਿ ਬਸਪਾ ਹੀ ਪੰਜਾਬ ਅੰਦਰ ਨਸ਼ਿਆਂ ਨੂੰ ਰੋਕਣ ਅਤੇ ਡਰੱਗ ਮਾਫੀਏ ਦਾ ਲੱਕ ਤੋੜਨ ਲਈ ਸਹੀ ਪਲੇਟਫਾਰਮ ਹੈ। ਇਨਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਬਸਪਾ ਪੰਜਾਬ ਦੇ ਜਨਰਲ ਸਕੱਤਰ, ਇੰਚਾਰਜ ਚੌਧਰੀ ਗੁਰਨਾਮ ਸਿੰਘ, ਠੇਕੇਦਾਰ ਭਗਵਾਨ ਦਾਸ ਸਿੱਧੂ ਜਨਰਲ ਸਕੱਤਰ ਪੰਜਾਬ, ਮਦਨ ਸਿੰਘ ਬੈਂਸ ਇੰਚਾਰਜ ਵਿਧਾਨ ਸਭਾ ਹੁਸ਼ਿਆਰਪੁਰ ਨੇ ਕਿਹਾ ਕਿ "ਪੰਜਾਬ ਸੰਭਾਲੋ ਮੁਹਿੰਮ" ਤਹਿਤ ਭਲਕੇ ਬੁੱਧਵਾਰ ਸਵੇਰੇ 10 ਵਜੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਚਰਨਛੋਹ ਇਤਿਹਾਸਕ ਅਸਥਾਨ ਸ੍ਰੀ ਖੁਰਾਲਗੜ੍ਹ ਸਾਹਿਬ ਤੋਂ ਗੜ੍ਹਸ਼ੰਕਰ ਲਈ ਵਿਸ਼ਾਲ ਰੋਸ ਮਾਰਚ ਬਹੁਜਨ ਸਮਾਜ ਪਾਰਟੀ ਪੰਜਾਬ ਦੇ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ਸਾਬਕਾ ਮੈਂਬਰ ਰਾਜ ਸਭਾ ਦੀ ਅਗਵਾਈ ਹੇਠ ਸ਼ੁਰੂ ਹੋਵੇਗਾ। ਆਗੂਆਂ ਨੇ ਕਿ ਕਾਂਗਰਸ, ਭਾਜਪਾ, ਅਕਾਲੀ ਅਤੇ ਮੌਜੂਦਾ ਆਮ ਆਦਮੀ ਪਾਰਟੀ ਦੇ ਰਾਜ ਵੇਲੇ ਪੰਜਾਬ ਦੀ ਜਵਾਨੀ ਤੇ ਕਿਸਾਨੀ ਬਰਬਾਦ ਹੋਏ ਹਨ। ਆਗੂਆਂ ਨੇ ਕਿਹਾ ਕਿ ਜਿਹੜੇ ਕਾਂਗਰਸ, ਭਾਜਪਾ, ਅਕਾਲੀ ਅਤੇ ਆਪ ਦੇ ਨੇਤਾ ਸੰਵਿਧਾਨ ਅਤੇ ਰਾਖਵੇਂਕਰਨ ਵਿਰੋਧੀ ਬਿਆਨ ਦਿੰਦੇ ਹਨ ਓਹੀ ਲੋਕ ਡਾ. ਅੰਬੇਡਕਰ ਜੀ ਦੇ ਬੁੱਤਾਂ ਦੀ ਬੇਅਦਵੀ ਲਈ ਜਿੰਮੇਵਾਰ ਹਨ। ਉਨਾਂ ਕਿਹਾ ਸਤਿਗੁਰੂ ਰਵਿਦਾਸ ਮਹਾਰਾਜ ਦੀ ਚਰਨਛੋਹ ਪਵਿੱਤਰ ਧਰਤੀ ਸ੍ਰੀ ਖੁਰਾਲਗੜ੍ਹ ਤੋਂ ਸ਼ਰਾਬ ਦੇ ਠੇਕੇ ਅਤੇ ਨਜਾਇਜ ਸ਼ਰਾਬ ਦੀਆਂ ਦੁਕਾਨਾਂ ਨੂੰ ਬੰਦ ਕਰਾਕੇ ਪੰਜਾਬ ਵਿੱਚ ਨਸ਼ਿਆਂ ਵਿਰੋਧੀ ਲਹਿਰ ਸ਼ੁਰੂ ਕੀਤੀ ਜਾਵੇਗੀ। ਬਸਪਾ ਆਗੂਆਂ ਨੇ ਸਕੂਲਾਂ, ਕਲਿਜਾਂ, ਯੂਨੀਵਰਸਿਟੀਆਂ ਵਿਚ ਪੋਸਟ ਮੈਟ੍ਰਿਕ ਸਕਾਲਰਸ਼ਿਪ ਪੂਰੀ ਤਰ੍ਹਾਂ ਲਾਗੂ ਕਰਨ , ਬੇਰੁਜਗਾਰਾਂ ਨੂੰ ਰੁਜਗਾਰ ਦੇਣ, ਸਿੱਖਿਆ ਕ੍ਰਾਂਤੀ ਤਹਿਤ ਸਕੂਲਾਂ 'ਚ 100% ਅਧਿਆਪਕ, ਮੁਫਤ ਅਤੇ ਲਾਜਮੀ ਸਿੱਖਿਆ ਦਾ ਕਾਨੂੰਨ ਲਾਗੂ ਕਰਨ, ਪੰਜਾਬ ਦੀ ਤਰੱਕੀ ਵਿਕਾਸ ਅਤੇ ਸਿਹਤ ਸਿਸਟਮ ਵਿੱਚ ਸੁਧਾਰ ਲਈ ਪੰਜਾਬ ਅੰਦਰ ਵੱਡਾ ਅੰਦੋਲਨ ਛੇੜਨ ਦਾ ਸੱਦਾ ਦਿੱਤਾ ਅਤੇ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਬਹੁਜਨ ਸਮਾਜ ਪਾਰਟੀ ਦੇ ਨੀਲੇ ਝੰਡੇ ਹੇਠ ਇਕੱਠੇ ਹੋ ਕੇ ਡਾ. ਅਵਤਾਰ ਸਿੰਘ ਕਰੀਮਪੁਰੀ ਦੀ ਅਗਵਾਈ ਹੇਠ ਪੰਜਾਬ ਸੰਭਾਲੋ ਮੁਹਿੰਮ ਨੂੰ ਸਫਲ ਕਰਨ ਲਈ ਆਪਣਾ ਬਣਦਾ ਹਿੱਸਾ ਜਰੂਰ ਪਾਉਣ ।



# ਬਹਾਦਰੀ ਪੁਰਸਕਾਰ ਲਈ 5 ਅਕਤੂਬਰ ਤੱਕ ਜਮ੍ਹਾਂ ਕਰਵਾਈਆਂ ਜਾ ਸਕਦੀਆਂ ਹਨ ਅਰਜ਼ੀਆਂ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਡਿਪਟੀ ਕਮਿਸ਼ਨਰ-ਕਮ-ਪ੍ਰਧਾਨ, ਜ਼ਿਲ੍ਹਾ ਰੈੱਡ ਕ੍ਰਾਸ ਸੁਸਾਇਟੀ ਆਸ਼ਿਕਾ ਜੈਨ ਨੇ ਦੱਸਿਆ ਕਿ ਪਿਛਲੇ ਸਾਲਾਂ ਦੀ ਤਰ੍ਹਾਂ ਇਸ ਸਾਲ ਵੀ ਇੰਡੀਅਨ ਕੌਂਸਲ ਫਾਰ ਚਾਈਲਡ ਵੈਲਫੇਅਰ (ਆਈ.ਸੀ.ਸੀ.ਡਬਲਯੂ) ਦੁਆਰਾ ਬਹਾਦਰੀ ਵਾਲੇ ਕਾਰਮਾਨੇ ਕਰਨ ਵਾਲੇ ਬੱਚਿਆ ਅਤੇ ਯੁਵਾਵਾਂ ਨੂੰ ਬਹਾਦਰੀ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਜਾਣਾ ਹੈ। ਜਿਸ ਸਬੰਧੀ ਬਾਲ ਪੁਰਸਕਾਰ ਲਈ ਬਿਨੈਕਾਰਾਂ ਦੀ ਉਮਰ 6 ਤੋਂ 18 ਸਾਲ ਅਤੇ ਯੁਵਾ ਪੁਰਸਕਾਰ ਲਈ 18 ਤੋਂ 24 ਸਾਲ ਦੇ ਵਿਚਕਾਰ ਹੋਣੀ ਚਾਹੀਦੀ ਹੈ।ਬਹਾਦਰੀ ਪੁਰਸਕਾਰ ਲਈ 5 ਅਕਤੂਬਰ, 2025 ਤੱਕ ਅਰਜ਼ੀਆਂ ਜਮ੍ਹਾਂ ਕਰਵਾਈਆਂ ਜਾ ਸਕਦੀਆਂ ਹਨ।ਜਾਣਕਾਰੀ ਦਿੰਦੇ ਹੋਏ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਦੱਸਿਆ ਕਿ ਜਿਹੜੇ ਬੱਚਿਆਂ ਜਾਂ ਨੌਜਵਾਨਾਂ ਵੱਲੋਂ 1 ਜੁਲਾਈ, 2024 ਤੋਂ 30 ਸਤੰਬਰ 2025 ਦੇ ਵਿਚਕਾਰ ਕਿਸੇ ਬੱਚੇ ਨੂੰ ਡੁੱਬਣ ਤੋਂ ਬਚਾਉਣ, ਜੰਗਲੀ ਜਾਨਵਰਾਂ ਦੇ ਹਮਲਿਆਂ ਤੋਂ ਬਚਾਉਣ ਵਰਗੇ ਬਹਾਦਰੀ ਭਰੇ ਕੰਮ ਕੀਤੇ ਹਨ। ਉਨ੍ਹਾਂ ਵਿਚ ਜਾਨਲੇਵਾ ਜ਼ੋਖ਼ਮ, ਸਰੀਰਕ ਸੱਟ ਦੇ ਖ਼ਤਰੇ ਨੂੰ ਝੱਲਣ ਦੀ ਦਲੇਰੀ ਹੈ। ਇਸ ਤੋਂ ਇਲਾਵਾ ਅਜਿਹੇ ਬੱਚਿਆਂ ਅਤੇ ਯੁਵਾਵਾਂ ਵਿਚ ਸਮਾਜਿਕ ਬੁਰਾਈਆਂ ਜਾਂ ਅਪਰਾਧ ਵਿਰੁੱਧ ਖੜ੍ਹੇ ਹੋਣ ਦੀ ਨਿਰਸਵਾਰਥ ਹਿੰਮਤ ਹੈ। ਜਿਸ ਲਈ ਇਨ੍ਹਾਂ ਬੱਚਿਆਂ ਅਤੇ ਯੁਵਾਵਾਂ ਨੂੰ ਸਨਮਾਨਿਆ ਜਾਣਾ ਹੈ। ਸਕੱਤਰ ਜ਼ਿਲ੍ਹਾ ਰੈੱਡ ਕ੍ਰਾਸ ਸੁਸਾਇਟੀ ਮੰਗੇਸ਼ ਸੂਦ ਨੇ ਦੱਸਿਆ ਕਿ ਬਾਲ ਪੁਰਸਕਾਰ ਲਈ ਬਿਨੈਕਾਰਾਂ ਦੀਆਂ ਅਰਜ਼ੀਆਂ, ਬਿਨੈਕਾਰ ਦੇ ਸਕੂਲ ਪ੍ਰਿੰਸੀਪਲ ਜਾਂ ਹੈੱਡਮਾਸਟਰ, ਰਾਜ/ਯੂ.ਟੀ ਬਾਲ ਭਲਾਈ ਕੌਂਸਲ ਦੇ ਪ੍ਰਧਾਨ/ਜਨਰਲ ਸਕੱਤਰ/ਅਹੁਦੇਦਾਰ, ਸਕੱਤਰ, ਰੈੱਡ ਕ੍ਰਾਸ ਸੁਸਾਇਟੀ ਜਾਂ ਕਿਸੇ ਸੇਵਾਮੁਕਤ ਸਰਕਾਰੀ ਅਧਿਕਾਰੀ ਦੁਆਰਾ ਸਿਫਾਰਸ਼ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਉਨ੍ਹਾਂ ਦੱਸਿਆ ਕਿ ਆਈ.ਸੀ.ਸੀ.ਡਬਲਿਊ ਭਾਰਤ ਪੁਰਸਕਾਰ ਵਿਚ ਰਕਮ 1,00,000 ਰੁਪਏ ਦਾ ਨਕਦ ਇਨਾਮ, ਆਈ.ਸੀ.ਸੀ.ਡਬਲਯੂ ਧਰੁਵ ਪੁਰਸਕਾਰ, ਮਾਰਕੰਡੇ ਪੁਰਸਕਾਰ, ਸ਼ਰਵਣ ਪੁਰਸਕਾਰ, ਪ੍ਰਹਿਲਾਦ ਪੁਰਸਕਾਰ, ਏਕਲਵਿਆ ਪੁਰਸਕਾਰ ਅਤੇ ਅਭਿਮੰਨਿਊ ਪੁਰਸਕਾਰ ਵਿਚ 75,000 ਰੁਪਏ ਅਤੇ ਜਨਰਲ ਪੁਰਸਕਾਰਾਂ ਵਿਚ 40,000 ਰੁਪਏ ਇਕ ਤਗਮਾ (ਸੋਨਾ ਜਾਂ ਚਾਂਦੀ) ਅਤੇ ਇਕ ਸਰਟੀਫਿਕੇਟ ਸ਼ਾਮਿਲ ਹੈ।

# ਖੱਬੀਆਂ ਪਾਰਟੀਆਂ ਦੇ ਸੱਦੇ 'ਤੇ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਨਿਤਿਨ ਜਾਹੂ ਤੇ ਅਮਰੀਕਾ ਦੇ ਰਾਸ਼ਟਰਪਤੀ ਟਰੰਪ ਦਾ ਪੁਤਲਾ ਫੂਕਿਆ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਖੱਬੀਆਂ ਪਾਰਟੀਆਂ ਦੇ ਸੱਦੇ 'ਤੇ ਕਮਿਊਨਿਸਟ ਪਾਰਟੀ ਆਫ ਇੰਡੀਆ (ਮਾਰਕਸਵਾਦੀ), ਕਮਿਊਨਿਸਟ ਪਾਰਟੀ ਆਫ ਇੰਡੀਆ, ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ, ਸੀ.ਪੀ.ਆਈ. ਐਮ ਐਲ (ਨਿਊ ਡੈਮੋਕਰੇਸੀ) ਅਤੇ ਸੋਸ਼ਲਿਸਟ ਪਾਰਟੀ ਆਫ ਇੰਡੀਆ ਵੱਲੋਂ ਸਾਂਝੇ ਤੌਰ 'ਤੇ ਇਕੱਠੇ ਹੋ ਕੇ ਬੱਸ ਸਟੈਂਡ ਚੌਂਕ 'ਤੇ ਇਜ਼ਰਾਇਲ ਦੇ ਪ੍ਰਧਾਨ ਮੰਤਰੀ ਨਿਤਿਨ ਜਾਹੂ ਅਤੇ ਅਮਰੀਕਾ ਦੇ ਰਾਸ਼ਟਰਪਤੀ ਡੋਨਾਲ ਟਰੰਪ ਦਾ ਪੁਤਲਾ ਫੂਕਿਆ ਗਿਆ। ਇਸ ਮੌਕੇ ਵੱਖ ਵੱਖ ਪਾਰਟੀਆਂ ਦੇ ਆਗੂਆਂ ਨੇ ਦੁਨੀਆ ਦੇ ਸ਼ਾਂਤੀ ਪਸੰਦ ਲੋਕਾਂ ਨੂੰ ਸੁਨੇਹਾ ਦਿੱਤਾ ਕਿ ਇਹਨਾਂ ਜੰਗਬਾਜਾਂ ਦੇ ਖਿਲਾਫ ਇਕੱਠੇ ਹੋਣ ਦਾ ਸਮਾਂ ਆ ਗਿਆ ਹੈ ਕਿਉਂਕਿ ਜੰਗਬਾਜਾਂ ਨੂੰ ਆਪਣਾ ਕਾਰੋਬਾਰ ਵਪਾਰ ਪਿਆਰਾ ਹੈ, ਇਸ ਦੇ ਵਾਧੇ ਲਈ ਉਹ ਮਨੁੱਖੀ ਕਦਰਾਂ ਕੀਮਤਾਂ ਨੂੰ ਮਿੱਧਦੇ ਹੋਏ ਅੱਗੇ ਵਧ ਰਹੇ ਹਨ, ਰੁਜ਼ਗਾਰ ਦੇ ਸੋਮੇ ਘਟਾਏ ਜਾ ਰਹੇ ਹਨ, ਕੰਮ ਕਰਨ ਦੇ ਘੰਟੇ ਵਧਾਏ ਜਾ ਰਹੇ ਹਨ। ਮਨੁੱਖੀ ਕਦਰਾਂ ਕੀਮਤਾਂ, ਸੰਵਿਧਾਨਕ ਸੰਸਥਾਵਾਂ ਨੂੰ ਛਿੱਕੇ ਟੰਗ ਕੇ ਸਾਮਰਾਜਵਾਦ ਅੱਗੇ ਵਧ ਰਿਹਾ ਹੈ, ਜੰਗਬਾਜਾਂ ਦੀ ਟੋਲੀ ਵਲੋਂ ਯੂਰਪੀਅਨ ਤੇ ਖਾੜੀ ਦੇ ਦੇਸ਼ਾਂ ਵਿੱਚ ਇੱਕ ਦੂਸਰੇ ਪ੍ਰਤੀ ਭੜਕਾਹਟ ਪੈਦਾ ਕਰਕੇ ਜੰਗਾਂ ਕਰਾਈਆਂ ਜਾ ਰਹੀਆਂ ਹਨ। ਆਗੂਆਂ ਆਖਿਆ ਕਿ ਫਲਸਤੀਨ ਦੀ ਆਜ਼ਾਦੀ ਲਈ ਲੜ ਰਹੇ ਲੋਕਾਂ ਨੂੰ ਅੱਤਵਾਦੀ ਕਰਾਰ ਦੇ ਕੇ ਉਹਨਾਂ 'ਤੇ ਹਮਲੇ ਕੀਤੇ ਜਾ ਰਹੇ ਹਨ। ਬੱਚੇ, ਬਜ਼ੁਰਗਾਂ, ਔਰਤਾਂ ਨੂੰ ਵੀ ਨਹੀਂ ਬਖਸ਼ਿਆ ਜਾ ਰਿਹਾ। ਸਕੂਲਾਂ, ਹਸਪਤਾਲ ਅਤੇ ਆਬਾਦੀ ਦੇ ਟਿਕਾਣਿਆਂ 'ਤੇ ਬੰਬਾਰੀ ਕਰਕੇ ਨਸਲਕੁਸ਼ੀ ਕੀਤੀ ਜਾ ਰਹੀ ਹੈ। ਇਸ ਮੌਕੇ ਵੱਖ ਵੱਖ ਦੇਸ਼ਾਂ ਵੱਲੋਂ ਦਿੱਤੀ ਜਾਣ ਵਾਲੀ ਰਾਹਤ ਸਮੱਗਰੀ ਵੀ ਰੋਕੀ ਜਾ ਰਹੀ ਹੈ ਤਾਂ ਕਿ ਫਲਸਤੀਨੀਆਂ ਦਾ ਘਾਣ ਹੋ ਸਕੇ। ਆਗੂਆਂ ਨੇ ਮੰਗ ਕੀਤੀ ਕਿ ਤੁਰੰਤ ਜੰਗਬੰਦੀ ਕੀਤੀ ਜਾਵੇ, ਲੋੜੀਂਦੀ ਸਮੱਗਰੀ ਫਲਸਤੀਨੀਆ ਤੱਕ ਪਹੁੰਚਾਈ ਜਾਵੇ, ਰਾਹਤ ਕਾਰਜ ਵਿੱਚ ਪਾਏ ਜਾ ਰਹੇ ਬੇਲੋੜੇ ਅੜਿੱਕੇ ਦੂਰ ਕੀਤੇ ਜਾਣ । ਆਗੂਆਂ ਇਹ ਵੀ ਮੰਗ ਕੀਤੀ ਕਿ ਇਸ ਸਮੇਂ ਭਾਰਤ ਸਰਕਾਰ ਨੂੰ ਇਸ ਲਈ ਪਹਿਲ ਕਦਮੀ ਕਰਕੇ ਫਲਸਤੀਨੀਆਂ ਦੇ ਹੱਕ ਵਿੱਚ ਖੜ੍ਹਨਾ ਚਾਹੀਦਾ ਹੈ। ਇਸ ਮੌਕੇ ਕਾਮਰੇਡ ਗੁਰਮੇਸ ਸਿੰਘ, ਅਮਰਜੀਤ ਸਿੰਘ, ਦਵਿੰਦਰ ਸਿੰਘ ਕੱਕੋਂ, ਭੁਪਿੰਦਰ ਸਿੰਘ ਭੂੰਗਾ, ਓਮ ਸਿੰਘ ਸਟਿਆਣਾ, ਰਜਿੰਦਰ ਸਿੰਘ ਆਜ਼ਾਦ, ਸਤੀਸ਼ ਰਾਣਾ, ਸੰਤੋਖ ਸਿੰਘ ਭੀਲੋਵਾਲ, ਗੰਗਾ ਪ੍ਰਸਾਦ, ਉਂਕਾਰ ਸਿੰਘ, ਡਾਕਟਰ ਸੁਖਦੇਵ ਸਿੰਘ ਢਿੱਲੋਂ, ਮਲਕੀਤ ਸਿੰਘ ਸਲੇਮਪੁਰ, ਅਮਰੀਕ ਸਿੰਘ ਆਦਿ ਆਗੂ ਹਾਜ਼ਰ ਸਨ।



# ਭਾਰਤੀਯ ਯੋਗ ਸੰਸਥਾਨ 11ਵਾਂ ਅੰਤਰਰਾਸ਼ਟਰੀ ਯੋਗ ਦਿਵਸ ਪੂਰੇ ਉਤਸ਼ਾਹ ਨਾਲ ਮਨਾਏਗੀ

**ਰੂਪਨਗਰ (ਨਵਾਂ ਜ਼ਮਾਨਾ ਸਰਵਿਸ)**- ਯੋਗ ਦੇ ਖੇਤਰ ਵਿੱਚ ਦੇਸ਼ ਵਿਦੇਸ਼ ਵਿੱਚ ਸਰਗਰਮ ਤੇ ਸਾਲ 1967 ਨੂੰ ਸਥਾਪਿਤ ਹੋਈ ਸੰਸਥਾ ਭਾਰਤੀਯ ਯੋਗ ਸੰਸਥਾਨ (ਰਜਿ.) ਵਲੋਂ 21 ਜੂਨ ਨੂੰ 11ਵਾਂ ਅੰਤਰਰਾਸ਼ਟਰੀ ਯੋਗ ਦਿਵਸ ਪੂਰੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਸੰਸਥਾ ਦੇ ਅਖਿਲ ਭਾਰਤੀ ਪ੍ਰਧਾਨ ਦੇਸ਼ ਰਾਜ ਜਿਨ੍ਹਾ ਨੂੰ ਭਾਰਤ ਸਰਕਾਰ ਦੇ ਆਯੂਓਮਾਨ ਵਿਭਾਗ ਵਲੋਂ 'ਯੋਗ ਰਤਨ' ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ਦੀ ਅਗਵਾਈ ਵਿੱਚ ਇਸ ਦਿਨ ਨੂੰ ਮਨਾਉਣ ਲਈ ਦੇਸ਼ ਵਿਦੇਸ਼ 'ਚ 4000 ਤੋਂ ਵੀ ਵੱਧ ਵੱਖ ਵੱਖ ਥਾਵਾਂ 'ਤੇ ਰੋਜ਼ਾਨਾ ਯੋਗ ਦਾ ਅਭਿਆਸ ਕੀਤਾ ਜਾ ਰਿਹਾ ਹੈ। ਇਸ ਲੜੀ ਤਹਿਤ ਸੰਸਥਾਨ ਦੇ ਚੰਡੀਗੜ੍ਹ ਪ੍ਰਾਂਤ ਅਧੀਨ ਜ਼ਿਲ੍ਹਾ ਰੂਪਨਗਰ ਵਿਖੇ ਵੀ 11ਵਾਂ ਅੰਤਰਰਾਸ਼ਟਰੀ ਯੋਗ ਦਿਵਸ ਗਿਆਨੀ ਜੈਲ ਸਿੰਘ ਨਗਰ ਦੇ ਮੁੱਖ ਪਾਰਕ ਵਿੱਚ 21 ਜੂਨ ਦਿਨ ਸ਼ਨੀਵਾਰ ਨੂੰ ਸਵੇਰੇ 5.30 ਤੋ 7 ਵਜੇ ਤੱਕ ਮਨਾਇਆ ਜਾਵੇਗਾ। ਇਸ ਦਿਨ ਨੂੰ ਮਨਾਉਣ ਲਈ ਸੰਸਥਾਨ ਦੀ ਜ਼ਿਲ੍ਹਾ ਇਕਾਈ ਰੂਪਨਗਰ ਦੇ ਅਹੁਦੇਦਾਰਾ ਦੀ ਇਕ ਮੀਟਿੰਗ ਇੱਥੇ ਆਰਿਆ ਸਕੂਲ ਵਿਖੇ ਜ਼ਿਲ੍ਹਾ ਪ੍ਰਧਾਨ ਕੁਸਮ ਸ਼ਰਮਾ ਦੀ ਅਗਵਾਈ ਵਿੱਚ ਕੀਤੀ ਗਈ। ਇਸ ਮੌਕੇ ਸੰਸਥਾਨ ਦੇ ਜ਼ਿਲ੍ਹਾ ਸਕੱਤਰ ਰਾਜਿੰਦਰ ਸੈਣੀ ਨੇ ਦੱਸਿਆ ਕਿ ਰੂਪਨਗਰ ਸ਼ਹਿਰ ਅੰਦਰ ਸੰਸਥਾਨ ਦੀਆਂ ਵੱਖ ਵੱਖ ਕਲਾਸਾ ਵਿੱਚ ਇਹ ਦਿਨ ਮਨਾਉਣ ਲਈ ਅਭਿਆਸ ਲਗਾਤਾਰ ਜਾਰੀ ਹੈ ਅਤੇ 21 ਜੂਨ ਵਾਲੇ ਦਿਨ ਸਾਰੀਆਂ ਕਲਾਸਾਂ ਗਿਆਨੀ ਜੈਲ ਸਿੰਘ ਨਗਰ ਦੇ ਮੁੱਖ ਪਾਰਕ ਵਿੱਚ ਇਕੱਠੇ ਯੋਗ ਕਰਕੇ ਇਸ ਸਾਲ 11ਵੇਂ ਅੰਤਰਰਾਸਟਰੀ ਯੋਗ ਦਿਵਸ ਦੇ ਸਲੋਗਨ ਇਕ ਧਰਤੀ, ਇਕ ਸਿਹਤ ਲਈ ਯੋਗ ਨੂੰ ਬੁਲੰਦ ਕਰਨਗੇ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਕੁਸਮ ਸ਼ਰਮਾ ਦੀ ਅਗਵਾਈ ਵਿੱਚ ਹਾਜ਼ਰ ਸਮੂਹ ਅਹੁਦੇਦਾਰਾਂ ਨੇ ਸ਼ਹਿਰ ਨਿਵਾਸੀਆਂ ਨੂੰ ਇਸ ਸਮਾਗਮ ਦਾ ਹਿੱਸੇਦਾਰ ਬਨਣ ਲਈ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਹਰ ਰੋਜ਼ ਯੋਗ ਕਰਨ ਨਾਲ ਸਰੀਰ ਸਿਹਤਮੰਦ ਰਹਿੰਦਾ ਹੈ, ਮਨ ਸ਼ਾਂਤ ਹੁੰਦਾ ਹੈ ਅਤੇ ਜੀਵਨ ਦੇ ਪ੍ਰਤੀ ਉਸਾਰੂ ਦ੍ਰਿਸ਼ਟੀਕੋਣ ਬਣਦਾ ਹੈ। ਮੀਟਿੰਗ ਵਿੱਚ ਜ਼ਿਲ੍ਹਾ ਇਕਾਈ ਦੇ ਪ੍ਰਮੁੱਖ ਅਹੁਦੇਦਾਰ ਹੰਸ ਰਾਜ, ਜਗਦੇਵ ਸਿੰਘ, ਮੀਨਲ ਵਾਸੂਦੇਵਾ, ਮਧੂ ਕਾਲਰਾ, ਆਸਿਮਾ ਅਗਰਵਾਲ, ਸੁਧਾ ਤੇ ਸਰਿਸਟੀ ਹਾਜ਼ਰ ਸਨ।



# ਠੰਢੇ ਮਿੱਠੇ ਜਲ ਦੀ ਛਬੀਲ ਲਗਾਈ

**ਬਸਤੀ ਸ਼ੇਖ ਜਲੰਧਰ (ਲਖਵਿੰਦਰ ਸਿੰਘ)** ਸਤਿਗੁਰੂ ਰਵਿਦਾਸ ਮਹਾਰਾਜ ਦੇ ਜੋਤੀ ਜੋਤ ਦਿਵਸ ਨੂੰ ਸਮਰਪਿਤ ਕਾਂਸ਼ੀ ਨਗਰ (ਕੋਟ ਸਦੀਕ) ਕਾਲਾ ਸੰਘਿਆਂ ਰੋਡ ਜਲੰਧਰ ਵਿਖੇ ਗੁਰਦੁਆਰਾ ਗੁਰੂ ਰਵਿਦਾਸ ਪ੍ਰਬੰਧਕ ਕਮੇਟੀ ਕਾਂਸ਼ੀ ਨਗਰ ਵੱਲੋਂ ਨਗਰ ਨਿਵਾਸੀਆਂ ਅਤੇ ਐਨ ਆਰ ਆਈ ਦੇ ਸਹਿਯੋਗ ਨਾਲ ਠੰਢੇ ਮਿੱਠੇ ਜਲ ਦੀ ਛਬੀਲ ਲਗਾਈ ਗਈ। ਇਸ ਮੌਕੇ ਤੇ ਧਰਮਪਾਲ, ਨਰਿੰਦਰ ਕੁਮਾਰ, ਪਰਮਜੀਤ, ਨਰੇਸ਼ ਕੁਮਾਰ,ਰਵੀ ਬੰਗਾ, ਰੋਹਿਤ ਕੁਮਾਰ, ਸਾਬੀ ਆਦਿ ਹੋਰ ਵੀ ਬਹੁਤ ਸਾਰੇ ਲੋਕ ਹਾਜ਼ਰ ਸਨ।



# ਏ ਆਈ ਤੇ ਸਵੱਛ ਵਾਯੂ ਪ੍ਰੋਜੈਕਟਾਂ ਲਈ ਨਵੀਆਂ ਅਸਾਮੀਆਂ ਬਣਾਈਆਂ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਹਰਿਆਣਾ ਸਰਕਾਰ ਨੇ ਹਰਿਆਣਾ ਏ ਆਈ ਵਿਕਾਸ ਪ੍ਰੋਜੈਕਟ ਅਤੇ ਸਤਤ ਵਿਕਾਸ ਲਈ ਹਰਿਆਣਾ ਸਵੱਛ ਵਾਯੂ ਪ੍ਰੋਜੈਕਟ ਤੋਂ ਇਲਾਵਾ ਹੋਰ ਬਾਹਰੀ ਮਦਦ ਪ੍ਰਾਪਤ ਪ੍ਰੋਜੈਕਟਾਂ ਲਈ ਸਪੈਸ਼ਲ ਪਰਪਜ਼ ਵ੍ਹੀਕਲ ਲਈ ਮੁੱਖ ਕਾਰਜਕਾਰੀ ਅਧਿਕਾਰੀ ਅਤੇ ਸਾਂਝੇ ਮੁੱਖ ਕਾਰਜਕਾਰੀ ਅਧਿਕਾਰੀ ਦੇ ਨਵੇਂ ਅਹੁਦੇ ਬਣਾਏ ਗਏ ਹਨ।ਆਈ ਏ ਐਸ ਅਧਿਕਾਰੀ ਜੇ.ਗਣੇਸ਼ਨ, ਜੋ ਮੌਜੂਦਾ ਸਮੇਂ ਵਿੱਚ ਹਾਰਟ੍ਰਾਨ ਦੇ ਪ੍ਰਬੰਧਕ ਨਿਰਦੇਸ਼ਕ ਸਾਰਿਆਂ ਲਈ ਆਵਾਸ ਵਿਭਾਗ ਦੇ ਡਾਇਰੈਕਟਰ ਜਨਰਲ ਅਤੇ ਆਵਾਸ ਵਿਭਾਗ ਦੇ ਸਕੱਤਰ, ਹਾਊਸਿੰਗ ਬੋਰਡ ਦੇ ਮੁੱਖ ਪ੍ਰਸ਼ਾਸਕ, ਹਰਿਆਣਾ ਪਰਿਵਾਰ ਪਛਾਣ ਅਥਾਰਿਟੀ ਦੇ ਮੁੱਖ ਕਾਰਜਕਾਰੀ ਅਧਿਕਾਰੀ ਅਤੇ ਹਰਿਆਣਾ ਬਿਜਲੀ ਪ੍ਰਸਾਰਣ ਨਿਗਮ ਲਿਮਟਿਡ ਦੇ ਪ੍ਰਬੰਧ ਨਿਦੇਸ਼ਕ ਹਨ, ਨੂੰ ਐਚ ਏ ਆਈ ਡੀ ਪੀ ਅਤੇ ਐਚ ਸੀ ਏ ਪੀ ਐਸ ਡੀ ਦੇ ਸਪੈਸ਼ਲ ਪਰਪਜ਼ ਲਈ ਮੁੱਖ ਕਾਰਜਕਾਰੀ ਅਧਿਕਾਰੀ ਦੇ ਨਵੇਂ ਅਹੁਦੇ ਦਾ ਵਧੀਕ ਕਾਰਜਭਾਰ ਸੌਂਪਿਆ ਗਿਆ ਹੈ।ਐਚ ਸੀ ਐਸ ਅਧਿਕਾਰੀ ਦੀਪਕ ਕੁਮਾਰ, ਜੋ ਮੌਜੂਦਾ ਸਮੇਂ ਵਿੱਚ ਹਰਿਆਣਾ ਪਰਵਾਰ ਪਛਾਣ ਅਥਾਰਿਟੀ ਦੇ ਸਾਂਝੇ ਮੁੱਖ ਕਾਰਜਕਾਰੀ ਦੇ ਅਹੁਦੇ 'ਤੇ ਤੈਨਾਤ ਹਨ, ਨੂੰ ਉਨ੍ਹਾਂ ਦੇ ਮੌਜੂਦਾ ਕਾਰਜਭਾਰ ਦੇ ਇਲਾਵਾ, ਐਚ ਏ ਆਈ ਡੀ ਪੀ ਅਤੇ ਐਚ ਸੀ ਏ ਪੀ ਐਸ ਡੀ ਦੇ ਸਪੈਸ਼ਲ ਪਰਪਜ਼ ਵ੍ਹੀਕਲ ਦੇ ਸਾਂਝੇ ਮੁੱਖ ਕਾਰਜਕਾਰੀ ਅਧਿਕਾਰੀ ਹੋਣਗੇ।ਇਹ ਦੋਵੇਂ ਅਧਿਕਾਰੀ ਸੂਬੇ ਵਿੱਚ ਪ੍ਰਮੁੱਖ ਤਕਨਾਲੋਜੀ ਅਤੇ ਵਾਤਾਵਰਣ ਸਬੰਧੀ ਪਹਿਲਕਦਮੀਆਂ ਦੇ ਲਾਗੂ ਕਰਨ ਦੀ ਦੇਖਭਾਲ ਕਰਨਗੇ।

# ਜ਼ਿਲ੍ਹਾ ਪ੍ਰਸ਼ਾਸਕੀ ਕੰਪਲੈਕਸ 'ਚ ਕੈਂਸਲ ਕੀਤੇ 34 ਬੂਥਾਂ ਦੀ ਨਿਲਾਮੀ 25 ਨੂੰ

**ਜਲੰਧਰ (ਸੁਰਿੰਦਰ ਕੁਮਾਰ, ਸ਼ੈਲੀ ਅਲਬਰਟ)**- ਜ਼ਿਲ੍ਹਾ ਪ੍ਰਸ਼ਾਸਕੀ ਕੰਪਲੈਕਸ, ਜਲੰਧਰ ਵਿੱਚ ਦੋ ਸਾਲਾਂ ਦੀ ਅਲਾਟਮੈਂਟ ਵਾਸਤੇ 34 ਬੂਥਾਂ ਦੀ ਨਿਲਾਮੀ/ਬੋਲੀ ਕਚਿਹਰੀ ਕੰਪਾਊਂਡ ਰੂਲਜ਼-2003 ਮੁਤਾਬਿਕ ਮਿਤੀ 26.06.2025 ਨੂੰ ਸਵੇਰੇ 11:00 ਵਜੇ ਵਧੀਕ ਡਿਪਟੀ ਕਮਿਸ਼ਨਰ (ਜ) ਦੀ ਪ੍ਰਧਾਨਗੀ ਹੇਠ ਉਨ੍ਹਾਂ ਦੇ ਦਫ਼ਤਰ ਵਿਖੇ ਕੀਤੀ ਜਾ ਰਹੀ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਇਸ ਬੋਲੀ ਸਬੰਧੀ ਚਾਹਵਾਨ ਵਿਅਕਤੀ ਆਪਣੀਆਂ ਦਰਖਾਸਤਾਂ ਮਿਤੀ 24-06-2025 ਨੂੰ ਬਾਅਦ ਦੁਪਹਿਰ 4 ਵਜੇ ਤੱਕ ਆਪਣੇ ਆਈ.ਡੀ.ਪਰੂਫ ਸਮੇਤ ਨਜ਼ਾਰਤ ਸ਼ਾਖਾ, ਦਫ਼ਤਰ, ਡਿਪਟੀ ਕਮਿਸ਼ਨਰ, ਜਲੰਧਰ ਕਮਰਾ ਨੰਬਰ 122 ਤੇ 123 ਵਿਖੇ ਜਮ੍ਹਾ ਕਰਵਾ ਸਕਦੇ ਹਨ। ਬੁਲਾਰੇ ਨੇ ਅੱਗੇ ਦੱਸਿਆ ਕਿ ਬੂਥਾਂ ਦੀ ਡਿਟੇਲ ਅਤੇ ਬੋਲੀ ਦੀਆਂ ਸ਼ਰਤਾਂ ਕਿਸੇ ਵੀ ਕੰਮ ਵਾਲੇ ਦਿਨ ਸਮਾਂ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਨਜ਼ਾਰਤ ਸ਼ਾਖਾ, ਦਫ਼ਤਰ ਡਿਪਟੀ ਕਮਿਸ਼ਨਰ, ਜਲੰਧਰ ਦੇ ਕਮਰਾ ਨੰਬਰ 122 ਤੇ 123 ਦੇ ਨੋਟਿਸ ਬੋਰਡ ਤੋਂ ਦੇਖੀਆਂ ਜਾ ਸਕਦੀਆਂ ਹਨ। ਜੇਕਰ ਦਰਖਾਸਤ ਜਮ੍ਹਾ ਕਰਵਾਉਣ ਜਾਂ ਬੋਲੀ ਵਾਲੇ ਦਿਨ ਜਨਤਕ ਛੁੱਟੀ ਦਾ ਐਲਾਨ ਹੋ ਜਾਂਦਾ ਹੈ ਤਾਂ ਬੋਲੀ ਅਗਲੇ ਕੰਮ ਵਾਲੇ ਦਿਨ ਕੀਤੀ ਜਾਵੇਗੀ। ਬੁਲਾਰੇ ਨੇ ਅੱਗੇ ਦੱਸਿਆ ਕਿ ਡਿਪਟੀ ਕਮਿਸ਼ਨਰ, ਜਲੰਧਰ ਬਿਨਾਂ ਕੋਈ ਕਾਰਨ ਦੱਸੇ ਕਿਸੇ ਵੀ ਬੋਲੀ ਜਾਂ ਸਾਰੀਆਂ ਬੋਲੀਆਂ ਨੂੰ ਰੱਦ ਕਰਨ ਦਾ ਅਧਿਕਾਰ ਰਾਖਵਾਂ ਰੱਖਦੇ ਹਨ। ਬੋਲੀ ਨਾਲ ਸਬੰਧਤ ਜੇਕਰ ਕੋਈ ਕੋਰੀਜੰਡਮ/ਸੋਧ ਹੋਈ ਤਾਂ ਦਫ਼ਤਰ ਦੀ ਵੈਬਸਾਈਟ www.jalandhar.nic.in ਅਤੇ ਨੋਟਿਸ ਬੋਰਡ 'ਤੇ ਹੀ ਅਪਲੋਡ ਕੀਤੀ ਜਾਵੇਗੀ ਅਤੇ ਇਸ ਸਬੰਧੀ ਵੱਖਰੇ ਤੌਰ 'ਤੇ ਕੋਈ ਇਸ਼ਤਿਹਾਰ ਜਾਰੀ ਨਹੀਂ ਕੀਤਾ ਜਾਵੇਗਾ।

# ਸਗਨੇਵਾਲ ਦੀ 10 ਕਨਾਲ 10 ਮਰਲੇ ਪੰਚਾਇਤੀ ਜ਼ਮੀਨ ਨਿਕਲੀ

**ਫਿਲੌਰ (ਨਿਰਮਲ)**- ਪੰਜਾਬ ਸਰਕਾਰ ਵੱਲੋਂ ਪਿੰਡਾਂ ਦੀਆਂ ਪੰਚਾਇਤੀ ਜਮੀਨਾਂ ਦੇ ਕਬਜੇ ਛਡਾਉਣ ਸੰਬੰਧੀ ਚਲਾਈ ਮੁਹਿੰਮ ਤਹਿਤ ਫਿਲੌਰ ਦੇ ਨਜਦੀਕੀ ਪਿੰਡ ਸਗਨੇਵਾਲ ਵਿਖੇ ਪੰਚਾਇਤ ਦੀ 10 ਕਨਾਲ 10 ਮਰਲੇ ਜਮੀਨ ਨਿਕਲੀ ਹੈ। ਜਿਸ ਵਿੱਚੋਂ ਜ਼ਿਆਦਾਤਰ ਜਮੀਨ ਸਰਬਸੰਮਤੀ ਨਾਲ ਪੰਚਾਇਤ ਨੂੰ ਦੇ ਦਿੱਤੀ ਹੈ ਅਤੇ ਬਾਕੀ ਰਹਿੰਦੀ ਜਮੀਨ ਦੀ ਜਲਦ ਨਿਸ਼ਾਨਦੇਹੀ ਕਰਕੇ ਕਬਜਾ ਲੈ ਲਿਆ ਜਾਵੇ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪਿੰਡ ਦੀ ਸਰਪੰਚ ਨੀਲਾ ਰਾਣੀ ਅਤੇ ਪੰਚਾਇਤ ਮੈਂਬਰ ਪਰਮਿੰਦਰ ਸਿੰਘ ਮਾਹਲ ਆਮ ਆਦਮੀ ਪਾਰਟੀ ਦੇ ਕਿਸਾਨ ਵਿੰਗ ਦੇ ਆਗੂ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਪੰਚਾਇਤ ਦੇ ਨਾਂਅ ਇੱਕ ਪੱਤਰ ਆਇਆ ਸੀ ਜਿਸ ਵਿੱਚ ਉਨ੍ਹਾਂ ਵੱਲੋਂ ਪੰਚਾਇਤੀ ਜਮੀਨ ਦੀ ਨਿਸ਼ਾਨ ਦੇਹੀ ਸਬੰਧੀ ਲਿਖਿਆ ਗਿਆ ਸੀ। ਜਿਸ ਪੱਤਰ 'ਤੇ ਕਾਰਵਾਈ ਕਰਦੇ ਹੋਏ ਬੀਡੀਪੀਓ ਫਿਲੌਰ ਅਤੇ ਹੋਰ ਅਧਿਕਾਰੀਆਂ ਵੱਲੋਂ ਜਮੀਨ ਦੀ ਨਿਸ਼ਾਨਦੇਹੀ ਕਰਕੇ ਕਬਜਾ ਪੰਚਾਇਤ ਨੂੰ ਦਿਵਾ ਦਿੱਤਾ ਜਾਵੇਗਾ। ਇਸ ਮੌਕੇ ਉਨ੍ਹਾਂ ਕਿਹਾ ਕਿ ਹੁਣ ਅਸੀਂ ਪਿੰਡ ਵਿੱਚ ਗਰਾਊਂਡ, ਜਿੰਮ ਅਤੇ ਹੋਰ ਸੁਵਿਧਾਵਾਂ ਲਈ ਇਸ ਨੂੰ ਵਰਤ ਸਕਦੇ ਹਾਂ। ਉਨ੍ਹਾਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਕੀਤਾ। ਇਸ ਮੌਕੇ 'ਤੇ ਪੰਚਾਇਤ ਮੈਂਬਰ ਚਮਨ ਲਾਲ ਪੰਚਾਇਤ ਮੈਂਬਰ ਸੁਖਜਿੰਦਰ ਸਿੰਘ, ਸਾਬਕਾ ਪੰਚ ਬਲਵਿੰਦਰ ਸਿੰਘ, ਮੁਖਤੇਜ ਸਿੰਘ ਮਿੰਦਰਪਾਲ, ਕਰਤਾਰ ਚੰਦ ਰਵੀ ਕੁਮਾਰ, ਜਗਦੀਸ਼ ਸਿੰਘ ਮਹਾਵੀਰ, ਪਰਮਜੀਤ ਪੰਮਾ ਅਤੇ ਹੋਰ ਹਾਜਰ ਸਨ।



# ਜੰਗਲ ਸਫਾਰੀ ਨਾਲ ਹਰਿਆਣਾ ਬਣੇਗਾ ਈਕੋ-ਟੂਰਿਜ਼ਮ ਦਾ ਨਵਾਂ ਕੇਂਦਰ : ਰਾਓ ਨਰਬੀਰ ਸਿੰਘ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਹਰਿਆਣਾ ਦੇ ਵਾਤਾਵਰਣ, ਵਣ ਅਤੇ ਜੰਗਲੀ ਜੀਵ ਮੰਤਰੀ ਰਾਓ ਨਰਬੀਰ ਸਿੰਘ ਨੇ ਜਾਣਕਾਰੀ ਦਿੱਤੀ ਕਿ ਹਰਿਆਣਾ ਸਰਕਾਰ ਵੱਲੋਂ ਅਰਾਵਲੀ ਖੇਤਰ ਵਿੱਚ ਇੱਕ ਮਹੱਤਵਪੂਰਨ ਜੰਗਲ ਸਫਾਰੀ ਪ੍ਰੋਜੈਕਟ ਅਤੇ ਅਰਾਵਲੀ ਗ੍ਰੀਨ ਵਾਲ ਪ੍ਰੋਜੈਕਟ ਤਿਆਰ ਕੀਤਾ ਹੈ। ਇਸ ਪ੍ਰੋਜੈਕਟ ਦਾ ਟੀਚਾ ਨਾ ਸਿਰਫ਼ ਈਕੋ-ਟੂਰਿਜ਼ਮ ਨੂੰ ਵਧਾਉਣਾ ਹੈ ਸਗੋਂ ਜੈਵ ਵਿਵਿਧਤਾ, ਜੰਗਲੀ ਜੀਵ ਸਰੰਖਣ ਅਤੇ ਸਥਾਨਕ ਲੋਕਾਂ ਨੂੰ ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰਨਾ ਵੀ ਹੈ। ਉਨ੍ਹਾਂ ਨੇ ਦੱਸਿਆ ਕਿ ਅਰਾਵਲੀ ਭਾਰਤ ਦੀ ਸਭ ਤੋਂ ਪੁਰਾਣੀ ਪਹਾੜੀ ਲੜੀ ਹੈ, ਜੋ ਹਰਿਆਣਾ, ਰਾਜਸਥਾਨ, ਗੁਜਰਾਤ ਅਤੇ ਦਿੱਲੀ ਸਮੇਤ ਚਾਰ ਰਾਜਾਂ ਵਿੱਚ ਫੈਲੀ ਹੋਈ ਹੈ ਅਤੇ 1.15 ਮਿਲੀਅਨ ਹੈਕਟੇਅਰ ਖੇਤਰ ਨੂੰ ਕਵਰ ਕਰਦੀ ਹੈ। ਕੇਂਦਰ ਸਰਕਾਰ ਨੇ ਹਰਿਆਣਾ ਨੂੰ ਅਰਾਵਲੀ ਗ੍ਰੀਨ ਵਾਲ ਪ੍ਰੋਜੈਕਟ ਅਤੇ ਜੰਗਲੀ ਸਫਾਰੀ ਦਾ ਜਿੰਮਾਂ ਸੌਂਪਿਆ ਹੈ ਜੋ ਵਾਤਾਵਰਣੀ ਦ੍ਰਿਸ਼ਟੀਕੋਣ ਨਾਲ ਇੱਕ ਮੀਲ ਦਾ ਪੱਥਰ ਸਾਬਿਤ ਹੋਵੇਗਾ। ਰਾਓ ਨਰਬੀਰ ਸਿੰਘ ਨੇ ਕਿਹਾ ਕਿ ਜਲਵਾਯੂ ਬਦਲਾਓ ਅਤੇ ਪ੍ਰਦੂਸ਼ਣ ਦੇ ਦੌਰ ਵਿੱਚ ਵਾਤਾਵਰਣ ਸਰੰਖਣ ਇੱਕ ਵਿਸ਼ਵਵਿਆਪੀ ਚਿੰਤਾ ਬਣ ਗਿਆ ਹੈ।ਅੱਜ ਕਈ ਯੁਵਾ ਸਟਾਰਟਅਪ ਅਤੇ ਨਿੱਜੀ ਸੰਸਥਾਵਾਂ ਵੀ ਜੰਗਲੀ ਜੀਵ ਸਰੰਖਣ ਵਿੱਚ ਭਾਗੀਦਾਰੀ ਕਰ ਰਹੀਆਂ ਹਨ, ਜੋ ਸਰਕਾਰੀ ਯਤਨਾਂ ਨੂੰ ਮਜ਼ਬੂਤ ਬਣਾ ਰਹੀ ਹੈ।ਮੰਤਰੀ ਨੇ ਦੱਸਿਆ ਕਿ ਇਹ ਪ੍ਰੋਜੈਕਟ ਪਹਿਲਾਂ ਸੈਰ-ਸਪਾਟੇ ਅਧੀਨ ਸੀ, ਪਰ ਹੁਣ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੇ ਨਿਰਦੇਸ਼ ਅਨੁਸਾਰ ਇਸ ਦੀ ਜ਼ਿੰਮੇਦਾਰੀ ਵਣ ਵਿਭਾਗ ਨੂੰ ਦਿੱਤੀ ਗਈ ਹੈ।ਹਰਿਆਣਾ ਸਰਕਾਰ ਦਾ ਟੀਚਾ ਹੈ ਕਿ ਇਸ ਮੈਗਾ ਪ੍ਰੋਜੈਕਟ ਦਾ ਉਦਘਾਟਨ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਹੱਥਾਂ ਨਾਲ ਕਰਾਇਆ ਜਾਵੇ।ਅਰਾਵਲੀ ਗ੍ਰੀਨ ਵਾਲ ਪ੍ਰੋਜੈਕਟ ਰਾਹੀਂ ਸਵਦੇਸ਼ੀ ਪ੍ਰਜਾਤੀਆਂ ਦਾ ਵਣ ਲਗਾਉਣਾ, ਮਿੱਟੀ ਦੀ ਸਿਹਤ ਵਿੱਚ ਸੁਧਾਰ, ਭੂਮੀਗਤ ਪਾਣੀ ਰੀਚਾਰਜ ਅਤੇ ਜੈਵ ਵਿਭਿੰਨਤਾ ਨੂੰ ਸੁਰੱਖਿਅਤ ਰੱਖਿਆ ਜਾਵੇਗਾ।

# ਸੰਤ ਹਬੀਰ ਸਿੰਘ ਦੀ ਬਰਸੀ 24 ਨੂੰ

**ਫਗਵਾੜਾ (ਜਸਵਿੰਦਰ ਢੱਡਾ)** ਬ੍ਰਹਮ ਗਿਆਨੀ ਤਪਸਵੀ ਆਤਮ ਨਾਮ ਦੇ ਰਸੀਏ ਸੰਤ ਹਬੀਰ ਸਿੰਘ ਦੀ 84 ਵੀਂ ਸਾਲਾਨਾ ਬਰਸੀ ਪਿੰਡ ਖੈੜ ਅਛਰਵਾਲ ਵਿਖੇ 22-23-24 ਜੂਨ ਨੂੰ ਬੜੀ ਸ਼ਰਧਾ ਨਾਲ ਮਨਾਈ ਜਾ ਰਹੀ ਹੈ, ਜਿਸ ਵਿਚ ਸੰਤ ਬਾਬਾ ਜਸਵਿੰਦਰ ਸਿੰਘ ਖੈੜ ਅਛਰਵਾਲ ਵਾਲੇ ਅਤੇ ਸੰਤ ਬਾਬਾ ਮਨਜਿੰਦਰ ਸਿੰਘ ਰਾਏਪੁਰ ਵਾਲੇ ਸੰਗਤਾਂ ਨੂੰ ਆਪਣੇ ਪ੍ਰਵਚਨਾਂ ਤੇ ਕੀਰਤਨ ਨਾਲ ਨਿਹਾਲ ਕਰਨਗੇ।

# ਸਵ: ਕਾਮਰੇਡ ਪ੍ਰੇਮ ਸਿੰਘ ਮੰਢਾਲੀ ਦੀ ਪਤਨੀ ਦਾ ਦੇਹਾਂਤ

**ਬੰਗਾ (ਅਵਤਾਰ ਕਲੇਰ)** ਸੀ ਪੀ ਆਈ (ਐੱਮ) ਦੇ ਸੂਬਾ ਕਮੇਟੀ ਮੈਂਬਰ ਕਾਮਰੇਡ ਰਾਮ ਸਿੰਘ ਨੂਰਪੁਰੀ ਨੇ ਪ੍ਰੈਸ ਨੂੰ ਇੱਕ ਦੁੱਖਦਾਈ ਖਬਰ ਸਾਂਝੀ ਕਰਦਿਆਂ ਦੱਸਿਆ ਕਿ ਸਵ: ਪ੍ਰੇਮ ਸਿੰਘ ਮੰਢਾਲੀ ਦੀ ਧਰਮ ਪਤਨੀ ਬੀਬੀ ਹਰਜੀਤ ਕੌਰ ਦਾ ਕੱਲ੍ਹ ਦੇਹਾਂਤ ਹੋ ਗਿਆ। ਉਹਨਾਂ ਦੱਸਿਆ ਕਿ ਉਹਨਾਂ ਦਾ ਪਿਛਲੇ ਦਿਨਾਂ ਤੋਂ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਇਲਾਜ ਚੱਲ ਰਿਹਾ ਸੀ, ਗੰਭੀਰ ਬਿਮਾਰੀ ਕਾਰਨ ਉਹ ਠੀਕ ਨਹੀਂ ਹੋ ਸਕੇ। ਨੂਰਪੁਰੀ ਨੇ ਦੱਸਿਆ ਕਿ ਬੀਬੀ ਹਰਜੀਤ ਕੌਰ ਦਾ ਸੰਸਕਾਰ ਉਹਨਾਂ ਦੇ ਬੱਚਿਆਂ ਦੇ ਵਿਦੇਸ਼ ਤੋਂ ਪਰਤਣ ਤੇ ਆਉਣ ਵਾਲੇ ਇੱਕ ਦੋ ਦਿਨਾਂ ਵਿੱਚ ਕੀਤਾ ਜਾਵੇਗਾ। ਇਸ ਦੁੱਖਦਾਈ ਮੌਕੇ 'ਤੇ ਪਰਵਾਰ ਨਾਲ ਦੁੱਖ ਪ੍ਰਗਟ ਕਰਨ ਵਾਲਿਆਂ 'ਚ ਸੀ ਪੀ ਆਈ ਐੱਮ ਦੇ ਸੂਬਾ ਸਕੱਤਰ ਸਾਥੀ ਸੁਖਵਿੰਦਰ ਸਿੰਘ ਸੇਖੋਂ, ਸੂਬਾਈ ਕੰਟਰੋਲ ਕਮਿਸ਼ਨ ਦੇ ਚੇਅਰਮੈਨ ਸਾਥੀ ਲਹਿਬਰ ਸਿੰਘ ਤੱਗੜ ਨੇ ਪਰਵਾਰ ਨਾਲ ਦਿੱਲੀ ਹਮਦਰਦੀ ਪ੍ਰਗਟਾਈ।



# ਸਰਕਾਰ ਨੂੰ ਜਾਗਰੂਕ ਕਰਨ ਲਈ ਐਲੀਮੈਂਟਰੀ ਟੀਚਰ ਯੂਨੀਅਨ ਨੇ ਚਲਾਈ ਮੁਹਿੰਮ



**ਹੁਸ਼ਿਆਰਪੁਰ (ਓ ਪੀ ਰਾਣਾ)** ਐਲੀਮੈਂਟਰੀ ਟੀਚਰ ਯੂਨੀਅਨ ਹੁਸ਼ਿਆਰਪੁਰ ਪੰਜਾਬ, ਅਧਿਆਪਕ ਦਲ ਪੰਜਾਬ ਅਤੇ ਗੌਰਮੈਂਟ ਟੀਚਰ ਯੂਨੀਅਨ ਪੰਜਾਬ ਜ਼ਿਲ੍ਹਾ ਹੁਸ਼ਿਆਰਪੁਰ ਵੱਲੋਂ ਸਾਂਝੇ ਤੌਰ 'ਤੇ ਇੱਕ ਮੁਹਿੰਮ ਚਲਾਈ ਗਈ ਜਿਸ ਰਾਹੀਂ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਸਿੱਖਿਆ ਵਿਭਾਗ ਦੇ ਠੱਪ ਹੋ ਰਹੇ ਕੰਮ ਖਿਲਾਫ ਸਰਕਾਰ ਨੂੰ ਜਾਗਰੂਕ ਕਰਨ ਦੀ ਕੋਸ਼ਿਸ਼ ਕੀਤੀ ਗਈ। ਇਸ ਮੌਕੇ ਗੁਰਮੁਖ ਸਿੰਘ ਬਾਜਵਾ, ਸਰਬਜੀਤ ਸਿੰਘ ਕੰਗ ਅਤੇ ਦਵਿੰਦਰ ਸਿੰਘ ਟਾਂਡਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਸਿੱਖਿਆ ਵਿਭਾਗ ਦੇ ਅਹਿਮ ਅਹੁਦੇ ਲੰਬੇ ਸਮੇਂ ਤੋਂ ਖਾਲੀ ਪਏ ਹਨ। ਉਨ੍ਹਾਂ ਦੱਸਿਆ ਕਿ ਡਿਪਟੀ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ, ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ, ਦੋ ਸੁਪਰਡੈਂਟ, ਛੇ ਸੀਨੀਅਰ ਸਹਾਇਕ ਅਤੇ ਚਾਰ ਜੂਨੀਅਰ ਸਹਾਇਕਾਂ ਦੀਆਂ ਪੋਸਟਾਂ ਖਾਲੀ ਹਨ, ਜਿਸ ਕਾਰਨ ਦਫਤਰੀ ਕੰਮਕਾਜ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਿਹਾ ਹੈ। ਆਗੂਆਂ ਵੱਲੋਂ ਸਰਕਾਰ ਨੂੰ ਅਪੀਲ ਕੀਤੀ ਗਈ ਕਿ ਇਹ ਖਾਲੀ ਅਹੁਦੇ ਤੁਰੰਤ ਭਰੇ ਜਾਣ, ਤਾਂ ਜੋ ਸਕੂਲਾਂ ਵਿੱਚ ਵਿਵਸਥਾ ਨੂੰ ਸੁਚੱਜਾ ਬਣਾਇਆ ਜਾ ਸਕੇ। ਇਸ ਤੋਂ ਇਲਾਵਾ, ਸਰਕਾਰ ਵੱਲੋਂ ਕੱਢੇ ਗਏ 29 ਹੈੱਡਮਾਸਟਰਾਂ ਨੂੰ ਵੀ ਤੁਰੰਤ ਬਹਾਲ ਕਰਨ ਦੀ ਮੰਗ ਉਠਾਈ ਗਈ। ਸਮੂਹ ਅਧਿਆਪਕ ਜਥੇਬੰਦੀਆਂ ਵੱਲੋਂ ਇਹ ਵੀ ਮੰਗ ਕੀਤੀ ਗਈ ਕਿ ਈਟੀਟੀ ਤੋਂ ਐਚਟੀ ਅਤੇ ਐਚਟੀ ਤੋਂ ਸੀਐਚਟੀ ਦੀਆਂ ਪ੍ਰਮੋਸ਼ਨਾਂ ਵੀ ਜਲਦੀ ਕੀਤੀਆਂ ਜਾਣ। ਉਨ੍ਹਾਂ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਸਰਕਾਰ ਵੱਲੋਂ ਇਨ੍ਹਾਂ ਮੰਗਾਂ ਨੂੰ ਲਾਗੂ ਨਾ ਕੀਤਾ ਗਿਆ ਤਾਂ ਸਾਰੇ ਅਧਿਆਪਕ ਜਥੇਬੰਦੀਆਂ ਸੰਘਰਸ਼ ਦੀ ਰਾਹ 'ਤੇ ਆਉਣ ਲਈ ਮਜਬੂਰ ਹੋਣਗੀਆਂ। ਇਸ ਮੌਕੇ ਸੀਨੀਅਰ ਮੀਤ ਪ੍ਰਧਾਨ ਈਟੀਯੂ ਪੰਜਾਬ ਹਰਜਿੰਦਰ ਸਿੰਘ, ਸਰਬਜੀਤ ਸਿੰਘ ਕੰਗ, ਓਂਕਾਰ ਸਿੰਘ ਸੂਸ, ਜਗਤਜੀਤ ਸਿੰਘ, ਮਨਜਿੰਦਰ ਸਿੰਘ, ਮਨਜੀਤ ਸਿੰਘ ਬੌਬੀ, ਗੁਰਦੀਪ ਸਿੰਘ ਰਾਜਾ, ਬਲਜੀਤ ਸਿੰਘ, ਮਨਜੀਤ ਸਿੰਘ ਕਠਾਣਾ ਅਤੇ ਗੁਰਦੀਪ ਸਿੰਘ ਖੁਣਖੁਣ ਕਲਾਂ ਸਮੇਤ ਕਈ ਹੋਰ ਅਧਿਆਪਕ ਵੀ ਹਾਜਰ ਰਹੇ।

# ਖੱਬੀਆਂ ਪਾਰਟੀਆਂ ਦੇ ਸੱਦੇ 'ਤੇ ਫਲਸਤੀਨ ਦੇ ਹੱਕ 'ਚ ਨਾਅਰੇਬਾਜ਼ੀ



**ਫਿਲੌਰ (ਹਰਜਿੰਦਰ ਕੌਰ ਚਾਹਲ)**: ਖੱਬੀਆਂ ਪਾਰਟੀਆਂ ਦੇ ਸੱਦੇ 'ਤੇ ਅੱਜ ਇਥੇ ਫਲਸਤੀਨ ਦੇ ਹੱਕ 'ਚ ਨਾਅਰੇਬਾਜ਼ੀ ਕੀਤੀ ਗਈ। ਆਗੂਆਂ ਕਿਹਾ ਕਿ ਅਮਰੀਕਨ ਸਾਮਰਾਜ ਵਲੋਂ ਦੁਨੀਆ ਭਰ 'ਚ ਜੰਗੀ ਮਹੌਲ ਸਿਰਜਿਆ ਜਾ ਰਿਹਾ ਹੈ। ਇੱਕ ਪਾਸੇ ਰੂਸ ਤੇ ਯੂਕਰੇਨ ਦੀ ਜੰਗ ਚੱਲ ਰਹੀ ਹੈ ਅਤੇ ਦੂਜੇ ਪਾਸੇ ਫਲਸਤੀਨ ਨੂੰ ਦਬਾਉਣ ਲਈ ਇਜ਼ਰਾਈਲ ਵਲੋਂ ਨਿਹੱਕੀ ਜੰਗ ਆਰੰਭੀ ਹੋਈ ਹੈ। ਜਿਸ 'ਚ ਫਲਸਤੀਨੀਆਂ ਦਾ ਘਾਣ ਕੀਤਾ ਜਾ ਰਿਹਾ ਹੈ। ਅਜੋਕੇ ਦੌਰ 'ਚ ਇਜ਼ਰਾਈਲ ਵਲੋਂ ਈਰਾਨ ਖ਼ਿਲਾਫ਼ ਵੀ ਜੰਗ ਆਰੰਭ ਕਰ ਦਿੱਤੀ ਹੈ। ਅਮਰੀਕਾ ਵਲੋਂ ਪਹਿਲਾਂ ਇਰਾਕ 'ਤੇ ਝੂਠੇ ਦੋਸ਼ ਲਗਾ ਕੇ ਖਤਮ ਕੀਤਾ ਅਤੇ ਹੁਣ ਈਰਾਨ ਨੂੰ ਐਟਮੀ ਬੰਬ ਦੇ ਨਾਂ 'ਤੇ ਜੰਗ ਦੀ ਭੱਠੀ 'ਚ ਝੋਕਿਆ ਗਿਆ ਹੈ।ਇਸ ਮੌਕੇ ਆਰ ਐੱਮ ਪੀ ਆਈ ਦੇ ਸੂਬਾ ਕਮੇਟੀ ਮੈਂਬਰ ਸੰਤੋਖ ਸਿੰਘ ਬਿਲਗਾ ਅਤੇ ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਰਛਪਾਲ ਕੈਲੇ ਦੀ ਅਗਵਾਈ ਹੇਠ ਬਿਲਗਾ ਦੇ ਨੀਲੋਵਾਲ ਚੌਂਕ 'ਚ ਨਾਅਰੇਬਾਜ਼ੀ ਕੀਤੀ। ਇਸ ਮੌਕੇ ਸੂਬਾ ਕਮੇਟੀ ਮੈਂਬਰ ਪਰਮਜੀਤ ਰੰਧਾਵਾ, ਤਹਿਸੀਲ ਸਕੱਤਰ ਡਾ. ਸਰਬਜੀਤ ਮੁਠੱਡਾ, ਕੁਲਦੀਪ ਫਿਲੌਰ, ਮੇਜਰ ਫਿਲੌਰ, ਜਗੀਰ ਮੁਆਈ, ਕੁਲਜੀਤ ਫਿਲੌਰ, ਕੁਲਜਿੰਦਰ ਧਾਲੀਵਾਲ, ਪਰਵਿੰਦਰ ਫਲਪੋਤਾ, ਐਡਵੋਕੇਟ ਅਜੈ ਫਿਲੌਰ, ਗੁਰਦੀਪ ਗੋਗੀ, ਬਲਬੀਰ ਬੀਰੀ, ਕੁਲਦੀਪ ਵਾਲੀਆ, ਨੰਬਰਦਾਰ ਬਲਜਿੰਦਰ ਸਿੰਘ, ਮੱਖਣ ਸੰਗਰਾਮੀ, ਅੰਮ੍ਰਿਤ ਨੰਗਲ, ਬਲਜੀਤ ਪੀਤੂ, ਕੁਲਦੀਪ ਬਿਲਗਾ ਆਦਿ ਹਾਜ਼ਰ ਸਨ।

# ਆਮ ਆਦਮੀ ਕਲੀਨਿਕਾਂ 'ਚ ਗਰਭਵਤੀ ਔਰਤਾਂ ਨੂੰ ਮਿਲਣਗੀਆਂ ਸਿਹਤ ਸੇਵਾਵਾਂ : ਡਾ. ਮਾਨ

ਬਲਾਚੌਰ (ਜਸਵਿੰਦਰ ਬੈਂਸ)-ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਦੇ ਨਿਰਦੇਸ਼ਾਂ ਅਨੁਸਾਰ ਲੈਫ. ਬਿਕਰਮ ਸਿੰਘ ਸਬ ਡਵੀਜ਼ਨਲ ਹਸਪਤਾਲ ਬਲਾਚੌਰ ਦੇ ਸੀਨੀਅਰ ਮੈਡੀਕਲ ਅਫ਼ਸਰ ਡਾ. ਕੁਲਵਿੰਦਰ ਮਾਨ ਦੀ ਰਹਿਨੁਮਾਈ ਹੇਠ ਸਿਹਤ ਵਿਭਾਗ ਮਾਤਰੀ ਮੌਤ ਦਰ ਨੂੰ ਹੋਰ ਘਟਾਉਣ ਲਈ ਯਤਨਸ਼ੀਲ ਹੈ।ਸੀਨੀਅਰ ਮੈਡੀਕਲ ਅਫ਼ਸਰ ਡਾ. ਕੁਲਵਿੰਦਰ ਮਾਨ ਨੇ ਦੱਸਿਆ ਕਿ ਹੁਣ ਆਮ ਆਦਮੀ ਕਲੀਨਿਕਾਂ ਵਿੱਚ ਵੀ ਗਰਭਵਤੀ ਔਰਤਾਂ ਨੂੰ ਜੱਚਾ-ਬੱਚਾ ਸਿਹਤ ਸੇਵਾਵਾਂ ਤੇ ਫੈਮਿਲੀ ਪਲਾਨਿੰਗ ਸੇਵਾਵਾਂ ਮੁਹੱਈਆ ਕਰਵਾਈਆਂ ਜਾਣਗੀਆਂ।ਉਨ੍ਹਾਂ ਕਿਹਾ ਕਿ ਆਮ ਆਦਮੀ ਕਲੀਨਿਕਾਂ ਦੇ ਮੈਡੀਕਲ ਅਫ਼ਸਰਾਂ ਨੂੰ ਗਰਭਵਤੀ ਔਰਤਾਂ ਨੂੰ ਜੱਚਾ-ਬੱਚਾ ਸਿਹਤ ਸੇਵਾਵਾਂ ਪਹਿਲ ਦੇ ਆਧਾਰ 'ਤੇ ਮੁਹੱਈਆ ਕਰਵਾਉਣ ਦੀ ਟ੍ਰੇਨਿੰਗ ਦਿੱਤੀ ਗਈ ਹੈ, ਕਿਉਂਕਿ ਪੰਜਾਬ ਸਰਕਾਰ ਦਾ ਟੀਚਾ ਹੈ ਕਿ ਗਰਭਵਤੀ ਔਰਤਾਂ ਦੀ ਮੌਤ ਦਰ ਨੂੰ ਘਟਾਇਆ ਜਾਵੇ। ਡਾ. ਮਾਨ ਨੇ ਦੱਸਿਆ ਕਿ ਮਾਤਰੀ ਮੌਤ ਦੇ ਕਾਰਨਾਂ ਵਿੱਚ ਹਾਈ ਰਿਸਕ ਗਰਭਵਤੀ ਔਰਤਾਂ ਨੂੰ ਡਲਿਵਰੀ ਲਈ ਉਚੇਰੇ ਹਸਪਤਾਲ ਵਿੱਚ ਰੈਫ਼ਰ ਕਰਨ 'ਤੇ ਉਸ ਵੱਲੋਂ ਹਸਪਤਾਲ ਨਾ ਜਾਣਾ, ਗਰਭਵਤੀ ਔਰਤ ਵੱਲੋਂ ਕੋਈ ਪੁਰਾਣੀ ਬਿਮਾਰੀ ਹੋਣ 'ਤੇ ਉਸ ਦੀ ਜਾਣਕਾਰੀ ਨਾ ਦੇਣਾ, ਡਲਿਵਰੀ ਤੋਂ ਬਾਅਦ ਜ਼ਿਆਦਾ ਖ਼ੂਨ ਪੈਣਾ, ਇੰਫੈਕਸ਼ਨ ਹੋਣਾ, ਹਾਈ ਬਲੱਡ ਪ੍ਰੈਸ਼ਰ ਹੋਣਾ, ਅਸੁਰੱਖਿਅਤ ਗਰਭਪਾਤ ਆਦਿ ਸ਼ਾਮਲ ਹੋ ਸਕਦੇ ਹਨ। ਇਨ੍ਹਾਂ ਦੇ ਇਲਾਜ ਪ੍ਰਬੰਧਨ ਵਿੱਚ ਆਮ ਆਦਮੀ ਕਲੀਨਿਕਾਂ ਮਹੱਤਵਪੂਰਨ ਸਾਬਿਤ ਹੋ ਸਕਦੀਆਂ ਹਨ।



# ਤਰਸੇਮ ਸਿੰਘ ਕਾਹਲੋਂ ਦੀ ਦੂਜੀ ਬਰਸੀ ਮੌਕੇ 5100 ਰੁੱਖ ਲਗਾਉਣ ਦੀ ਮੁਹਿੰਮ ਸ਼ੁਰੂ

**ਅੱਡਾਂ ਸਰਾਂ (ਜਸਵੀਰ ਕਾਜਲ)** ਉੱਘੇ ਸਮਾਜ ਸੇਵਿਕ ਅਤੇ ਧਾਰਮਿਕ ਆਗੂ ਤਰਸੇਮ ਸਿੰਘ ਕਾਹਲੋਂ ਦੀ ਦੂਸਰੀ ਬਰਸੀ ਮੌਕੇ ਕੀਤੇ ਗਏ ਸਮਾਗਮ ਦੌਰਾਨ ਸ਼ਰਧਾਜਲੀਆਂ ਭੇਟ ਕਰਨ ਉਪਰੰਤ ਪਿੰਡ ਭਟੋਲੀਆ ਵਿਖੇ ਬੂਟੇ ਲਗਾਉਣ ਦੀ ਮੁਹਿੰਮ ਸ਼ੁਰੂ ਕੀਤੀ ਗਈ। ਇਸ ਮੁਹਿੰਮ ਤਹਿਤ ਵੱਖ ਵੱਖ ਜੱਥੇਬੰਦੀਆ ਅਤੇ ਕਲੱਬਾਂ ਦੇ ਸਹਿਯੋਗ ਨਾਲ ਰਵਿੰਦਰ ਸਿੰਘ ਕਾਹਲੋਂ ਪ੍ਰਧਾਨ ਸ਼ਹੀਦ ਭਗਤ ਸਿੰਘ ਕ੍ਰਾਂਤੀਕਾਰੀ ਸੁਸਾਇਟੀ ਪੰਜਾਬ ਦੀ ਅਗਵਾਈ ਹੇਠ 5100 ਵੱਖ ਵੱਖ ਕਿਸਮ ਦੇ ਪੌਦੇ ਲਗਾਏ ਜਾਣਗੇ। ਪੱਪੀ ਬਹਿਲ ਆਰ.ਟੀ.ਆਈ. ਕਨਵੀਨਰ ਪੰਜਾਬ, ਪਰਮਜੀਤ ਸਿੰਘ ਬੋਰਡ ਮੈਂਬਰ ਸ਼ਿਵਾਲਿਕ ਐਫ.ਪੀ.ਓ, ਰਾਜ ਕੁਮਾਰੀ ਪ੍ਰਧਨ ਵਿਲੇਜ਼ ਡਿਵੈਲਪਮੈਂਟ ਸੁਸਾਇਟੀ ਸਹਿਜੋਵਾਲ, ਬਲਵਿੰਦਰ ਕੌਰ ਬਹਿਲ ਰਿਟਾਇਡ ਸੀਨੀਅਰ ਅਸਿਸਟੈਂਟ ਇੰਸਟੀਚਿਊਟ ਹੈਲਥ ਐਂਡ ਫੈਮਲੀ ਵੈਲਫੇਅਰ ਪੰਜਾਬ, ਕੁਲਵਰਨ ਸਿੰਘ ਲਵਲੀ ਉੱਘੇ ਬਿਜਨਸਮੈਨ ਅਤੇ ਸਮਜ ਸੇਵਿਕ, ਜੋਗਿੰਦਰ ਸਿੰਘ ਖਾਲਸਾ ਬੋਰਡ ਮੈਂਬਰ ਅਮ੍ਰਿਤ ਧਾਰਾ ਐਫ.ਪੀ.ਓ ਭੂੰਗਾ, ਹਰਦੇਵ ਕੌਰ ਧਾਰਮਿਕ ਆਗੂ, ਸੰਤੋਖ ਕੌਰ ਕਾਹਲੋਂ ਬੋਰਡ ਮੈਂਬਰ ਅਮ੍ਰਿਤ ਧਾਰਾ ਐਫ.ਪੀ.ਓ ਭੂੰਗਾ ਆਦਿ ਨੇ ਰੁੱਖਾਂ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ। ਨਵਦੀਪ ਕੌਰ ਸੀ.ਈ.ਉ. ਹਰਿਆਲੀ ਐਫ.ਪੀ.ਓ., ਸੁਮਨਾ ਦੇਵੀ ਸੀ.ਈ.ਓ. ਕੰਡੀ ਐਫ.ਪੀ.ਓ, ਰਾਜਨ ਏ.ਸੀ.ਈ.ਓ ਸ਼ਿਵਾਲਿਕ ਐਫ.ਪੀ.ਓ., ਰਜਤ ਏ.ਸੀ.ਈ.ਓ ਹਰਿਆਲੀ ਐਫ.ਪੀ.ਓ, ਸਾਹਿਲ ਏ.ਸੀ.ਈ.ਓ. ਕੰਡੀ ਐਫ.ਪੀ.ਓ, ਦਮਨਪ੍ਰੀਤ ਕੌਰ, ਜਸਦੀਪ ਸਿੰਘ ਕਾਹਲੋਂ, ਮਨਕੀਰਤ ਸਿੰਘ ਕਾਹਲੋਂ, ਸਮਨਜੋਤ ਕੌਰ ਬੋਰਡ ਮੈਂਬਰ ਕੰਡੀ ਐਫ.ਪੀ.ਓ ਦਸੂਹਾ ਆਦਿ ਹਾਜ਼ਰ ਸਨ।

# ਡੀ ਏ ਵੀ ਕੈਂਪ ਵਿਖੇ ਐਨ ਸੀ ਸੀ ਕੈਡੇਟ ਰਾਸ਼ਟਰ ਨਿਰਮਾਣ ਦੇ ਗੌਰਵ ਵਜੋਂ ਉੱਭਰੇ

**ਜਲੰਧਰ (ਸੁਰਿੰਦਰ ਕੁਮਾਰ)**- ਨੈਸ਼ਨਲ ਕੈਡੇਟ ਕੋਰ (ਐਨਸੀਸੀ) ਨੌਜਵਾਨਾਂ ਨੂੰ ਅਨੁਸ਼ਾਸਿਤ, ਜ਼ਿੰਮੇਵਾਰ ਅਤੇ ਦੇਸ਼ ਭਗਤ ਨਾਗਰਿਕ ਬਣਾਉਣ ਦੀ ਆਪਣੀ ਸ਼ਾਨਦਾਰ ਪਰੰਪਰਾ ਨੂੰ ਬਰਕਰਾਰ ਰੱਖਦੀ ਹੈ। ਇਸ ਭਾਵਨਾ ਵਿੱਚ, ਦੋ ਪੰਜਾਬ ਐਨਸੀਸੀ ਬਟਾਲੀਅਨ, ਜਲੰਧਰ ਦਾ ਸਾਲਾਨਾ ਸਿਖਲਾਈ ਕੈਂਪ 34, ਕਰਨਲ ਵਿਨੋਦ ਜੋਸ਼ੀ ਦੀ ਗਤੀਸ਼ੀਲ ਅਗਵਾਈ ਹੇਠ ਡੀਏਵੀ ਯੂਨੀਵਰਸਿਟੀ, ਜਲੰਧਰ ਵਿਖੇ ਬਹੁਤ ਉਤਸ਼ਾਹ ਨਾਲ ਆਯੋਜਿਤ ਕੀਤਾ ਜਾ ਰਿਹਾ ਹੈ। ਇਹ ਸਾਲਾਨਾ ਕੈਂਪ ਇਸ ਗੱਲ ਦੇ ਨਮੂਨੇ ਵਜੋਂ ਖੜ੍ਹਾ ਹੈ ਕਿ ਕਿਵੇਂ ਐਨਸੀਸੀ ਨੌਜਵਾਨਾਂ ਨੂੰ ਭਾਰਤ ਦੇ ਭਵਿੱਖ ਦੇ ਅਨੁਸ਼ਾਸਿਤ ਨਾਗਰਿਕਾਂ ਵਿੱਚ ਢਾਲ ਕੇ ਰਾਸ਼ਟਰ ਨਿਰਮਾਣ ਵਿੱਚ ਸਰਗਰਮੀ ਨਾਲ ਯੋਗਦਾਨ ਪਾ ਰਿਹਾ ਹੈ।ਹੁਣ ਆਪਣੇ ਸੱਤਵੇਂ ਦਿਨ ਦੇ ਨੇੜੇ, ਕੈਂਪ 45 ਵਿਦਿਅਕ ਸੰਸਥਾਵਾਂ ਦੇ 600 ਤੋਂ ਵੱਧ ਐਨਸੀਸੀ ਕੈਡੇਟਾਂ ਲਈ ਤੀਬਰ ਅਤੇ ਸੰਪੂਰਨ ਸਿਖਲਾਈ ਸੈਸ਼ਨਾਂ ਦਾ ਗਵਾਹ ਬਣ ਰਿਹਾ ਹੈ। ਅਟੁੱਟ ਵਚਨਬੱਧਤਾ ਨਾਲ, ਇਹ ਕੈਡੇਟ ਆਪਣਾ ਸਖ਼ਤ ਸਮਾਂ-ਸਾਰਣੀ ਸਵੇਰੇ 3:00 ਵਜੇ ਸ਼ੁਰੂ ਕਰਦੇ ਹਨ ਅਤੇ ਰੋਜ਼ਾਨਾ ਰਾਤ 10:00 ਵਜੇ ਤੱਕ ਸਿਖਲਾਈ ਦਿੰਦੇ ਹਨ, ਗਰਮੀਆਂ ਦੀਆਂ ਤੀਬਰ ਸਥਿਤੀਆਂ ਦਾ ਅਨੁਸ਼ਾਸਨ ਅਤੇ ਸਮਰਪਣ ਨਾਲ ਸਾਹਮਣਾ ਕਰਦੇ ਹੋਏ।ਕੈਂਪ ਦੇ ਪਾਠਕ੍ਰਮ ਵਿੱਚ ਸਰੀਰਕ, ਫੌਜੀ ਅਤੇ ਬੌਧਿਕ ਸਿਖਲਾਈ ਦਾ ਵਿਆਪਕ ਮਿਸ਼ਰਣ ਸ਼ਾਮਲ ਹੈ। ਗਤੀਵਿਧੀਆਂ ਵਿੱਚ ਹਥਿਆਰਾਂ ਦੀ ਸੰਭਾਲ, ਪੈਰ ਅਤੇ ਹਥਿਆਰਾਂ ਦੇ ਅਭਿਆਸ, ਰੁਕਾਵਟ ਕੋਰਸ, .22 ਰਾਈਫਲ ਫਾਇਰਿੰਗ, ਅੱਗ ਬੁਝਾਉਣ ਦੀਆਂ ਤਕਨੀਕਾਂ, ਸੈਕਸ਼ਨ ਲੜਾਈ ਅਭਿਆਸ ਅਤੇ ਨਕਸ਼ਾ ਪੜ੍ਹਨਾ ਸ਼ਾਮਲ ਹਨ। ਆਧੁਨਿਕ ਤਰੱਕੀ ਦੇ ਅਨੁਸਾਰ, ਡਰੋਨ ਉਡਾਣ ਸਿਖਲਾਈ ਵੀ ਪੇਸ਼ ਕੀਤੀ ਗਈ ਹੈ।ਸੰਚਾਰ ਹੁਨਰ ਅਤੇ ਲੀਡਰਸ਼ਿਪ ਗੁਣਾਂ ਨੂੰ ਨਿਖਾਰਨ ਲਈ, ਕੈਡਿਟ ਭਾਸ਼ਣ ਪ੍ਰਦਰਸ਼ਨਾਂ, ਅਸਧਾਰਨ ਭਾਸ਼ਣ ਅਤੇ ਬਹਿਸ ਮੁਕਾਬਲਿਆਂ ਵਿੱਚ ਸਰਗਰਮੀ ਨਾਲ ਹਿੱਸਾ ਲੈ ਰਹੇ ਹਨ। ਸੱਭਿਆਚਾਰਕ ਸੰਸ਼ੋਧਨ ਲਈ, ਜੀਵੰਤ ਸੱਭਿਆਚਾਰਕ ਅਤੇ ਸੰਸਕ੍ਰਿਤਿਕ ਗਤੀਵਿਧੀਆਂ ਆਯੋਜਿਤ ਕੀਤੀਆਂ ਜਾ ਰਹੀਆਂ ਹਨ, ਜੋ ਭਾਰਤ ਦੀ ਵਿਭਿੰਨਤਾ ਵਿੱਚ ਏਕਤਾ ਨੂੰ ਦਰਸਾਉਂਦੀਆਂ ਹਨ। ਸਰੀਰਕ ਤੰਦਰੁਸਤੀ ਐਨਸੀਸੀ ਸਿਖਲਾਈ ਦਾ ਇੱਕ ਅਧਾਰ ਬਣੀ ਹੋਈ ਹੈ, ਜਿਸ ਵਿੱਚ ਵਾਲੀਬਾਲ, ਬਾਸਕਟਬਾਲ, ਰੱਸਾ ਕੱਸੀ, ਅਤੇ ਖੋ-ਖੋ ਵਰਗੇ ਪ੍ਰੋਗਰਾਮ ਕੈਂਪ ਦੇ ਮਾਹੌਲ ਨੂੰ ਊਰਜਾਵਾਨ ਬਣਾਉਂਦੇ ਹਨ।ਇਹ ਕੈਂਪ ਇਸ ਗੱਲ ਦੀ ਇੱਕ ਸ਼ਾਨਦਾਰ ਉਦਾਹਰਣ ਹੈ ਕਿ ਕਿਵੇਂ ਐਨਸੀਸੀ ਕੱਲ੍ਹ ਦੇ ਨੇਤਾਵਾਂ ਦੀ ਤਿਆਰੀ ਕਰ ਰਹੀ ਹੈ, ਅਨੁਸ਼ਾਸਨ, ਸੇਵਾ ਅਤੇ ਰਾਸ਼ਟਰੀ ਮਾਣ ਦੇ ਮੁੱਲ ਪੈਦਾ ਕਰ ਰਹੀ ਹੈ। ਕਰਨਲ ਵਿਨੋਦ ਜੋਸ਼ੀ ਦੀ ਕਮਾਂਡ ਹੇਠ, ਸਿਖਲਾਈ ਨਵੀਆਂ ਉਚਾਈਆਂ 'ਤੇ ਪਹੁੰਚ ਗਈ ਹੈ, ਅਤੇ ਕੈਡਿਟ ਨਾ ਸਿਰਫ਼ ਸਰੀਰਕ ਤੌਰ 'ਤੇ ਤੰਦਰੁਸਤ ਵਿਅਕਤੀਆਂ ਵਜੋਂ ਉੱਭਰ ਰਹੇ ਹਨ, ਸਗੋਂ ਭਾਰਤ ਦੇ ਆਤਮਵਿਸ਼ਵਾਸੀ ਅਤੇ ਵਚਨਬੱਧ ਨਾਗਰਿਕਾਂ ਵਜੋਂ ਵੀ ਉੱਭਰ ਰਹੇ ਹਨ।



# ਸਿਹਤ ਵਿਭਾਗ ਨੇ ਪ੍ਰਾਈਵੇਟ ਹਸਪਤਾਲਾਂ ਦੇ ਸਟਾਫ ਨੂੰ ਯੂ-ਵਿਨ ਪੋਰਟਲ ਸੰਬੰਧੀ ਦਿੱਤੀ ਗਈ ਟਰੇਨਿੰਗ

**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)** ਸਿਹਤ ਵਿਭਾਗ ਵੱਲੋਂ ਲੋਕਾਂ ਨੂੰ ਹੋਰ ਬਿਹਤਰ ਸਿਹਤ ਸੇਵਾਵਾਂ ਪ੍ਰਦਾਨ ਕਰਨ ਦੇ ਮਕਸਦ ਨਾਲ ਲਗਾਤਾਰ ਲੋੜੀਂਦੇ ਉਪਰਾਲੇ ਕੀਤੇ ਜਾ ਰਹੇ ਹਨ ਜਿਸ ਦੇ ਤਹਿਤ ਸਿਵਲ ਸਰਜਨ ਡਾ. ਗੁਰਮੀਤ ਲਾਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਮੰਗਲਵਾਰ ਨੂੰ ਸਿਵਲ ਸਰਜਨ ਦਫਤਰ ਜਲੰਧਰ ਵਿਖੇ ਯੂ-ਵਿਨ ਪੋਰਟਲ ਸੰਬੰਧੀ ਇੱਕ ਦਿਨਾਂ ਟਰੇਨਿੰਗ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਜਿਲ੍ਹਾ ਟੀਕਾਕਰਨ ਅਫਸਰ ਡਾ. ਰਾਕੇਸ਼ ਚੌਪੜਾ ਦੀ ਅਗਵਾਈ ਵਿੱਚ ਹੋਏ ਇਸ ਟਰੇਨਿੰਗ ਪ੍ਰੋਗਰਾਮ 'ਚ ਜਲੰਧਰ ਸ਼ਹਿਰ ਦੇ ਵੱਖ -ਵੱਖ ਹਸਪਤਾਲਾਂ ਦੇ ਪ੍ਰਤੀਨਿਧਾਂ ਨੇ ਹਿੱਸਾ ਲਿਆ।ਇਸ ਮੌਕੇ ਜ਼ਿਲ੍ਹਾ ਪਰਵਾਰ ਭਲਾਈ ਅਫਸਰ ਡਾ. ਰਮਨ ਗੁਪਤਾ, ਪੁਨੀਤ ਕੁਮਾਰ ਯੂ-ਵਿਨ ਕੋਆਰਡੀਨੇਟਰ ਪ੍ਰੋਜੈਕਟ ਐਸੋਸੀਏਟ, ਰਿਜਨਲ ਅੰਮ੍ਰਿਤਸਰ, ਸ਼੍ਰੀਮਤੀ ਕਿਰਨ ਯੂ-ਵਿਨ ਕੋਆਰਡੀਨੇਟਰ, ਤਰੁਨ ( ਵੀ ਸੀ ਸੀ ਐਮ), ਡਿਪਟੀ ਐਮ ਈ ਆਈ ਓ ਅਸੀਮ ਸ਼ਰਮਾ ਅਤੇ ਡਾ. ਸੁਰਭੀ ਅਰਬਨ ਕੋਆਰਡੀਨੇਟਰ ਮੌਜੂਦ ਸਨ ।ਜ਼ਿਲ੍ਹਾ ਟੀਕਾਕਰਨ ਅਫਸਰ ਡਾ. ਰਾਕੇਸ਼ ਚੌਪੜਾ ਨੇ ਯੂ-ਵਿਨ ਪੋਰਟਲ ਬਾਰੇ ਜਾਣਕਾਰੀ ਦਿੰਦਿਆ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਗਰਭਵਤੀ ਔਰਤਾਂ ਅਤੇ ਬੱਚਿਆਂ ਦੇ ਰੁਟੀਨ ਟੀਕਾਕਰਨ ਦਾ ਮੁਕੰਮਲ ਆਨਲਾਈਨ ਰਿਕਾਰਡ ਯੂ-ਵਿਨ ਪੋਰਟਲ 'ਤੇ ਰੱਖਿਆ ਜਾਂਦਾ ਹੈ। ਉਨਾਂ ਕਿਹਾ ਕਿ ਯੂ-ਵਿਨ ਪਲੇਟਫਾਰਮ ਇੱਕ ਡਿਜੀਟਲ ਸਲਿਊਸ਼ਨ ਹੈ ਜੋ ਹਰ ਇੱਕ ਗਰਭਵਤੀ ਔਰਤ ਨਵ-ਜਨਮੇ ਬੱਚੇ, ਬੱਚੇ ਅਤੇ ਕਿਸ਼ੋਰ ਨੂੰ ਟੀਕਾਕਰਨ ਲਈ ਟਰੈਕ ਕਰਨ ਦੀ ਸਹੂਲਤ ਦਿੰਦਾ ਹੈ। ਇਹ ਸਿਸਟਮ ਟੀਕਾਕਰਨ ਸੈਸ਼ਨਾਂ ਦੀ ਯੋਜਨਾਬੰਦੀ ਲਾਭਪਾਤਰੀਆਂ ਦੀ ਰਜਿਸਟਰੇਸ਼ਨ, ਟੀਕਾਕਰਨ ਸਥਿਤੀ ਨੂੰ ਡਿਜੀਟਲ ਰੂਪ ਵਿੱਚ ਅਪਡੇਟ ਕਰਨ, ਯੂ. ਆਈ. ਪੀ. ਲਈ ਸਾਰੇ ਡੈਟਾ ਦੀ ਰਿਕਾਰਡਿੰਗ ਅਤੇ ਰਿਪੋਰਟਿੰਗ ਕਰਨ ਦੀ ਸਹੂਲਤ ਦਿੰਦਾ ਹੈ ।ਜ਼ਿਲ੍ਹਾ ਟੀਕਾਕਰਨ ਅਫਸਰ ਡਾ. ਚੋਪੜਾ ਨੇ ਪ੍ਰਾਈਵੇਟ ਹਸਪਤਾਲਾਂ ਨੂੰ ਕਿਹਾ ਕਿ ਜਦੋਂ ਵੀ ਉਹ ਬੱਚਿਆਂ ਨੂੰ ਟੀਕਿਆਂ ਦੀਆਂ ਜਨਮ ਖੁਰਾਕਾਂ ਪ੍ਰਦਾਨ ਕਰਨ ਉਸ ਸਮੇਂ ਯੂ-ਵਿਨ ਪੋਰਟਲ ਦੀ ਵਰਤੋਂ ਕਰਦੇ ਹੋਏ ਰਿਕਾਰਡ ਦੀ ਆਨ-ਲਾਈਨ ਅਪਡੇਸ਼ਨ ਕਰਨਾ ਯਕੀਨੀ ਬਣਾਇਆ ਜਾਵੇ ਤਾਂ ਜੋ ਕੋਈ ਵੀ ਬੱਚਾ ਟੀਕਾਕਰਨ ਕਰਵਾਉਣ ਤੋਂ ਵਾਂਝਾ ਨਾ ਰਹਿ ਜਾਵੇ। ਉਨ੍ਹਾਂ ਕਿਹਾ ਕਿ ਹੁਣ ਤੱਕ ਜਲੰਧਰ ਜਿਲ੍ਹੇ ਦੇ 42 ਪ੍ਰਾਈਵੇਟ ਹਸਪਤਾਲਾਂ ਜਿੱਥੇ ਡਿਲਿਵਰੀ ਪੁਆਇਟ ਹਨ ਨੂੰ ਆਈ ਡੀ ਪਾਸਵਰਡ ਦੇ ਕੇ ਟਰੇਨਿੰਗ ਦਿੱਤੀ ਜਾ ਚੁੱਕੀ ਹੈ । ਇਸ ਟਰੇਨਿੰਗ ਦਾ ਮਕਸਦ ਡਿਲਿਵਰੀ ਸੰਬੰਧੀ ਸਾਰੀ ਜਾਣਕਾਰੀ ਯੂ-ਵਿਨ ਪੋਰਟਲ ਤੇ ਅਪਲੋਡ ਕਰਨਾ ਹੈ। ਇਸ ਦੇ ਨਾਲ ਹੀ ਉਨ੍ਹਾਂ ਦੱਸਿਆ ਕਿ ਜਿਸ ਬੱਚੇ ਦੀ ਟੀਕਾਕਰਨ ਸੰਬੰਧੀ ਐਂਟਰੀ ਯੂ-ਵਿਨ ਪੋਰਟਲ 'ਤੇ ਹੋਈ ਹੋਵੇਗੀ ਉਨ੍ਹਾਂ ਬੱਚਿਆਂ ਦਾ ਟੀਕਾਕਰਨ ਸਰਟੀਫਿਕੇਟ ਯੂ-ਵਿਨ ਪੋਰਟਲ ਤੋਂ ਕਦੇ ਵੀ ਪ੍ਰਾਪਤ ਕੀਤਾ ਜਾ ਸਕਦਾ ਹੈ । ਜਿਸ ਬੱਚੇ ਦੀ ਯੂ-ਵਿਨ ਪੋਰਟਲ 'ਤੇ ਐਂਟਰੀ ਹੈ ਉਹ ਭਾਰਤ ਵਿੱਚ ਕਿਸੇ ਵੀ ਸਰਕਾਰੀ ਹਸਪਤਾਲ ਵਿੱਚ ਜਾ ਕੇ ਆਪਣਾ ਟੀਕਾਕਰਨ ਕਰਵਾ ਸਕਦਾ ਹੈ । ਡਾ. ਰਾਕੇਸ਼ ਚੌਪੜਾ ਵੱਲੋਂ ਉਨ੍ਹਾਂ ਸਾਰੇ ਪ੍ਰਾਈਵੇਟ ਹਸਪਤਾਲਾਂ ਜਿੱਥੇ ਪ੍ਰਾਈਵੇਟ ਡਿਲਿਵਰੀ ਪੁਆਇਟ ਹਨ ਨੂੰ ਅਪੀਲ ਕੀਤੀ ਗਈ ਕਿ ਜਿਨ੍ਹਾਂ ਵੱਲੋਂ ਯੂ ਵਿਨ ਦੇ ਆਈ. ਡੀ. ਪਾਸਵਰਡ ਨਹੀਂ ਲਏ ਗਏ ਉਹ ਜ਼ਿਲ੍ਹਾ ਟੀਕਾਕਰਨ ਅਫਸਰ ਨਾਲ ਤਾਲਮੇਲ ਕਰਕੇ ਆਈ. ਡੀ. ਪਾਸਵਰਡ ਤਿਆਰ ਕਰਵਾ ਲੈਣ ਤਾਂ ਜੋ ਹਰ ਬੱਚੇ ਦੀ ਯੂ-ਵਿਨ ਪੋਰਟਲ 'ਤੇ ਐਂਟਰੀ 100 ਪ੍ਰਤੀਸ਼ਤ ਕੀਤੀ ਜਾ ਸਕੇ ।



18 Jun Page-9.qxd 6/17/2025 10:39 PM Page 1



## ਨਸ਼ਾ ਤਸਕਰ ਪਾਸੋਂ ਨਸ਼ੀਲੀਆ ਗੋਲੀਆਂ ਤੇ ਡਰੱਗ ਮਨੀ ਬਰਾਮਦ



**ਆਦਮਪੁਰ (ਪਰਮਜੀਤ ਸਿੰਘ):** ਹਰਦੇਵਪ੍ਰੀਤ ਸਿੰਘ ਮੁੱਖ ਅਫਸਰ ਥਾਣਾ ਆਦਮਪੁਰ ਦੀ ਪੁਲਸ ਪਾਰਟੀ ਵੱਲੋਂ ਇੱਕ ਨਸ਼ਾ ਤਸਕਰ ਨੂੰ ਗ੍ਰਿਫਤਾਰ ਕਰਕੇ ਉਸ ਪਾਸੋਂ 120 ਨਸ਼ੀਲੀਆਂ ਗੋਲੀਆਂ 6500 ਰੁਪਏ ਡਰਗ ਮਨੀ ਬ੍ਰਾਮਦ ਕਰਕੇ ਸਫਲਤਾ ਹਾਸਲ ਕੀਤੀ ਹੈ।ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਕੁਲਵੰਤ ਸਿੰਘ, ਪੀ ਪੀ ਐਸ ਉਪ ਪੁਲਸ ਕਪਤਾਨ ਸਬ ਡਵੀਜਨ ਆਦਮਪੁਰ ਨੇ ਦੱਸਿਆ ਕਿ ਮਿਤੀ 16.06.2025 ਨੂੰ ਏ ਐਸ ਆਈ ਪਰਮਜੀਤ ਸਿੰਘ ਸਮੇਤ ਪੁਲਸ ਪਾਰਟੀ ਦੇ ਦੌਲੀਕੇ ਸੁੰਦਰਪੁਰ ਮੋੜ ਅਲਾਵਲਪੁਰ ਮੌਜੂਦ ਸੀ ਤਾਂ ਆਦਮਪੁਰ ਦੀ ਤਰਫੋਂ ਇਕ ਵਿਅਕਤੀ ਮੋਟਰਸਾਇਕਲ 'ਤੇ ਸਵਾਰ ਹੋ ਕੇ ਆਉਂਦਾ ਦਿਖਾਈ ਦਿੱਤਾ ਜੋ ਪੁਲਸ ਪਾਰਟੀ ਨੂੰ ਦੇਖ ਕੇ ਮੋਟਰਸਾਈਕਲ ਪਿੱਛੇ ਨੂੰ ਮੋੜਨ ਲੱਗਾ। ਜਿਸਨੂੰ ਸ਼ੱਕ ਦੀ ਬਿਨਾਹ ਪਰ ਸਾਥੀ ਕਰਮਚਾਰੀਆਂ ਦੀ ਮਦਦ ਨਾਲ ਉਸ ਮੋਟਰਸਾਇਕਲ ਸਵਾਰ ਵਿਅਕਤੀ ਨੂੰ ਕਾਬੂ ਕੀਤਾ ਜਿਸ ਨੇ ਆਪਣਾ ਨਾਂਅ ਹਨੀ ਵਾਸੀ ਮੁਹੱਲਾ ਅਜੀਤ ਨਗਰ ਵਾਰਡ ਨੰਬਰ 10 ਦੁਸਿਹਰਾ ਗਰਾਊਂਡ ਆਦਮਪੁਰ ਥਾਣਾ ਆਦਮਪੁਰ ਜਿਲ੍ਹਾ ਜਲੰਧਰ ਦੱਸਿਆ। ਜਿਸ ਦੀ ਤਲਾਸ਼ੀ ਲੈਣ 'ਤੇ 120 ਖੁੱਲ੍ਹੀਆ ਨਸ਼ੀਲੀਆ ਗੋਲੀਆ ਅਤੇ 6500 ਰੁਪਏ ਡਰੱਗ ਮਨੀ ਬ੍ਰਾਮਦ ਹੋਈ। ਮੁਲਜ਼ਮ ਹਨੀ 'ਤੇ ਮੁਕਦਮਾ ਰਜਿਸਟਰ ਕਰਕੇ ਗ੍ਰਿਫਤਾਰ ਕਰ ਲਿਆ ਗਿਆ।

## ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਵੱਲੋਂ ਰਾਜਨੀਤਕ ਪਾਰਟੀਆਂ ਦੇ ਮੈਂਬਰਾਂ ਨਾਲ ਮੀਟਿੰਗ

**ਮੋਹਾਲੀ (ਗੁਰਜੀਤ ਬਿੱਲਾ)-** ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫਸਰ ਵੱਲੋਂ ਜ਼ਿਲ੍ਹੇ ਦੀਆਂ ਸਮੂਹ ਮਾਨਤਾ ਪ੍ਰਾਪਤ ਰਾਜਨੀਤਿਕ ਪਾਰਟੀਆਂ ਨਾਲ ਮੀਟਿੰਗ ਕੀਤੀ ਗਈ, ਜਿਸ ਵਿੱਚ ਉਨ੍ਹਾਂ ਵੱਲੋਂ ਦੱਸਿਆ ਗਿਆ ਕਿ ਭਾਰਤ ਦੇ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਹਰੇਕ ਪੋਲਿੰਗ ਸਟੇਸ਼ਨ ਤੇ ਬੀ.ਐਲ.ਏ ਲਗਾਏ ਜਾਣੇ ਹਨ। ਉਨ੍ਹਾਂ ਦੱਸਿਆ ਕਿ ਬੀ.ਐਲ.ਏ-1 ਸਬੰਧੀ ਪ੍ਰੋਫਾਰਮਾ ਪਾਰਟੀ ਦੇ ਪ੍ਰਧਾਨ/ਸਕੱਤਰ ਵੱਲੋਂ ਭਰਿਆ ਜਾਣਾ ਹੈ। ਇਸ ਪ੍ਰੋਫਾਰਮੇ ਵਿੱਚ ਪ੍ਰਧਾਨ/ਸਕੱਤਰ ਜ਼ਿਲ੍ਹਾ/ਹਲਕਾ ਪੱਧਰ ਤੇ ਬੀ.ਐਲ.ਏ ਨਿਯੁਕਤ ਕਰਨ ਲਈ ਅਧਿਕਾਰਿਤ ਵਿਅਕਤੀ ਦੀ ਨਿਯੁਕਤੀ ਕਰੇਗਾ। ਬੀ.ਐਲ.ਏ-1 ਪ੍ਰੋਫਾਰਮ ਵਿੱਚ ਨਿਯੁਕਤ ਕੀਤੇ ਗਏ ਅਧਿਕਾਰਿਤ ਵਿਅਕਤੀ ਵੱਲੋਂ ਬੀ.ਐਲ.ਏ-2 ਪ੍ਰੋਫਾਰਮਾ ਭਰਕੇ ਦਿੱਤਾ ਜਾਣਾ ਯਕੀਨੀ ਬਣਾਇਆ ਜਾਵੇ। ਜਿਸ ਵਿੱਚ ਉਹ ਬੂਥ ਲੈਵਲ ਤੇ ਬੀ.ਐਲ.ਏ ਦੀ ਨਿਯੁਕਤੀ ਕਰੇਗਾ। ਸਮੂਹ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਫਾਰਮਾਂ ਬਾਰੇ ਵੀ ਦੱਸਿਆ ਗਿਆ ਕਿ ਫਾਰਮ ਨੰ. 6 ਵੋਟਰ ਸੂਚੀ ਵਿੱਚ ਨਵੀਂ ਰਜਿਸਟ੍ਰੇਸ਼ਨ ਲਈ, ਫਾਰਮ ਨੰ. 6 ਏ ਵੋਟਰ ਸੂਚੀ ਵਿੱਚ ਪ੍ਰਵਾਸੀ ਭਾਰਤੀ ਵੋਟਰ (ਐਨ.ਆਰ.ਆਈ) ਨੂੰ ਸ਼ਾਮਲ ਕਰਨ ਲਈ, ਫਾਰਮ ਨੰ. 7 ਕਿਸੇ ਵਿਅਕਤੀ ਨੂੰ ਆਪਣੇ ਹਲਕੇ ਦੀ ਵੋਟਰ ਸੂਚੀ ਵਿੱਚ ਦਰਜ ਨਾਵਾਂ 'ਤੇ ਜੇਕਰ ਇਤਰਾਜ ਹੈ ਜਾਂ ਕੋਈ ਨਾਮ ਕਟਵਾਉਣ ਲਈ, ਫਾਰਮ ਨੰ. 8 ਵੋਟਰ ਸੂਚੀ ਵਿੱਚ ਦਰਜ ਵੇਰਵਿਆਂ ਵਿੱਚ ਕਿਸੇ ਵੀ ਤਰ੍ਹਾਂ ਦੀ ਸੋਧ ਲਈ, ਇੱਕ ਹਲਕੇ ਵਿੱਚੋਂ ਦੂਜੇ ਹਲਕੇ ਵਿੱਚ ਰਿਹਾਇਸ ਬਦਲਣ ਕਰਕੇ ਵੋਟਰ ਸੂਚੀ ਵਿੱਚ ਦਰਜ ਪਤਾ ਬਦਲਣ ਲਈ, ਮੌਜੂਦਾ ਹਲਕੇ ਅੰਦਰ ਰਿਹਾਇਸ਼ ਬਦਲਣ ਲਈ ਅਤੇ ਡੁਪਲੀਕੇਟ ਵੋਟਰ ਕਾਰਡ ਲਈ ਭਰਿਆ ਜਾ ਸਕਦਾ ਹੈ। ਵਧੇਰੇ ਜਾਣਕਾਰੀ ਲਈ ਟੋਲ ਫ੍ਰੀ ਨੰਬਰ 1950 'ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ। ਉਨ੍ਹਾਂ ਵੱਲੋਂ ਇਹ ਵੀ ਦੱਸਿਆ ਗਿਆ ਕਿ ਭਾਰਤ ਦੇ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਜਿਹੜੇ ਪੋਲਿੰਗ ਸਟੇਸ਼ਨ 'ਤੇ 1200 ਤੋਂ ਵੱਧ ਵੋਟਾਂ ਬਣੀਆਂ ਹੋਇਆ ਹਨ, ਉਨ੍ਹਾਂ ਪੋਲਿੰਗ ਸਟੇਸ਼ਨਾਂ ਦੀ ਰੈਸ਼ਨੇਲਾਈਜ਼ੇਸ਼ਨ ਕੀਤੀ ਜਾਣੀ ਹੈ। ਮੀਟਿੰਗ ਵਿੱਚ ਜਸਵੀਰ ਲਾਲ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ, ਹਰਕੇਸ਼ ਚੰਦ ਸ਼ਰਮਾ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ, ਅਨਿਲ ਕੁਮਾਰ, ਭਾਰਤੀ ਜਨਤਾ ਪਾਰਟੀ, ਰਾਧੇ ਸ਼ਿਆਮ, ਭਾਰਤੀ ਜਨਤਾ ਪਾਰਟੀ, ਅਸ਼ਵਨੀ ਸ਼ਰਮਾ, ਸ਼੍ਰੋਮਣੀ ਅਕਾਲੀ ਦਲ, ਸਤਨਾਮ ਸਿੰਘ, ਸ਼੍ਰੋਮਣੀ ਅਕਾਲੀ ਦਲ, ਸੁਰਇੰਦਰ ਸਿੰਘ, ਸ਼੍ਰੋਮਣੀ ਅਕਾਲੀ ਦਲ, ਬਹਾਦਰ ਸਿੰਘ, ਆਮ ਆਦਮੀ ਪਾਰਟੀ, ਰਜਿੰਦਰ ਪ੍ਰਸ਼ਾਦ ਸ਼ਰਮਾ, ਆਮ ਆਦਮੀ ਪਾਰਟੀ, ਹਰਕਾਦਾਸ ਧਾਲੀਵਾਲ, ਬਹੁਜਨ ਸਮਾਜ ਪਾਰਟੀ, ਸੰਜੇ ਕੁਮਾਰ, ਚੋਣ ਤਹਿਸੀਲਦਾਰ ਅਤੇ ਸੁਰਿੰਦਰ ਕੁਮਾਰ, ਚੋਣ ਕਾਨੂੰਗੋ, ਡੇਰਾ ਬੱਸੀ ਹਾਜ਼ਰ ਸਨ।



## 21 ਨੂੰ ਪੁਲਸ ਲਾਈਨ ਗਰਾਊਂਡ 'ਚ ਮਨਾਇਆ ਜਾਵੇਗਾ ਅੰਤਰਰਾਸ਼ਟਰੀ ਯੋਗ ਦਿਵਸ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)-** ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਨੇ 11ਵੇਂ ਅੰਤਰਰਾਸ਼ਟਰੀ ਯੋਗ ਦਿਵਸ ਮੌਕੇ ਕਰਵਾਏ ਜਾਣ ਵਾਲੇ ਜ਼ਿਲ੍ਹਾ ਪੱਧਰੀ ਸਮਾਗਮ ਦੀਆਂ ਤਿਆਰੀਆਂ ਸਬੰਧੀ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਇਸ ਮੌਕੇ ਉਨ੍ਹਾਂ ਦੱਸਿਆ ਕਿ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵੱਖ-ਵੱਖ ਸੰਸਥਾਵਾਂ ਦੇ ਸਹਿਯੋਗ ਨਾਲ 21 ਜੂਨ 2025 ਨੂੰ ਪੁਲਸ ਲਾਈਨ ਗਰਾਊਂਡ ਵਿਖੇ ਸਵੇਰੇ 7 ਤੋਂ 8 ਵਜੇ ਤੱਕ ਜ਼ਿਲ੍ਹਾ ਪੱਧਰ 'ਤੇ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਸਵੇਰੇ 6.30 ਤੋਂ 7 ਵਜੇ ਤੱਕ ਰਜਿਸਟ੍ਰੇਸ਼ਨ ਹੋਵੇਗੀ। ਉਨ੍ਹਾਂ ਸਮੂਹ ਸਬੰਧਤ ਵਿਭਾਗਾਂ ਨੂੰ ਨਿਰਦੇਸ਼ ਦਿੱਤੇ ਕਿ ਉਹ ਸੌਂਪੀ ਗਈ ਜ਼ਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਉਣ ਤਾਂ ਜੋ ਸਮਾਗਮ ਨੂੰ ਸਫਲਤਾ ਪੂਰਵਕ ਨੇਪਰੇ ਚਾੜ੍ਹਿਆ ਜਾ ਸਕੇ। ਉਨ੍ਹਾਂ ਸਮਾਗਮ ਦੇ ਨੋਡਲ ਅਫ਼ਸਰ ਡਾ. ਹਰੀਸ਼ ਭਾਟੀਆ ਨੂੰ ਨਿਰਦੇਸ਼ ਦਿੰਦਿਆਂ ਕਿਹਾ ਕਿ ਉਹ ਨਿੱਜੀ ਤੌਰ 'ਤੇ ਪ੍ਰੋਗਰਾਮ ਦੀਆਂ ਤਿਆਰੀਆਂ ਦੀ ਸਮੀਖਿਆ ਕਰਨ ਅਤੇ ਸਾਰੇ ਪ੍ਰਬੰਧਾਂ ਨੂੰ ਨਿਸ਼ਚਿਤ ਸਮੇਂ ਵਿਚ ਮੁਕੰਮਲ ਕਰਨ ਨੂੰ ਯਕੀਨੀ ਬਣਾਉਣ। ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪੁਲਸ ਲਾਈਨ ਵਿਚ ਜ਼ਿਲ੍ਹਾ ਪੱਧਰੀ ਯੋਗ ਦਿਵਸ ਮੌਕੇ ਵੱਖ-ਵੱਖ ਟ੍ਰੇਨਰਾਂ ਵੱਲੋਂ ਯੋਗ ਕਰਵਾਇਆ ਜਾਵੇਗਾ ਅਤੇ ਯੋਗ ਆਸਣ ਦੇ ਮਹੱਤਵ ਬਾਰੇ ਵੀ ਜਾਣਕਾਰੀ ਦਿੱਤੀ ਜਾਵੇਗੀ। ਉਨ੍ਹਾਂ ਸਬੰਧਤ ਵਿਭਾਗਾਂ ਨੂੰ ਆਪਣੇ ਨਾਲ ਸਬੰਧਤ ਤਿਆਰੀਆਂ ਨੂੰ ਸਮੇਂ ਸਿਰ ਪੂਰਾ ਕਰਨ ਲਈ ਕਿਹਾ। ਉਨ੍ਹਾਂ ਸਮਾਜ ਸੇਵੀ ਸੰਸਥਾਵਾਂ, ਪੁਲਿਸ ਵਿਭਾਗ, ਪੀ.ਆਰ.ਟੀ.ਸੀ ਜਹਾਨ ਖੇਲਾਂ, ਬੀ.ਐਸ.ਐਫ ਕੈਂਪ ਖੜਕਾਂ, ਕਾਲਜਾਂ ਦੇ ਵਿਦਿਆਰਥੀਆਂ, ਯੂਥ ਕਲੱਬਾਂ ਦੇ ਮੈਂਬਰਾਂ ਸਮੇਤ ਸਮੂਹ ਵਿਭਾਗਾਂ ਦੇ ਮੁਲਾਜ਼ਮਾਂ ਅਤੇ ਯੋਗ ਪ੍ਰੇਮੀਆਂ ਨੂੰ ਅਪੀਲ ਕੀਤੀ ਕਿ ਉਹ 21 ਜੂਨ 2025 ਨੂੰ ਸਵੇਰੇ 6.30 ਵਜੇ ਪੁਲਿਸ ਲਾਈਨ ਗਰਾਊਂਡ ਹੁਸ਼ਿਆਰਪੁਰ ਵਿਚ ਪਹੁੰਚ ਕੇ ਇਸ ਜ਼ਿਲ੍ਹਾ ਪੱਧਰੀ ਯੋਗ ਦਿਵਸ ਵਿਚ ਵੱਧ ਤੋਂ ਵੱਧ ਗਿਣਤੀ ਵਿਚ ਸ਼ਿਰਕਤ ਕਰਨ। ਉਨ੍ਹਾਂ ਇਸ ਦੌਰਾਨ ਰਿਫਰੈਸ਼ਮੈਂਟ, ਪੀਣ ਵਾਲੇ ਪਾਣੀ, ਸਫ਼ਾਈ, ਮੁੱਢਲੀ ਸਹਾਇਤਾ, ਟ੍ਰੈਫਿਕ, ਟੈਂਟ, ਸਾਊਂਡ ਅਤੇ ਹੋਰਨਾਂ ਪ੍ਰਬੰਧਾਂ ਸਬੰਧੀ ਵੀ ਸਬੰਧਤ ਵਿਭਾਗਾਂ ਨੂੰ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਯੋਗ ਲਈ ਵਿਦਿਆਰਥੀਆਂ ਨੂੰ ਉਤਸ਼ਾਹਿਤ ਕੀਤਾ ਜਾਵੇ ਅਤੇ ਸਕੂਲਾਂ ਤੇ ਕਾਲਜਾਂ ਦੇ ਵਿਦਿਆਰਥੀਆਂ ਦੀ ਹਿੱਸੇਦਾਰੀ ਨੂੰ ਯਕੀਨੀ ਬਣਾਇਆ ਜਾਵੇ। ਇਸ ਮੌਕੇ ਐਸ. ਡੀ. ਐਮ ਹੁਸ਼ਿਆਰਪੁਰ ਗੁਰਸਿਮਰਨਜੀਤ ਕੌਰ, ਮੁੱਖ ਮੰਤਰੀ ਫੀਲਡ ਅਫਸਰ ਪਰਮਪ੍ਰੀਤ ਸਿੰਘ, ਐਸ.ਪੀ ਨਵਨੀਤ ਕੌਰ ਗਿੱਲ, ਨੋਡਲ ਅਫ਼ਸਰ ਡਾ. ਹਰੀਸ਼ ਭਾਟੀਆ, ਜ਼ਿਲ੍ਹਾ ਕੋਆਰਡੀਨੇਟਰ ਸੀ.ਐਮ ਦੀ ਯੋਗਸ਼ਾਲਾ ਮਾਧਵੀ ਸਿੰਘ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ, ਸਮਾਜ ਸੇਵੀ ਸੰਸਥਾਵਾਂ ਅਤੇ ਸਕੂਲਾਂ-ਕਾਲਜਾਂ ਦੇ ਨੁਮਾਇੰਦੇ ਵੀ ਮੌਜੂਦ ਸਨ।

## ਅਸਹਿ ਗਰਮੀ 'ਚ ਮੋਹਾਲੀ ਦੇ ਲੋਕ ਬਿਨਾਂ ਬਿਜਲੀ ਦੇ ਰਾਤਾਂ ਕੱਟਣ ਲਈ ਮਜਬੂਰ : ਬਲਬੀਰ ਸਿੰਘ ਸਿੱਧੂ

**ਮੋਹਾਲੀ (ਗੁਰਜੀਤ ਬਿੱਲਾ)** ਪੰਜਾਬ ਦੇ ਸਾਬਕਾ ਸਿਹਤ ਮੰਤਰੀ ਅਤੇ ਸੀਨੀਅਰ ਕਾਂਗਰਸੀ ਆਗੂ ਬਲਬੀਰ ਸਿੰਘ ਸਿੱਧੂ ਨੇ ਭਗਵੰਤ ਮਾਨ ਸਰਕਾਰ ਵੱਲੋਂ ਕੀਤੇ ਗਏ ਮੁਫ਼ਤ ਬਿਜਲੀ ਅਤੇ 24 ਘੰਟੇ ਬਿਜਲੀ ਸਪਲਾਈ ਦੇ ਵਾਅਦੇ 'ਤੇ ਸਵਾਲ ਚੁੱਕਦਿਆਂ ਕਿਹਾ, ਅੱਜ ਮੋਹਾਲੀ ਦਾ ਤਾਪਮਾਨ 40 ਡਿਗਰੀ ਟੱਪ ਰਿਹਾ ਹੈ, ਹਰ ਰਾਤ 8-10 ਘੰਟੇ ਦੇ ਪਾਵਰ ਕੱਟ ਲਗ ਰਹੇ ਹਨ, ਲੋਕ ਬਿਨਾਂ ਬਿਜਲੀ ਤੋਂ ਰਾਤਾਂ ਕੱਟਣ ਲਈ ਮਜਬੂਰ ਹਨ। ਹਾਲ ਹੀ ਵਿੱਚ ਮਨੀਸ਼ ਸਿਸੋਦੀਆ ਵਲੋਂ ਜ਼ੀਰੋ ਪਾਵਰ ਕੱਟ ਨੂੰ ਲੈ ਕੇ ਕੀਤੇ ਗਏ ਇੱਕ ਟਵੀਟ 'ਤੇ ਨਿਸ਼ਾਨਾ ਸਾਧਦਿਆਂ ਸਿੱਧੂ ਨੇ ਕਿਹਾ, ਇਸ ਅਸਹਿ ਗਰਮੀ ਵਿੱਚ, ਪੰਜਾਬ ਵਿੱਚ ਬਿਜਲੀ ਕੱਟਾਂ ਕਾਰਨ ਲੋਕ ਆਪਣੀਆਂ ਕਾਰਾਂ ਵਿੱਚ ਸੌਣ ਲਈ ਮਜਬੂਰ ਹੋ ਰਹੇ ਹਨ ਅਤੇ ਦਿੱਲੀ ਤੋਂ ਆਏ ਮਨੀਸ਼ ਸਿਸੋਦੀਆ ਵਲੋਂ ਇਹ ਦਾਅਵਾ ਕੀਤਾ ਜਾ ਰਿਹਾ ਹੈ ਕਿ ਪੰਜਾਬ 'ਚ ਜ਼ੀਰੋ ਬਿਜਲੀ ਕੱਟ ਹਨ। ਸਿੱਧੂ ਨੇ ਮੋਹਾਲੀ ਵਿੱਚ ਪਾਵਰ ਕੱਟ ਕਾਰਨ ਪਰੇਸ਼ਾਨ ਹੋ ਰਹੇ ਲੋਕਾਂ ਵੱਲ ਆਪ ਸਰਕਾਰ ਦਾ ਧਿਆਨ ਦਵਾਉਂਦੇ ਹੋਏ ਕਿਹਾ, ਛੇ ਦਿਨਾਂ ਤੋਂ 'ਤੇ ਦਾ ਸਮਾਂ ਹੋ ਚੱਲਾ ਹੈ, ਮੋਹਾਲੀ ਅਤੇ ਆਸ ਪਾਸ ਦੇ ਇਲਾਕੇ ਵਾਲੇ ਨਿਵਾਸੀ ਬਿਜਲੀ ਦੇ ਕੱਟਾਂ ਕਾਰਨ ਪ੍ਰੇਸ਼ਾਨ ਹਨ। ਸਿੱਧੂ ਨੇ ਅੰਤ 'ਚ ਕਿਹਾ, ਆਪ ਸਰਕਾਰ ਨੂੰ ਝੂਠੇ ਪ੍ਰਚਾਰ ਕਰਨ ਦੀ ਬਜਾਏ ਜ਼ਮੀਨੀ ਹਕੀਕਤਾਂ ਅਤੇ ਲੋਕਾਂ ਦੀਆਂ ਮੁਸ਼ਕਲਾਂ 'ਤੇ ਧਿਆਨ ਦੇਣ ਦੀ ਲੋੜ ਹੈ।



## ਯੂਥ ਸੇਵਾ ਸੰਸਥਾ ਨੇ ਨੌਜਵਾਨਾਂ ਨੂੰ ਛਾਂਦਾਰ ਬੂਟੇ ਵੰਡੇ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਜਿੱਥੇ ਅੱਤ ਦੀ ਗਰਮੀ ਪੈ ਰਹੀ ਹੈ ਉੱਥੇ ਹਰ ਥਾਂ ਛਾਂਦਾਰ ਬੂਟਿਆਂ ਦੀ ਘਾਟ ਮਹਿਸੂਸ ਹੋ ਰਹੀ ਹੈ। ਇਸ ਕਮੀ ਨੂੰ ਮਹਿਸੂਸ ਕਰਦੇ ਹੋਏ ਯੂਥ ਸੇਵਾ ਹੁਸ਼ਿਆਰਪੁਰ ਸੰਸਥਾ ਵੱਲੋਂ ਕੇ ਵੀ ਸਿੰਘ ਦੀ ਅਗਵਾਈ ਹੇਠ ਨੌਜਵਾਨਾਂ ਨੂੰ ਵਾਤਾਵਰਨ ਪ੍ਰਤੀ ਜਾਗਰੂਤ ਕਰਦੇ ਹੋਏ ਛਾਂਦਾਰ ਬੂਟੇ ਵੰਡੇ ਗਏ। ਇਸ ਸਮੇਂ ਸੰਸਥਾ ਦੇ ਮੁਖੀ ਨੌਜਵਾਨ ਆਗੂ ਕੇ ਵੀ ਸਿੰਘ ਨੇ ਗੱਲਬਾਤ ਕਰਦਿਆਂ ਕਿਹਾ ਕਿ ਜਿੱਥੇ ਨੌਜਵਾਨ ਗਲਤ ਸੰਗਤ ਵਿੱਚ ਪੈ ਕੇ ਆਪਣਾ ਜੀਵਨ ਬਰਬਾਦ ਕਰ ਰਹੇ ਹਨ ਉੱਥੇ ਸਾਡੀ ਸੰਸਥਾ ਵਲੋਂ ਅੱਤ ਦੀ ਗਰਮੀ ਦੇ ਮੌਸਮ ਵਿੱਚ ਛਾਂਦਾਰ ਬੂਟਿਆਂ ਦੀ ਕਮੀ ਨੂੰ ਮਹਿਸੂਸ ਕਰਦੇ ਹੋਏ ਨੌਜਵਾਨ ਨੂੰ ਛਾਂਦਾਰ ਬੂਟੇ ਵੰਡੇ ਗਏ ਤਾਂ ਜੋ ਉਹ ਇਹਨਾਂ ਬੂਟਿਆਂ ਨੂੰ ਆਪਣੇ ਘਰਾਂ ਦੇ ਆਲੇ ਦੁਆਲੇ ਯੋਗ ਥਾਵਾਂ ਤੇ ਇਹਨਾਂ ਬੂਟਿਆਂ ਨੂੰ ਲਗਾਉਣ ਦੀ ਜਿੰਮੇਵਾਰੀ ਨਿਭਾਉਣ। ਇਸ ਸਮੇਂ ਕੇ ਵੀ ਸਿੰਘ ਨੇ ਇਹ ਵੀ ਦੱਸਿਆ ਕਿ ਨੌਜਵਾਨਾਂ ਨੇ ਇਹ ਵੀ ਵਿਸ਼ਵਾਸ ਦਵਾਇਆ ਕਿ ਉਹ ਜਿੱਥੇ ਇਹਨਾਂ ਬੂਟਿਆਂ ਨੂੰ ਲਗਾਉਣ ਦੀ ਜਿੰਮੇਵਾਰੀ ਨਿਭਾਉਣਗੇ ਉੱਥੇ ਉਹ ਇਹਨਾਂ ਬੂਟਿਆਂ ਨੂੰ ਪਾਲਣ ਲਈ ਵੀ ਪੂਰੀ ਜਿੰਮੇਵਾਰੀ ਨਿਭਾਉਣਗੇ। ਇਸ ਸਮੇਂ ਚੰਨ ਸ਼ੇਰਪੁਰ, ਔਜਲਾ ਹਾਜੀਪੁਰ, ਡੋਗਰ ਹਾਜੀਪੁਰ,ਤੇਜਿੰਦਰ ਸਿੰਘ, ਪਾਲ ਸਿੰਘ ਹਾਜੀਪੁਰ, ਜਸਰਾਜ ਸਿੰਘ, ਅਨਮੋਲ ਸਿੰਘ ਕਪਾਹਟ,ਕਰਨਜੀਤ ਸਿੰਘ, ਗੁਪਤਾ ਹੁਸ਼ਿਆਰਪੁਰ ਆਦਿ ਵੱਡੀ ਗਿਣਤੀ ਵਿੱਚ ਨੌਜਵਾਨ ਹਾਜ਼ਰ ਸਨ।



## 16 ਸਾਲਾ ਅਯਾਨ ਮਿੱਤਲ ਦੀ ਵਿਸ਼ੇਸ਼ ਜ਼ਰੂਰਤਾਂ ਵਾਲੇ ਬੱਚਿਆਂ ਪ੍ਰਤੀ ਹਮਦਰਦੀ ਭਰੇ ਯਤਨਾਂ ਦੀ ਸ਼ਲਾਘਾ

**ਜਲੰਧਰ (ਸੁਰਿੰਦਰ ਕੁਮਾਰ)** ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਜਲੰਧਰ ਦੇ ਵਸਨੀਕ ਅਤੇ ਦੂਨ ਸਕੂਲ ਦੇ 16 ਸਾਲਾ ਵਿਦਿਆਰਥੀ ਅਯਾਨ ਮਿੱਤਲ ਦੀ ਉਸਦੀ ਮਿਸਾਲੀ ਪਹਿਲਕਦਮੀ 'ਖਰੋਮਾ', ਜੋ ਕਿ ਨਿਊਰੋਡਾਇਵਰਸ ਲੋੜਾਂ ਵਾਲੇ ਬੱਚਿਆਂ ਦੇ ਜੀਵਨ ਨੂੰ ਬਦਲ ਰਹੀ ਹੈ, ਲਈ ਭਰਪੂਰ ਪ੍ਰਸ਼ੰਸਾ ਕੀਤੀ ਹੈ।ਡਿਪਟੀ ਕਮਿਸ਼ਨਰ ਨੇ ਵਧੇਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ 'ਖਰੋਮਾ' ਰਾਹੀਂ ਅਯਾਨ ਵੱਲੋਂ ਆਟਿਜ਼ਮ ਵਾਲੇ ਬੱਚਿਆਂ ਵੱਲੋਂ ਬਣਾਈਆਂ ਗਈਆਂ ਕਲਾਕ੍ਰਿਤੀਆਂ ਨੂੰ ਸਕੂਲ ਨੋਟਬੁੱਕਸ 'ਤੇ ਪ੍ਰਦਰਸ਼ਿਤ ਕਰਨ ਲਈ ਸੋਚ ਆਟਿਜ਼ਮ ਸੁਸਾਇਟੀ ਆਫ਼ ਪੰਜਾਬ ਨਾਲ ਰਚਨਾਤਮਕ ਤੌਰ 'ਤੇ ਸਹਿਯੋਗ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਵਿਕਰੀ ਤੋਂ ਪ੍ਰਾਪਤ ਸਾਰੀ ਆਮਦਨ ਸਿੱਧੇ ਤੌਰ 'ਤੇ ਸਮਾਜ ਦੇ ਨਿਊਰੋਡਾਇਵਰਸ ਵਿਦਿਆਰਥੀਆਂ ਨੂੰ ਸਸ਼ਕਤ ਬਣਾਉਣ ਅਤੇ ਸਹਾਇਤਾ ਕਰਨ ਦੇ ਸੁਸਾਇਟੀ ਦੇ ਮਿਸ਼ਨ ਦੀ ਪੂਰਤੀ ਲਈ ਵਰਤੀ ਜਾਂਦੀ ਹੈ।ਇਸ ਪਹਿਲ ਨੂੰ ਰਚਨਾਤਮਕਤਾ ਅਤੇ ਹਮਦਰਦੀ ਦਾ ਇੱਕ ਵਿਲੱਖਣ ਸੁਮੇਲ ਦੱਸਦਿਆਂ ਡਾ. ਅਗਰਵਾਲ ਨੇ ਅਯਾਨ ਦੇ ਕੈਂਬਰਿਜ ਸਕੂਲ, ਜਲੰਧਰ ਵਰਗੀਆਂ ਸੰਸਥਾਵਾਂ ਨਾਲ ਸਫ਼ਲ ਸਹਿਯੋਗ 'ਤੇ ਚਾਨਣਾ ਪਾਇਆ, ਜਿੱਥੇ ਹੁਣ ਨੋਟਬੁੱਕਸ ਵਿੱਚ ਸਪੈਸ਼ਲ ਐਜੂਕੇਸ਼ਨ ਨੀਡਜ਼ (ਐਸਈਐਨ) ਵਿੰਗ ਦੇ ਵਿਦਿਆਰਥੀਆਂ ਵੱਲੋਂ ਬਣਾਈਆਂ ਕਲਾਕ੍ਰਿਤੀਆਂ ਸ਼ਾਮਲ ਹਨ ਅਤੇ ਮਾਸਟਰਜ਼ ਯੂਨੀਅਨ ਕਾਲਜ, ਜਿੱਥੇ ਇਸ ਨੇਕ ਕਾਰਜ ਲਈ ਫੰਡ ਇਕੱਤਰ ਕਰਨ ਲਈ ਵਿਸ਼ੇਸ਼ ਤੌਰ 'ਤੇ ਰਜਿਸਟਰ ਡਿਜ਼ਾਈਨ ਕੀਤੇ ਗਏ ਹਨ।ਡਾ. ਅਗਰਵਾਲ ਨੇ ਅੱਗੇ ਕਿਹਾ ਕਿ ਅਯਾਨ ਇੱਕ ਸੱਚਾ ਰੋਲ ਮਾਡਲ ਹੈ ਅਤੇ ਸਾਨੂੰ ਸਮਾਜ ਸੇਵਾ ਵਿੱਚ ਉਸਦੇ ਸ਼ਾਨਦਾਰ ਯੋਗਦਾਨ ਲਈ ਉਸਨੂੰ ਸਨਮਾਨਿਤ ਕਰਨ 'ਤੇ ਮਾਣ ਮਹਿਸੂਸ ਹੋ ਰਿਹਾ ਹੈ।



## ਫਰਾਲਾ 'ਚ ਚੁੰਬਰ ਜਠੇਰਿਆਂ ਦਾ ਮੇਲਾ ਮਨਾਇਆ

**ਬੰਗਾ (ਅਵਤਾਰ ਕਲੇਰ)-** ਬੰਗਾ ਹਲਕੇ ਦੇ ਪਿੰਡ ਫਰਾਲਾ ਵਿਖੇ ਚੁੰਬਰ ਜਠੇਰਿਆਂ ਦਾ ਮੇਲਾ ਪ੍ਰਬੰਧਕ ਕਮੇਟੀ ਅਤੇ ਸਮੂਹ ਚੁੰਬਰ ਪਰਵਾਰ ਵਲੋਂ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਹਜ਼ਾਰਾਂ ਦੀ ਗਿਣਤੀ 'ਚ ਸੰਗਤਾਂ ਦੇਸ਼ ਵਿਦੇਸ਼ ਤੋਂ ਦਰਬਾਰ 'ਤੇ ਨਤਮਸਤਕ ਹੋਈਆਂ। ਵੱਡੇ ਵਡੇਰਿਆਂ ਦੀ ਪੂਜਾ ਕੀਤੀ ਗਈ। ਦਰਬਾਰ ਦੀਆਂ ਧਾਰਮਿਕ ਰਸਮਾਂ ਤੋਂ ਬਾਅਦ ਸਟੇਜ ਸਜਾਈ ਗਈ ਜਿਸ ਵਿੱਚ ਪੰਜਾਬ ਦੇ ਮਸ਼ਹੂਰ ਕਲਾਕਾਰ ਅਨਮੋਲ ਵਿਰਕ, ਸਰਬਜੀਤ ਸਰਬ ਫਰਾਲਾ ਵਲੋਂ ਧਾਰਮਿਕ ਅਤੇ ਸੱਭਿਆਚਾਰ ਗੀਤਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਚੇਅਰਮੈਨ ਕਸਤੂਰੀ ਲਾਲ, ਪ੍ਰਧਾਨ ਬਲਵੀਰ ਚੁੰਬਰ, ਸਰਪੰਚ ਜੀਤ ਰਾਮ ਅਤੇ ਪ੍ਰਬੰਧਕਾਂ ਵੱਲੋਂ ਕਲਾਕਾਰਾਂ ਅਤੇ ਸੇਵਾਦਾਰਾਂ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਚੇਅਰਮੈਨ ਕਸਤੂਰੀ ਲਾਲ (ਕੁਲਥਮ ਜਿਊਲਰਜ਼), ਪ੍ਰਧਾਨ ਬਲਵੀਰ ਚੁੰਬਰ, ਸੁਰਿੰਦਰ ਪਾਲ ਨੰਬਰਦਾਰ ਫਰਾਲਾ, ਲੈਂਬਰ ਚੁੰਬਰ ਸੰਘੇ ਜਗੀਰ, ਸੁਰਿੰਦਰ ਪਾਲ ਕਾਕਾ, ਸਰਵਣ ਚੁੰਬਰ ਬਾਹੜ ਮਜਾਰਾ, ਸਰਪੰਚ ਜੀਤ ਰਾਮ ਫਰਾਲਾ, ਹਰਪ੍ਰੀਤ ਹੈਪੀ, ਹਰਭਜਨ ਸਿੰਘ ਫਿਲੌਰ, ਲੁਭਾਇਆ ਕੁਲਥਮ, ਹੰਸ ਰਾਜ ਲੱਡੂ, ਸਨੀ ਪੰਚ ਫਰਾਲਾ, ਭੰਮਰਾ ਠੇਕੇਦਾਰ, ਮਨਦੀਪ ਕੁਮਾਰ ਆਦਿ ਹਾਜ਼ਰ ਸਨ।



## ਬੰਗਾ ਹਲਕੇ ਦੇ ਵੱਖ-ਵੱਖ ਪਿੰਡਾਂ 'ਚ ਮਗਨਰੇਗਾ ਵਰਕਰਜ਼ ਯੂਨੀਅਨ ਦੀ ਚੋਣ



**ਬੰਗਾ (ਅਵਤਾਰ ਕਲੇਰ)-** ਮਗਨਰੇਗਾ ਵਰਕਰਜ਼ ਯੂਨੀਅਨ ਪੰਜਾਬ ਦੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਪਿੰਡ ਜਗਤਪੁਰ ਅਤੇ ਬਘੌਰਾ ਦੀਆਂ ਇਕਾਈਆਂ ਦੀ ਚੋਣ ਕਰਵਾਈ ਗਈ। ਇਹ ਚੋਣ ਸੂਬਾਈ ਆਗੂ ਦੀਪਕ ਠਾਕੁਰ ਅਤੇ ਜ਼ਿਲ੍ਹਾ ਪ੍ਰਧਾਨ ਹਰਪਾਲ ਸਿੰਘ ਜਗਤਪੁਰ ਦੀ ਅਗਵਾਈ ਵਿੱਚ ਕੀਤੀ ਗਈ। ਪਿੰਡ ਜਗਤਪੁਰ ਦੀ ਇਕਾਈ ਦੇ ਪ੍ਰਧਾਨ ਸਰਬਜੀਤ ਕੌਰ, ਸਕੱਤਰ ਮਨਪ੍ਰੀਤ ਸਿੰਘ ਮਨੀ, ਸਹਾਇਕ ਸਕੱਤਰ ਬੀਬੀ ਸਿਮਰੋ, ਮੀਤ ਪ੍ਰਧਾਨ ਮਨਜੀਤ ਸਿੰਘ, ਵਿੱਤ ਸਕੱਤਰ ਸੀਮਾ, ਕਾਰਜਕਾਰੀ ਮੈਂਬਰ ਜੋਗਾ ਰਾਮ, ਲੱਛਮੀ, ਸੋਹਣ ਲਾਲ ਚੁਣੇ ਗਏ। ਪਿੰਡ ਬਘੌਰਾ ਇਕਾਈ ਦੇ ਪ੍ਰਧਾਨ ਬਲਵੀਰ ਰਾਮ, ਸਕੱਤਰ ਰੇਖਾ ਰਾਣੀ, ਮੀਤ ਪ੍ਰਧਾਨ ਨਰੇਸ਼ ਕੁਮਾਰ, ਮੀਤ ਪ੍ਰਧਾਨ ਜਸਵਿੰਦਰ ਕੌਰ, ਵਿੱਤ ਸਕੱਤਰ ਕੇਵਲ ਕ੍ਰਿਸ਼ਨ, ਕਾਰਜਕਾਰੀ ਮੈਂਬਰ ਬੂਟਾ ਰਾਮ, ਵਰਿੰਦਰ ਕੌਰ, ਉਦੋ ਰਾਮ, ਹਰਮੇਸ਼ ਲਾਲ ਚੁਣੇ ਗਏ। ਇਸ ਮੌਕੇ ਬੁਲਾਰਿਆਂ ਨੇ ਵਰਕਰਾਂ ਨੂੰ ਸੰਬੋਧਨ ਕਰਦਿਆਂ ਸਰਕਾਰ ਤੋਂ ਮੰਗ ਕੀਤੀ ਕਿ ਮਗਨਰੇਗਾ ਵਰਕਰਾਂ ਦੀ ਦਿਹਾੜੀ ਵਿੱਚ ਵਾਧਾ ਕਰਕੇ 700 ਰੁਪਏ ਕੀਤਾ ਜਾਵੇ। ਕੰਮ ਸਾਰਾ ਸਾਲ ਮੁਹੱਈਆ ਕਰਵਾਇਆ ਜਾਵੇ, ਫਰੀ ਮੈਡੀਕਲ ਸਹੂਲਤਾਂ ਦਿੱਤੀਆਂ ਜਾਣ, ਵਰਕਰਾਂ ਦਾ ਬੀਮਾ ਕਰਵਾਇਆ ਜਾਵੇ, ਕੋਅਪਰੇਟਿਵ ਸੋਸਾਇਟੀਆਂ ਵਲੋਂ ਮਜ਼ਦੂਰਾਂ ਨੂੰ ਨੋਟਿਸ ਭੇਜਣੇ ਬੰਦ ਕੀਤੇ ਜਾਣ, ਮਗਨਰੇਗਾ ਕਾਮਿਆਂ ਦੀਆਂ ਮੁਸ਼ਕਲਾਂ ਦਾ ਹੱਲ ਗੱਲਬਾਤ ਰਾਹੀਂ ਕੀਤਾ ਜਾਵੇ। ਮੰਗਾਂ ਦਾ ਹੱਲ ਨਾ ਹੋਣ 'ਤੇ ਸਰਕਾਰ ਵਿਰੁੱਧ ਸੰਘਰਸ਼ ਕੀਤਾ ਜਾਵੇਗਾ।

## ਲੈਂਡਮਾਰਕ ਸਕੂਲ 'ਚ ਗਰਮੀ ਤੋਂ ਬਚਾਅ ਲਈ ਲਗਾਇਆ ਵੈਬੀਨਾਰ

**ਭੋਗਪੁਰ (ਕੁਲਵੀਰ ਸਿੰਘ ਕਾਹਲੋਂ)-** ਪ੍ਰਿੰਸੀਪਲ, ਮਿਸ ਸੋਨਮ ਸ਼ਰਮਾ ਦੀ ਦੇਖ-ਰੇਖ 'ਚ ਦ ਲੈਂਡਮਾਰਕ ਸਕੂਲ ਭੋਗਪੁਰ ਵਿਖੇ ਗਰਮੀ ਦੀ ਲਹਿਰ ਤੋਂ ਬਚਣ ਦੇ ਤਰੀਕੇ ਦੱਸਣ ਲਈ ਆਨਲਾਈਨ ਵੈਬੀਨਾਰ ਕਰਵਾਇਆ ਗਿਆ, ਜਿਸ ਵਿੱਚ ਉਹਨਾਂ ਨੇ ਬੱਚਿਆਂ ਨੂੰ ਗਰਮੀ ਤੋਂ ਬਚਾਅ ਦੇ ਵੱਖ ਵੱਖ ਢੰਗ ਦੱਸੇ। ਉਹਨਾਂ ਨੇ ਬੱਚਿਆਂ ਨੂੰ ਗਰਮੀ ਦੇ ਮੌਸਮ ਵਿੱਚ ਅੰਦਰ ਰਹਿਣ, ਵੱਧ ਤੋਂ ਵੱਧ ਪਾਣੀ ਪੀਣ, ਪੰਛੀਆਂ ਲਈ ਵੀ ਪਾਣੀ ਰੱਖਣ ਲਈ ਜਾਗਰੂਕ ਕੀਤਾ। ਇਸ ਵਿੱਚ ਐਚ ਓ ਡੀ ਅਮਰਦੀਪ ਕੌਰ, ਅਧਿਆਪਕਾ ਮਿਸਿਜ਼ ਬਲਜੀਤ ਕੌਰ ਅਤੇ ਮਿਸ ਜਸਕਿਰਨ ਕੌਰ ਨੇ ਬੱਚਿਆਂ ਨੂੰ ਵੱਖ-ਵੱਖ ਸਵਾਲ ਕੀਤੇ ਅਤੇ ਬੱਚਿਆਂ ਨੇ ਵੀ ਵੱਖ ਵੱਖ ਸਵਾਲ ਕੀਤੇ। ਸਕੂਲ ਪ੍ਰਿੰਸੀਪਲ ਸੋਨਮ ਸ਼ਰਮਾ ਨੇ ਸਕੂਲ ਵਿੱਚ ਹੋ ਰਹੇ ਟੇਲੈਂਟ ਹੰਟ ਬਾਰੇ ਵੀ ਬੱਚਿਆਂ ਨੂੰ ਜਾਣਕਾਰੀ ਦਿੱਤੀ, ਜਿਸ ਵਿੱਚ ਪ੍ਰਿੰਸੀਪਲ ਨੇ ਦੱਸਿਆ ਕਿ ਟੇਲੈਂਟ ਦੀ ਰਜਿਸਟਰੇਸ਼ਨ ਦੀ ਤਰੀਕ ਵਧਾ ਕੇ 21 ਜੂਨ ਕਰ ਦਿੱਤੀ ਗਈ ਹੈ। ਇਸ ਵੈਬੀਨਾਰ ਵਿੱਚ ਸਮੂਹ ਸਟਾਫ ਵੀ ਸ਼ਾਮਲ ਸੀ।



## ਕੁਲਵਿੰਦਰ ਕੌਰ ਨੇ ਚੋਣ ਤਹਿਸੀਲਦਾਰ ਵਜੋਂ ਅਹੁਦਾ ਸੰਭਾਲਿਆ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)-** ਪੰਜਾਬ ਦੇ ਮੁੱਖ ਚੋਣ ਅਫਸਰ ਵੱਲੋਂ ਜਾਰੀ ਹੁਕਮਾਂ ਅਨੁਸਾਰ ਮੰਗਲਵਾਰ ਇੱਥੇ ਚੋਣ ਤਹਿਸੀਲਦਾਰ ਵਜੋਂ ਕੁਲਵਿੰਦਰ ਕੌਰ ਨੇ ਅਹੁਦਾ ਸੰਭਾਲ ਲਿਆ। ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿਖੇ ਬਤੌਰ ਚੋਣ ਕਾਨੂੰਗੋ ਤਾਇਨਾਤ ਰਹੇ ਕੁਲਵਿੰਦਰ ਕੌਰ ਨੇ ਤਰੱਕੀ ਉਪਰੰਤ ਚੋਣ ਤਹਿਸੀਲਦਾਰ ਵਜੋਂ ਚਾਰਜ ਲੈਂਦਿਆਂ ਕਿਹਾ ਕਿ ਉਹ ਆਪਣੀ ਡਿਊਟੀ ਪੂਰੀ ਲਗਨ, ਜ਼ਿੰਮੇਵਾਰੀ ਅਤੇ ਸਮਰਪਣ ਭਾਵਨਾ ਨਾਲ ਨਿਭਾਉਣਗੇ।

## ਪ੍ਰਮਾਤਮਾ ਤੱਕ ਸਾਡੇ ਬੋਲ ਨਹੀਂ ਅਹਿਸਾਸ ਪਹੁੰਚਦਾ ਹੈ : ਸੰਗੀਤਾ ਮਿੱਤਰ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)-** ਸੋਨਾਲੀਕਾ ਡਿਵਾਈਨ ਵੈਲੀ ਵਿੱਚ ਹੀ ਇੱਕ ਰੋਜਾ ਅੰਮ੍ਰਿਤ ਹੀਲਿੰਗ ਅਤੇ ਅੰਦਰੂਨੀ ਸਥਿਰਤਾ (ਇਨਰ ਸਿਟਲੇਨਜ) ਫਾਲੋਆਪ ਸੈਸ਼ਨ ਦਾ ਸੁੰਦਰ ਪ੍ਰੋਗਰਾਮ ਸੰਜੀਵਨੀ ਹੀਲਿੰਗ ਗਰੈਂਡ ਮਾਸਟਰ ਅਤੇ ਪ੍ਰਮੁੱਖ ਅਧਿਆਤਮਕ ਮਾਰਗ ਦਰਸਕ ਸ੍ਰੀਮਤੀ ਸੰਗੀਤਾ ਮਿੱਤਲ ਦੀ ਅਗਵਾਈ ਵਿੱਚ ਕੀਤਾ ਗਿਆ। ਇਸ ਅੰਮ੍ਰਿਤ ਹੀਲਿੰਗ ਸੈਸਨ ਵਿੱਚ 1992 -2025 ਬੈਚ ਦੇ 50 ਦੇ ਕਰੀਬ ਸੁਪਰ ਰੇਕੀ ਹੀਲਰਸ ਨੇ ਭਾਗ ਲਿਆ ਅਤੇ ਹੁਣ ਤੱਕ ਦੀ ਆਪਣੀ ਹੀਲਿੰਗ ਯਾਤਰਾ ਦੇ ਅਨੁਭਵ ਸਾਂਝੇ ਕੀਤੇ। ਇਸ ਤੋਂ ਪਹਿਲੇ ਸਾਬਕਾ ਗਰੈਂਡ ਮਾਸਟਰ, ਅਤੇ ਸ੍ਰੀਮਤੀ ਸੰਗੀਤਾ ਮਿੱਤਲ ਸਹਿਤ ਸਾਰੇ ਹੀਲਰਜ ਨੇ ਅਹਿਮਦਾਬਾਦ ਵਿਮਾਨ ਦੁਰਘਟਨਾ ਤੇ ਗਹਿਰੀ ਸੰਵੇਦਨਾ ਪ੍ਰਗਟਾਈ ਅਤੇ ਮ੍ਰਿਤਕਾਂ ਦੀ ਆਤਮਿਕ ਸਾਂਤੀ ਦੇ ਲਈ ਪ੍ਰਾਰਥਨਾ ਵੀ ਕੀਤੀ। ਇਹ ਵੀ ਜ਼ਿਕਰਯੋਗ ਹੈ ਕਿ ਇਹ ਸਾਰੇ ਹੀਲਰਸ ਰੇਕੀ ਗਰੈਂਡ ਮਾਸਟਰ ਅਤੇ ਪ੍ਰਮੁੱਖ ਅਧਿਆਤਮਕ ਸ਼ਖਸੀਅਤ ਸ੍ਰੀਮਤੀ ਸੰਗੀਤਾ ਮਿੱਤਲ ਤੋਂ ਰੇਕੀ ਕੋਰਸ ਕਰਕੇ ਪਿਛਲੇ 33 ਸਾਲਾਂ ਵਿੱਚ ਹਜਾਰਾਂ ਲੋਕਾਂ ਨੇ ਹੀਲਿੰਗ ਕਰਕੇ ਆਪਣੇ ਸਰੀਰਕ ਅਤੇ ਮਾਨਸਿਕ ਸਿਹਤ ਲਈ ਲਾਭ ਪਹੁੰਚਾ ਚੁੱਕੇ ਹਨ। ਇਨ੍ਹਾਂ ਹੀਲਰਸ ਨੇ ਆਪਣੀ ਆਪਣੀ ਹੀਲਿੰਗ ਯਾਤਰਾ ਦੇ ਦੌਰਾਨ ਹੋਏ ਆਪਣੇ ਬੌਧਿਕ ਵਿਕਾਸ ਅਤੇ ਅੰਦਰੂਨੀ ਆਤਮਕ ਜਾਗਰੂਕਤਾ ਦੇ ਅਨੁਭਵ ਦਾ ਅਦਾਨ ਪ੍ਰਦਾਨ ਕਰਕੇ ਆਪਣੇ ਆਪ ਨੂੰ ਯੂਨੀਵਰਸਲ ਲਾਈਫ ਫੋਰਸ ਦੇ ਦਾਇਰੇ ਵਿੱਚ ਖੁਦ ਨੂੰ ਖੂਬ ਪ੍ਰਸੰਨ ਮਹਿਸੂਸ ਕੀਤਾ ਹੈ। ਸਾਰਿਆਂ ਨੇ ਭਵਿੱਖ ਵਿੱਚ ਵੀ ਬ੍ਰਹਿਮੰਡ ਦੀ ਇਸ ਜੀਵਨ ਸਕਤੀ ਨੂੰ ਜੀਵਨ ਵਿੱਚ ਹਮੇਸਾ ਦੇ ਲਈ ਆਪਣਾ ਅਤੇ ਜਿਆਦਾ ਤੋਂ ਜਿਆਦਾ ਲੋਕਾਂ ਲਈ ਸੁਰਕਸ਼ਾ ਚੱਕਰ ਬਣਾਈ ਰੱਖਣ ਦੇ ਲਈ ਸ੍ਰੀਮਤੀ ਮਿੱਤਲ ਤੋਂ ਹੋਰ ਵੀ ਜਿਆਦਾ ਗੁਰ ਸਿੱਖੇ। ਇਸ ਮੌਕੇ ਤੇ ਸਾਰਿਆਂ ਨੇ ਸਰੀਰ ਦੀ ਸੱਤ ਚੱਕਰ ਮੈਡੀਟੇਸ਼ਨ ਵੀ ਕੀਤੀ। ਸੂਰੀਆ ਤਰਾਟਕ ਯੋਗ ਅਤੇ ਬਲੈਕ ਹੋਲ ਮੈਡੀਟੇਸਨ ਕਰਕੇ ਸਾਰੇ ਹੀਲਰਾਂ ਨੇ ਆਪਣੇ ਆਪਣੇ ਅਧਿਆਤਮਕ ਅਨੁਭਵ ਨੂੰ ਹੋਰ ਵੀ ਜਿਆਦਾ ਗਹਿਰਾਈ ਨਾਲ ਮੈਂ ਮਹਿਸੂਸ ਕੀਤਾ। ਸ੍ਰੀਮਤੀ ਮਿੱਤਲ ਨੇ ਇਸ ਮੌਕੇ 'ਤੇ ਕਿਹਾ ਕਿ ਅੰਤ ਸਾਡੀ ਸਾਰਿਆਂ ਦੀ ਇੱਕ ਹੀ ਮੰਜ਼ਲ ਹੈ ਸਾਰਿਆਂ ਦਾ ਇੱਕ ਹੀ ਅਧਿਆਤਮਕ ਅਹਿਸਾਸ ਹੈ ਅਤੇ ਪਰਮਾਤਮਾ ਤੱਕ ਪਹੁੰਚਣ ਦੇ ਲਈ ਇਹ ਅਹਿਸਾਸ ਇੱਕ ਮਾਤਰ ਸੀੜੀ ਦਾ ਕੰਮ ਕਰਦਾ ਹੈ। ਜਿਸ ਦੀ ਕੋਈ ਭਾਸਾ ਨਹੀਂ ਹੈ ਸਾਰਿਆਂ ਦੇ ਆਸੇ ਪਾਸੇ ਇੱਕ ਊਰਜਾ ਦਾ ਸੰਪੂਰਨ ਨੈਟਵਰਕ ਹੈ ਅਤੇ ਸਾਡੇ ਅੰਦਰ ਦੀ ਊਰਜਾ ਦੀ ਸਕਤੀ ਇੰਨੀ ਮਜਬੂਤ ਹੈ ਕਿ ਬਿਨਾਂ ਕਿਸੇ ਬਾਹਰੀ ਸਾਧਨ ਦੇ ਅਸੀਂ ਸੰਦੇਸ਼ਾਂ ਦਾ ਆਦਾਨ ਪ੍ਰਦਾਨ ਕਰ ਸਕਦੇ ਹਾਂ ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਜੀਵਨ ਦਾ ਅਸਲੀ ਮਕਸਦ ਖੁਸ਼ੀ ਅਤੇ ਮਾਨਸਿਕ ਸ਼ਾਂਤੀ ਦੀ ਅਵਸਥਾ ਹਾਸਲ ਕਰਦੇ ਹੋਏ ਆਪਣੇ ਆਪ ਨੂੰ ਜਾਨਣਾ ਹੈ ਅਤੇ ਉਸ ਪਰਮਾਤਮਾ ਨੂੰ ਆਪਣੇ ਨਾਲ ਅਭੇਦ ਕਰ ਲੈਣਾ ਹੈ ਸਾਨੂੰ ਇਸ ਅਵਸਥਾ ਤੱਕ ਬਚਾਉਣ ਦੇ ਲਈ ਇਹ ਯੂਨੀਵਰਸਲ ਲਾਈਫ ਫੋਰਸ ਮਦਦ ਕਰਦੀ ਰਹੀ ਹੈ ਅਤੇ ਅੱਗੇ ਵੀ ਕਰਦੀ ਰਹੇਗੀ। ਸਾਰੇ ਹੀਲਰਜ ਨੇ ਸੰਪੂਰਨ ਲੰਗਰ ਦਾ ਆਨੰਦ ਮਾਣਿਆ।



## ਨੌਜਵਾਨ ਨਾਕੇ 'ਤੇ ਮੋਟਰਸਾਈਕਲ ਛੱਡ ਕੇ ਦੌੜੇ

**ਜਲੰਧਰ (ਸੁਰਿੰਦਰ ਕੁਮਾਰ)** ਸ਼੍ਰੀ ਰਾਮ ਚੌਂਕ ਕੰਪਨੀ ਬਾਗ ਚੌਂਕ ਵਿੱਚ ਉਸ ਵੇਲੇ ਹੰਗਾਮਾ ਹੋ ਗਿਆ ਜਦੋਂ ਪੁਲਸ ਨੇ ਨਾਕੇ ਉਤੇ ਮੋਟਰਸਾਈਕਲ ਸਵਾਰ ਦੋ ਨੌਜਵਾਨਾਂ ਨੂੰ ਰੋਕਿਆ। ਟਰੈਫਿਕ ਮੁਲਾਜ਼ਮਾਂ ਨੇ ਜਦ ਨੌਜਵਾਨਾਂ ਤੋਂ ਮੋਟਰਸਾਈਕਲ ਦੇ ਕਾਗਜ਼ ਅਤੇ ਲਾਇਸੈਂਸ ਮੰਗਿਆ ਤਾਂ ਉਹ ਕੁਝ ਨਹੀਂ ਦਿਖਾ ਸਕੇ, ਇਸ ਦੇ ਉਲਟ ਪੁਲਿਸ ਮੁਲਾਜ਼ਮਾਂ ਦੀ ਵੀਡੀਓ ਬਣਾਉਣੀ ਸ਼ੁਰੂ ਕਰ ਦਿੱਤੀ, ਜਿਸ ਤੋਂ ਬਾਅਦ ਟਰੈਫਿਕ ਮੁਲਾਜ਼ਮਾਂ ਵੱਲੋਂ ਵੀ ਨੌਜਵਾਨਾਂ ਦੀ ਵੀਡੀਓ ਬਣਾਈ ਗਈ। ਇਸੇ ਦੌਰਾਨ ਮੀਡੀਆ ਪਹੁੰਚੀ ਤਾਂ ਦੋਵੇਂ ਨੌਜਵਾਨ ਨਾਕੇ ਤੋਂ ਮੋਟਰਸਾਈਕਲ ਛੱਡ ਫਰਾਰ ਹੋ ਗਏ, ਜਿਸ ਤੋਂ ਬਾਅਦ ਟਰੈਫਿਕ ਮੁਲਾਜਮਾਂ ਦੇ ਵੱਲੋਂ ਮੋਟਰਸਾਈਕਲ ਨੂੰ ਥਾਣਾ ਚਾਰ ਦੇ ਵਿੱਚ ਭੇਜ ਦਿੱਤਾ ਗਿਆ। ਮੌਕੇ ਉਤੇ ਮੌਜੂਦ ਏ ਐਸ ਆਈ ਸੁਖਦੇਵ ਨੇ ਦੱਸਿਆ ਕਿ ਨੌਜਵਾਨਾਂ ਨੂੰ ਨਾਕੇ ਉਤੇ ਰੋਕਿਆ ਗਿਆ ਸੀ ਜਦ ਕਾਗਜ਼ ਮੰਗੇ ਤਾਂ ਉਨਾਂ ਤੋਂ ਕਾਗਜ਼ ਅਤੇ ਨਾ ਹੀ ਲਾਇਸੈਂਸ ਨਿਕਲੇ, ਜਿਸ ਤੋਂ ਬਾਅਦ ਉਨਾਂ ਵੱਲੋਂ ਹੰਗਾਮਾ ਕਰਨਾ ਸ਼ੁਰੂ ਕਰ ਦਿੱਤਾ ਗਿਆ ਤੇ ਵੀਡੀਓ ਬਣਾਉਣੀ ਸ਼ੁਰੂ ਕਰ ਦਿੱਤੀ ਗਈ।ਜਦੋਂ ਮੀਡੀਆ ਆਈ ਤਾਂ ਉਹ ਮੌਕੇ ਤੋਂ ਭੱਜ ਨਿਕਲੇ।

## ਆਸ਼ਾ ਵਰਕਰ ਯੂਨੀਅਨ ਨੇ ਪੋਸੀ ਵਿਖੇ ਦਿੱਤਾ ਰੋਸ ਧਰਨਾ

**ਹੁਸ਼ਿਆਰਪੁਰ (ਬਲਬੀਰ ਸਿੰਘ ਸੈਣੀ)—** ਆਸ਼ਾ ਵਰਕਰ ਯੂਨੀਅਨ ਸੀਟੂ ਵੱਲੋ ਆਪਣੀਆਂ ਜਾਇਜ ਮੰਗਾਂ ਦੇ ਸੰਬੰਧ ਵਿੱਚ ਪੋਸੀ ਵਿਖੇ ਪ੍ਰਧਾਨ ਜੋਗਿੰਦਰ ਕੌਰ, ਬਲਵਿੰਦਰ ਕੌਰ, ਸੈਕਟਰੀ ਬਿੰਦਰਪਾਲ ਕੌਰ ਜਥੇਬੰਦੀ ਦੇ ਆਗੂ ਮਹਿੰਦਰ ਕੁਮਾਰ ਬੱਢੋਆਣ, ਸਾਥੀ ਬਲਦੇਵ ਸਿੰਘ ਤੇ ਆਸ਼ਾ ਵਰਕਰਾਂ ਤੇ ਲੀਡਰਸ਼ਿਪ ਦੀ ਹਾਜਰੀ ਵਿਚ ਰੋਸ ਧਰਨਾ ਲਾਇਆ ਗਿਆ ਤੇ ਬੁਲਾਰਿਆ ਵੱਲੋਂ ਆਪਣੇ ਵਿਚਾਰ ਪੇਸ਼ ਕੀਤੇ ਗਏ। ਜਿਸ ਵਿਚ ਆਸ਼ਾ ਵਰਕਰਾਂ ਦੇ ਰੁਕੇ ਹੋਏ ਕੰਮ ਦੇ ਪੈਸੇ 2500 ਫਿਕਸ ਕਰਨ ਤੇ ਕੁਝ ਆਸ਼ਾ ਵਰਕਰਾਂ ਦੇ ਬਕਾਇਆ ਨੂੰ ਲੈ ਕੇ ਦੁਬਿਧਾ ਬਣੀ ਹੈ। ਉਸ ਨੂੰ ਕਲੀਅਰ ਕਰਨ ਨੂੰ ਕਿਹਾ ਗਿਆ। ਸੀ ਟੀ ਬੀ ਦੇ ਇੰਨਸੈਟਿਵ ਵਾਲੇ ਬਕਾਇਆ, ਟੀਬੀ ਸਰਵੇ ਦਾ ਬਕਾਇਆ ਤੇ ਹੋਰ ਆ ਰਹੀਆਂ ਮੁਸ਼ਿਕਲਾਂ ਜਿਵੇਂ ਟੀ ਬੀ ਦੀ ਦਵਾਈ ਦਾ ਸਬਸੈਂਟਰ ਤੋਂ ਮਿਲਣਾ, ਆਸ਼ਾ ਵਰਕਰ ਦਾ ਪੇਪਰ ਵਰਕ ਜਿਸ ਤੇ ਮੈਡੀਕਲ ਅਫਸਰ ਦੇ ਦਸਤਖਤ ਆਸ਼ਾ ਫੈਸਿਲੀਟੇਟਰ ਦੁਆਰਾ ਕਰਾਉਣੇ, ਆਸ਼ਾ ਵਰਕਰਾਂ ਵੱਲੋਂ ਬਣਾਏ ਆਯੂਸ਼ਮਾਨ ਕਾਰਡ ਦਾ ਮਿਹਨਤਾਨਾ ਤੇ ਸੀ.ਐਚ. ਵਾਲੇ ਬਕਾਇਆ ਲੈਣ ਲਈ ਕਿਸੇ ਆਸ਼ਾ ਵਰਕਰ ਨੂੰ ਰਜਿਸਟਰ ਚੈਕਿੰਗ ਸੰਬੰਧੀ ਤੁਰੰਤ ਬੁਲਾ ਕੇ ਜਲੀਲ ਕਰਨਾ ਬੰਦ ਕੀਤਾ ਜਾਵੇ, ਆਸ਼ਾ ਫੈਸਿਲੀਟੇਟਰ ਦੁਆਰਾ ਆਸ਼ਾਂ ਵਰਕਰ ਦੇ ਕੰਮ ਦੇ ਰਿਕਾਰਡ ਪੂਰਾ ਕਰਾਉਣ ਦੀ ਜਿੰਮੇਵਾਰੀ ਹੈ। ਸਮੇਂ ਸਿਰ ਆਪਣਾ ਟੂਰ ਕਰਕੇ ਰਿਕਾਰਡ ਪੂਰਾ ਕਰਾਉਣ, ਆਸ਼ਾ ਫੈਸਿਲੀਟੇਟਰ ਆਸ਼ਾ ਵਰਕਰ ਦੇ ਕੰਮ ਨੂੰ ਮੇਨਟੇਨ ਕਰਾਉਣ ਲਈ ਰੱਖੇ ਗਏ ਹਨ। ਜੇਕਰ ਕਿਸੇ ਸਰਕਾਰੀ ਅਧਿਕਾਰੀ ਜਾਂ ਮੁਲਾਜਮ ਵੱਲੋਂ ਆਸ਼ਾ ਵਰਕਰ ਨਾਲ ਧੱਕਾ ਕੀਤਾ ਜਾਂ ਜਲੀਲ ਕੀਤਾ ਜਥੇਬੰਦੀ ਤੁਰੰਤ ਐਕਸ਼ਨ ਲਵੇਗੀ। ਸੀਨੀਅਰ ਮੈਡੀਕਲ ਅਫਸਰ ਵੱਲੋਂ ਦੱਸਿਆ ਗਿਆ ਕਿ ਸਟੇਟ ਵੱਲੋਂ ਸਾਨੂੰ ਸਮੇਂ ਸਿਰ ਫੰਡ ਨਹੀ ਮਿਲਦਾ, ਫੰਡ ਆਉਣ 'ਤੇ ਹੀ ਆਸ਼ਾ ਨੂੰ ਭੁਗਤਾਨ ਕੀਤਾ ਜਾਵੇਗਾ। ਆਸ਼ਾ ਵਰਕਰ ਜਥੇਬੰਦੀ ਵੱਲੋਂ 9 ਜੁਲਾਈ ਦੀ ਹੜਤਾਲ ਵਿੱਚ ਹੁਸ਼ਿਆਰਪੁਰ ਵਿਖੇ ਸ਼ਾਮਿਲ ਹੋ ਕੇ ਮਾਨ ਸਰਕਾਰ ਦਾ ਜਲੂਸ ਕੱਢਿਆ ਜਾਵੇਗਾ। ਇਸ ਮੌਕੇ ਨਛੱਤਰ ਕੌਰ, ਮੋਨਿਕ ਰਾਣੀ, ਕਮਲਜੀਤ ਕੌਰ ਨਵਾਂਸ਼ਹਿਰ, ਮਨਜੀਤ ਕੌਰ ਨਵਾਂਸ਼ਹਿਰ ਨੇ ਆਪਣੇ ਵਿਚਾਰ ਸਾਂਝੇ ਕੀਤੇ।



## ਪੰਜਾਬੀ ਸਹਿਤ ਸਭਾ ਰਜਿ. ਬੰਡਾਲਾ ਦੀ ਚੋਣ : ਬਲਵੀਰ ਕੌਰ ਬਾਂਸਲ ਪ੍ਰਧਾਨ ਤੇ ਬਲਵਿੰਦਰ ਸਿੰਘ ਬਾਸੀ ਸਕੱਤਰ ਬਣੇ

**ਜਲੰਧਰ (ਰਾਜੇਸ਼ ਥਾਪਾ)-** ਦੁਆਬੇ ਦੇ ਇਨਕਲਾਬੀ ਅਤੇ ਅਗਾਂਹਵਧੂ ਪਿੰਡ ਬੰਡਾਲਾ ਮੰਜਕੀ ਮੰਜਕੀ ਵਿਖੇ ਲੰਬੇ ਸਮੇਂ ਤੋਂ ਸਾਹਿਤ ਖੇਤਰ ਵਿੱਚ ਕੰਮ ਕਰ ਰਹੀ ਪੰਜਾਬੀ ਸਹਿਤ ਸਭਾ ਰਜਿ. ਬੰਡਾਲਾ ਦੀ ਅਗਲੇ ਟਰਮ ਲਈ ਚੋਣ ਕਰਨ ਹਿੱਤ ਪੰਜਾਬੀ ਸਾਹਿਤ ਪ੍ਰੇਮੀਆਂ ਦੀ ਜਨਰਲ ਬਾਡੀ ਮੀਟਿੰਗ ਪਿੰਡ ਦੇ ਸਰਪੰਚ ਕੁਲਦੀਪ ਸਿੰਘ ਬਾਸੀ ਦੀ ਪ੍ਰਧਾਨਗੀ ਹੇਠ ਲਾਇਬਰੇਰੀ ਬੰਡਾਲਾ ਵਿਖੇ ਕੀਤੀ ਗਈ। ਜਿਸ ਵਿੱਚ ਨਵਾਂ ਜ਼ਮਾਨਾ ਦੇ ਟਰੱਸਟ ਦੇ ਸਕੱਤਰ ਸਾਥੀ ਗੁਰਮੀਤ ਸਿੰਘ ਸ਼ੁਗਲੀ ਦੀ ਅਚਾਨਕ ਹੋਈ ਮੌਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਦੂਸਰੇ ਮਤੇ ਰਾਹੀਂ ਪੰਜਾਬੀ ਸਾਹਿਤ ਸਭਾ ਨੂੰ ਪੁਨਰ ਸੁਰਜੀਤ ਕਰਨ ਦੇ ਫੈਸਲੇ ਤਹਿਤ 15 ਮੈਂਬਰੀ ਸਹਿਤ ਸਭਾ ਰਜਿ. ਬੰਡਾਲਾ ਦੀ ਚੋਣ ਕੀਤੀ ਗਈ। ਜਿਸ ਅਨੁਸਾਰ ਮੈਡਮ ਬਲਵੀਰ ਕੌਰ ਬਾਂਸਲ ਨੂੰ ਪ੍ਰਧਾਨ, ਤੀਰਥ ਸਿੰਘ ਬਾਸੀ ਨੂੰ ਸੀਨੀਅਰ ਮੀਤ ਪ੍ਰਧਾਨ ਕਮ ਕਾਰਜਕਾਰੀ ਪ੍ਰਧਾਨ, ਕੁਲਦੀਪ ਸਿੰਘ ਸਰਪੰਚ ਮੀਤ ਪ੍ਰਧਾਨ, ਮਨਜੀਤ ਕੁਮਾਰ ਮੀਤ ਪ੍ਰਧਾਨ, ਬਲਵਿੰਦਰ ਸਿੰਘ ਬਾਸੀ ਜਨਰਲ ਸਕੱਤਰ, ਜਸਪ੍ਰੀਤ ਕੌਰ ਸਹਾਇਕ ਸਕੱਤਰ, ਸਰਜੀਵਨ ਕੁਮਾਰ ਕੈਸ਼ੀਅਰ ਸਮੇਤ ਸ਼ਮਿੰਦਰ ਬਿੰਦੀ, ਤੇਜਿੰਦਰ ਸਿੰਘ ਤੇਜੀ, ਹਰਦੀਪ ਸਿੰਘ, ਦਲਬੀਰ ਕੌਰ, ਮਹਿੰਦਰ ਕੌਰ ਕਮੇਟੀ ਮੈਂਬਰ ਬਣਾਏ ਗਏ।



## ਦੂਜੇ ਲਾਹੌਰ ਸਾਜ਼ਿਸ਼ ਕੇਸ ਦੇ ਗਦਰੀਆਂ.... (ਸਫ਼ਾ 4 ਦੀ ਬਾਕੀ)

ਪਾਖਰ ਸਿੰਘ, ਪਾਲਾ ਸਿੰਘ ਛੋਟਾ ਤੇ ਵੱਡਾ ਆਦਿ ਨਾਲ ਹੋਇਆ। ਬਾਬਾ ਪਾਖਰ ਸਿੰਘ ਦੇ ਖੂਹ 'ਤੇ ਗਦਰੀਆਂ ਦੀਆਂ ਮੀਟਿੰਗਾਂ ਅਕਸਰ ਹੁੰਦੀਆਂ ਰਹਿੰਦੀਆਂ, ਜਿਨ੍ਹਾਂ ਵਿੱਚ ਭਾਈ ਰੂੜ ਸਿੰਘ ਵੀ ਸ਼ਾਮਲ ਹੁੰਦੇ। ਭਾਈ ਰੂੜ ਸਿੰਘ ਨੂੰ ਇੱਕ ਅੱਖ ਤੋਂ ਘੱਟ ਦਿਸਦਾ ਸੀ ਅਤੇ ਇੱਕ ਕੰਨ ਤੋਂ ਘੱਟ ਸੁਣਾਈ ਦਿੰਦਾ ਸੀ, ਪਰ ਫਿਰ ਵੀ ਉਹ ਗਦਰ ਪਾਰਟੀ ਵਿੱਚ ਸਰਗਰਮੀ ਨਾਲ ਕੰਮ ਕਰਦੇ ਸਨ। ਉਹ ਕਪੂਰਥਲੇ ਦੇ ਅਸਲਾ ਖਾਨੇ ਨੂੰ ਲੁੱਟਣ ਦੀ ਕੋਸ਼ਿਸ਼ ਵਿੱਚ ਸ਼ਾਮਲ ਸਨ ਅਤੇ ਮਗਰੋਂ ਵੱਲੇ ਪੁਲ ਦੇ ਸਾਕੇ ਦੇ ਮੋਹਰੀਆਂ ਵਿਚ ਵੀ ਸ਼ਾਮਲ ਸਨ।

ਉਹਨਾਂ ਨੂੰ 5 ਅਗਸਤ, 1915 ਨੂੰ ਪਿੰਡ ਢੁੱਡੀਕੇ ਤੋਂ ਸੂਹੀਏ ਦੀ ਗੁਪਤ ਸੂਚਨਾ ਦੇ ਆਧਾਰ 'ਤੇ ਗ੍ਰਿਫਤਾਰ ਕਰ ਲਿਆ ਗਿਆ। ਗ੍ਰਿਫਤਾਰ ਕਰਨ ਉਪਰੰਤ ਉਹਨਾਂ ਨੂੰ ਦੂਸਰੇ ਲਾਹੌਰ ਸਾਜ਼ਿਸ਼ ਕੇਸ ਵਿੱਚ ਸ਼ਾਮਲ ਕਰ ਲਿਆ ਗਿਆ ਅਤੇ 30 ਮਾਰਚ, 1916 ਨੂੰ ਉਹਨਾਂ ਨੂੰ ਫਾਂਸੀ ਅਤੇ ਜਾਇਦਾਦ ਜ਼ਬਤੀ ਦੀ ਸਜ਼ਾ ਸੁਣਾ ਦਿੱਤੀ ਗਈ। ਗਦਰੀ ਭਾਈ ਰੂੜ ਸਿੰਘ ਦੁਸਾਂਝ ਨੂੰ ਭਾਈ ਈਸ਼ਰ ਸਿੰਘ ਢੁੱਡੀਕੇ, ਭਾਈ ਉੱਤਮ ਸਿੰਘ ਹਾਂਸ, ਭਾਈ ਬੀਰ ਸਿੰਘ ਬਾਹੋਵਾਲ ਅਤੇ ਰੰਗਾ ਸਿੰਘ ਖੁਰਦਪੁਰ ਸਮੇਤ 18 ਜੂਨ, 1916 ਦਿਨ ਐਤਵਾਰ ਨੂੰ ਸੈਂਟਰਲ ਜੇਲ੍ਹ ਲਾਹੌਰ ਵਿੱਚ ਫਾਂਸੀ ਚਾੜ੍ਹ ਕੇ ਸ਼ਹੀਦ ਕਰ ਦਿੱਤਾ ਗਿਆ।

ਬੀਰ ਸਿੰਘ ਬਾਹੋਵਾਲ:- ਉੱਘੇ ਗਦਰੀ ਸੂਰਬੀਰ ਬੀਰ ਸਿੰਘ ਬਾਹੋਵਾਲ ਦਾ ਜਨਮ 1871 ਈਸਵੀ ਵਿੱਚ ਸਰਦਾਰ ਬੂਟਾ ਸਿੰਘ ਅਤੇ ਮਾਤਾ ਅਤਰੀ ਜੀ ਦੀ ਕੁੱਖੋਂ ਪਿੰਡ ਬਾਹੋਵਾਲ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਹੋਇਆ। ਉਹ 1906 ਵਿੱਚ ਕੈਨੇਡਾ ਚਲੇ ਗਏ। ਕੈਨੇਡਾ ਵਿੱਚ ਰਹਿਣ ਸਮੇਂ ਬੀਰ ਸਿੰਘ ਬਾਹੋਵਾਲ ਨੇ ਬਲਵੰਤ ਸਿੰਘ ਖੁਰਦਪੁਰੀ ਨਾਲ ਮਿਲ ਕੇ ਭਾਰਤੀ ਲੋਕਾਂ ਨੂੰ ਲਾਮਬੰਦ ਕਰਨ ਅਤੇ ਉਹਨਾਂ ਵਿੱਚ ਜਾਗਰਤੀ ਪੈਦਾ ਕਰਨ ਦਾ ਕੰਮ ਕੀਤਾ। 1913 ਵਿੱਚ ਗਦਰ ਪਾਰਟੀ ਬਣਨ 'ਤੇ ਇਸ ਦੇ ਸਰਗਰਮ ਮੈਂਬਰ ਬਣ ਗਏ। ਗਦਰ ਪਾਰਟੀ ਦੇ ਐਲਾਨੇ ਜੰਗ 'ਤੇ ਅਮਲ ਕਰਦਿਆਂ ਆਪ ਨੇ ਵਿਕਟੋਰੀਆ ਦੀ ਬੰਦਰਗਾਹ ਤੋਂ ਮੈਕਸੀਕੋ ਮਾਰੂ ਨਾਂਅ ਦੇ ਜਹਾਜ਼ ਰਾਹੀਂ 22 ਅਗਸਤ, 1914 ਨੂੰ ਹਿੰਦੁਸਤਾਨ ਲਈ ਚਾਲੇ ਪਾ ਦਿੱਤੇ। ਹਾਂਗਕਾਂਗ ਤੋਂ ਉਹਨਾਂ 9 ਸਤੰਬਰ ਨੂੰ 'ਨਾਮਸੰਗ' ਜਹਾਜ਼ ਪਕੜ ਲਿਆ ਅਤੇ 13 ਅਕਤੂਬਰ, 1914 ਨੂੰ ਕਲਕੱਤੇ ਪਹੁੰਚ ਗਏ। ਉਸ ਸਮੇਂ ਲੁਧਿਆਣਾ ਵਿਖੇ ਸ਼ੱਕੀ ਗਦਰੀਆਂ ਨੂੰ ਗ੍ਰਿਫਤਾਰ ਕਰ ਲਿਆ ਜਾਂਦਾ ਸੀ, ਪਰ ਆਪ ਗ੍ਰਿਫਤਾਰੀ ਤੋਂ ਬਚ ਕੇ ਬਾਹੋਵਾਲ ਪਹੁੰਚ ਗਏ।

ਦੇਸ਼ ਪਹੁੰਚ ਕੇ ਬੀਰ ਸਿੰਘ ਬਾਹੋਵਾਲ ਨੇ ਹੋਰਨਾਂ ਗਦਰੀਆਂ ਨਾਲ ਮਿਲ ਕੇ ਕ੍ਰਾਂਤੀਕਾਰੀ ਸਰਗਰਮੀਆਂ ਸ਼ੁਰੂ ਕਰ ਦਿੱਤੀਆਂ। ਨਵੰਬਰ 1914 ਵਿੱਚ ਪਾਰਟੀ ਦੇ ਕੰਮ ਨੂੰ ਚਲਾਉਣ ਲਈ ਗਠਿਤ ਕਮੇਟੀ ਵਿੱਚ ਉਹ ਮੈਂਬਰ ਚੁਣ ਲਏ ਗਏ। ਉਹਨਾਂ ਨੇ ਗਦਰ ਪਾਰਟੀ ਦੀਆਂ ਧਨ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਗਦਰੀਆਂ ਵੱਲੋਂ ਮਾਰੇ ਡਾਕਿਆਂ ਵਿੱਚ ਹਿੱਸਾ ਲਿਆ। 2-3 ਫਰਵਰੀ 1915 ਦੀ ਦਰਮਿਆਨੀ ਰਾਤ ਨੂੰ ਪਿੰਡ ਚੱਬਾ ਵਿੱਚ ਮਾਰੇ ਗਏ ਡਾਕੇ ਦੌਰਾਨ ਗਦਰੀ ਰਾਮ ਰੱਖਾ ਅਤੇ ਵਰਿਆਮ ਸਿੰਘ ਦੋ ਇਨਕਲਾਬੀ ਮਾਰੇ ਗਏ ਸਨ। ਭਾਈ ਬੀਰ ਸਿੰਘ ਬਾਹੋਵਾਲ ਅਤੇ ਭਾਈ ਪ੍ਰੇਮ ਸਿੰਘ ਸੁਰ ਸਿੰਘ ਨੇ ਇਸ ਸਮੇਂ ਵਾਹਰ ਨੂੰ ਰੋਕੀ ਰੱਖਿਆ ਅਤੇ ਆਪ ਦੋਵੇਂ ਜਖਮੀ ਹੋ ਗਏ ਸਨ। ਗਦਰੀ ਮੌਕਾ-ਏ-ਵਾਰਦਾਤ ਤੋਂ ਬਚ ਕੇ ਨਿਕਲਣ 'ਚ ਸਫਲ ਰਹੇ ਸਨ। 5 ਜੂਨ, 1915 ਨੂੰ ਕਪੂਰਥਲੇ ਦੇ ਅਸਲਾ ਖਾਨੇ ਨੂੰ ਲੁੱਟਣ ਦੀਆਂ ਵਿਉਂਤਾਂ ਬਣਾਉਣ ਲਈ ਗਦਰੀਆਂ ਨੇ ਮੀਟਿੰਗ ਕੀਤੀ, ਉਸ ਵਿੱਚ ਆਪ ਸ਼ਾਮਲ ਸਨ। ਮੀਟਿੰਗ ਪਿੱਛੋਂ ਗਦਰੀ ਆਪੋ-ਆਪਣੇ ਟਿਕਾਣਿਆਂ ਵੱਲ ਚਲੇ ਗਏ। ਇਸ ਸਮੇਂ ਆਪ 6 ਜੂਨ ਨੂੰ ਪਿੰਡ ਚਿੱਟੀ ਜਲੰਧਰ ਦੇ ਗੁਰਦੁਆਰੇ ਵਿੱਚੋਂ ਆਪਣੇ ਚਾਰ ਹੋਰ ਸਾਥੀਆਂ ਸਮੇਤ ਗ੍ਰਿਫਤਾਰ ਕਰ ਲਏ ਗਏ। ਭਾਈ ਬੀਰ ਸਿੰਘ ਬਾਹੋਵਾਲ ਨੂੰ ਲਾਹੌਰ ਦੇ ਪਹਿਲੇ ਸਪਲੀਮੈਂਟਰੀ (ਲਾਹੌਰ ਸਾਜ਼ਿਸ਼ ਕੇਸ ਦੂਜਾ) ਵਿੱਚ ਸ਼ਾਮਲ ਕਰ ਲਿਆ ਗਿਆ ਅਤੇ 18 ਜੂਨ, 1916 ਨੂੰ ਫਾਂਸੀ ਚਾੜ੍ਹ ਕੇ ਸ਼ਹੀਦ ਕਰ ਦਿੱਤਾ ਗਿਆ।

ਰੰਗਾ ਸਿੰਘ ਖੁਰਦਪੁਰ:-ਭਾਈ ਰੰਗਾ ਸਿੰਘ ਉਰਫ ਰੋੜਾ ਸਿੰਘ ਦਾ ਜਨਮ 1885 ਈਸਵੀ ਵਿੱਚ ਜ਼ਿਲ੍ਹਾ ਜਲੰਧਰ ਦੇ ਪਿੰਡ ਖੁਰਦਪੁਰ ਵਿੱਚ ਸਰਦਾਰ ਗੁਰਦਿੱਤ ਸਿੰਘ ਅਤੇ ਮਾਤਾ ਰੁਕਮਣੀ ਦੇ ਘਰ ਹੋਇਆ। ਰੰਗਾ ਸਿੰਘ 1906 ਵਿੱਚ ਰਸਾਲਾ ਨੰਬਰ 30 ਵਿੱਚ ਫੌਜੀ ਭਰਤੀ ਹੋਏ, ਪਰ ਆਜ਼ਾਦ ਖਿਆਲਾਂ ਦੇ ਮਾਲਕ ਹੋਣ ਕਰਕੇ ਜਲਦੀ ਹੀ ਫੌਜੀ ਨੌਕਰੀ ਛੱਡ ਕੇ ਅਮਰੀਕਾ ਚਲੇ ਗਏ। ਅਮਰੀਕਾ ਵਿੱਚ ਗਦਰ ਪਾਰਟੀ ਬਣਨ 'ਤੇ ਉਹ ਇਸ ਵਿਚ ਸ਼ਾਮਲ ਹੋ ਗਏ। 'ਗਦਰ' ਅਖਬਾਰ ਵਿੱਚ ਐਲਾਨੇ ਜੰਗ ਛਪਣ ਤੋਂ ਬਾਅਦ ਉਹ ਪਾਰਟੀ ਦਾ ਹੁਕਮ ਮੰਨਦੇ ਹੋਏ ਸਮੁੰਦਰੀ ਜਹਾਜ਼ ਆਸਟਰੇਲੀਅਨ ਰਾਹੀਂ ਦਸੰਬਰ 1914 ਨੂੰ ਪੰਜਾਬ ਪਹੁੰਚ ਗਏ। ਬਾਬਾ ਹਰਭਜਨ ਸਿੰਘ ਚਮਿੰਡਾ ਲਹੂ ਭਿੰਨੀਆਂ ਯਾਦਾਂ ਵਿੱਚ ਇਹਨਾਂ ਬਾਰੇ ਲਿਖਦੇ ਹਨ, "ਇਹ ਵੀਰ ਦੁਆਬੇ ਦੇ ਸਨ, ਪਰ ਇਹਨਾਂ ਦਾ ਜੁੱਟ ਭਾਈ ਉੱਤਮ ਸਿੰਘ ਹਾਂਸ ਅਤੇ ਭਾਈ ਈਸ਼ਰ ਸਿੰਘ ਢੁੱਡੀਕੇ ਦੇ ਨਾਲ ਸੀ। ਇਹ ਸੱਜਣ ਬਹੁਤ ਦਲੇਰ ਅਤੇ ਦ੍ਰਿੜ੍ਹ ਵਿਸਵਾਸੀ ਸਨ।"

ਭਾਈ ਰੰਗਾ ਸਿੰਘ ਖੁਰਦਪੁਰ ਕਪੂਰਥਲੇ ਦੇ ਅਸਲਾ ਖਾਨੇ ਨੂੰ ਲੁੱਟਣ ਦੀਆਂ ਯੋਜਨਾਵਾਂ ਬਣਾਉਣ ਵਾਲੇ ਗਦਰੀਆਂ ਵਿੱਚ ਸ਼ਾਮਲ ਸਨ। ਜਦ ਕੁਝ ਸਮੇਂ ਲਈ ਇਹ ਪ੍ਰੋਗਰਾਮ ਅੱਗੇ ਪਾਇਆ ਗਿਆ ਤਾਂ ਵੱਲਾ ਪੁਲ ਦੇ ਸਾਕੇ ਸਮੇਂ 11-12 ਜੂਨ ਦੀ ਦਰਮਿਆਨੀ ਰਾਤ ਨੂੰ ਉਹ ਹੋਰਨਾਂ ਗਦਰੀਆਂ ਨਾਲ ਸ਼ਾਮਲ ਸਨ। ਵੱਲਾ ਪੁਲ ਦੇ ਸਾਕੇ ਤੋਂ ਪਿੱਛੋਂ ਭਾਈ ਰੰਗਾ ਸਿੰਘ ਆਪਣੇ ਭਰਾ ਪ੍ਰਤਾਪ ਸਿੰਘ ਕੋਲ ਹੋਤੀ ਮਰਦਾਨ ਚਲਾ ਗਿਆ ਸੀ, ਜੋ ਉਥੇ ਫੌਜ ਵਿੱਚ ਨੌਕਰੀ ਕਰਦਾ ਸੀ। 27 ਜੂਨ, 1915 ਨੂੰ ਕਿਸੇ ਮੁਖਬਰ ਵੱਲੋਂ ਇਤਲਾਹ ਦੇਣ 'ਤੇ ਉਹਨਾਂ ਨੂੰ ਹੋਤੀ ਮਰਦਾਨ ਤੋਂ ਗ੍ਰਿਫਤਾਰ ਕਰ ਲਿਆ ਗਿਆ। ਉਹਨਾਂ ਨੂੰ ਪਹਿਲੇ ਲਾਹੌਰ ਸਪਲੀਮੈਂਟਰੀ ਸਾਜ਼ਿਸ ਕੇਸ ਵਿੱਚ ਸ਼ਾਮਲ ਕਰ ਲਿਆ ਗਿਆ ਅਤੇ 18 ਜੂਨ, 1916 ਨੂੰ ਸੈਂਟਰਲ ਜੇਲ੍ਹ ਲਾਹੌਰ ਵਿੱਚ ਹੋਰ ਸਾਥੀਆਂ ਸਮੇਤ ਫਾਂਸੀ ਚਾੜ੍ਹ ਕੇ ਸ਼ਹੀਦ ਕਰ ਦਿੱਤਾ ਗਿਆ।

ਬਰਤਾਨਵੀ ਸਾਮਰਾਜੀ ਹਕੂਮਤ ਨੇ ਹਰ ਹੱਥ ਕੰਡਾ ਵਰਤ ਕੇ ਅਤੇ ਕਾਨੂੰਨ ਦੀਆਂ ਧੱਜੀਆਂ ਉਡਾਉਂਦੇ ਹੋਏ ਆਜ਼ਾਦੀ ਦੇ ਦੀਵਾਨੇ ਭਾਰਤੀਆਂ ਨੂੰ ਗੋਲੀਆਂ ਨਾਲ ਵਿੰਨ੍ਹ ਕੇ ਜਾਂ ਫਿਰ ਮੁਕੱਦਮੇ ਚਲਾ ਕੇ ਫਾਂਸੀ ਚਾੜ੍ਹ ਕੇ ਸ਼ਹੀਦ ਕੀਤਾ, ਪਰ ਆਜ਼ਾਦੀ ਲਈ ਲੜਨ ਵਾਲੇ ਮਤਵਾਲਿਆਂ ਦੀ ਗਿਣਤੀ ਵਧਦੀ ਹੀ ਗਈ।

**# ਸੰਪਰਕ : 97812-00168**

## ਬਸਪਾ ਵੱਲੋਂ ਖੁਰਾਲਗੜ੍ਹ ਤੋਂ ਗੜ੍ਹਸ਼ੰਕਰ ਤੱਕ ਰੋਸ ਮਾਰਚ ਅੱਜ

**ਬੰਗਾ (ਅਵਤਾਰ ਕਲੇਰ)** 18 ਜੂਨ ਨੂੰ ਸ੍ਰੀ ਖੁਰਾਲਗੜ੍ਹ ਸਾਹਿਬ ਤੋਂ ਬਹੁਜਨ ਸਮਾਜ ਪਾਰਟੀ ਸਰਕਾਰ ਵਿਰੁੱਧ ਰੋਸ ਪ੍ਰਦਰਸ਼ਨ ਅਰੰਭਤਾ ਕਰੇਗੀ ਤੇ ਬਾਅਦ ਵਿੱਚ ਗੜ੍ਹਸ਼ੰਕਰ ਵਿਖੇ ਮੈਮੋਰੈਂਡਮ ਦਿੱਤਾ ਜਾਵੇਗਾ। ਸ੍ਰੀ ਖੁਰਾਲਗੜ੍ਹ ਸਾਹਿਬ ਦੇ ਮੰਦਰ ਦੇ ਨਾਲ ਹੀ ਸਰਕਾਰ ਵਲੋਂ ਸ਼ਰਾਬ ਦਾ ਠੇਕਾ ਖੋਲ੍ਹਿਆ ਗਿਆ ਹੈ, ਹੋਰ ਅਧਿਕਾਰਤ ਨਸ਼ੇ ਦੀਆਂ ਦੁਕਾਨਾਂ ਵੀ ਨਸ਼ੇ ਦੇ ਵਪਾਰੀਆਂ ਵਲੋਂ ਚਲਾਈਆਂ ਜਾ ਰਹੀਆਂ ਹਨ ਜੋ ਗੁਰੂ ਸਾਹਿਬ ਜੀ ਦੇ ਪਵਿੱਤਰ ਅਸਥਾਨ ਦਾ ਘੋਰ ਨਿਰਾਦਰ ਹੈ। ਉਸ ਠੇਕੇ ਨੂੰ ਚਕਾਉਣ ਵਾਸਤੇ ਤੇ ਪੰਜਾਬ ਸਰਕਾਰ ਵਲੋਂ ਦਲਿਤਾਂ ਦੇ ਵਿਰੋਧ ਵਿੱਚ ਕੀਤੇ ਜਾ ਰਹੇ ਕੰਮਾਂ ਅਤੇ ਬਾਬਾ ਸਾਹਿਬ ਡਾ. ਅੰਬੇਡਕਰ ਸਾਹਿਬ ਦੇ ਬੁੱਤਾਂ ਦੀ ਬੇਅਦਬੀ ਦੇ ਵਿਰੋਧ ਵਿੱਚ ਅੱਜ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ।ਬਸਪਾ ਦੇ ਹਰ ਵਰਕਰ, ਆਗੂ, ਸਮਰਥਕ, ਬਾਮਸੇਫ਼ ਦੇ ਸਾਥੀਆਂ ਤੇ ਬਸਪਾ ਦੀ ਸੋਚ ਨੂੰ ਸਮਰਪਤ ਸਾਥੀਆਂ ਨੂੰ ਬੇਨਤੀ ਹੈ ਕਿ ਆਪਣੇ ਆਪਣੇ ਪਿੰਡਾਂ/ਕਸਬਿਆਂ ਵਿੱਚੋਂ ਵਰਕਰਾਂ ਦਾ ਪ੍ਰਬੰਧ ਕਰਕੇ ਉਨ੍ਹਾਂ ਨੂੰ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਪਹੁੰਚਾਉਣ ਦੀ ਅਪੀਲ ਕਰਦੇ ਹੋਏ ਬਸਪਾ ਪੰਜਾਬ ਦੇ ਸੂਬਾਈ ਜਨਰਲ ਸਕੱਤਰ ਪ੍ਰਵੀਨ ਬੰਗਾ ਜ਼ੋਨ ਇੰਚਾਰਜ ਲੁਧਿਆਣਾ, ਜ਼ਿਲ੍ਹਾ ਇੰਚਾਰਜ ਮਨੋਹਰ ਕਮਾਮ, ਜ਼ਿਲ੍ਹਾ ਜਨਰਲ ਸਕੱਤਰ ਹਰਬਲਾਸ ਬਸਰਾ, ਜ਼ਿਲ੍ਹਾ ਸਕੱਤਰ ਵਿਜੇ ਕੁਮਾਰ ਗੁਣਾਚੌਰ ਜ਼ਿਲ੍ਹਾ ਸਕੱਤਰ ਸੋਮਨਾਥ ਰਟੈਂਡਾ, ਹਲਕਾ ਪ੍ਰਧਾਨ ਸਤਪਾਲ ਰਟੈਂਡਾ, ਉਪ ਪ੍ਰਧਾਨ ਅਸ਼ੋਕ ਕੁਮਾਰ, ਚਰਨਜੀਤ ਮੰਢਾਲੀ ਸਤਪਾਲ ਰਟੈਂਡਾ, ਹਰਜਿੰਦਰ ਜੰਡਿਆਲੀ ਸੰਮਤੀ ਮੈਂਬਰ, ਅਜੀਤ ਰਾਮ ਸਾਬਕਾ ਸਰਪੰਚ ਗੁਣਾਚੌਰ, ਚਰਨਜੀਤ ਸੱਲਾਂ ਤੇ ਵਿਧਾਨ ਸਭਾ ਹਲਕਾ ਬੰਗਾ ਦੀ ਸਮੁੱਚੀ ਲੀਡਰਸ਼ਿਪ ਵਲੋਂ ਖੁਰਾਲਗੜ੍ਹ ਪਹੁੰਚਣ ਦੀ ਅਪੀਲ ਕੀਤੀ ਗਈ ਹੈ।



## ਬਲੱਡ ਬੈਂਕ ਵਿਖੇ ਲਗਾਇਆ ਦੰਦਾਂ ਤੇ ਜਬਾੜਿਆਂ ਦਾ 455ਵਾਂ ਫ੍ਰੀ ਕੈਂਪ

**ਫਗਵਾੜਾ (ਡਾ. ਰਮਨ)** ਬਲੱਡ ਬੈਂਕ ਗੁਰੂ ਹਰਗੋਬਿੰਦ ਨਗਰ ਫਗਵਾੜਾ ਵਿਖੇ ਮਾਤਾ ਠਾਕੁਰ ਦੇਵੀ ਅਤੇ ਨਾਨਕ ਚੰਦ ਸੇਠੀ ਦੀ ਮਿੱਠੀ ਯਾਦ ਨੂੰ ਸਮਰਪਿਤ ਦੰਦਾਂ ਅਤੇ ਜਬਾੜਿਆਂ ਦਾ 455ਵਾਂ ਫਰੀ ਕੈਂਪ ਬਲੱਡ ਬੈਂਕ ਦੇ ਪ੍ਰਧਾਨ ਮਲਕੀਅਤ ਸਿੰਘ ਰਘਬੋਤਰਾ ਦੀ ਨਿਗਰਾਨੀ ਹੇਠ ਲਗਾਇਆ ਗਿਆ। ਸਮਾਗਮ ਦੌਰਾਨ ਮੁੱਖ ਮਹਿਮਾਨ ਵਜੋਂ ਨਗਰ ਨਿਗਮ ਫਗਵਾੜਾ ਤੋਂ ਮੇਅਰ ਰਾਮਪਾਲ ਉੱਪਲ ਨੇ ਸ਼ਿਰਕਤ ਕੀਤੀ। ਉਹਨਾਂ ਦੇ ਨਾਲ ਸਤਿਕਾਰਤ ਮਹਿਮਾਨ ਵਜੋਂ ਰੋਟੇਰੀਅਨ ਸਤਪਾਲ ਸੇਠੀ ਨੇ ਹਾਜਰੀ ਲਗਵਾਈ। ਮੁੱਖ ਮਹਿਮਾਨ ਨੇ ਦੀਪ ਪ੍ਰਜਵੱਲਿਤ ਕਰਕੇ ਕੈਂਪ ਦਾ ਸ਼ੁੱਭ ਆਰੰਭ ਕਰਵਾਇਆ। ਇਸ ਮੌਕੇ 6 ਲੋੜਵੰਦ ਬਜ਼ੁਰਗਾਂ ਨੂੰ ਨਵੇਂ ਤਿਆਰ ਕੀਤੇ ਜਬਾੜੇ ਵੰਡਦਿਆਂ ਉਹਨਾਂ ਨੇ ਬਲੱਡ ਬੈਂਕ ਵਲੋਂ ਕੀਤੇ ਜਾ ਰਹੇ ਸਮਾਜ ਸੇਵੀ ਕਾਰਜਾਂ ਦੀ ਭਰਪੂਰ ਸ਼ਲਾਘਾ ਕੀਤੀ। ਕੈਂਪ ਦੌਰਾਨ ਸੀ.ਐਮ.ਸੀ. ਲੁਧਿਆਣਾ ਤੋਂ ਡਾ. ਤਮਨਪ੍ਰੀਤ ਸਿੰਘ ਦੀ ਅਗਵਾਈ 'ਚ ਪਹੁੰਚੀ ਮਾਹਿਰ ਡਾਕਟਰਾਂ ਦੀ 25 ਮੈਂਬਰੀ ਮੋਬਾਈਲ ਟੀਮ ਨੇ ਲਗਭਗ 110 ਮਰੀਜ਼ਾਂ ਦੇ ਦੰਦਾਂ ਦੀ ਜਾਂਚ ਕੀਤੀ। ਲੋੜਵੰਦਾਂ ਦੇ ਦੰਦ ਸਾਫ਼ ਕੀਤੇ ਗਏ ਅਤੇ ਲੋੜ ਅਨੁਸਾਰ ਦਵਾਈਆਂ ਦਿੱਤੀਆਂ ਗਈਆਂ। 25 ਨਵੇਂ ਲੋੜਵੰਦਾਂ ਨੂੰ ਜਬਾੜੇ ਲਗਾਉਣ ਦੀ ਤੀਸਰੀ ਪ੍ਰਕ੍ਰਿਆ ਵੀ ਪੂਰੀ ਕੀਤੀ ਗਈ। ਇਸ ਤੋਂ ਇਲਾਵਾ, ਮਰੀਜ਼ਾਂ ਦੇ ਟੁੱਟੇ ਦੰਦਾਂ ਦੀ ਫਿਲਿੰਗ ਵੀ ਕੀਤੀ ਗਈ। ਡਾ. ਤਮਨਪ੍ਰੀਤ ਨੇ ਹਾਜਰੀਨ ਨੂੰ ਦੰਦਾਂ ਦੀ ਸੰਭਾਲ ਬਾਰੇ ਜਾਗਰੂਕ ਵੀ ਕੀਤਾ। ਮਲਕੀਅਤ ਸਿੰਘ ਰਘਬੋਤਰਾ ਨੇ ਦੱਸਿਆ ਕਿ ਅਗਲਾ ਕੈਂਪ 1 ਜੁਲਾਈ ਦਿਨ ਮੰਗਲਵਾਰ ਨੂੰ ਲਗਾਇਆ ਜਾਵੇਗਾ। ਇਸ ਮੌਕੇ ਡਾ. ਦਵਿੰਦਰ ਛਾਬੜਾ, ਐਡਵੋਕੇਟ ਅਨੂੰ ਆਜਾਦ, ਇੰਦਰ ਖੁਰਾਣਾ, ਕ੍ਰਿਸ਼ਨ ਕੁਮਾਰ, ਰੂਪ ਲਾਲ, ਗੁਲਸ਼ਨ ਕਪੂਰ, ਐਨ.ਐਸ. ਸੈਣੀ, ਮੋਹਨ ਲਾਲ ਤਨੇਜਾ, ਸੁਧਾ ਬੇਦੀ, ਹਰਵਿੰਦਰ ਸਿੰਘ ਆਦਿ ਹਾਜਰ ਸਨ।



## ਜਨ ਹਿੱਤ ਸੰਮਤੀ ਵੱਲੋਂ ਲੋੜਵੰਦ ਪਰਵਾਰਾਂ ਨੂੰ ਰਾਸ਼ਨ ਦੇਣਾ ਸ਼ਲਾਘਾਯੋਗ ਉਪਰਾਲਾ : ਐਡਵੋਕੇਟ ਮਹਿਸਮਪੁਰੀ, ਗੌਤਮ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪਟਿਆਲਾ ਜ਼ਿਲ੍ਹੇ ਦੀ ਨਾਮਵਰ ਸਮਾਜ ਸੇਵੀ ਸੰਸਥਾ ਜਨ ਹਿੱਤ ਸੰਮਤੀ ਵੱਲੋਂ ਪ੍ਰਧਾਨ ਐੱਸ ਕੇ ਗੌਤਮ ਤੇ ਜਨਰਲ ਸਕੱਤਰ ਸਟੇਟ ਐਵਾਰਡੀ ਵਿਨੋਦ ਸ਼ਰਮਾ ਦੀ ਅਗਵਾਈ ਹੇਠ ਲੋੜਵੰਦ ਛੇ ਪਰਵਾਰਾਂ ਨੂੰ ਰਾਸ਼ਨ ਦੇਣ ਲਈ ਪ੍ਰਭਾਤ ਪ੍ਰਵਾਨਾ ਹਾਲ ਵਿਖੇ ਪ੍ਰੋਗਰਾਮ ਕੀਤਾ ਗਿਆ, ਜਿਸ ਵਿੱਚ ਮੁੱਖ ਮਹਿਮਾਨ ਸੀਨੀਅਰ ਐਡਵੋਕੇਟ ਐੱਚ ਐੱਨ ਮਹਿਸਮਪੁਰੀ ਨੇ ਸ਼ਿਰਕਤ ਕੀਤੀ। ਇਸ ਤੋਂ ਇਲਾਵਾ ਵਿਸ਼ੇਸ਼ ਤੌਰ 'ਤੇ ਮੀਤ ਪ੍ਰਧਾਨ ਚਮਨ ਲਾਲ, ਮੀਤ ਪ੍ਰਧਾਨ ਰਾਸ਼ਟਰਪਤੀ ਐਵਾਰਡੀ ਜਤਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਪ੍ਰੈੱਸ ਸਕੱਤਰ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਤੇ ਮੈਂਬਰ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ, ਵਿਨੋ ਸ਼ਰਮਾ, ਸਤੀਸ਼ ਜੋਸ਼ੀ, ਸਤਪਾਲ ਪਰਾਸ਼ਰ, ਨਿਖਿਲ ਗੋਇਲ, ਡੀ ਪੀ ਸਿੰਘ, ਪੱਪੂ ਅਰੋੜਾ, ਰੁਦਰਪ੍ਰਤਾਪ ਸਿੰਘ, ਲੱਕੀ ਹਰਦਾਸਪੁਰ, ਹਰਮਨਜੀਤ ਸਿੰਘ ਰੰਧਾਵਾ ਨੇ ਸ਼ਿਰਕਤ ਕੀਤੀ। ਇਸ ਮੌਕੇ ਸੰਬੋਧਨ ਕਰਦਿਆਂ ਸੀਨੀਅਰ ਐਡਵੋਕੇਟ ਐੱਚ ਐੱਨ ਮਹਿਸਮਪੁਰੀ ਨੇ ਕਿਹਾ ਕਿ ਜਨ ਹਿੱਤ ਸੰਮਤੀ ਵੱਲੋਂ ਲੋੜਵੰਦ ਪਰਵਾਰਾਂ ਨੂੰ ਰਾਸ਼ਨ ਦੇਣਾ ਬਹੁਤ ਹੀ ਮਹੱਤਵਪੂਰਨ ਉਪਰਾਲਾ ਹੈ। ਉਨ੍ਹਾਂ ਕਿਹਾ ਕਿ ਜਨ ਹਿੱਤ ਸੰਮਤੀ ਵੱਲੋਂ ਪ੍ਰਧਾਨ ਐੱਸ ਕੇ ਗੌਤਮ ਤੇ ਜਨਰਲ ਸਕੱਤਰ ਸਟੇਟ ਐਵਾਰਡੀ ਵਿਨੋਦ ਸ਼ਰਮਾ ਦੀ ਅਗਵਾਈ ਹੇਠ ਪਟਿਆਲਾ ਸ਼ਹਿਰ ਦੇ ਪਾਰਕਾਂ ਦੀ ਸਾਂਭ ਸੰਭਾਲ ਕਰਨੀ, ਲੋੜਵੰਦਾਂ ਦੀ ਮਦਦ ਲਈ ਪੰਜ ਫਰੀ ਐਂਬੂਲੈਂਸ ਚਲਾਉਣੀਆਂ, ਰਾਜਿੰਦਰਾ ਹਸਪਤਾਲ ਵਿੱਚ ਲੋੜਵੰਦ ਮਰੀਜ਼ਾਂ ਲਈ ਵ੍ਹੀਲਚੇਅਰ, ਟਰਾਈਸਾਈਕਲ, ਮੁਫ਼ਤ ਦਵਾਈਆਂ ਦੇਣੀਆਂ, ਲੋੜਵੰਦ ਲੜਕੀਆਂ ਤੇ ਔਰਤਾਂ ਲਈ ਫਰੀ ਸਿਲਾਈ ਕਢਾਈ ਸੈਂਟਰ, ਕੰਪਿਊਟਰ ਸੈਂਟਰ, ਬਿਊਟੀ ਪਾਰਲਰ ਦੇ ਕੋਰਸ ਕਰਵਾਏ ਜਾ ਰਹੇ ਹਨ, ਜੋ ਬਹੁਤ ਪ੍ਰਸ਼ੰਸਾਯੋਗ ਹੈ। ਉਨ੍ਹਾਂ ਕਿਹਾ ਕਿ ਜਨ ਹਿੱਤ ਸੰਮਤੀ ਵਰਗੀ ਸਮਾਜ ਸੇਵੀ ਸੰਸਥਾ ਤੋਂ ਸੇਧ ਲੈ ਕੇ ਹੋਰਨਾਂ ਸੰਸਥਾਵਾਂ ਨੂੰ ਵੀ ਲੋੜਵੰਦਾਂ ਦੀ ਮਦਦ ਲਈ ਅੱਗੇ ਆਉਣਾ ਚਾਹੀਦਾ ਹੈ।

## ਪੰਜਾਬ ਪੁਲਸ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਵੱਲੋਂ ਮੀਟਿੰਗ



**ਫਰੀਦਕੋਟ (ਐਲਿਗਜੈਂਡਰ ਡਿਸੂਜ਼ਾ)**-ਪੰਜਾਬ ਪੁਲਸ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਫ਼ਰੀਦਕੋਟ ਵੱਲੋਂ ਆਪਣੇ ਸਥਾਨਕ ਦਫ਼ਤਰ ਵਿਖੇ ਇੱਕ ਮੀਟਿੰਗ ਕੀਤੀ ਗਈ।ਇਸ ਮੀਟਿੰਗ ਦੌਰਾਨ ਐਸੋਸੀਏਸ਼ਨ ਨੇ ਸਵਰਗੀ ਚੰਚਲ ਸਿੰਘ ਬਾਜਵਾ ਐੱਸ ਪੀ (ਸੇਵਾਮੁਕਤ) ਦੀ ਬਰਸੀ ਮਨਾਈ, ਜਿਸ ਵਿੱਚ ਯੂਨਿਟ ਦੇ ਲਗਭਗ 55 ਅਧਿਕਾਰੀਆਂ ਤੇ ਮੈਂਬਰਾਂ ਨੇ ਹਿੱਸਾ ਲਿਆ।ਸਮਾਗਮ ਦੀ ਸ਼ੁਰੂਆਤ ਵਿੱਚ ਇੰਸਪੈਕਟਰ ਭਗਵਾਨ ਸਿੰਘ (ਸੇਵਾਮੁਕਤ) ਨੇ ਸਾਰਿਆਂ ਦਾ ਸਵਾਗਤ ਕੀਤਾ।ਇਸ ਤੋਂ ਬਾਅਦ ਹਰਜਿੰਦਰ ਸਿੰਘ ਧਾਲੀਵਾਲ ਡੀ ਐੱਸ ਪੀ (ਸੇਵਾਮੁਕਤ) ਪ੍ਰਧਾਨ ਨੇ ਸਵਰਗੀ ਚੰਚਲ ਸਿੰਘ ਬਾਜਵਾ ਦੇ ਜੀਵਨ 'ਤੇ ਸੰਖੇਪ ਵਿੱਚ ਚਾਨਣਾ ਪਾਇਆ ਤੇ ਸਾਰਿਆਂ ਨੇ ਦੋ ਮਿੰਟ ਦਾ ਮੌਨ ਧਾਰਨ ਕਰਕੇ ਬਾਜਵਾ ਨੂੰ ਸ਼ਰਧਾਂਜਲੀ ਭੇਟ ਕੀਤੀ।ਅੰਤ ਵਿੱਚ ਸਮਾਗਮ ਦੀ ਸਮਾਪਤੀ 'ਤੇ ਪ੍ਰਧਾਨ ਨੇ ਸਾਰਿਆਂ ਦਾ ਸਵਾਗਤ ਕੀਤਾ ਤੇ ਧੰਨਵਾਦ ਕੀਤਾ।

## ਸਾਹਿਤ ਸਭਾ ਦੀ ਇਕੱਤਰਤਾ 'ਚ ਅਜਮੇਰ ਸਿੱਧੂ ਦੀ ਕਹਾਣੀ 'ਤੇ ਚਰਚਾ




**ਸਮਰਾਲਾ (ਸੁਰਜੀਤ ਸਿੰਘ)**-ਸਾਹਿਤ ਸਭਾ ਸਮਰਾਲਾ ਦੀ ਮਾਸਿਕ ਇਕੱਤਰਤਾ ਪ੍ਰਧਾਨ ਐਡਵੋਕੇਟ ਨਰਿੰਦਰ ਸ਼ਰਮਾ ਦੀ ਪ੍ਰਧਾਨਗੀ ਹੇਠ ਸਥਾਨਕ ਸਰਕਾਰੀ ਸਕੂਲ ਵਿਖੇ ਹੋਈ।ਇਕੱਤਰਤਾ ਦੇ ਅਰੰਭ ਵਿੱਚ ਅਹਿਮਦਾਬਾਦ ਹਵਾਈ ਹਾਦਸੇ ਵਿੱਚ ਮਾਰੇ ਗਏ ਯਾਤਰੀਆਂ, ਹਵਾਈ ਅਮਲੇ ਦੇ ਮੁਲਾਜ਼ਮਾਂ ਤੇ 27 ਡਾਕਟਰਾਂ ਦੀ ਯਾਦ ਵਿੱਚ ਦੋ ਮਿੰਟ ਦਾ ਮੌਨ ਰੱਖ ਕੇ ਸ਼ਰਧਾਂਜਲੀ ਭੇਟ ਕੀਤੀ ਗਈ।ਇਸ ਵਾਰ ਦੀ ਇਕੱਤਰਤਾ ਵਿੱਚ ਕਹਾਣੀਕਾਰ ਅਜਮੇਰ ਸਿੰਘ ਸਿੱਧੂ ਦੀ ਕਹਾਣੀ 'ਇਹ ਓਹੀ ਸਤਨਾਮ ਆ' 'ਤੇ ਵਿਸ਼ੇਸ਼ ਚਰਚਾ ਹੋਈ, ਜਿਸ ਵਿੱਚ ਐਡਵੋਕੇਟ ਨਰਿੰਦਰ ਸ਼ਰਮਾ, ਕਹਾਣੀਕਾਰ ਬਲਵਿੰਦਰ ਸਿੰਘ ਗਰੇਵਾਲ, ਚਿੰਤਕ ਗੁਰਭਗਤ ਸਿੰਘ, ਕਹਾਣੀਕਾਰ ਸੰਦੀਪ ਸਮਰਾਲਾ ਤੇ ਹੋਰ ਸਾਥੀਆਂ ਨੇ ਪੰਜਾਬ ਵੱਲੋਂ ਹੰਢਾਏ ਗਏ ਕਾਲੇ ਦੌਰ ਦੌਰਾਨ ਸਰਕਾਰਾਂ ਤੇ ਆਮ ਬੰਦੇ ਦੇ ਟਕਰਾਅ ਦੀ ਖ਼ੂਬਸੂਰਤ ਕਹਾਣੀ ਬਾਰੇ ਜ਼ਿਕਰ ਕੀਤਾ।ਇਸ ਵਧੀਆ ਕਹਾਣੀ ਲਈ ਅਜਮੇਰ ਸਿੱਧੂ ਨੂੰ ਮੁਬਾਰਕਬਾਦ ਦਿੱਤੀ ਗਈ।ਇਸ ਤੋਂ ਪਹਿਲਾਂ ਕਹਾਣੀਕਾਰ ਸੰਦੀਪ ਸਮਰਾਲਾ ਦੀ ਪਲੇਠੀ ਕਹਾਣੀ ਪੁਸਤਕ 'ਸੁਪਨੇ ਦਾ ਗਵਾਹ ਨਹੀਂ ਹੁੰਦਾ' ਦੇ ਪ੍ਰਕਾਸ਼ਨ ਤੇ ਕਹਾਣੀਕਾਰ ਬਲਵਿੰਦਰ ਗਰੇਵਾਲ ਨੂੰ ਉਨ੍ਹਾਂ ਦੇ ਨਾਵਲ 'ਟਾਕੀਆਂ ਵਾਲਾ ਪਜਾਮਾ' ਦਾ ਸਨਮਾਨ ਹੋਣ 'ਤੇ ਸਮੁੱਚੀ ਸਭਾ ਵੱਲੋਂ ਮੁਬਾਰਕਬਾਦ ਦਿੱਤੀ ਗਈ।ਰਚਨਾਵਾਂ ਦੇ ਦੌਰ ਵਿੱਚ ਗੀਤਕਾਰ ਹਰਜਿੰਦਰ ਸਿੰਘ ਗੋਪਾਲੋਂ ਨੇ 'ਹੀਰ ਤੇ ਉਸ ਦੀ ਮਾਂ ਮਲਕੀ' ਦਾ ਵਾਰਤਾਲਾਪ ਸੁਣਾਇਆ, ਦੀਪ ਦਿਲਬਰ ਨੇ ਗ਼ਜ਼ਲ, ਜੁਆਲਾ ਸਿੰਘ ਥਿੰਦ ਤੇ ਅਨਿਲ ਫ਼ਤਹਿਗੜ੍ਹ ਜੱਟਾਂ ਨੇ ਮਿੰਨੀ ਕਹਾਣੀ, ਬਲਵੰਤ ਮਾਂਗਟ ਨੇ ਕਵਿਤਾ ਪੇਸ਼ ਕੀਤੀ।ਪੇਸ਼ ਕੀਤੀਆਂ ਰਚਨਾਵਾਂ 'ਤੇ ਰਵਿੰਦਰ ਕੌਲਗੜ੍ਹ, ਗੁਰਦੀਪ ਮਹੌਣ, ਅਮਨਦੀਪ ਸਮਰਾਲਾ, ਮਨਦੀਪ ਡਡਿਆਣਾ, ਸਿਮਰਜੀਤ ਸਿੰਘ ਕੰਗ ਤੇ ਗੁਰਦੀਪ ਸੁਖਜੀਤ ਨੇ ਉਸਾਰੂ ਸੁਝਾਅ ਪੇਸ਼ ਕੀਤੇ।ਸਭਾ ਦੀ ਕਾਰਵਾਈ ਸਮੇਟਦੇ ਹੋਏ ਐਡਵੋਕੇਟ ਨਰਿੰਦਰ ਸ਼ਰਮਾ ਨੇ ਕਿਹਾ ਕਿ ਮਨੁੱਖ ਨੂੰ ਸੋਚ ਬਦਲਣ ਦੀ ਲੋੜ ਹੁੰਦੀ ਹੈ।ਸਮੇਂ ਦੇ ਨਾਲ ਨਾਲ ਬੰਦੇ ਦੇ ਕੰਮ, ਸੋਚ, ਨਜ਼ਰੀਆ ਤੇ ਉਸ ਦੀਆਂ ਵਿਆਖਿਆਵਾਂ ਬਦਲਦੀਆਂ ਰਹਿੰਦੀਆਂ ਹਨ, ਅਖ਼ੀਰ ਵਿੱਚ ਉਨ੍ਹਾਂ ਮੀਟਿੰਗ ਵਿੱਚ ਆਏ ਸਾਥੀਆਂ ਦਾ ਧੰਨਵਾਦ ਕੀਤਾ।ਇਕੱਤਰਤਾ ਦੀ ਸਮੁੱਚੀ ਕਾਰਵਾਈ ਯਤਿੰਦਰ ਕੌਰ ਮਾਹਲ ਵੱਲੋਂ ਬਾਖ਼ੂਬੀ ਨਿਭਾਈ ਗਈ।

## ਆਨੰਦ ਪਰਵਾਰ ਵੱਲੋਂ ਗੁਰਦੁਆਰਾ ਸਾਹਿਬ ਦੀ ਇਮਾਰਤ ਲਈ 51 ਹਜ਼ਾਰ ਦੀ ਰਾਸ਼ੀ ਭੇਟ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਮਾਛੀਵਾੜਾ ਇਲਾਕੇ ਦੇ ਸਮਾਜ ਸੇਵੀ ਆਨੰਦ ਪਰਵਾਰ ਵੱਲੋਂ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਇੰਦਰਾ ਕਾਲੋਨੀ ਵਿਖੇ ਚੱਲ ਰਹੀ ਕਾਰ ਸੇਵਾ ਲਈ 51 ਹਜ਼ਾਰ ਰੁਪਏ ਦੀ ਰਾਸ਼ੀ ਭੇਟ ਕੀਤੀ ਗਈ। ਮਾਛੀਵਾੜਾ ਇੰਪਰੂਵਮੈਂਟ ਟਰੱਸਟ ਦੇ ਸਾਬਕਾ ਚੇਅਰਮੈਨ ਸ਼ਕਤੀ ਅਨੰਦ, ਕਾਂਗਰਸ ਦੇ ਸ਼ਹਿਰੀ ਪ੍ਰਧਾਨ ਕਪਿਲ ਅਨੰਦ ਗੁਰੂਘਰ ਪੁੱਜੇ, ਜਿੱਥੇ ਉਨ੍ਹਾਂ ਪ੍ਰਬੰਧਕ ਕਮੇਟੀ ਨੂੰ ਇਹ ਕਾਰ ਸੇਵਾ ਦੀ ਰਾਸ਼ੀ ਭੇਟ ਕੀਤੀ। ਇਸ ਮੌਕੇ ਸ਼ਕਤੀ ਆਨੰਦ ਨੇ ਕਿਹਾ ਕਿ ਗੁਰੂ ਘਰ ਦੀ ਇਮਾਰਤ ਨੂੰ ਸੁੰਦਰ ਬਣਾਉਣ ਲਈ ਜੋ ਕਾਰ ਸੇਵਾ ਚੱਲ ਰਹੀ ਹੈ, ਉਸ ਵਿੱਚ ਸਾਨੂੰ ਵੱਧ ਚੜ੍ਹ ਕੇ ਸ਼ਮੂਲੀਅਤ ਕਰਨੀ ਚਾਹੀਦੀ ਹੈ। ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਰਾਸ਼ੀ ਭੇਟ ਕਰਨ 'ਤੇ ਆਨੰਦ ਪਰਵਾਰ ਨੂੰ ਸਿਰੋਪਾਓ ਪਾ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਗੁਰਮੁੱਖ ਸਿੰਘ ਪ੍ਰਧਾਨ, ਸੰਦੀਪ ਸਿੰਘ ਸੀਪਾ, ਤੇਜਪਾਲ ਸਿੰਘ, ਪਰਮਜੀਤ ਸਿੰਘ ਪੰਮਾ, ਅਮਰਜੀਤ ਸਿੰਘ ਕਾਲਾ, ਰਾਜਪਾਲ ਸਿੰਘ, ਹਰਪ੍ਰੀਤ ਸਿੰਘ, ਅਵਤਾਰ ਸਿੰਘ, ਸਵਰਨ ਸਿੰਘ, ਸਤਨਾਮ ਸਿੰਘ, ਜਸਵਿੰਦਰ ਸਿੰਘ, ਹਰਜਿੰਦਰ ਸਿੰਘ, ਨਿਰਭੈ ਸਿੰਘ, ਭਾਗ ਸਿੰਘ, ਜਰਨੈਲ ਸਿੰਘ, ਕਰਨੈਲ ਸਿੰਘ ਜੱਸੀ ਮੌਜੂਦ ਸਨ।

## ਪਾਵਰਕਾਮ ਸੀ ਐੱਚ ਬੀ ਕਾਮਿਆਂ ਨੂੰ ਮੁੱਖ ਮੰਤਰੀ ਤੋਂ ਬਿਜਲੀ ਵਿਭਾਗ 'ਚ ਮਰਜ਼ ਕਰਨ ਦਾ ਮਿਲਿਆ ਭਰੋਸਾ




**ਸਮਰਾਲਾ (ਸੁਰਜੀਤ ਸਿੰਘ)**-ਪ੍ਰਾਪਤ ਜਾਣਕਾਰੀ ਅਨੁਸਾਰ ਪਾਵਰਕਾਮ ਐਂਡ ਟਰਾਂਸਕੋ ਵਿੱਚ ਲਮੇ ਸਮੇਂ ਤੋਂ ਬਤੌਰ ਠੇਕਾ ਮੁਲਾਜ਼ਮ ਕੰਮ ਕਰ ਰਹੇ ਸੀਐੱਚਬੀ ਨੂੰ ਪਾਵਰਕਾਮ ਵਿੱਚ ਪੱਕੀ ਨੌਕਰੀ ਦੀ ਕੁਝ ਆਸ ਬੱਝੀ ਹੈ।ਪਿਛਲੇ ਦਿਨੀਂ ਵਿੱਤ ਮੰਤਰੀ ਨਾਲ ਹੋਈ ਮੀਟਿੰਗ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਮਾਨ ਸਮੇਤ ਬਿਜਲੀ ਮੰਤਰੀ ਹਰਭਜਨ ਸਿੰਘ ਤੇ ਚੀਫ ਸੈਕਟਰੀ ਮੁੱਖ ਮੰਤਰੀ ਤੇ ਬਿਜਲੀ ਵਿਭਾਗ ਦੇ ਪ੍ਰਮੁੱਖ ਸਕੱਤਰ/ਸੀਐੱਮਡੀ ਸਮੇਤ ਪ੍ਰਮੁੱਖ ਸਕੱਤਰ ਵਿੱਤ ਵਿਭਾਗ ਤੇ ਪ੍ਰਮੁੱਖ ਸਕੱਤਰ ਪ੍ਰਸੋਨਲ ਵਿਭਾਗ ਦੇ ਅਧਿਕਾਰੀ ਨਾਲ ਮੀਟਿੰਗ ਪੁਲਸ ਅਕੈਡਮੀ ਫਿਲੌਰ ਵਿਖੇ ਹੋਈ ਦੱਸੀ ਜਾਂਦੀ ਹੈ।ਮੀਟਿੰਗ ਦੀ ਜਾਣਕਾਰੀ ਸਾਂਝੀ ਕਰਦਿਆਂ ਸੂਬਾ ਪ੍ਰਧਾਨ ਬਲਿਹਾਰ ਸਿੰਘ ਕਟਾਰੀਆ, ਸੂਬਾ ਜਨਰਲ ਸਕੱਤਰ ਰਾਜੇਸ਼ ਕੁਮਾਰ ਮੌੜ, ਸੂਬਾ ਸਹਾਇਕ ਸਕੱਤਰ ਟੇਕ ਚੰਦ, ਦਫਤਰੀ ਸਕੱਤਰ ਸ਼ੇਰ ਸਿੰਘ, ਪ੍ਰੈੱਸ ਸਕੱਤਰ ਇੰਦਰਪ੍ਰੀਤ ਸਿੰਘ ਨੇ ਦੱਸਿਆ ਕਿ ਆਊਟਸੋਰਸਡ ਠੇਕਾ ਕਾਮਿਆਂ ਨੂੰ ਸਿੱਧਾ ਵਿਭਾਗ ਵਿੱਚ ਰੈਗੂਲਰ ਕਰਨ, ਘੱਟੋ ਘੱਟ ਗੁਜ਼ਾਰੇ ਯੋਗ ਤਨਖਾਹ ਜਾਂ 15ਵੀਂ ਲੇਬਰ ਕਾਨਫਰੰਸ ਤਹਿਤ ਲਾਗੂ ਕਰਨ, ਠੇਕੇਦਾਰੀ ਸਿਸਟਮ ਨੂੰ ਬੰਦ ਕਰਨ ਸਮੇਤ ਬਿਜਲੀ ਹਾਦਸਿਆਂ ਕਾਰਨ ਮੌਤ ਦਾ ਸ਼ਿਕਾਰ ਹੋਏ ਜਾਂ ਅਪੰਗ ਹੋਏ ਕਾਮਿਆਂ ਨੂੰ ਪੱਕੀ ਨੌਕਰੀ ਤੇ ਪੈਨਸ਼ਨ ਦਿੱਤੀ ਜਾਵੇ।ਜਾਣਕਾਰੀ ਮੁਤਾਬਕ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਨੇ ਭਰੋਸਾ ਦਿਵਾਇਆ ਹੈ ਕਿ ਆਊਟ ਸੋਰਸਡ ਠੇਕਾ ਕਾਮਿਆਂ ਨੂੰ ਸਿੱਧਾ ਵਿਭਾਗ ਵਿੱਚ ਸ਼ਾਮਲ ਕਰਨ ਦਾ ਡਰਾਫਟ ਤਿਆਰ ਕਰਨ ਤੇ ਤਨਖਾਹਾਂ ਵਿੱਚ ਵਾਧੇ ਕਰਨ ਸਮੇਤ ਹੋਰ ਮੰਗਾਂ ਲਈ ਮੁੱਖ ਮੰਤਰੀ ਵੱਲੋਂ ਬਿਜਲੀ ਮੰਤਰੀ ਦੀ ਡਿਊਟੀ ਲਗਾਈ ਗਈ ਕਿ ਮੰਗਾਂ ਦਾ ਨਿਪਟਾਰਾ ਕੀਤਾ ਜਾਵੇ ਤੇ 15 ਦਿਨਾਂ ਦੇ ਅੰਦਰ ਅੰਦਰ ਜਥੇਬੰਦੀ ਨਾਲ ਦੁਬਾਰਾ ਮੀਟਿੰਗ ਕੀਤੀ ਜਾਵੇਗੀ।

## ਮੋਟਰਸਾਈਕਲ ਸਵਾਰਾਂ ਨੇ ਚਾਹ ਪੀ ਰਹੇ ਵਿਅਕਤੀ 'ਤੇ ਚਲਾਈਆਂ ਗੋਲੀਆਂ

**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਇਥੇ ਥਰਮਲ ਕਾਲੋਨੀ ਦੇ ਗੇਟ ਨੰਬਰ 2 ਨੇੜੇ ਚਾਹ ਦੀ ਦੁਕਾਨ 'ਤੇ ਸੋਮਵਾਰ ਸਵੇਰੇ ਸਾਢੇ ਅੱਠ ਵਜੇ ਦੇ ਕਰੀਬ ਕੁਝ ਅਣਪਛਾਤੇ ਨੌਜਵਾਨਾਂ ਨੇ ਇੱਕ ਵਿਅਕਤੀ ਉੱਤੇ ਗੋਲੀਆਂ ਚਲਾਈਆਂ। ਜ਼ਖ਼ਮੀ ਦੀ ਸ਼ਨਾਖਤ ਲਲਿਤ ਕੁਮਾਰ ਛਾਬੜਾ ਵਾਸੀ ਵਿਸ਼ਾਲ ਨਗਰ ਸੰਤਪੁਰਾ ਰੋਡ ਵਜੋਂ ਹੋਈ ਹੈ ਤੇ ਉਸ ਨੂੰ ਏਮਜ਼ ਬਠਿੰਡਾ ਵਿਖੇ ਦਾਖਲ ਕਰਵਾਇਆ ਗਿਆ ਹੈ। ਜਾਣਕਾਰੀ ਅਨੁਸਾਰ ਲਲਿਤ ਕੁਮਾਰ ਕੈਮੀਕਲ ਟਾਈਲਾਂ ਤੇ ਉਸਾਰੀ ਦਾ ਕੰਮ ਕਰਦਾ ਹੈ। ਉਹ ਹਮੇਸ਼ਾ ਦੀ ਤਰ੍ਹਾਂ ਅੱਜ ਵੀ ਦੁਕਾਨ 'ਤੇ ਚਾਹ ਪੀਣ ਆਇਆ ਸੀ। ਇਥੇ ਪਹਿਲਾਂ ਤੋਂ ਹੀ ਚਾਹ ਪੀਣ ਆਏ ਮੋਟਰਸਾਈਕਲ ਸਵਾਰ ਦੋ ਨੌਜਵਾਨਾਂ ਨੇ ਉਸ 'ਤੇ ਤਕਰੀਬਨ ਚਾਰ ਗੋਲੀਆਂ ਚਲਾਈਆਂ। ਗੋਲੀਆਂ ਲਲਿਤ ਦੇ ਮੋਢੇ, ਪੱਟ ਤੇ ਬਾਂਹ 'ਚ ਲੱਗੀਆਂ। ਜ਼ਖ਼ਮੀ ਨੂੰ ਇਲਾਕੇ ਦੇ ਲੋਕਾਂ ਵੱਲੋਂ ਤੁਰੰਤ ਸਰਕਾਰੀ ਹਸਪਤਾਲ ਲਿਜਾਇਆ ਗਿਆ, ਜਿੱਥੇ ਮੁੱਢਲੀ ਸਹਾਇਤਾ ਦੇਣ ਮਗਰੋਂ ਉਸ ਨੂੰ ਗੰਭੀਰ ਹਾਲਤ ਵਿੱਚ ਏਮਜ਼ ਬਠਿੰਡਾ ਰੈਫਰ ਕਰ ਦਿੱਤਾ ਗਿਆ। ਮੌਕੇ 'ਤੇ ਪੁੱਜੀ ਪੁਲਸ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ। ਐੱਸ ਪੀ ਸਿਟੀ ਨਰਿੰਦਰ ਸਿੰਘ ਨੇ ਦੱਸਿਆ ਕਿ ਅਣਪਛਾਤੇ ਹਮਲਾਵਰਾਂ ਵਿਰੁੱਧ ਥਾਣਾ ਥਰਮਲ 'ਚ ਕੇਸ ਦਰਜ ਕਰ ਲਿਆ ਹੈ ਅਤੇ ਘਟਨਾ ਸਬੰਧੀ ਸੀਸੀਟੀਵੀ ਫੁਟੇਜ ਚੈੱਕ ਕੀਤੀ ਜਾ ਰਹੀ ਹੈ।

# 21 ਸਾਲਾ ਲੜਕੀ ਦੀ ਖ਼ੂਹ 'ਚ ਡਿੱਗਣ ਕਾਰਨ ਮੌਤ

### ਐੱਨ ਡੀ ਆਰ ਐੱਫ਼ ਦੀਆਂ ਟੀਮਾਂ ਨੇ 6 ਘੰਟੇ ਦੀ ਮੁਸ਼ੱਕਤ ਉਪਰੰਤ ਕੱਢੀ ਲਾਸ਼



**ਮਾਨਸਾ (ਆਤਮਾ ਸਿੰਘ ਪਮਾਰ)**-ਪਿੰਡ ਜੋਗਾ ਵਿਖੇ ਆਪਣੀ ਮਾਸੀ ਕੋਲ ਆਈ 21 ਸਾਲਾ ਲੜਕੀ ਸ਼ਾਜੀਆ ਦੀ ਖੂਹ 'ਚ ਡਿੱਗਣ ਕਾਰਨ ਦੁੱਖਦਾਈ ਮੌਤ ਹੋ ਗਈ।ਉਸ ਨੂੰ 6 ਘੰਟੇ ਦੀ ਮੁਸ਼ੱਕਤ ਉਪਰੰਤ ਐੱਨ.ਡੀ.ਆਰ.ਐੱਫ. ਦੀਆਂ ਟੀਮਾਂ ਵੱਲੋਂ ਖੂਹ 'ਚੋਂ ਬਾਹਰ ਕੱਢਿਆ ਗਿਆ, ਪ੍ਰੰਤੂ ਅਫਸੋਸ ਉਦੋਂ ਤੱਕ ਉਹ ਲੜਕੀ ਦਮ ਤੋੜ ਚੁੱਕੀ ਸੀ।ਇਸ ਘਟਨਾ ਨੂੰ ਲੈ ਕੇ ਪਿੰਡ ਵਾਸੀਆਂ ਤੇ ਪੂਰੇ ਇਲਾਕੇ 'ਚ ਮਾਹੌਲ ਪੂਰੀ ਤਰ੍ਹਾਂ ਗਮਗੀਨ ਤੇ ਕਰੁਣਾਮਈ ਬਣਿਆ ਹੋਇਆ ਹੈ।ਜਾਣਕਾਰੀ ਅਨੁਸਾਰ ਜ਼ਿਲ੍ਹਾ ਮੋਗਾ ਦੇ ਪਿੰਡ ਕਿਸ਼ਨਪੁਰਾ ਦੀ 21 ਸਾਲਾ ਲੜਕੀ ਸ਼ਾਜੀਆ ਪੁੱਤਰੀ ਪੀਪਾ ਖਾਨ ਆਪਣੀ ਮਾਸੀ ਕੋਲ ਜੋਗਾ ਵਿਖੇ ਛੁੱਟੀਆਂ ਦੌਰਾਨ ਮਿਲਣ ਆਈ ਹੋਈ ਸੀ।ਸਵੇਰ ਸਮੇਂ ਉਹ ਪਿੰਡ ਦੇ ਇੱਕ ਪੁਰਾਣੇ ਕਰੀਬ 120 ਫੁੱਟ ਡੂੰਘੇ ਖੂਹ ਵਿੱਚ ਬੱਚਿਆਂ ਨਾਲ ਖੇਡਣ ਸਮੇਂ ਡਿੱਗ ਪਈ।ਉਸ ਦੇ ਡਿੱਗਣ ਤੋਂ ਬਾਅਦ ਜਦੋਂ ਹੋਰਨਾਂ ਬੱਚਿਆਂ ਨੇ ਰੌਲਾ ਪਾਇਆ ਤਾਂ ਪਿੰਡ ਵਾਸੀ, ਪੁਲਸ ਪ੍ਰਸ਼ਾਸਨ ਤੇ ਐੱਨ.ਡੀ.ਆਰ.ਐੱਫ. ਦੀਆਂ ਟੀਮਾਂ ਵੀ ਪਿੰਡ ਜੋਗਾ ਵਿਖੇ ਪਹੁੰਚ ਗਈਆਂ, ਜਿਸ ਨੂੰ 6 ਘੰਟਿਆਂ ਬਾਅਦ ਬੜੀ ਮੁਸ਼ੱਕਤ ਬਾਅਦ ਖੂਹ ਵਿੱਚੋਂ ਬਾਹਰ ਕੱਢਿਆ ਗਿਆ।120 ਫੁੱਟ ਡੂੰਘੇ ਪੁਰਾਣੇ ਖੂਹ ਵਿੱਚ 20 ਫੁੱਟ ਤੱਕ ਪਾਣੀ ਭਰਿਆ ਹੋਇਆ ਸੀ।ਪਾਣੀ 'ਚ ਡਿੱਗਣ ਤੇ ਆਕਸੀਜਨ ਨਾ ਮਿਲਣ ਕਾਰਨ ਉਸ ਦੀ ਮੌਤ ਹੋ ਗਈ।ਥਾਣਾ ਜੋਗਾ ਦੇ ਮੁਖੀ ਜਸਪ੍ਰੀਤ ਸਿੰਘ ਨੇ ਦੱਸਿਆ ਕਿ ਜਦੋਂ ਤੱਕ ਐੱਨ.ਡੀ.ਆਰ.ਐਫ. ਦੀਆਂ ਟੀਮਾਂ ਨੇ ਲੜਕੀ ਸ਼ਾਜੀਆ ਨੂੰ ਬਾਹਰ ਕੱਢਿਆ ਤਾਂ ਉਸ ਦੀ ਮੌਤ ਹੋ ਚੁੱਕੀ ਸੀ, ਜਿਸ ਦੀ ਲਾਸ਼ ਨੂੰ ਪੋਸਟ ਮਾਰਟਮ ਲਈ ਸਿਵਲ ਹਸਪਤਾਲ ਮਾਨਸਾ ਵਿਖੇ ਭੇਜਿਆ ਗਿਆ ਹੈ।ਉਨ੍ਹਾਂ ਦੱਸਿਆ ਕਿ ਲੜਕੀ ਸ਼ਾਜੀਆ ਆਪਣੇ ਪਿੰਡੋਂ ਜੋਗਾ ਵਿਖੇ ਆਪਣੀ ਮਾਸੀ ਕੋਲ ਰਹਿਣ ਲਈ ਆਈ ਹੋਈ ਸੀ ਅਤੇ ਸੋਮਵਾਰ ਦੀ ਸਵੇਰ ਉਹ ਖੂਹ ਵਿੱਚ ਜਾ ਡਿੱਗੀ।

ਉਨ੍ਹਾਂ ਦੱਸਿਆ ਕਿ ਮਾਮਲੇ ਦੀ ਬਰੀਕੀ ਤੇ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ।ਮ੍ਰਿਤਕ ਲੜਕੀ ਦੇ ਮਾਸੜ ਬੂਟਾ ਸਿੰਘ ਨੇ ਦੱਸਿਆ ਕਿ ਇਹ ਘਟਨਾ ਕਿਵੇਂ ਵਾਪਰੀ ਸਮਝ ਤੋਂ ਬਾਹਰ ਹੈ।ਇਸ ਨੂੰ ਲੈ ਕੇ ਪੀੜਤ ਲੜਕੀ ਦੇ ਪਰਵਾਰਾਂ ਤੇ ਪਿੰਡ 'ਚ ਮਾਤਮ ਛਾਇਆ ਹੋਇਆ ਹੈ।ਆਮ ਲੋਕਾਂ 'ਚ ਚਰਚਾ ਹੈ ਕਿ ਸਰਕਾਰ ਤੇ ਪ੍ਰਸ਼ਾਸਨ ਅਜਿਹੇ ਖੂਹਾਂ ਬਾਰੇ ਹੇਠਲੇ ਪੱਧਰ ਦੇ ਅਧਿਕਾਰੀਆਂ/ਕਰਮਚਾਰੀਆਂ ਨੂੰ ਚਿੱਠੀ ਪੱਤਰ ਭੇਜਣ ਦੀ ਰਸਮੀ ਕਾਰਵਾਈ ਤੱਕ ਹੀ ਸੀਮਤ ਹੋ ਕੇ ਰਹਿ ਜਾਂਦਾ ਹੈ, ਅਮਲੀ ਕਾਰਵਾਈ ਬਹੁਤ ਹੀ ਘੱਟ ਦੇਖਣ ਨੂੰ ਮਿਲਦੀ ਹੈ।ਉਨ੍ਹਾਂ ਸਮੁੱਚੇ ਪੰਜਾਬ 'ਚ ਅਜਿਹੇ ਅਣਢੱਕੇ ਖੂਹਾਂ ਦੀ ਸ਼ਨਾਖਤ ਕਰਕੇ ਉਨ੍ਹਾਂ ਨੂੰ ਪੂਰੀ ਤਰ੍ਹਾਂ ਬੰਦ ਕਰਨ ਦੀ ਅਮਲੀ ਰੂਪ 'ਚ ਕਾਰਵਾਈ ਵੀ ਮੰਗੀ।

## ਗੁਰੂ ਨਾਨਕ ਦੇਵ ਓਪਨ 'ਵਰਸਿਟੀ ਦੇ ਵੀ ਸੀ ਵੱਲੋਂ ਗਵਰਨਰ ਦਾ ਧੰਨਵਾਦ

### ਓਪਨ ਤੇ ਡਿਸਟੈਂਸ ਲਰਨਿੰਗ ਰਾਹੀਂ ਸਿੱਖਿਆ ਪ੍ਰਦਾਨ ਕਰਨ ਦੇ ਮਿਸ਼ਨ ਨੂੰ ਮਜ਼ਬੂਤ ਕੀਤਾ ਜਾਵੇਗਾ : ਪ੍ਰੋ. ਰਤਨ ਸਿੰਘ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਪਟਿਆਲਾ ਦੇ ਨਵ-ਨਿਯੁਕਤ ਵਾਈਸ-ਚਾਂਸਲਰ ਪ੍ਰੋ. ਰਤਨ ਸਿੰਘ ਨੇ ਯੂਨੀਵਰਸਿਟੀ ਦੇ ਚਾਂਸਲਰ ਤੇ ਪੰਜਾਬ ਦੇ ਰਾਜਪਾਲ ਸ੍ਰੀ ਗੁਲਾਬ ਚੰਦ ਕਟਾਰੀਆ ਦਾ ਉਨ੍ਹਾਂ ਦੀਆਂ ਯੋਗਤਾਵਾਂ ਵਿੱਚ ਵਿਸ਼ਵਾਸ ਰੱਖਣ ਤੇ ਉਨ੍ਹਾਂ ਨੂੰ ਇਹ ਮਾਣਮੱਤਾ ਜ਼ਿੰਮੇਵਾਰੀ ਸੌਂਪਣ ਲਈ ਦਿਲੋਂ ਧੰਨਵਾਦ ਕੀਤਾ ਹੈ। ਪ੍ਰੋ. ਰਤਨ ਸਿੰਘ ਨੇ ਕਿਹਾ ਕਿ ਉਹ ਓਪਨ ਤੇ ਡਿਸਟੈਂਸ ਲਰਨਿੰਗ ਰਾਹੀਂ ਸਮਾਵੇਸ਼ੀ ਤੇ ਗੁਣਵੱਤਾ ਵਾਲੀ ਸਿੱਖਿਆ ਪ੍ਰਦਾਨ ਕਰਨ ਦੇ ਯੂਨੀਵਰਸਿਟੀ ਦੇ ਮਿਸ਼ਨ ਨੂੰ ਮਜ਼ਬੂਤ ਕਰਨ ਲਈ ਪੂਰੀ ਲਗਨ ਨਾਲ ਕੰਮ ਕਰਨ ਲਈ ਵਚਨਬੱਧ ਹਨ।ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸਿੱਖਿਆ ਨੂੰ ਸਮਾਜ ਦੇ ਸਾਰੇ ਵਰਗਾਂ ਦੇ ਵਿਦਿਆਰਥੀਆਂ ਲਈ ਪਹੁੰਚਯੋਗ ਬਣਾਇਆ ਜਾਣਾ ਚਾਹੀਦਾ ਹੈ ਅਤੇ ਭਰੋਸਾ ਦਿੱਤਾ ਕਿ ਯੂਨੀਵਰਸਿਟੀ ਦੁਆਰਾ ਕਲਪਿਤ ਆਦਰਸ਼ਾਂ ਨੂੰ ਕਾਇਮ ਰੱਖਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾਵੇਗੀ।ਪ੍ਰੋ. ਰਤਨ ਸਿੰਘ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਸਾਬਕਾ ਵਿਦਿਆਰਥੀ ਪਹਿਲਾਂ ਜੀ.ਐੱਨ.ਡੀ.ਯੂ. ਵਿਖੇ ਕਾਨੂੰਨ ਵਿਭਾਗ ਦੇ ਮੁਖੀ ਤੇ ਯੂਨੀਵਰਸਿਟੀ ਇੰਸਟੀਚਿਊਟ ਆਫ਼ ਲੀਗਲ ਸਟੱਡੀਜ਼ ਚੰਡੀਗੜ੍ਹ ਦੇ ਡਾਇਰੈਕਟਰ ਵਜੋਂ ਸੇਵਾ ਨਿਭਾਅ ਚੁੱਕੇ ਹਨ।ਉਨ੍ਹਾਂ ਨੇ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂ.ਜੀ.ਸੀ.) ਦੁਆਰਾ ਸਮਰਥਤ ਪ੍ਰਮੁੱਖ ਖੋਜ ਪ੍ਰੋਜੈਕਟਾਂ ਨੂੰ ਸਫਲਤਾਪੂਰਵਕ ਵੀ ਪੂਰਾ ਕੀਤਾ ਹੈ, ਜਿਸ ਵਿੱਚ ਸਿੱਖਿਆ ਦਾ ਅਧਿਕਾਰ : ਸਰਕਾਰ ਦੀਆਂ ਕੁਝ ਮੁਸ਼ਕਲਾਂ ਤੇ ਨੀਤੀਆਂ-ਪੰਜਾਬ ਰਾਜ ਦੇ ਵਿਸ਼ੇਸ਼ ਸੰਦਰਭ ਨਾਲ ਇੱਕ ਅਧਿਐਨ ਤੇ ਭਾਰਤ ਵਿੱਚ ਅਧੀਨ ਨਿਆਂਪਾਲਿਕਾ : ਤਣਾਅ ਤੇ ਦਬਾਅ ਹੇਠ ਸ਼ਾਮਲ ਹਨ।ਪ੍ਰੋ. ਰਤਨ ਸਿੰਘ ਦੇ ਵਿਸ਼ਾਲ ਤਜਰਬੇ ਤੇ ਡੂੰਘੀ ਅਕਾਦਮਿਕ ਸੂਝ ਤੋਂ ਆਉਣ ਵਾਲੇ ਸਾਲਾਂ ਵਿੱਚ ਜਗਤ ਗੁਰੂ ਨਾਨਕ ਦੇਵ ਪੰਜਾਬ ਰਾਜ ਓਪਨ ਯੂਨੀਵਰਸਿਟੀ ਦੇ ਵਿਕਾਸ ਤੇ ਦ੍ਰਿਸ਼ਟੀਕੋਣ ਵਿੱਚ ਮਹੱਤਵਪੂਰਨ ਯੋਗਦਾਨ ਪਾਉਣ ਦੀ ਉਮੀਦ ਹੈ।

## 31 ਗ੍ਰਾਮ ਹੈਰੋਇਨ ਸਮੇਤ ਦੋ ਗ੍ਰਿਫਤਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਫਿਰੋਜ਼ਪੁਰ ਛਾਉਣੀ ਤੇ ਥਾਣਾ ਮੱਲਾਂਵਾਲਾ ਦੀ ਪੁਲਸ ਨੇ ਬੀਤੇ ਦਿਨ ਗਸ਼ਤ ਤੇ ਚੈਕਿੰਗ ਦੌਰਾਨ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਦੇ ਕਬਜ਼ੇ ਵਿੱਚੋਂ 31 ਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ। ਥਾਣਾ ਛਾਉਣੀ ਫਿਰੋਜ਼ਪੁਰ ਦੇ ਏਐੱਸਆਈ ਵਿਨੋਦ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਨੂੰ ਬੀਤੇ ਦਿਨ ਗਸ਼ਤ ਤੇ ਚੈਕਿੰਗ ਦੌਰਾਨ ਸੂਚਨਾ ਮਿਲੀ ਸੀ ਕਿ ਦੀਪਕ ਸਿੰਘ ਪੁੱਤਰ ਦਿਆਲ ਚੰਦ ਵਾਸੀ ਚਪੜਾਸੀ ਲਾਈਨ ਕੈਨਾਲ ਕਾਲੋਨੀ ਫਿਰੋਜ਼ਪੁਰ ਹੈਰੋਇਨ ਪੀਣ ਤੇ ਵੇਚਣ ਦਾ ਆਦੀ ਹੈ। ਉਹ ਕੈਨਾਲ ਕਾਲੋਨੀ ਦੇ ਕੰਡਮ ਸਰਕਾਰੀ ਕੁਆਰਟਰਾਂ ਨੇੜੇ ਹੈਰੋਇਨ ਵੇਚਣ ਲਈ ਗਾਹਕਾਂ ਦੀ ਉਡੀਕ ਕਰ ਰਿਹਾ ਸੀ। ਪੁਲਸ ਨੇ ਛਾਪੇਮਾਰੀ ਕਰਕੇ ਦੀਪਕ ਸਿੰਘ ਨੂੰ ਗ੍ਰਿਫਤਾਰ ਕੀਤਾ ਤੇ ਉਸ ਦੇ ਕਬਜ਼ੇ ਵਿੱਚੋਂ 6 ਗ੍ਰਾਮ ਹੈਰੋਇਨ ਬਰਾਮਦ ਕੀਤੀ। ਦੂਜੇ ਮਾਮਲੇ ਵਿੱਚ ਥਾਣਾ ਮੱਲਾਂਵਾਲਾ ਦੇ ਏਐੱਸਆਈ ਸਤਪਾਲ ਸਿੰਘ ਨੇ ਪੁਲਸ ਪਾਰਟੀ ਨਾਲ ਗਸ਼ਤ ਤੇ ਚੈਕਿੰਗ ਦੌਰਾਨ ਪਿੰਡ ਵਲਟੋਹਾ ਦੇ ਨੇੜੇ ਸ਼ੱਕ ਦੇ ਆਧਾਰ 'ਤੇ ਵਿਕਰਮਜੀਤ ਸਿੰਘ ਉਰਫ ਵਿੱਕੀ ਪੁੱਤਰ ਗੁਰਜੀਤ ਸਿੰਘ ਵਾਸੀ ਅਲੀਪੁਰ ਨੂੰ ਗ੍ਰਿਫਤਾਰ ਕੀਤਾ। ਤਲਾਸ਼ੀ ਦੌਰਾਨ ਉਸ ਦੇ ਕਬਜ਼ੇ ਵਿੱਚੋਂ 25 ਗ੍ਰਾਮ ਹੈਰੋਇਨ ਬਰਾਮਦ ਹੋਈ। ਉਕਤ ਮਾਮਲਿਆਂ ਦੀ ਜਾਂਚ ਕਰ ਰਹੇ ਵਿਨੋਦ ਕੁਮਾਰ ਤੇ ਸਤਪਾਲ ਸਿੰਘ ਨੇ ਦੱਸਿਆ ਕਿ ਪੁਲਸ ਨੇ ਗ੍ਰਿਫਤਾਰ ਵਿਅਕਤੀਆਂ ਖਿਲਾਫ ਮਾਮਲੇ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਬੀ ਕੇ ਯੂ ਲੱਖੋਵਾਲ ਵੱਲੋਂ ਨਹਿਰੀ ਪਾਣੀ ਤੇ ਬਿਜਲੀ ਸਪਲਾਈ ਦੇ ਮੁੱਦਿਆਂ 'ਤੇ ਚਰਚਾ

### ਕਿਸਾਨਾਂ ਦੀਆਂ ਮੁਸ਼ਕਲਾਂ ਦੇ ਹੱਲ ਲਈ ਸਰਕਾਰ ਨੂੰ ਅਲਟੀਮੇਟਮ, ਸਖਤ ਐਕਸ਼ਨ ਦੀ ਚੇਤਾਵਨੀ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੀ ਮਹੀਨਾਵਾਰ ਮੀਟਿੰਗ ਗੁਰਦੁਆਰਾ ਸਾਰਾਗੜ੍ਹੀ ਸਾਹਿਬ ਵਿਖੇ ਜ਼ਿਲ੍ਹਾ ਪ੍ਰਧਾਨ ਅਮਰੀਕ ਸਿੰਘ ਦੀ ਅਗਵਾਈ ਹੇਠ ਹੋਈ। ਇਸ ਮੌਕੇ ਸੂਬਾ ਮੀਤ ਪ੍ਰਧਾਨ ਹਰਦਿਆਲ ਸਿੰਘ ਅਲੀਪੁਰ ਤੇ ਕਿਰਨਪਾਲ ਸਿੰਘ ਸੋਢੀ ਨੇ ਵਿਸ਼ੇਸ਼ ਤੌਰ 'ਤੇ ਹਿੱਸਾ ਲਿਆ। ਮੀਟਿੰਗ ਦੌਰਾਨ ਕਿਸਾਨਾਂ ਨੂੰ ਪੇਸ਼ ਆ ਰਹੀਆਂ ਮੁਸ਼ਕਲਾਂ, ਖਾਸਕਰ ਨਹਿਰੀ ਪਾਣੀ, ਬਿਜਲੀ ਸਪਲਾਈ ਤੇ ਖਾਦ ਦੀ ਘਾਟ ਵਰਗੇ ਮੁੱਦਿਆਂ 'ਤੇ ਗੰਭੀਰ ਵਿਚਾਰ-ਵਟਾਂਦਰਾ ਕੀਤਾ ਗਿਆ। ਜ਼ਿਲ੍ਹਾ ਪ੍ਰਧਾਨ ਅਮਰੀਕ ਸਿੰਘ ਨੇ ਕਿਹਾ ਕਿ ਸਰਕਾਰ ਨੇ ਝੋਨੇ ਦੀ ਬਿਜਾਈ ਲਈ 1 ਜੂਨ 2025 ਦੀ ਤਾਰੀਖ ਮਿਥੀ ਸੀ, ਪਰ ਸਿੱਧਵਾਂ ਕਨਾਲ ਤੇ ਜ਼ੀਰਾ ਦੀਆਂ ਨਹਿਰੀ ਬਰਾਂਚਾਂ ਵਿੱਚ ਅਜੇ ਤੱਕ ਪਾਣੀ ਨਹੀਂ ਪਹੁੰਚਿਆ। ਇਸ ਕਾਰਨ ਇਨ੍ਹਾਂ ਖੇਤਰਾਂ ਦੇ ਕਿਸਾਨਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਜੇ ਨਹਿਰੀ ਪਾਣੀ ਦੀ ਸਮੱਸਿਆ ਦਾ ਜਲਦ ਹੱਲ ਨਾ ਕੀਤਾ ਗਿਆ ਤਾਂ ਯੂਨੀਅਨ ਸਖਤ ਕਦਮ ਚੁੱਕੇਗੀ। ਮੀਟਿੰਗ ਵਿੱਚ ਬਿਜਲੀ ਸਪਲਾਈ ਦੀ ਮਾੜੀ ਸਥਿਤੀ 'ਤੇ ਵੀ ਚਿੰਤਾ ਪ੍ਰਗਟ ਕੀਤੀ ਗਈ। ਆਗੂਆਂ ਨੇ ਦੱਸਿਆ ਕਿ ਖੇਤਾਂ ਲਈ ਬਿਜਲੀ ਸਪਲਾਈ ਬਹੁਤ ਘੱਟ ਹੈ ਤੇ ਜੋ ਸਪਲਾਈ ਮਿਲ ਰਹੀ ਹੈ, ਉਸ ਵਿੱਚ ਵੀ ਵਾਰ-ਵਾਰ ਕੱਟ ਲੱਗਦੇ ਹਨ। ਇਸ ਨਾਲ ਕਿਸਾਨਾਂ ਦੀਆਂ ਮੁਸ਼ਕਲਾਂ ਹੋਰ ਵੱਧ ਗਈਆਂ ਹਨ।

ਆਗੂਆਂ ਨੇ ਸਰਕਾਰ ਨੂੰ ਅਪੀਲ ਕੀਤੀ ਕਿ ਬਿਜਲੀ ਸਪਲਾਈ ਨੂੰ ਸੁਚਾਰੂ ਕਰਨ ਲਈ ਤੁਰੰਤ ਕਦਮ ਚੁੱਕੇ ਜਾਣ। ਇਸ ਦੇ ਨਾਲ ਹੀ ਝੋਨੇ ਦੀ ਬਿਜਾਈ ਦੇ ਸਿਖਰ 'ਤੇ ਹੋਣ ਦੇ ਬਾਵਜੂਦ ਖਾਦ, ਖਾਸਕਰ ਡੀਏਪੀ ਦੀ ਘਾਟ ਨੇ ਕਿਸਾਨਾਂ ਦੀਆਂ ਮੁਸ਼ਕਲਾਂ ਵਿੱਚ ਵਾਧਾ ਕੀਤਾ ਹੈ। ਆਗੂਆਂ ਨੇ ਸਰਕਾਰ ਨੂੰ ਸਖਤ ਚੇਤਾਵਨੀ ਦਿੱਤੀ ਕਿ ਜੇ ਖਾਦ ਦੀ ਸਪਲਾਈ ਨੂੰ ਯਕੀਨੀ ਨਾ ਬਣਾਇਆ ਗਿਆ ਤਾਂ ਯੂਨੀਅਨ ਵੱਲੋਂ ਸੰਘਰਸ਼ ਤੇਜ਼ ਕੀਤਾ ਜਾਵੇਗਾ।

ਮੀਟਿੰਗ ਵਿਚ ਸੁਖਮੰਦਰ ਸਿੰਘ, ਚਮਕੌਰ ਸਿੰਘ, ਬਲਵਿੰਦਰ ਸਿੰਘ ਮਰਖਾਈ, ਬਲਵਿੰਦਰ ਸਿੰਘ ਜ਼ੀਰਾ, ਡਾ. ਸੁਖਦੇਵ ਸਿੰਘ, ਹਰਜਿੰਦਰ ਸਿੰਘ, ਬਲਦੇਵ ਸਿੰਘ, ਡਾ. ਤਰਲੋਚਨ ਸਿੰਘ, ਤੀਰਥ ਸਿੰਘ, ਸਰਵਨ ਸਿੰਘ, ਰਾਜਬੀਰ ਸਿੰਘ, ਸ਼ੀਰਾ ਸਿੰਘ, ਦਲਜੀਤ ਸਿੰਘ, ਨਿਰਮਲ ਸਿੰਘ, ਰਸ਼ਪਾਲ ਸਿੰਘ, ਗੁਰਦਿਆਲ ਸਿੰਘ, ਗੁਰਮੀਤ ਸਿੰਘ, ਉਜਾਗਰ ਸਿੰਘ ਅਤੇ ਗੁਰਦੀਪ ਸਿੰਘ ਸਮੇਤ ਕਈ ਹੋਰ ਆਗੂ ਤੇ ਮੈਂਬਰ ਹਾਜ਼ਰ ਸਨ।

## ਪੀ ਜੀ ਆਈ ਚੰਡੀਗੜ੍ਹ ਵੱਲੋਂ 21 ਨੂੰ ਰਿਕਾਰਡ ਤੋੜ ਯੋਗ ਦਿਵਸ ਮਨਾਉਣ ਦੀ ਤਿਆਰੀ

**ਸਮਰਾਲਾ (ਸੁਰਜੀਤ ਸਿੰਘ)**-ਪੋਸਟਗ੍ਰੈਜੂਏਟ ਇੰਸਟੀਚਿਊਟ ਆਫ਼ ਮੈਡੀਕਲ ਐਜੂਕੇਸ਼ਨ ਐਂਡ ਰਿਸਰਚ ਚੰਡੀਗੜ੍ਹ 21 ਜੂਨ ਨੂੰ 11ਵਾਂ ਅੰਤਰਰਾਸ਼ਟਰੀ ਯੋਗ ਦਿਵਸ ਮਨਾਉਣ ਲਈ ਪੂਰੀ ਤਰ੍ਹਾਂ ਤਿਆਰ ਹੈ।ਇਸ ਸਾਲ ਦੀ ਥੀਮ ਹੈ 'ਇੱਕ ਧਰਤੀ, ਇੱਕ ਸਿਹਤ ਲਈ ਯੋਗ।' ਪੀ ਜੀ ਆਈ ਦੇ ਸੂਤਰਾਂ ਅਨੁਸਾਰ ਇਸ ਮੌਕੇ ਤਿੰਨ ਹਜ਼ਾਰ ਤੋਂ ਵੱਧ ਲੋਕ ਭਾਗ ਲੈਣਗੇ, ਜਿਨ੍ਹਾਂ ਵਿੱਚ ਅਧਿਆਪਕ, ਕਰਮਚਾਰੀ, ਵਿਦਿਆਰਥੀ ਤੇ ਉਨ੍ਹਾਂ ਦੇ ਪਰਵਾਰ ਸ਼ਾਮਲ ਹੋਣਗੇ।ਪੀ ਜੀ ਆਈ ਦੇ ਨਿਰਦੇਸ਼ਕ ਪ੍ਰੋ. ਵਿਵੇਕ ਲਾਲ ਨੇ ਟ੍ਰਾਈਸਿਟੀ ਦੇ ਸਾਰੇ ਸਿਹਤ ਕਰਮੀਆਂ ਨੂੰ ਯੋਗ ਦਿਵਸ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ ਹੈ।ਮੈਡੀਕਲ ਸੁਪਰਿੰਟੈਂਡੈਂਟ ਪ੍ਰੋ. ਵਿਪਿਨ ਕੌਸ਼ਲ ਨੇ ਦੱਸਿਆ ਕਿ ਮੀਂਹ ਹੋਣ ਦੀ ਸੂਰਤ ਵਿੱਚ ਸਮਾਰੋਹ ਜ਼ਾਕਿਰ ਹਾਲ ਵਿੱਚ ਕਰਵਾਇਆ ਜਾਵੇਗਾ।ਇਹ ਸਮਾਗਮ ਪੀ ਜੀ ਆਈ ਦੇ ਸਹਿਯੋਗੀ ਯੋਗਾ ਸੈਂਟਰ ਵੱਲੋਂ ਕਰਵਾਇਆ ਜਾ ਰਿਹਾ ਹੈ।ਇਸ ਦੇ ਤਹਿਤ ਯੋਗਾ ਸੈਸ਼ਨ ਤੇ ਬੱਚਿਆਂ ਲਈ ਗਰਮੀ ਦੀ ਛੁੱਟੀ ਦੌਰਾਨ ਸਮਰ ਕੈਂਪ ਵੀ ਲਗਾਏ ਜਾਂਦੇ ਹਨ। ਪਿਛਲੇ ਸਾਲ 1924 ਸਿਹਤ ਕਰਮੀਆਂ ਦੀ ਭਾਗੀਦਾਰੀ ਨਾਲ ਪੀ ਜੀ ਆਈ ਨੇ ਏਸ਼ੀਆ ਬੁੱਕ ਆਫ਼ ਰਿਕਾਰਡਜ਼ ਵਿੱਚ ਆਪਣਾ ਨਾਂਅ ਦਰਜ ਕਰਵਾਇਆ ਸੀ।ਇਸ ਸਾਲ ਇਹ ਗਿਣਤੀ ਪਾਰ ਕਰਨ ਦੀ ਉਮੀਦ ਹੈ। ਪੀ ਜੀ ਆਈ ਯੋਗ ਨੂੰ ਰੋਜ਼ਾਨਾ ਸਿਹਤ ਸੇਵਾਵਾਂ ਤੇ ਰਿਸਰਚ ਵਿੱਚ ਸ਼ਾਮਲ ਕਰ ਰਿਹਾ ਹੈ। ਇੱਥੇ ਐੱਮ ਡੀ, ਪੀ ਐੱਚ ਡੀ ਤੇ ਬਾਹਰੀ ਅਨੁਸੰਧਾਨ ਪ੍ਰਾਜੈਕਟਾਂ ਰਾਹੀਂ ਯੋਗ ਦੇ ਚਿਕਿਤਸਕੀ ਲਾਭਾਂ 'ਤੇ ਅਧਿਐਨ ਵੀ ਕੀਤੇ ਜਾ ਰਹੇ ਹਨ।

## ਸੁਰ-ਆਂਗਨ ਸੰਸਥਾ ਵੱਲੋਂ ਗ਼ਜ਼ਲ ਗਾਇਕ ਉਸਤਾਦ ਮਹਿੰਦੀ ਹਸਨ ਨੂੰ ਨਿੱਘੀ ਸ਼ਰਧਾਂਜਲੀ



**ਫਰੀਦਕੋਟ (ਐਲਿਗਜੈਂਡਰ ਡਿਸੂਜ਼ਾ)**-ਇਲਾਕੇ ਦੀ ਸਾਹਿਤ ਤੇ ਸੰਗੀਤ ਨੂੰ ਸਮਰਪਤ ਸੰਸਥਾ ਸੁਰ-ਆਂਗਨ ਵੱਲੋਂ ਆਪਣੇ ਸਿਲਵਰ ਜੁਬਲੀ ਸਮਾਗਮਾਂ ਤਹਿਤ ਦੇਸ਼ ਭਗਤ ਪੰਡਿਤ ਚੇਤਨ ਦੇਵ ਸਰਕਾਰੀ ਕਾਲਜ ਆਫ ਐਜੂਕੇਸ਼ਨ ਫਰੀਦਕੋਟ ਵਿਖੇ ਮਸ਼ਹੂਰ ਗ਼ਜ਼ਲ ਗਾਇਕ ਉਸਤਾਦ ਮਹਿੰਦੀ ਹਸਨ ਦੀ ਬਰਸੀ ਨੂੰ ਸਮਰਪਤ 'ਸ਼ਾਮ-ਏ-ਮਹਿੰਦੀ ਹਸਨ' ਇੱਕ ਸੰਗੀਤਕ ਸ਼ਾਮ ਦਾ ਅਯੋਜਨ ਕੀਤਾ ਗਿਆ। ਇਸ ਸਮਾਗਮ ਵਿੱਚ ਕਾਲਜ ਦੇ ਪ੍ਰਿੰਸੀਪਲ ਡਾ. ਰਾਜੇਸ਼ ਮੋਹਨ ਨੇ ਮੁੱਖ-ਮਹਿਮਾਨ ਵਜੋਂ ਤੇ ਬਾਬਾ ਫਰੀਦ ਇੰਸਟੀਚਿਊਟ ਦੇ ਸੰਗੀਤ ਵਿਭਾਗ ਦੇ ਮੁਖੀ ਡਾ. ਬਾਲ ਕ੍ਰਿਸ਼ਨ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਸਮਾਗਮ ਦਾ ਆਗਾਜ਼ ਮੁੱਖ ਮਹਿਮਾਨ ਤੇ ਵਿਸ਼ੇਸ਼ ਮਹਿਮਾਨ ਵੱਲੋਂ ਸ਼ਮ੍ਹਾਂ ਰੌਸ਼ਨ ਕਰਕੇ ਕੀਤਾ ਗਿਆ। ਡਾ. ਰਾਜੇਸ਼ ਮੋਹਨ ਨੇ ਦੱਸਿਆ ਕਿ ਗ਼ਜ਼ਲ ਦੇ ਬਾਦਸ਼ਾਹ ਵਜੋਂ ਜਾਣੇ ਜਾਂਦੇ ਮਸ਼ਹੂਰ ਗ਼ਜ਼ਲ ਗਾਇਕ ਉਸਤਾਦ ਮਹਿੰਦੀ ਹਸਨ, ਜੋ ਕਿ ਸਾਲ 2012 ਵਿੱਚ ਇਸ ਦੁਨੀਆ ਨੂੰ ਅਲਵਿਦਾ ਆਖ ਗਏ ਸਨ, ਉਨ੍ਹਾਂ ਦੀ ਬਰਸੀ ਮੌਕੇ ਸ਼ਰਧਾਂਜਲੀ ਦੇ ਰੂਪ ਵਿੱਚ 'ਸ਼ਾਮ-ਏ-ਮਹਿੰਦੀ ਹਸਨ' ਇੱਕ ਸੰਗੀਤਕ ਸ਼ਾਮ ਦਾ ਅਯੋਜਨ ਕੀਤਾ ਗਿਆ ਹੈ। ਸੰਗੀਤ ਅਧਿਆਪਕ ਹਰਜੀਤ ਸਿੰਘ ਨੇ ਉਸਤਾਦ ਮਹਿੰਦੀ ਹਸਨ ਦੇ ਜੀਵਨ ਤੇ ਸੰਗੀਤ ਸਫਰ ਬਾਰੇ ਵਿਸ਼ੇਸ਼ ਭਾਸ਼ਣ ਦਿੱਤਾ। ਪ੍ਰੋ. ਬੀਰਇੰਦਰਜੀਤ ਸਿੰਘ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੁਰ ਆਂਗਨ ਸੰਸਥਾ ਮਿਆਰੀ ਸੰਗੀਤ ਦੇ ਪ੍ਰਚਾਰ ਤੇ ਪ੍ਰਸਾਰ ਵਿੱਚ 25 ਸਾਲਾਂ ਤੋਂ ਨਿਰੰਤਰ ਕੰਮ ਕਰ ਰਹੀ ਹੈ ਅਤੇ ਹੁਣ ਤੱਕ ਅਨੇਕਾਂ ਸੰਗੀਤਕ ਸਮਾਗਮ ਕਰ ਚੁੱਕੀ ਹੈ। ਇਸ ਦੌਰਾਨ ਡਾ. ਰਾਜੇਸ਼ ਮੋਹਨ, ਸੰਗੀਤ ਅਧਿਆਪਕ ਹਰਜੀਤ ਸਿੰਘ ਤੇ ਸੁਰ-ਆਂਗਨ ਸੰਸਥਾ ਦੇ ਵਿਦਿਆਰਥੀਆਂ ਮਾਧਵ ਅਰੋੜਾ, ਅਰਸ਼ ਕਾਵਿਆ, ਹਰਸ਼ਵਰਧਨ, ਸਰਬਜੀਤ ਕੌਰ, ਹਰਮਨ ਹੈਰੀ, ਨੂਰ ਆਦਿ ਕਲਾਕਾਰਾਂ ਨੇ ਉਸਤਾਦ ਮਹਿੰਦੀ ਹਸਨ ਦੀਆਂ ਗ਼ਜ਼ਲਾਂ ਦੀ ਖ਼ੂਬਸੂਰਤ ਪੇਸ਼ਕਾਰੀ ਦੁਆਰਾ ਦਰਸ਼ਕਾਂ ਦਾ ਮਨੋਰੰਜਨ ਕੀਤਾ। ਮੰਚ ਸੰਚਾਲਨ ਹਰਪ੍ਰੀਤ ਕੌਰ ਨੇ ਬਾਖ਼ੂਬੀ ਨਿਭਾਇਆ। ਇਸ ਮੌਕੇ ਦਰਸ਼ਕਾਂ ਵਿੱਚ ਪ੍ਰੋ. ਬੀਰਇੰਦਰਜੀਤ ਸਿੰਘ, ਕੁਲਵਿੰਦਰ, ਅਮਨਦੀਪ ਕੌਰ, ਰਵੀ ਸ਼ਾਹ ਆਦਿ ਉਚੇਚੇ ਤੌਰ 'ਤੇ ਸ਼ਾਮਲ ਹੋਏ।

# ਇਨਲਿਸਟਮੈਂਟ ਆਊਟਸੋਰਸਡ ਵਰਕਰ ਮੰਤਰੀ ਮੁੰਡੀਆ ਦੇ ਹਲਕੇ 'ਚ ਝੰਡਾ ਮਾਰਚ ਕਰਕੇ ਕੋਠੀ ਦਾ ਕਰਨਗੇ ਘਿਰਾਓ : ਵਰਿੰਦਰ ਮੋਮੀ



**ਜਲਾਲਾਬਾਦ/ਨਾਭਾ (ਜੀਤ ਕੁਮਾਰ/ਵਰਿੰਦਰ ਵਰਮਾ)**

ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.31) ਦੇ ਸੂਬਾ ਪ੍ਰਧਾਨ ਵਰਿੰਦਰ ਸਿੰਘ ਮੋਮੀ, ਸੂਬਾ ਜਨਰਲ ਸਕੱਤਰ ਕੁਲਦੀਪ ਸਿੰਘ ਬੁੱਢੇਵਾਲ ਤੇ ਸੂਬਾ ਪ੍ਰੈੱਸ ਸਕੱਤਰ ਸਤਨਾਮ ਸਿੰਘ ਫਲੀਆਂਵਾਲਾ ਨੇ ਕਿਹਾ ਕਿ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੀਆਂ ਪੇਂਡੂ ਜਲ ਸਪਲਾਈ ਸਕੀਮਾਂ ਤੇ ਫੀਲਡ ਅਤੇ ਦਫਤਰਾਂ ਵਿੱਚ ਪਿਛਲੇ 15-20 ਸਾਲਾਂ ਤੋਂ ਲਗਾਤਾਰ ਸੇਵਾਵਾਂ ਦੇ ਰਹੇ ਇਨਲਿਸਟਮੈਂਟ ਤੇ ਆਊਟਸੋਰਸ ਠੇਕਾ ਅਧਾਰਤ ਮੁਲਾਜ਼ਮਾਂ ਨੂੰ ਵਿਭਾਗ ਵਿੱਚ ਤਜਰਬੇ ਦੇ ਅਧਾਰ 'ਤੇ ਸ਼ਾਮਲ ਕਰਕੇ ਪੱਕੇ ਰੁਜ਼ਗਾਰ ਦਾ ਪ੍ਰਬੰਧ ਕਰਨਾ, ਵਿਭਾਗ ਦੀਆਂ ਜਲ ਸਪਲਾਈ ਸਕੀਮਾਂ ਦਾ ਨਿੱਜੀਕਰਨ/ਪੰਚਾਇਤੀਕਰਨ ਤੇ ਸਕਾਡਾ ਪ੍ਰਣਾਲੀ ਲਗਾਉਣ ਵਾਲੀਆਂ ਮਾਰੂ ਨੀਤੀਆਂ ਨੂੰ ਰੱਦ ਕਰਨ ਸਮੇਤ ਮੰਗ-ਪੱਤਰ ਵਿਚ ਦਰਜ ਤਮਾਮ ਮੰਗਾਂ ਨੂੰ ਲੈ ਕੇ ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.31) ਵੱਲੋਂ 15 ਜੂਨ 2025 ਨੂੰ ਵਿਭਾਗੀ ਮੰਤਰੀ ਦੀ ਰਿਹਾਇਸ਼ ਦਾ ਘੇਰਾਓ ਕਰਕੇ ਦਿੱਤੇ ਗਏ ਸੂਬਾ ਪੱਧਰੀ ਧਰਨੇ ਦੌਰਾਨ ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆ ਵੱਲੋਂ ਜਥੇਬੰਦੀ ਦੀ ਲੀਡਰਸ਼ਿਪ ਨਾਲ ਮੀਟਿੰਗ ਕਰਨ ਉਪਰੰਤ ਮੰਗਾਂ ਦਾ ਹੱਲ ਕਰਵਾਉਣ ਦੇ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਜੀ ਨਾਲ ਪੰਜਾਬ ਭਵਨ ਚੰਡੀਗੜ੍ਹ ਵਿਖੇ 18 ਜੂਨ 2025 ਨੂੰ ਦੁਪਹਿਰ ਬਾਅਦ 3 ਵਜੇ ਪੈਨਲ ਮੀਟਿੰਗ ਕਰਵਾਉਣ ਦਾ ਸਮਾਂ ਤੈਅ ਕੀਤਾ ਗਿਆ ਹੈ।

ਜਥੇਬੰਦੀ ਦੇ ਸੂਬਾਈ ਆਗੂਆਂ ਨੇ ਮੀਡੀਆ ਨੂੰ ਜਾਰੀ ਕੀਤੇ ਪ੍ਰੈੱਸ ਬਿਆਨ ਰਾਹੀਂ ਵਿਭਾਗੀ ਮੰਤਰੀ ਤੇ ਮੁੱਖ ਮੰਤਰੀ ਪੰਜਾਬ ਸਰਕਾਰ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਪੰਜਾਬ ਦੇ ਮੁੱਖ ਮੰਤਰੀ ਵੱਲੋਂ ਤੈਅ ਹੋਈ ਪੈਨਲ ਮੀਟਿੰਗ ਕਰਕੇ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੇ ਇਨਲਿਸਟਮੈਂਟ ਤੇ ਆਊਟਸੋਰਸ ਵਰਕਰਾਂ ਨੂੰ ਵਿਭਾਗ ਵਿੱਚ ਲੈਣ ਦਾ ਫੈਸਲਾ ਨਾ ਕੀਤਾ ਗਿਆ ਜਾਂ ਫਿਰ ਇਸ ਤੈਅ ਮੀਟਿੰਗ ਨੂੰ ਰੱਦ ਕੀਤਾ ਜਾਂਦਾ ਹੈ ਤਾਂ ਪੰਜਾਬ ਸਰਕਾਰ ਵੱਲੋਂ ਪੈਦਾ ਕੀਤੀ ਜਾਣ ਵਾਲੀ ਮਜਬੂਰੀ ਵੱਸ ਸੰਘਰਸ਼ ਨੂੰ ਪੁਰਅਮਨ ਢੰਗ ਨਾਲ ਜਾਰੀ ਰੱਖਦੇ ਹੋਏ ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰ ਯੂਨੀਅਨ ਪੰਜਾਬ (ਰਜਿ.31) ਦੀ ਸੂਬਾ ਕਮੇਟੀ ਵੱਲੋਂ 20 ਜੂਨ ਨੂੰ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੇ ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆ ਦੇ ਹਲਕੇ ਦੇ ਪਿੰਡਾਂ ਵਿੱਚ ਝੰਡਾ ਮਾਰਚ ਕਰਕੇ, ਮੰਤਰੀ ਦੀ ਰਿਹਾਇਸ਼ ਦਾ ਘਿਰਾਓ ਕਰਨ ਦਾ ਐਲਾਨ ਕੀਤਾ ਗਿਆ ਹੈ।ਇਸ ਲਈ ਜਥੇਬੰਦੀ ਦੀ ਪੁਰਜ਼ੋਰ ਮੰਗ ਹੈ ਕਿ ਕੈਬਨਿਟ ਮੰਤਰੀ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਨਾਲ ਤੈਅ ਹੋਈ ਪੈਨਲ ਮੀਟਿੰਗ ਕਰਵਾ ਕੇ ਜਥੇਬੰਦੀ ਦੀਆਂ ਮੰਗਾਂ ਤੇ ਮਸਲਿਆਂ ਦਾ ਹੱਲ ਕੀਤਾ ਜਾਵੇ।ਉਨ੍ਹਾਂ ਮੰਗ ਕੀਤੀ ਕਿ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਪੰਜਾਬ 'ਚ ਸਾਲਾਂਬੱਧੀ ਅਰਸੇ ਤੋਂ ਇਕ ਵਰਕਰ ਦੇ ਰੂਪ ਵਿਚ ਸੇਵਾਵਾਂ ਦੇ ਰਹੇ ਇਨਲਿਸਟਮੈਂਟ ਤੇ ਆਊਟਸੋਰਸ ਠੇਕਾ ਅਧਾਰਤ ਮੁਲਾਜ਼ਮਾਂ ਦੀਆਂ ਹੱਕੀ ਤੇ ਜਾਇਜ਼ ਮੰਗਾਂ ਲਾਗੂ ਕੀਤੀਆਂ ਜਾਣ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸੂਬਾ ਸੀਨੀਅਰ ਮੀਤ ਪ੍ਰਧਾਨ ਹਾਕਮ ਸਿੰਘ ਧਨੇਠਾ, ਜਗਰੂਪ ਸਿੰਘ, ਸੂਬਾ ਪ੍ਰੈੱਸ ਸਕੱਤਰ ਸਤਨਾਮ ਸਿੰਘ ਫਲੀਆਂਵਾਲਾ, ਜੁਆਇੰਟ ਪ੍ਰੈੱਸ ਸਕੱਤਰ ਜਸਵੀਰ ਸਿੰਘ ਸੀਰਾ, ਮੀਤ ਪ੍ਰਧਾਨ ਭੁਪਿੰਦਰ ਸਿੰਘ ਕੁਤਬੇਵਾਲ, ਪ੍ਰਦੂਮਣ ਸਿੰਘ, ਖਜ਼ਾਨਚੀ ਰੁਪਿੰਦਰ ਸਿੰਘ, ਜਸਬੀਰ ਸਿੰਘ ਜਿੰਦਵੜੀ, ਬਲਜੀਤ ਸਿੰਘ ਭੱਟੀ, ਮਨਪ੍ਰੀਤ ਸਿੰਘ, ਗੁਰਵਿੰਦਰ ਸਿੰਘ ਪੰਜੋਲੀ, ਉਂਕਾਰ ਸਿੰਘ, ਮੇਜਰ ਸਿੰਘ, ਗੁਰਵਿੰਦਰ ਸਿੰਘ ਬਾਠ, ਸੁਰਿੰਦਰ ਸਿੰਘ ਆਦਿ ਮੌਜੂਦ ਸਨ।

## ਕਾਰ ਸਵਾਰਾਂ ਵੱਲੋਂ ਮੋਟਰਸਾਈਕਲ 'ਤੇ ਜਾਂਦੇ ਵਿਅਕਤੀ ਦੀ ਕੁੱਟਮਾਰ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਪਿੰਡ ਸੇਲਵਾਲਾ ਦੇ ਨਜ਼ਦੀਕ ਪਾਤੜਾਂ-ਮੂਨਕ ਰੋਡ ਉੱਪਰ ਲੰਘੀ 9 ਜੂਨ ਨੂੰ ਦੋ ਕਾਰਾਂ 'ਤੇ ਸਵਾਰ ਹੋ ਕੇ ਆਏ ਦਰਜਨ ਦੇ ਕਰੀਬ ਵਿਅਕਤੀਆਂ ਨੇ ਮੋਟਰਸਾਈਕਲ ਸਵਾਰ ਵਿਅਕਤੀ ਨੂੰ ਘੇਰ ਕੇ ਉਸ 'ਤੇ ਜਾਨਲੇਵਾ ਹਮਲਾ ਕੀਤਾ ਗਿਆ।ਗੰਭੀਰ ਜ਼ਖ਼ਮੀ ਹੋਏ ਵਿਅਕਤੀ ਨੂੰ ਪਟਿਆਲਾ ਦੇ ਰਜਿੰਦਰਾ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ।ਜਾਣਕਾਰੀ ਦਿੰਦਿਆਂ ਜਸਵਿੰਦਰ ਸਿੰਘ ਹੋਤੀਪੁਰ ਨੇ ਦੱਸਿਆ ਕਿ ਉਨ੍ਹਾਂ ਦੇ ਤਾਏ ਦਾ ਲੜਕਾ ਬਲਵਿੰਦਰ ਸਿੰਘ, ਜੋ ਕਿ ਪਿੰਡ ਵਿੱਚ ਹੀ ਇੱਕ ਪ੍ਰਾਈਵੇਟ ਸਕੂਲ ਚਲਾਉਂਦਾ ਹੈ, ਗਿਆਰਾਂ ਵਜੇ ਦੇ ਕਰੀਬ ਆਪਣੇ ਮੋਟਰਸਾਈਕਲ 'ਤੇ ਸਵਾਰ ਹੋ ਸਕੂਲ ਦੇ ਕੰਮਕਾਜ ਲਈ ਪਾਤੜਾਂ ਵੱਲ ਆ ਰਿਹਾ ਸੀ।ਦੋ ਕਾਰਾਂ ਉੱਤੇ ਸਵਾਰ ਹੋ ਕੇ ਆਏ ਵਿਅਕਤੀਆਂ ਨੇ ਪ੍ਰਿੰਸੀਪਲ ਬਲਵਿੰਦਰ ਸਿੰਘ ਨੂੰ ਘੇਰ ਕੇ ਉਸ ਉੱਤੇ ਹਮਲਾ ਕਰ ਦਿੱਤਾ ਤੇ ਉਹ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ, ਜਿਸ ਨੂੰ ਇਲਾਜ ਲਈ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਹੈ।ਉਨ੍ਹਾਂ ਦੋਸ਼ ਲਗਾਇਆ ਕਿ ਹਮਲਾਵਰਾਂ ਦੀ ਅਗਵਾਈ ਪਿੰਡ ਦਾ ਸਰਪੰਚ ਕਰ ਰਿਹਾ ਸੀ, ਹਮਲਾਵਰਾਂ ਨੇ ਬਲਵਿੰਦਰ ਸਿੰਘ ਦੇ ਮੋਟਰਸਾਈਕਲ ਅੱਗੇ ਕਾਰਾਂ ਲਗਾ ਕੇ ਰੋਕਣ ਉਪਰੰਤ ਉਸ ਦੀ ਬੇਰਹਿਮੀ ਨਾਲ ਕੁੱਟਮਾਰ ਸ਼ੁਰੂ ਕਰ ਦਿੱਤੀ।ਥਾਣਾ ਸਦਰ ਪਾਤੜਾਂ ਦੀ ਪੁਲਸ ਨੇ ਕਾਰਵਾਈ ਕਰਦਿਆਂ ਗੁਰਬਰਤ ਸਿੰਘ ਪੁੱਤਰ ਅਜੀਤ ਸਿੰਘ, ਤਰਵਿੰਦਰ ਸਿੰਘ ਪੁੱਤਰ ਪਰਵਿੰਦਰ ਸਿੰਘ, ਅਰਸ਼ਿੰਦਰ ਸਿੰਘ ਪੁੱਤਰ ਹਰਦੀਪ ਸਿੰਘ, ਗੁਰਜੰਟ ਸਿੰਘ ਪੁੱਤਰ ਬਲਦੇਵ ਸਿੰਘ, ਜੱਸਾ ਸਿੰਘ ਪੁੱਤਰ ਦਰਬਾਰਾ ਸਿੰਘ ਵਾਸੀ ਹੋਤੀਪੁਰ ਖ਼ਿਲਾਫ਼ ਕੇਸ ਦਰਜ ਕੀਤਾ ਹੈ।

## ਡਾ. ਕੇਹਰ ਸਿੰਘ ਯਾਦਗਾਰੀ ਲਾਇਬ੍ਰੇਰੀ ਦਾ ਡਾ. ਧਾਲੀਵਾਲ ਵੱਲੋਂ ਉਦਘਾਟਨ



**ਜਗਰਾਓਂ (ਅਮਿਤ ਖੰਨਾ)**-ਡਾਕਟਰ ਕੇਹਰ ਸਿੰਘ ਯਾਦਗਾਰੀ ਲਾਇਬ੍ਰੇਰੀ ਦਾ ਉਦਘਾਟਨ ਵਰਲਡ ਕੈਂਸਰ ਕੇਅਰ ਆਰਗਨਾਈਜ਼ੇਸ਼ਨ ਦੇ ਅੰਬੈਸਡਰ ਡਾਕਟਰ ਕੁਲਵੰਤ ਸਿੰਘ ਧਾਲੀਵਾਲ ਨੇ ਕੀਤਾ।ਇੱਥੇ ਇਹ ਗੱਲ ਦੱਸਣਯੋਗ ਹੈ ਕਿ ਇਹ ਲਾਇਬ੍ਰੇਰੀ ਏ ਪੀ ਰਿਫਾਇਨਰੀ ਵੱਲੋਂ 10 ਲੱਖ ਦੀ ਲਾਗਤ ਨਾਲ ਤਿਆਰ ਕੀਤੀ ਗਈ ਹੈ।ਇਹ ਲਾਇਬ੍ਰੇਰੀ ਪੂਰੀ ਤਰ੍ਹਾਂ ਏਅਰ ਕੰਡੀਸ਼ਨਰ ਹੈ, ਇਸ ਲਾਇਬ੍ਰੇਰੀ ਵਿੱਚ ਵਾਈਫਾਈ ਦੀ ਸੁਵਿਧਾ ਵੀ ਹੈ।ਇਸ ਤਰ੍ਹਾਂ ਦੀ ਲਾਇਬ੍ਰੇਰੀ ਪੂਰੇ ਲੁਧਿਆਣੇ ਵਿੱਚ ਦਿਖਾਈ ਨਹੀਂ ਪੈਂਦੀ।ਸਿੱਧਵਾਂ ਬੇਟ ਏਰੀਏ ਦੇ ਲੋਕਾਂ ਲਈ ਇਹ ਇੱਕ ਤੋਹਫੇ ਤੋਂ ਘੱਟ ਨਹੀਂ।ਇਸ ਲਾਇਬ੍ਰੇਰੀ ਲਈ ਖਾਸ ਤੌਰ 'ਤੇ ਪੁਸਤਕਾਂ ਸਵਰਗਵਾਸੀ ਡਾ. ਹਰਭਜਨ ਸਿੰਘ ਦਿਓਲ (ਜੋ ਮੈਂਬਰ ਪਬਲਿਕ ਸਰਵਿਸ ਕਮਿਸ਼ਨ ਤੇ ਮੈਂਬਰ ਮਨੋਰਟੀ ਲਿੰਗਸਟਿਕ ਕਮਿਸ਼ਨ ਆਫ ਇੰਡੀਆ ਰਹੇ ਸੀ, ਜੋ ਸਾਬਕਾ ਐੱਮ ਐੱਲ ਏ ਪ੍ਰਿੰਸੀਪਲ ਇਕਬਾਲ ਸਿੰਘ ਗਿੱਲ ਦੇ ਪੁੱਤਰ ਤੇ ਡਾਕਟਰ ਕੇਹਰ ਸਿੰਘ ਸਿੱਧੂ ਦੇ ਦਮਾਦ ਸਨ) ਦੇ ਪਰਵਾਰ ਵੱਲੋਂ ਡਾਕਟਰ ਦਿਓਲ ਦੇ ਸਹੁਰੇ ਪਿੰਡ ਸਿੱਧਵਾਂ ਬੇਟ ਵਿਖੇ ਬਣੀ ਲਾਇਬ੍ਰੇਰੀ ਵਿੱਚ ਰੱਖਣ ਲਈ ਭੇਜੀਆਂ ਗਈਆਂ।ਇਸ ਲਇਬ੍ਰੇਰੀ ਦੇ ਉਦਘਾਟਨ ਮੌਕੇ ਰਜਿੰਦਰ ਕੁਮਾਰ ਜੈਨ, ਰਵੀ ਗੋਇਲ, ਅਰੁਣ ਗੋਇਲ, ਸ਼ਿਵ ਗੋਇਲ, ਰਾਜ ਕੁਮਾਰ ਭੱਲਾ, ਕਰਨਲ ਜਸਜੀਤ ਸਿੰਘ ਗਿੱਲ, ਰੋਬਿਨ ਸਿੰਘ ਸਿੱਧੂ, ਬਲਜੀਤ ਸਿੰਘ ਤੇ ਗੁਰਦੀਪ ਸਿੰਘ ਸਿੱਧੂ ਵਿਸ਼ੇਸ਼ ਤੌਰ 'ਤੇ ਮੌਜੂਦ ਸਨ।

## ਨਰਿੰਦਰਦੀਪ ਦੀ ਪਤਨੀ ਲੁਧਿਆਣਾ ਰੋਸ ਮੁਜ਼ਾਹਰੇ 'ਚ ਹੋਈ ਸ਼ਾਮਲ



**ਲੁਧਿਆਣਾ (ਰੈਕਟਰ ਕਥੂਰੀਆ)**-ਬਠਿੰਡਾ ਵਿੱਚ ਨਰਿੰਦਰਦੀਪ ਸਿੰਘ ਦੇ ਬੇਰਹਿਮੀ ਨਾਲ ਕੀਤੇ ਗਏ ਹਿਰਾਸਤੀ ਕਤਲ ਵਿਰੁੱਧ ਰੋਸ ਅਤੇ ਰੋਹ ਲਗਾਤਾਰ ਵੱਧ ਰਿਹਾ ਹੈ।ਸੋਮਵਾਰ ਲੁਧਿਆਣਾ ਵਿੱਚ ਕਈ ਜਥੇਬੰਦੀਆਂ ਨੇ ਜ਼ੋਰਦਾਰ ਮੁਜ਼ਾਹਰਾ ਕੀਤਾ।ਇਸ ਮੌਕੇ ਕਤਲ ਕੀਤੇ ਗਏ ਉਕਤ ਨੌਜਵਾਨ ਦੀ ਪਤਨੀ ਨੈਨਸੀ ਵੀ ਬੜੇ ਜਜ਼ਬਾਤੀ ਰਾਉਂ ਵਿੱਚ ਮੁਜ਼ਾਹਰੇ ਵਿੱਚ ਸ਼ਾਮਲ ਹੋਈ।

## ਪੰਜ ਨਸ਼ਾ ਤਸਕਰਾਂ ਦੀ ਜਾਇਦਾਦ ਜ਼ਬਤ : ਡੀ ਐੱਸ ਪੀ



**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**-ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਸਬ-ਡਵੀਜ਼ਨ ਧੂਰੀ ਦੀ ਪੁਲਸ ਵੱਲੋਂ ਨਸ਼ਾ ਵਿਰੁੱਧ ਸਖ਼ਤ ਕਾਰਵਾਈ ਜਾਰੀ ਹੈ।ਉੱਪ ਕਪਤਾਨ ਪੁਲਸ ਧੂਰੀ ਦਮਨਬੀਰ ਸਿੰਘ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ 9 ਤੋਂ 15 ਜੂਨ ਤੱਕ ਨਸ਼ਾ ਤਸਕਰਾਂ ਖ਼ਿਲਾਫ਼ 6 ਕੇਸ ਦਰਜ ਕਰਕੇ 6 ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਗਿਆ।ਉਨ੍ਹਾਂ ਕੋਲੋਂ 80.96 ਮਿਲੀਗ੍ਰਾਮ ਹੈਰੋਇਨ, 240 ਨਸ਼ੀਲੀਆਂ ਗੋਲੀਆਂ ਤੇ 2 ਕਿੱਲੋ ਭੁੱਕੀ ਚੂਰਾ ਪੋਸਤ ਬਰਾਮਦ ਹੋਈ।ਇਸ ਦੌਰਾਨ 15 ਨਸ਼ੇ ਦੇ ਆਦੀਆਂ ਦੀ ਪੁਸ਼ਟੀ ਕਰਕੇ ਉਨ੍ਹਾਂ ਦਾ ਇਲਾਜ ਵੀ ਸ਼ੁਰੂ ਕਰਵਾਇਆ ਗਿਆ, ਜਦਕਿ 3 ਹੋਰ ਕੇਸ 27-ਏ ਐੱਨ.ਡੀ.ਪੀ.ਐੱਸ. ਐਕਟ ਅਧੀਨ ਦਰਜ ਕੀਤੇ ਗਏ ਹਨ। ਦਮਨਬੀਰ ਸਿੰਘ ਨੇ ਦੱਸਿਆ ਕਿ ਨਸ਼ੇ ਦੀ ਕਮਾਈ ਨਾਲ ਖਰੀਦੀ ਗਈ ਜਾਇਦਾਦ ਬਾਰੇ ਜਾਂਚ ਕੀਤੀ ਗਈ, ਜਿਸ 'ਚ ਪੰਜ ਤਸਕਰਾਂ ਦੀ 64.62 ਲੱਖ ਦੀ ਜਾਇਦਾਦ ਜਬਤ ਕੀਤੀ ਗਈ ਹੈ।ਇਸ ਦੇ ਨਾਲ ਹੀ ਇੱਕ ਹੋਰ ਤਸਕਰ ਦੀ 22.34 ਲੱਖ ਦੀ ਜਾਇਦਾਦ ਫਰੀਜ਼ ਕਰਨ ਲਈ ਕੇਸ ਭੇਜਿਆ ਗਿਆ ਹੈ। ਡੀ.ਐੱਸ.ਪੀ. ਦਮਨਬੀਰ ਸਿੰਘ ਨੇ ਲੋਕਾਂ ਨੂੰ ਪੁਲਸ ਨਾਲ ਸਹਿਯੋਗ ਕਰਨ ਦੀ ਅਪੀਲ ਕੀਤੀ ਤੇ ਕਿਹਾ ਕਿ ਪੰਜਾਬ ਪੁਲਸ ਸੂਬੇ ਨੂੰ ਨਸ਼ਾ ਮੁਕਤ ਬਣਾਉਣ ਲਈ ਦਿਨ-ਰਾਤ ਮਿਹਨਤ ਕਰ ਰਹੀ ਹੈ।

## ਮੂਰਤੀ ਸਥਾਪਨਾ ਦਿਵਸ ਸ਼ਰਧਾ 'ਤੇ ਉਤਸ਼ਾਹ ਨਾਲ ਮਨਾਇਆ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਥਾਨਕ ਰਾਮ ਬਾਗ ਵਿਖੇ ਭਗਵਾਨ ਸ੍ਰੀ ਹਨੂੰਮਾਨ ਜੀ ਦਾ ਮੂਰਤੀ ਸਥਾਪਨਾ ਦਿਵਸ ਸ਼ਰਧਾਲੂਆਂ ਵੱਲੋਂ ਬੜੇ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਸਰਵਹਿਤਕਾਰੀ ਸਭਾ ਸ੍ਰੀ ਰਾਮਲੀਲ੍ਹਾ ਕਮੇਟੀ ਵੱਲੋਂ ਮਨਾਏ ਗਏ ਧਾਰਮਿਕ ਸਮਾਰੋਹ ਵਿੱਚ ਸਵੇਰੇ ਮੂਰਤੀ ਦੀ ਪੂਜਾ ਅਰਚਨਾ ਕੀਤੀ ਗਈ। ਇਸ ਮੌਕੇ ਸ਼ਰਧਾਲੂ ਔਰਤਾਂ ਵੱਲੋਂ ਭਜਨ ਕੀਰਤਨ ਕੀਤਾ ਗਿਆ। ਮੂਰਤੀ ਸਥਾਪਨਾ ਦਿਵਸ 'ਤੇ ਕੇਕ ਕੱਟਿਆ ਗਿਆ ਤੇ ਆਈ ਸੰਗਤ ਨੂੰ ਵੱਖ ਵੱਖ ਪਕਵਾਨ ਪ੍ਰਸ਼ਾਦ ਦੇ ਰੂਪ ਵਿੱਚ ਵੰਡੇ ਗਏ। ਇਸ ਮੌਕੇ ਸੰਸਥਾ ਦੇ ਪ੍ਰਧਾਨ ਅਸ਼ੋਕ ਸੂਦ, ਪ੍ਰਿੰਸੀਪਲ ਡੀ. ਡੀ. ਵਰਮਾ, ਕ੍ਰਿਸ਼ਨ ਲਾਲ ਸਚਦੇਵਾ, ਸੁਰਿੰਦਰ ਕੁਮਾਰ ਲੋਟੇ, ਰਾਜ ਕੁਮਾਰ ਸੂਹੀ, ਅਸ਼ੋਕ ਬਾਹਰੀ, ਭੂਰੀ ਜੈਨ ਵੀ ਮੌਜੂਦ ਸਨ।

## ਅਸ਼ੋਕ ਕੁਮਾਰ ਪ੍ਰੈੱਸ ਕਲੱਬ ਸਮਾਣਾ ਦੇ ਪ੍ਰਧਾਨ ਬਣੇ



**ਸਮਾਣਾ (ਗੁਰਪਿਆਰ ਸਿੰਘ)**-ਪ੍ਰੈੱਸ ਕਲੱਬ ਸਮਾਣਾ ਦੀ ਇੱਕ ਵਿਸ਼ੇਸ਼ ਮੀਟਿੰਗ ਸਥਾਨਕ ਅਗਰਵਾਲ ਧਰਮਸ਼ਾਲਾ ਵਿਖੇ ਹੋਈ, ਜਿੱਥੇ ਪ੍ਰਿੰਟ ਤੇ ਇਲੈਕਟ੍ਰੋਨਿਕਸ ਮੀਡੀਆ ਦੇ ਸਮੂਹ ਮੈਂਬਰਾਂ ਨੇ ਹਿੱਸਾ ਲਿਆ।ਚੋਣ ਕਮੇਟੀ ਦੇ ਚੇਅਰਮੈਨ ਪਵਨ ਸ਼ਾਸਤਰੀ ਤੇ ਵਿਜੇ ਵਰਮਾ ਦੀ ਨਿਗਰਾਨੀ ਹੇਠ ਨਵੇਂ ਪ੍ਰਧਾਨ ਦੀ ਚੋਣ ਪ੍ਰਕਿਰਿਆ ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਿਆ।ਇਸ ਚੋਣ ਦੌਰਾਨ ਅਸ਼ੋਕ ਕੁਮਾਰ ਨੂੰ ਕਲੱਬ ਦਾ ਨਵਾਂ ਪ੍ਰਧਾਨ ਚੁਣਿਆ ਗਿਆ।ਨਵ-ਨਿਯੁਕਤ ਪ੍ਰਧਾਨ ਅਸ਼ੋਕ ਕੁਮਾਰ ਨੇ ਸਮੂਹ ਪੱਤਰਕਾਰ ਭਾਈਚਾਰੇ ਦਾ ਧੰਨਵਾਦ ਕਰਦਿਆਂ ਕਿਹਾ ਕਿ ਪੱਤਰਕਾਰਾਂ ਦੀ ਭਲਾਈ ਤੇ ਪ੍ਰੈੱਸ ਦਾ ਰੁੱਤਬਾ ਉੱਚਾ ਚੁੱਕਣ ਲਈ ਤੇ ਮੀਡੀਆ ਦੀ ਅਜ਼ਾਦੀ ਲਈ ਇਮਾਨਦਾਰੀ ਨਾਲ ਕੰਮ ਕਰਨ ਦਾ ਵਿਸ਼ਵਾਸ ਦਿਵਾਇਆ ਗਿਆ।ਇਸ ਮੌਕੇ ਕਲੱਬ ਮੈਂਬਰ ਸ਼ਸ਼ੀਪਲ ਜੈਨ, ਗੁਰਦੀਪ ਸ਼ਰਮਾ, ਕੋਮਲ ਸਿੰਗਲਾ, ਹਰਵਿੰਦਰ ਸਿੰਘ ਟੋਨੀ, ਰਜਿੰਦਰ ਸਿੰਘ ਫਤਿਹਪੁਰ, ਹਰਜਿੰਦਰ ਸਿੰਘ ਜਵੰਦਾ, ਪ੍ਰਸ਼ੋਤਮ ਕੌਸ਼ਿਕ, ਦਲਜੀਤ ਸਿੰਘ ਪੱਪੀ, ਰਮਨ ਗੁਪਤਾ, ਬੋਨੀ ਬਾਂਸਲ, ਜਤਿੰਦਰ ਗੋਇਲ, ਹਰਦਿਆਲ ਸਿੰਘ ਨਾਗੀ, ਸੁਭਾਸ਼ ਚੰਦਰ, ਵਿਜੇ ਗਰਗ, ਸਚਿਨ ਟੁਲਾਨੀ ਤੇ ਜਿੰਮੀ ਕੁਮਾਰ ਮੌਜੂਦ ਸਨ।

## ਘਰ 'ਚੋਂ 7 ਲੱਖ 5 ਹਜ਼ਾਰ ਦੀ ਨਕਦੀ ਚੋਰੀ, ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਆਰਿਫ ਕੇ ਅਧੀਨ ਪੈਂਦੀ ਬਸਤੀ ਖਾਨਕੇ ਦਾਖਲੀ ਮਸਤੇ ਕੇ ਦੇ ਇੱਕ ਘਰ 'ਚੋਂ ਅਣਪਛਾਤੇ ਵਿਅਕਤੀ ਨੇ ਤਾਲੇ ਤੋੜ ਕੇ 7 ਲੱਖ 5 ਹਜ਼ਾਰ ਰੁਪਏ ਦੀ ਨਕਦੀ ਚੋਰੀ ਕਰ ਲਈ।

ਪੁਲਸ ਨੇ ਪੀੜਤ ਮਹਿਲਾ ਦੇ ਬਿਆਨ ਦੇ ਆਧਾਰ 'ਤੇ ਅਣਪਛਾਤਿਆਂ ਖ਼ਿਲਾਫ਼ ਚੋਰੀ ਦੀਆਂ ਵੱਖ-ਵੱਖ ਧਾਰਾਵਾਂ ਅਧੀਨ ਮਾਮਲਾ ਦਰਜ ਕਰ ਲਿਆ ਹੈ। ਥਾਣਾ ਆਰਿਫ ਕੇ ਦੀ ਏਐੱਸਆਈ ਪੁਸ਼ਪਾ ਪਤਨੀ ਪਤਰਸ ਵਾਸੀ ਬਸਤੀ ਖਾਨਕੇ ਦਾਖਲੀ ਮਸਤੇ ਕੇ ਨੇ ਦੱਸਿਆ ਕਿ ਉਸ ਦੀ ਮਾਤਾ ਪਰਵੀਨਾ ਪਤਨੀ ਹੀਰਾ ਵਾਸੀ ਸੋਢੇ ਵਾਲਾ ਨੇ ਆਪਣੀ ਰਿਹਾਇਸ਼ੀ ਜਗ੍ਹਾ 9 ਲੱਖ ਰੁਪਏ 'ਚ ਵੇਚੀ ਸੀ। ਇਸ ਵਿੱਚੋਂ 1 ਲੱਖ 95 ਹਜ਼ਾਰ ਰੁਪਏ ਦਾ ਬਿਆਨਾ ਲੈ ਕੇ ਬੈਂਕ 'ਚ ਜਮ੍ਹਾਂ ਕਰਵਾਇਆ ਗਿਆ ਸੀ, ਜਦਕਿ ਬਾਕੀ 7 ਲੱਖ 5 ਹਜ਼ਾਰ ਰੁਪਏ ਨਕਦ ਉਸ ਨੇ ਆਪਣੇ ਘਰ 'ਚ ਰੱਖੇ ਸਨ। ਪੀੜਤ ਮਹਿਲਾ ਨੇ ਦੱਸਿਆ ਕਿ 25 ਜੂਨ ਨੂੰ ਸਵੇਰੇ ਕਰੀਬ 9 ਵਜੇ ਉਹ ਸੋਢੇ ਵਾਲਾ ਆਪਣੇ ਘਰ ਦਾ ਸਾਮਾਨ ਲੈਣ ਗਈ ਸੀ। ਜਦੋਂ ਉਸ ਨੂੰ ਦੁਪਹਿਰ ਕਰੀਬ 1.45 ਵਜੇ ਪਤਾ ਲੱਗਾ ਕਿ ਘਰ ਦਾ ਦਰਵਾਜ਼ਾ ਖੁੱਲ੍ਹਾ ਹੈ, ਤਾਂ ਉਸ ਨੇ ਦੇਖਿਆ ਕਿ ਕਮਰੇ ਦੇ ਤਾਲੇ ਟੁੱਟੇ ਹੋਏ ਸਨ ਅਤੇ ਅਲਮਾਰੀ 'ਚ ਰੱਖੀ ਨਕਦੀ ਗਾਇਬ ਸੀ। ਅਣਪਛਾਤੇ ਵਿਅਕਤੀ ਨੇ ਇਹ ਨਕਦੀ ਚੋਰੀ ਕਰ ਲਈ। ਮਾਮਲੇ ਦੀ ਜਾਂਚ ਕਰ ਰਹੇ ਜੋਗਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਪੁਲਸ ਵੱਲੋਂ ਚੋਰੀ ਦੀ ਘਟਨਾ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ ਤਾਂ ਜੋ ਦੋਸ਼ੀਆਂ ਨੂੰ ਜਲਦ ਤੋਂ ਜਲਦ ਕਾਬੂ ਕੀਤਾ ਜਾ ਸਕੇ।

# ਮੁੜ ਰੰਗਲੇ ਪੰਜਾਬ ਦੀ ਸਿਰਜਣਾ ਲਈ ਨਸ਼ਿਆਂ ਦੇ ਯੋਜਨਾਬੱਧ ਢੰਗ ਨਾਲ ਖਾਤਮੇ ਦਾ ਆਗਾਜ਼

ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-ਵਿਧਾਨ ਸਭਾ ਹਲਕਾ ਅਜਨਾਲਾ ਤਹਿਤ ਪੈਂਦੀਆਂ 179 ਗ੍ਰਾਮ ਪੰਚਾਇਤਾਂ ਰਾਹੀਂ ਨਸ਼ਿਆਂ ਦਾ ਪਿੰਡ ਪੱਧਰ ਤੇ ਜ਼ਮੀਨੀ ਪੱਧਰ ਤੇ ਯੋਜਨਾਬੱਧ ਢੰਗ ਨਾਲ ਖਾਤਮਾ ਕਰਨ ਲਈ ਬਕਾਇਦਾ ਅੱਜ ਤੋਂ ਹਲਕੇ ਅਧੀਨ ਆਉਂਦੇ ਬਲਾਕ ਅਜਨਾਲਾ, ਬਲਾਕ ਰਮਦਾਸ ਤੇ ਬਲਾਕ ਹਰਸ਼ਾ ਛੀਨਾ ਦੇ ਬਲਾਕ ਵਿਕਾਸ ਪੰਚਾਇਤ ਅਫ਼ਸਰਾਂ, ਪੰਚਾਇਤ ਅਫ਼ਸਰਾਂ, ਗ੍ਰਾਮ ਸੇਵਕਾਂ ਤੇ ਪੰਚਾਇਤ ਸਕੱਤਰਾਂ ਨੂੰ ਗ੍ਰਾਮ ਸਭਾਵਾਂ ਦੇ ਇਜਲਾਸ ਬੁਲਾਉਣ ਦੀ ਪ੍ਰੀਕ੍ਰਿਆ ਸ਼ੁਰੂ ਕਰਨ ਦੇ ਆਦੇਸ਼ ਜਾਰੀ ਕਰ ਦਿੱਤੇ ਗਏ ਹਨ।ਅਧਿਕਾਰੀ ਤੇ ਕਰਮਚਾਰੀ ਇਹ ਪ੍ਰੀਕ੍ਰਿਆ 30 ਜੂਨ ਤੱਕ ਮੁਕੰਮਲ ਕਰਨਗੇ।ਅੱਜ ਇਥੇ ਇਹ ਐਲਾਨ ਹਲਕਾ ਵਿਧਾਇਕ ਤੇ ਪ੍ਰਵਾਸੀ ਭਾਰਤੀ ਮਾਮਲਿਆਂ ਦੇ ਮੰਤਰੀ ਪੰਜਾਬ ਕੁਲਦੀਪ ਸਿੰਘ ਧਾਲੀਵਾਲ ਨੇ ਕੁੱਝ ਪ੍ਰਭਾਵਿਤ ਲੋਕਾਂ ਦੀਆਂ ਸਮੱਸਿਆਵਾਂ ਸੁਣਨ ਤੇ ਹੱਲ ਕੱਢਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।ਉਨ੍ਹਾਂ ਕਿਹਾ ਕਿ ਪੁਰਾਣੀਆਂ ਕਾਂਗਰਸ ਤੇ ਅਕਾਲੀ ਭਾਜਪਾ ਸਰਕਾਰਾਂ ਵਲੋਂ ਰੰਗਲੇ ਪੰਜਾਬ ਦੀ ਬਰਬਾਦੀ ਲਈ ਨਸ਼ਿਆਂ ਦੇ ਅੰਨ੍ਹੇ ਪ੍ਰਵਾਹ ਲਈ ਲਿਖੀ ਤਕਦੀਰ ਨੂੰ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਸਰਕਾਰ ਦ੍ਰਿੜ ਰਾਜਸੀ ਇੱਛਾ ਸ਼ਕਤੀ ਨਾਲ ਮੁੜ ਰੰਗਲੇ ਪੰਜਾਬ ਲਈ ਪੇਂਡੂ ਤੇ ਸ਼ਹਿਰੀ ਲੋਕਾਂ ਦੇ ਸਹਿਯੋਗ ਨਾਲ ਨਸ਼ਿਆਂ ਦੀ ਜੜ੍ਹ ਪੁੱਟ ਕੇ ਲਿਖਣ ਲਈ ਵਚਨਬੱਧ ਹੈ ਅਤੇ ਇਸੇ ਵਚਨਬੱਧਤਾ ਤਹਿਤ ਯੁੱਧ ਨਸ਼ਿਆ ਵਿਰੁੱਧ, ਨਸ਼ਾ ਵਿਰੋਧੀ ਯਾਤਰਾਵਾਂ ਦੇ ਸਹੁੰ ਚੁੱਕ ਸਮਾਗਮ ਦੇ ਨਾਲ ਹੁਣ ਪਿੰਡ ਪੱਧਰ ਤੇ ਇਜਲਾਸ 'ਚ ਗ੍ਰਾਮ ਸਭਾਵਾਂ ਕਰਨ ਦੀ ਸੂਬੇ ਭਰ 'ਚ ਅੱਜ ਤੋਂ ਮੁਹਿੰਮ ਵਿੱਢ ਦਿੱਤੀ ਗਈ ਹੈ। ਮੰਤਰੀ ਧਾਲੀਵਾਲ ਨੇ ਦੱਸਿਆ ਕਿ ਇਜਲਾਸ ਗ੍ਰਾਮ ਸਭਾਵਾਂ ਦੇ ਮੈਂਬਰਾਂ ਕੋਲੋ ਨਸ਼ਿਆਂ ਨੂੰ ਜੜ੍ਹੋਂ ਖਤਮ ਕਰਨ ਲਈ ਨਸ਼ਿਆਂ ਦਾ ਗੰਦਾ ਧੰਦਾ ਕਰਨ ਵਾਲੇ ਸਮਾਜ ਵਿਰੋਧੀ ਅਨਸਰਾਂ, ਇਨ੍ਹਾਂ ਅਨਸਰਾਂ ਵੱਲੋਂ ਨਸ਼ਿਆਂ ਦੀ ਸਪਲਾਈ ਲਾਈਨ, ਵਾਹਨਾਂ ਦੀ ਕੀਤੀ ਜਾਂਦੀ ਵਰਤੋਂ, ਨਸ਼ਾ ਵਿਕਣ ਦੇ ਅੱਡੇ, ਨਸ਼ੇੜੀਆਂ ਆਦਿ ਤੋਂ ਇਲਾਵਾ ਨਸ਼ਿਆਂ ਦੇ ਤਸਕਰਾਂ ਵਿਰੁੱਧ ਪੁਲਸ ਦੀ ਭੂਮਿਕਾ ਆਦਿ ਬਾਰੇ ਵੀ ਗੁਪਤ ਜਾਣਕਾਰੀ ਹਾਸਿਲ ਕਰਨ ਲਈ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਬਕਾਇਦਾ ਦਿਸ਼ਾ ਨਿਰਦੇਸ਼ ਜਾਰੀ ਕੀਤੇ ਗਏ ਤਾਂ ਜੋ ਪਿੰਡ ਪੱਧਰ 'ਤੇ ਵੀ ਨਸ਼ਾ ਤਸਕਰਾਂ, ਨਸ਼ਾ ਤਸਕਰਾਂ ਦੀ ਸਰਪ੍ਰਸਤੀ ਕਰਨ ਵਾਲੇ ਲੋਕਾਂ ਤੇ ਪੁਲਸ ਦਾ ਨੈੱਟਵਰਕ ਤੋੜਿਆ ਜਾਵੇ।ਮੰਤਰੀ ਧਾਲੀਵਾਲ ਨੇ ਸਿਹਤਮੰਦ ਸਮਾਜ ਤੇ ਰੰਗਲੇ ਪੰਜਾਬ ਦੀ ਸਿਰਜਣਾ ਲਈ ਗ੍ਰਾਮ ਸਭਾਵਾਂ ਦੇ ਮੈਂਬਰਾਂ ਨੂੰ ਇਜਲਾਸ 'ਚ ਉਤਸ਼ਾਹ ਨਾਲ ਸ਼ਮੂਲੀਅਤ ਕਰਨ ਅਤੇ ਨਸ਼ਿਆਂ ਦੇ ਖਾਤਮੇ ਦੇ ਮੰਤਵ ਲਈ ਮੌਜੂਦ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਸੱਚੀ ਤੇ ਸੁੱਚੀ ਜਾਣਕਾਰੀ ਦੇਣ ਲਈ ਮੁਕੰਮਲ ਸਹਿਯੋਗ ਦੇਣ ਦਾ ਸੱਦਾ ਵੀ ਦਿੱਤਾ।ਇਸ ਮੌਕੇ ਖੁਸ਼ਪਾਲ ਸਿੰਘ ਧਾਲੀਵਾਲ, ਨਗਰ ਪੰਚਾਇਤ ਪ੍ਰਧਾਨ ਭੱਟੀ ਜਸਪਾਲ ਸਿੰਘ ਢਿੱਲੋਂ, ਸ਼ਹਿਰੀ ਪ੍ਰਧਾਨ ਅਮਿਤ ਔਲ ਆਦਿ ਹਾਜ਼ਿਰ ਸਨ।



# ਲਾਸ਼ ਨੂੰ ਦੁਕਾਨ ਅੰਦਰ ਰੱਖ ਕੇ ਪਰਿਵਾਰਕ ਮੈਂਬਰਾਂ ਨੇ ਲਗਾਇਆ ਧਰਨਾ

## * ਇਨਸਾਫ ਮਿਲਣ ਤੱਕ ਅੰਤਿਮ ਸੰਸਕਾਰ ਨਾ ਕਰਨ ਦੀ ਦਿੱਤੀ ਚਿਤਾਵਨੀ

ਕਾਦੀਆਂ (ਯਾਦਵਿੰਦਰ ਸਿੰਘ ਮਸੌਤਰਾ)-ਪਿੰਡ ਠੱਕਰ ਸੰਧੂ ਨਿਵਾਸੀ ਮ੍ਰਿਤਕ ਲਖਵਿੰਦਰ ਸਿੰਘ ਦੇ ਪਰਿਵਾਰਕ ਮੈਂਬਰਾਂ ਵੱਲੋਂ ਸੁਟਰ ਰੋਡ ਕਾਦੀਆਂ ਵਿਖੇ ਲਾਸ਼ ਨੂੰ ਦੁਕਾਨ ਅੰਦਰ ਰੱਖ ਕੇ ਧਰਨਾ ਲਗਾ ਕੇ ਪਰਿਵਾਰਕ ਮੈਂਬਰਾਂ ਦੇ ਵੱਲੋਂ ਦੁਕਾਨ ਮਾਲਕਾਂ ਸਮੇਤ ਪੁਲਸ ਪ੍ਰਸ਼ਾਸਨ ਦੇ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਧਰਨੇ ਵਿੱਚ ਨਾਅਰੇਬਾਜ਼ੀ ਕਰਦੇ ਹੋਏ ਮ੍ਰਿਤਕ ਲਖਵਿੰਦਰ ਸਿੰਘ ਦੀ ਪਤਨੀ ਬਲਜਿੰਦਰ ਕੌਰ ਨੇ ਦੱਸਿਆ ਕਿ ਉਸ ਦੇ ਪਤੀ ਲਖਵਿੰਦਰ ਸਿੰਘ ਕਾਦੀਆਂ ਵਿਖੇ ਇੱਕ ਗੁਰੂ ਲਾਲ ਜਨਰਲ ਸਟੋਰ ਦੁਕਾਨ ਦੇ ਨਜ਼ਦੀਕ ਲੱਗਭਗ 40 ਸਾਲਾਂ ਤੋਂ ਦੁਕਾਨ ਕਰ ਰਿਹਾ ਸੀ ਜਿਸ ਵਿੱਚ ਉਕਤ ਦੁਕਾਨ ਦੇ ਅੰਦਰ ਲਖਵਿੰਦਰ ਸਿੰਘ ਦੇ ਨਾਂ ਦਾ ਮੀਟਰ ਵੀ ਲੱਗਿਆ ਹੋਇਆ ਸੀ ਅਤੇ ਨਗਰ ਕੌਂਸਲ ਕਾਦੀਆਂ ਵਿਖੇ ਵੀ ਦੁਕਾਨ ਦੀ ਜਾਣਕਾਰੀ ਦਰਜ ਸੀ। ਦੁਕਾਨ ਮਾਲਕਾਂ ਦੇ ਨਾਲ ਕੇਸ ਚੱਲ ਰਿਹਾ ਸੀ।ਬੀਤੇ ਜਨਵਰੀ ਦੇ ਮਹੀਨੇ ਵਿੱਚ ਸ਼ਰਾਰਤੀ ਅਨਸਰ ਵੱਲੋਂ ਅੱਗ ਲਗਾ ਕੇ ਗੁਰੂ ਲਾਲ ਜਨਰਲ ਸਟੋਰ ਨੂੰ ਬੁਰੀ ਤਰ੍ਹਾਂ ਤਹਿਸ ਨਹਿਸ ਕਰ ਦਿੱਤਾ ਜਿਸ ਤੋਂ ਬਾਅਦ ਗੁਰੂ ਲਾਲ ਜਨਰਲ ਸਟੋਰ ਦੇ ਮਾਲਕਾਂ ਵੱਲੋਂ ਲਖਵਿੰਦਰ ਸਿੰਘ ਦੇ ਉਪਰ ਅੱਗ ਲਗਾਉਣ ਦਾ ਝੂਠਾ ਨਾਮ ਲਗਾ ਦਿੱਤਾ। ਪੁਲਸ ਦੇ ਵੱਲੋਂ ਵੀ ਲਖਵਿੰਦਰ ਸਿੰਘ ਦੇ ਉਪਰ ਪਰਚਾ ਦਰਜ ਕਰ ਦਿੱਤਾ ਗਿਆ।ਪਰਿਵਾਰਕ ਮੈਂਬਰਾਂ ਵੱਲੋਂ ਕਈ ਵਾਰ ਇਨਸਾਫ ਦੀ ਗੁਹਾਰ ਲਗਾਈ ਗਈ ਪਰ ਇਨਸਾਫ਼ ਨਹੀਂ ਮਿਲਿਆ।ਕੁਝ ਦਿਨ ਪਹਿਲਾਂ ਲਖਵਿੰਦਰ ਸਿੰਘ ਸੜਕ ਹਾਦਸੇ ਵਿੱਚ ਗੰਭੀਰ ਜ਼ਖਮੀ ਹੋ ਗਿਆ।ਲਖਵਿੰਦਰ ਸਿੰਘ ਦਾ ਗੁਰਦਾਸਪੁਰ ਦੇ ਇੱਕ ਨਿੱਜੀ ਹਸਪਤਾਲ ਵਿੱਚ ਇਲਾਜ ਚੱਲ ਰਿਹਾ ਸੀ।ਲਖਵਿੰਦਰ ਸਿੰਘ ਦੇ ਪਰਿਵਾਰਕ ਮੈਂਬਰਾਂ ਵੱਲੋਂ ਦੁਕਾਨ ਮਾਲਕਾਂ ਦੇ ਉਪਰ ਦੋਸ਼ ਲਗਾਇਆ ਗਿਆ ਕਿ ਲਖਵਿੰਦਰ ਸਿੰਘ ਨੂੰ ਸੱਟਾਂ ਮਾਰ ਕੇ ਜ਼ਖਮੀ ਕੀਤਾ ਗਿਆ।ਜਨਰਲ ਸਟੋਰ ਦੇ ਮਾਲਕਾਂ ਵੱਲੋਂ ਆਪਣੇ ਉਪਰ ਲਗਾਏ ਦੋਸ਼ਾਂ ਨੂੰ ਨਕਾਰਿਆ ਗਿਆ।ਇਲਾਜ ਦੌਰਾਨ ਲਖਵਿੰਦਰ ਸਿੰਘ ਦੀ ਮੌਤ ਹੋ ਗਈ।ਪਰਿਵਾਰਕ ਮੈਂਬਰਾਂ ਨੇ ਲਖਵਿੰਦਰ ਸਿੰਘ ਦੀ ਮ੍ਰਿਤਕ ਦੇਹ ਨੂੰ ਗੁਰੂ ਲਾਲ ਜਨਰਲ ਸਟੋਰ ਵਿੱਚ ਰੱਖ ਕੇ ਦੁਕਾਨ ਦੇ ਬਾਹਰ ਧਰਨਾ ਲਗਾ ਕੇ ਪੁਲਸ ਪ੍ਰਸ਼ਾਸਨ ਦੇ ਉੱਚ ਅਧਿਕਾਰੀਆਂ ਦੇ ਕੋਲੋਂ ਇਨਸਾਫ ਦੀ ਮੰਗ ਕੀਤੀ ਤੇ ਕਿਹਾ ਕਿ ਸਾਨੂੰ ਸਾਡੀ ਦੁਕਾਨ ਵਾਪਸ ਦਿੱਤੀ ਜਾਵੇ।ਦੁਕਾਨ ਨੂੰ ਅੱਗ ਲੱਗਣ ਤੋਂ ਬਾਅਦ ਜਦੋਂ ਦੁਕਾਨ ਦੁਬਾਰਾ ਬਣ ਰਹੀ ਸੀ ਤਾਂ ਕਿਸੇ ਸ਼ਰਾਰਤੀ ਅਨਸਰ ਵੱਲੋਂ ਦੁਕਾਨ ਦੇ ਅੰਦਰ ਦੁਕਾਨ ਦੇ ਮਾਲਕਾਂ ਨੂੰ ਧਮਕੀ ਭਰੀ ਚਿੱਠੀ ਦਿੱਤੀ ਗਈ ਜਿਸ ਤੋਂ ਬਾਅਦ ਪੁਲਸ ਦੇ ਵੱਲੋਂ ਕਾਰਵਾਈ ਕਰਦਿਆਂ ਸੀਸੀਟੀਵੀ ਫੁਟੇਜ ਦੇ ਵਿੱਚ ਚਿੱਠੀ ਸੁੱਟਣ ਵਾਲਾ ਵਿਅਕਤੀ ਦੁਕਾਨ ਦੇ ਨਜ਼ਦੀਕ ਹੀ ਇੱਕ ਦੁਕਾਨਦਾਰ ਨਿਕਲਿਆ ਸੀ ਅਤੇ ਲਖਵਿੰਦਰ ਸਿੰਘ ਨੂੰ ਪੁਲਸ ਵੱਲੋਂ ਹਰਾਸ ਕੀਤਾ ਗਿਆ।ਲਖਵਿੰਦਰ ਸਿੰਘ ਦੇ ਪਰਿਵਾਰਕ ਮੈਂਬਰਾਂ ਨੇ ਇਹ ਵੀ ਕਿਹਾ ਕਿ ਗੁਰੂ ਲਾਲ ਜਨਰਲ ਸਟੋਰ ਦੇ ਮਾਲਕ ਅਤੇ ਤਤਕਾਲੀ ਐੱਸਐੱਚਓ ਸਮੇਤ ਪੁਲਸ ਪ੍ਰਸ਼ਾਸਨ ਵੱਲੋਂ ਬਿਨ੍ਹਾਂ ਜਾਂਚ ਕੀਤਿਆਂ ਹੀ ਲਖਵਿੰਦਰ ਸਿੰਘ ਦੇ ਉਪਰ ਕਾਰਵਾਈ ਕੀਤੀ ਗਈ ਸੀ।ਮੈਂਬਰਾਂ ਨੇ ਕਿਹਾ ਕਿ ਜਿੰਨੀ ਦੇਰ ਤੱਕ ਸਾਨੂੰ ਇਨਸਾਫ ਨਹੀਂ ਮਿਲਦਾ ਉਨੀ ਦੇਰ ਤੱਕ ਉਹ ਅੰਤਿਮ ਸੰਸਕਾਰ ਨਹੀਂ ਕਰਨਗੇ। ਇਸ ਮੌਕੇ ਧਰਨਾਂ 'ਤੋਂ ਇਲਾਵਾ ਬਲਜਿੰਦਰ ਕੌਰ, ਹਰਜੀਤ ਕੌਰ, ਜਸਪਾਲ ਸਿੰਘ ਜਵਾਣੀ, ਮੈਂਬਰ ਸੁਲੱਖਣ ਸਿੰਘ, ਮੈਂਬਰ ਗੁਰਮੀਤ ਸਿੰਘ ਅਤੇ ਪਿੰਡ ਵਾਸੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ।ਉਧਰ ਦੂਜੇ ਪਾਸੇ ਥਾਣਾ ਕਾਦੀਆਂ ਦੇ ਐੱਸਐੱਚਓ ਗੁਰਮੀਤ ਸਿੰਘ ਪੁਲਸ ਪਾਰਟੀ ਸਮੇਤ ਧਰਨੇ ਵਾਲੇ ਸਥਾਨ 'ਤੇ ਪਹੁੰਚੇ ਅਤੇ ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਨੂੰ ਸ਼ਾਂਤ ਕੀਤਾ।ਭਰੋਸਾ ਦਵਾਇਆ ਕਿ ਮਾਮਲੇ ਦੀ ਜਾਂਚ ਕਰਕੇ ਕਾਨੂੰਨ ਅਨੁਸਾਰ ਬਣਦੀ ਕਾਰਵਾਈ ਕੀਤੀ ਜਾਵੇਗੀ।ਦੁਕਾਨ ਮਾਲਕ ਸੰਜੀਵ ਕੁਮਾਰ ਤੇ ਉਸ ਦੀ ਪਤਨੀ ਨੇ ਕਿਹਾ ਕਿ ਸਾਡੇ ਉਪਰ ਪਰਿਵਾਰਕ ਮੈਂਬਰਾਂ ਵੱਲੋਂ ਲਗਾਏ ਜਾ ਰਹੇ ਸਾਰੇ ਹੀ ਇਲਜ਼ਾਮ ਝੂਠੇ ਹਨ।





ਅੰਮ੍ਰਿਤਸਰ ਵਿਖੇ ਫਲਸਤੀਨ ਦੇ ਲੋਕਾਂ ਦੀ ਹਮਾਇਤ ਵਿੱਚ ਮੁਜ਼ਾਹਰੇ ਦੀ ਅਗਵਾਈ ਕਰਦੇ ਕਾਮਰੇਡ ਲਖਬੀਰ ਸਿੰਘ ਨਿਜ਼ਾਮਪੁਰ, ਕਾਮਰੇਡ ਵਿਜੇ ਕੁਮਾਰ, ਕਾਮਰੇਡ ਸੁੱਚਾ ਸਿੰਘ ਅਜਨਾਲਾ ਅਤੇ ਕੰਵਲਜੀਤ ਕੌਰ ਆਦਿ। (ਫੋਟੋ ਤੇ ਵੇਰਵਾ: ਸੁਖਤਿੰਦਰ ਸਿੰਘ)

# ਚੌਗਿਰਦਾ ਪ੍ਰੇਮੀ ਡਾ. ਰੂਬੀ ਮਖੀਜਾ ਦਾ ਸਨਮਾਨ

**ਬੁਤਾਲਾ (ਨਿਰਮਲ ਸਿੰਘ ਸੰਘਾ)**-ਨਗਰ ਬੁਤਾਲਾ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਚਲਾਏ ਜਾ ਰਹੇ ਸੌਲਡ ਵੇਸਟ ਮੈਨੇਜਮੈਂਟ ਪਲਾਂਟ ਨੂੰ ਵੇਖਣ ਲਈ ਦਿੱਲੀ ਤੋਂ ਡਾਕਟਰ ਰੂਬੀ ਮਖੀਜਾ ਉਚੇਚੇ ਤੌਰ 'ਤੇ ਪਹੁੰਚੇ।ਡਾਕਟਰ ਰੂਬੀ ਮਖੀਜਾ ਪਿਛਲੇ ਅੱਠ ਸਾਲਾਂ ਤੋਂ ਚੌਗਿਰਦੇ ਨੂੰ ਸਾਫ਼-ਸੁਥਰਾ ਰੱਖਣ ਲਈ ਜੱਦੋਜਹਿਦ ਕਰ ਰਹੇ ਹਨ।ਡਾਕਟਰ ਰੂਬੀ ਨੇ ਇਸ ਕਾਰਜ ਲਈ ਪ੍ਰਬੰਧਕਾਂ ਦੀ ਭਰਭੂਰ ਸ਼ਲਾਘਾ ਕੀਤੀ।ਇਸ ਪਲਾਂਟ ਨੂੰ ਹੋਰ ਬਿਹਤਰ ਬਣਾਉਣ ਲਈ ਆਪਣੇ ਕੀਮਤੀ ਸੁਝਾਅ ਵੀ ਦਿੱਤੇ।ਉਨ੍ਹਾਂ ਇਸ ਪਲਾਂਟ ਦੀ ਤਰੱਕੀ ਲਈ ਸਹਿਯੋਗ ਦੇਣ ਦਾ ਵਾਅਦਾ ਵੀ ਕੀਤਾ।ਇਸ ਮੌਕੇ ਉਨ੍ਹਾਂ ਨਾਲ ਗ੍ਰਾਮ ਪੰਚਾਇਤ ਬੁਤਾਲਾ ਦੇ ਸਰਪੰਚ ਸੁਖਵਿੰਦਰ ਸਿੰਘ, ਬਾਬਾ ਪੱਲ੍ਹਾ ਵੈੱਲਫੇਅਰ ਸੁਸਾਇਟੀ ਬੁਤਾਲਾ, ਚੇਅਰਮੈਨ ਬਲਵਿੰਦਰ ਸਿੰਘ, ਗੁਰਪ੍ਰੀਤ ਸਿੰਘ, ਜਸਵੰਤ ਸਿੰਘ ਲਾਲੀ, ਗੁਰਜੀਤ ਸਿੰਘ ਗੋਰਾ (ਪ੍ਰਧਾਨ ਦੁਕਾਨਦਾਰ ਯੂਨੀਅਨ), ਪ੍ਰਭਜੀਤ ਸਿੰਘ, ਜਗਰੂਪ ਸਿੰਘ, ਹਰਪਾਲ ਸਿੰਘ ਅਤੇ ਪ੍ਰੈੱਸ ਸਕੱਤਰ ਨਿਰਮਲ ਸਿੰਘ ਆਦਿ ਹਾਜ਼ਰ ਸਨ



# ਪਿੜ ਦਾ ਸਾਲਾਨਾ ਪੰਦਰਾ ਦਿਨਾ ਥਾਪ ਭੰਗੜਾ ਸਿਖਲਾਈ ਕੈਂਪ ਮਿੱਠੀਆਂ ਤੇ ਪਿਆਰੀਆਂ ਯਾਦਾਂ ਛੱਡਦਾ ਸੰਪੰਨ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਜੋਤ ਨੂੰ ਜਗਦੀ ਤੇ ਮੱਘਦੀ ਰੱਖਣ ਦੀ ਸੇਵਾ ਵਿੱਚ ਜੁਟਿਆ ਲੋਕ ਸੱਭਿਆਚਾਰਕ ਪਿੜ (ਰਜਿ:) ਗੁਰਦਾਸਪੁਰ ਵੱਲੋਂ 1995 ਤੋਂ ਲੈ ਕੇ ਹਰ ਸਾਲ ਜੂਨ ਮਹੀਨੇ ਵਿੱਚ 15 ਦਿਨਾ ਥਾਪ ਭੰਗੜਾ ਸਿਖਲਾਈ ਕੈਂਪ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਵਿੱਚ ਚੱਲ ਰਿਹਾ ਸੀ ।ਇਸ ਕੈਂਪ ਵਿੱਚ ਹਰ ਰੋਜ਼ ਬੜੀਆਂ ਹੀ ਪਿਆਰੀਆਂ ਤੇ ਮਿੱਠੀਆਂ ਯਾਦਾਂ ਨਾਲ ਹਰ ਕੋਈ ਆਪਣੀ ਦਿਲੋਂ ਸੇਵਾ ਨਿਭਾਉਂਦਾ ਹੈ।ਇਸ ਕੈਂਪ ਵਿੱਚ ਹਰ ਰੋਜ਼ ਕੋਈ ਨਾ ਕੋਈ ਵਿਅਕਤੀ ਬੱਚਿਆਂ ਨੂੰ ਖਾਣ ਪੀਣ ਦੀ ਸੇਵਾ ਕਰਦਾ ਹੈ। ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ ਇਸ ਕੈਂਪ ਵਿੱਚ ਸਿੱਖਣ ਦਾ ਚਾਹ ਆਪ ਮਹਾਰੇ ਹੀ ਦਿਖਦਾ ਹੈ।ਭੰਗੜੇ ਦੇ ਨਾਲ-ਨਾਲ ਬੱਚਿਆਂ ਨੂੰ ਵਿਰਾਸਤੀ ਖੇਡਾਂ ਗੁੱਲੀ ਡੰਡਾ, ਸਟੈਪੂ, ਬਾਟੇ, ਗਲੇਲਾਂ ਚਲਾਉਣੀਆਂ ਖੇਡਾਂ ਨਾਲ ਨੂੰ ਜੋੜਿਆ ਜਾਂਦਾ ਹੈ।ਭੰਗੜੇ ਕੈਂਪ ਦੇ ਮੁੱਖ ਪ੍ਰਬੰਧਕ ਸ. ਅਜੈਬ ਸਿੰਘ ਚਾਹਲ ਅਤੇ ਉਨ੍ਹਾਂ ਦਾ ਪਿਆਰਾ ਤੇ ਲਾਡਲਾ ਸ਼ਗਿਰਦ ਭੰਗੜਾ ਕੋਚ ਤੇ ਪਿੜ ਦੇ ਪ੍ਰਧਾਨ ਜੈਕਬ ਮਸੀਹ ਤੇਜਾ ਆਪਣੀ ਪੂਰੀ ਟੀਮ ਦੇ ਸਹਿਯੋਗ ਨਾਲ ਮੁੰਡੇ, ਕੁੜੀਆਂ ਅਤੇ ਬਜ਼ੁਰਗਾਂ ਨੂੰ ਭੰਗੜੇ ਦੀਆਂ ਬਰੀਕੀਆਂ ਦੱਸਦੇ ਹਨ।ਜੈਕਬ ਮਸੀਹ ਤੇਜਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਹ ਕੈਂਪ ਸਵਰਗੀ ਹੈਪੀ ਮਾਨ ਅਤੇ ਵਰੁਣ ਮਹਾਜਨ ਦੀ ਯਾਦ ਵਿੱਚ ਲਗਾਇਆ ਗਿਆ ਜੋ ਕਿ ਬਹੁਤ ਹੀ ਵਧੀਆ ਭਾਂਗੜੀ ਸਨ।ਇਨ੍ਹਾਂ 15 ਦਿਨਾਂ ਦੌਰਾਨ ਸਿਖਿਆਰਥੀਆਂ ਨਾਲ ਭੰਗੜੇ ਦੇ ਕਈ ਐਕਸ਼ਨ ਤੇ ਪਹਿਲੂਆਂ ਤੇ ਗੱਲਬਾਤ ਕੀਤੀ ਗਈ।ਹਰ ਰੋਜ਼ ਵੱਖ-ਵੱਖ ਮੁਦਰਾਵਾਂ ਤੋਂ ਬੱਚਿਆਂ ਨੂੰ ਜਾਣੂ ਕਰਵਾਇਆ ਜਾਂਦਾ ਸੀ।ਜਿਵੇਂ ਕਿ ਪੁਰਾਤਨ ਲੋਕ ਨਾਚ ਦੀਆਂ ਮੁਦਰਾਵਾਂ ਧਮਾਲ, ਝੂਮਣੀ, ਸਿਆਲਕੋਟੀ, ਲਹਿਰੀਆ, ਕੱਛਾ, ਖੂੰਡਾ, ਸੱਪ, ਕਾਟੋ, ਭੰਗੜੇ ਵਿੱਚ ਕਿਵੇਂ ਪ੍ਰਵੇਸ਼ ਕੀਤੇ ਇਸ ਬਾਰੇ ਵੀ ਬਹੁਤ ਗੂੜੇ ਢੰਗ ਨਾਲ ਜਾਣਕਾਰੀ ਦਿੱਤੀ ਗਈ। ਇਹ ਸਿਖਲਾਈ ਕੈਂਪ ਵਿੱਚ ਭੰਗੜੇ ਦੇ ਮਾਹਰਥੀ ਸ. ਅਜੈਬ ਸਿੰਘ ਚਾਹਲ ਅਤੇ ਪ੍ਰਸਿੱਧ ਭੰਗੜਾ ਕੋਚ ਜੈਕਬ ਮਸੀਹ ਤੇਜਾ ਦੀ ਰਹਿਨੁਮਾਈ ਹੇਠ ਬਹੁਤ ਹੀ ਵਧੀਆ ਢੰਗ ਨਾਲ ਨੇਪਰੇ ਚੜ੍ਹਿਆ।15 ਦਿਨਾਂ ਵਿਚ ਜੋ 76 ਦੇ ਕਰੀਬ ਸਿਖਿਆਰਥੀਆਂ ਨੇ ਭੰਗੜੇ ਦੀ ਸਿਖਲਾਈ ਪ੍ਰਾਪਤ ਕੀਤੀ ਸੀ।ਕੈਂਪ ਦੌਰਾਨ ਭੰਗੜੇ ਦੀ ਸਹਯੋਗੀ ਟੀਮ ਮਾਸਟਰ ਰਾਜ ਕੁਮਾਰ, ਮਾਸਟਰ ਸਰਬਜੀਤ ਸਿੰਘ, ਡਾ. ਸੰਜੂ ਰਾਇਲ, ਸੁਖਦੀਪ ਸਿੰਘ ਐਡਵੋਕੇਟ, ਕਾਨਵ ਆਨੰਦ, ਹਨੂਰ ਸ਼ਰਮਾ, ਬੱਚਿਆਂ ਨੂੰ ਬਹੁਤ ਲਗਨ ਨਾਲ ਮਿਹਨਤ ਕਰਵਾਈ।ਭੰਗੜੇ ਦੇ ਪ੍ਰਸਿੱਧ ਕੋਚ ਸ. ਅਜੈਬ ਸਿੰਘ ਚਾਹਲ ਤੇ ਜੈਕਬ ਮਸੀਹ ਤੇਜਾ ਅਤੇ ਲੋਕ ਸੱਭਿਆਚਾਰਕ ਪਿੜ ਦਾ ਪਰਿਵਾਰ ਦੇ ਮੈਂਬਰ ਡਾ. ਐਸ. ਯੂਸਫ, ਸਰਬਜੀਤ ਸਿੰਘ, ਹਰਪ੍ਰੀਤ ਸਿੰਘ ਹਾਜ਼ਰ ਸਨ। ਭੰਗੜਾ ਕੈਂਪ ਵਿੱਚ ਵਿਸੇਸ਼ ਤੌਰ 'ਤੇ ਪਹੁੰਚੇ ਮਨੀਸ਼ ਆਨੰਦ, ਰਜਿੰਦਰ ਅਤੇ ਮੰਨੇ ਪਰਮੰਨੇ ਸਮਾਜ ਸੇਵਕ ਡਾ. ਐੱਸ. ਯੂਸਫ ਨੇ ਆਪਣੇ ਵੱਲੋਂ ਆਏ ਹੋਏ ਸਾਰਿਆਂ ਨੂੰ ਬੂਟੇ ਦੇ ਕੇ ਸੇਵਾ ਨਿਭਾਈ।

ਇਸ ਮੌਕੇ ਬੱਚਿਆਂ ਨੂੰ ਸਿਖਲਾਈ ਦੇ ਸਰਟੀਫਿਕੇਟ ਵੀ ਵੰਡੇ ਗਏ।ਆਖਿਰ ਵਿੱਚ ਪਿੜ ਦੇ ਪ੍ਰਧਾਨ ਤੇ ਭੰਗੜਾ ਕੋਚ ਜੈਕਬ ਮਸੀਹ ਤੇਜਾ ਨੇ ਸਾਰੇ ਆਏ ਸਿਖਿਆਰਥੀਆਂ ਦੇ ਮਾਪਿਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਸਟੇਜ ਸੈਕਟਰੀ ਦੀ ਭੂਮਿਕਾ ਐਡਵੋਕੇਟ ਸੁਖਦੀਪ ਸਿੰਘ ਅਤੇ ਡਾ. ਸੰਜੂ ਰਾਇਲ ਨੇ ਬਾਖੂਬੀ ਨਿਭਾਈ।




# ਇਜ਼ਰਾਈਲੀ ਜਬਰ ਤੇ ਮਹਿੰਗਾਈ ਵਿਰੁੱਧ ਰੋਸ ਪ੍ਰਦਰਸ਼ਨ

## * 55000 ਫਲਸਤੀਨੀਆਂ ਦੀ ਮੌਤ 'ਤੇ ਮਾਰਿਆ ਹਾਅ ਦਾ ਨਾਅਰਾ

ਚੋਹਲਾ ਸਾਹਿਬ (ਰਮਨ ਚੱਢਾ)-ਇਜ਼ਰਾਈਲੀ ਜਬਰ ਤੇ ਮਹਿੰਗਾਈ ਵਿਰੁੱਧ ਰੋਸ ਪ੍ਰਦਰਸ਼ਨ ਕੀਤਾ ਗਿਆ ਜਿਸ ਦੀ ਪ੍ਰਧਾਨਗੀ ਕਾਮਰੇਡ ਪਰਮਜੀਤ ਸਿੰਘ ਚੋਹਲਾ ਸਾਹਿਬ ਨੇ ਕੀਤੀ। ਇਸ ਮੌਕੇ ਭਾਰਤੀ ਕਮਿਊਨਿਸਟ ਪਾਰਟੀ ਦੇ ਬਲਾਕ ਸਕੱਤਰ ਕਾਮਰੇਡ ਬਲਵਿੰਦਰ ਸਿੰਘ ਦਦੇਹਰ ਸਾਹਿਬ ਨੇ ਦੱਸਿਆ ਕਿ ਇਜ਼ਰਾਇਲ ਵੱਲੋਂ ਕੁਝ ਹੋਰ ਸਾਮਰਾਜੀ ਦੇਸ਼ਾਂ ਦੀ ਸਾਂਝ ਨਾਲ ਫਲਸਤੀਨ 'ਤੇ ਲਗਾਤਾਰ ਹਮਲੇ ਕਰਕੇ ਬੇਗੁਨਾਹ ਫਲਸਤੀਨੀਆਂ ਦਾ ਕਤਲੇਆਮ ਕੀਤਾ ਜਾ ਰਿਹਾ ਹੈ।ਇਜ਼ਰਾਇਲ ਵੱਲੋਂ 55000 ਫਲਸਤੀਨੀ ਲੋਕ ਮਾਰ ਦਿੱਤੇ ਗਏ ਹਨ ਜਿਨ੍ਹਾਂ ਵਿੱਚ ਵੱਡੀ ਗਿਣਤੀ ਵਿੱਚ ਔਰਤਾਂ ਅਤੇ ਬੱਚੇ ਹਨ। ਗਾਜ਼ਾ ਪੱਟੀ ਵਿੱਚ ਫੌਜਾਂ ਚਾੜ੍ਹ ਕੇ ਲੋਕਾਂ ਨੂੰ ਭੁੱਖ ਤੇਹ ਨਾਲ ਮਰਨ ਲਈ ਮਜਬੂਰ ਕੀਤਾ ਜਾ ਰਿਹਾ। ਕਾਮਰੇਡ ਦਦੇਹਰ ਨੇ ਕਿਹਾ ਕਿ ਇਧਰ ਨਿੱਤ ਦਿਨ ਭਾਰਤ ਵਿੱਚ ਮਹਿੰਗਾਈ ਵਧਣ ਨਾਲ ਆਮ ਲੋਕ ਪਰੇਸ਼ਾਨ ਹਨ। ਪੈਟਰੋਲ 100 ਰੁਪਏ ਲੀਟਰ ਨੂੰ ਛੂਹ ਗਿਆ ਹੈ। ਬਾਕੀ ਨਿੱਤ ਵਰਤੋਂ ਦੀਆਂ ਚੀਜ਼ਾਂ ਆਮ ਲੋਕਾਂ ਦੀ ਪਹੁੰਚ ਤੋਂ ਦੂਰ ਹਨ। ਇਸ ਮੌਕੇ ਪ੍ਰਦਸ਼ਨ 'ਚ ਸਾਥੀ ਕਾਮਰੇਡ ਰਜਿੰਦਰ ਸਿੰਘ, ਨਿਰਮਲ ਸਿੰਘ, ਜਸਵੰਤ ਸਿੰਘ, ਗੁਰਪਾਲ ਸਿੰਘ ਚੋਹਲਾ ਸਾਹਿਬ, ਜਸਬੀਰ ਸਿੰਘ ਚੋਹਲਾ ਸਾਹਿਬ, ਕਾਮਰੇਡ ਗੁਰਬਚਨ ਸਿੰਘ ਤੇ ਮੈਂਬਰ ਪੰਚਾਇਤ ਸੇਵਾ ਸਿੰਘ ਦਦੇਹਰ ਸਾਹਿਬ, ਰਣਜੀਤ ਸਿੰਘ ਸੁਹਾਵਾ, ਸੁੱਖਾ ਸਿੰਘ ਸਰਹਾਲੀ ਮੰਡ ਆਦਿ ਸਾਥੀ ਹਾਜ਼ਰ ਸਨ।



# ਲਸ਼ਕਰੀ ਨੰਗਲ ਵਿਖੇ ਮਨਾਇਆ ਬਾਬਾ ਸ੍ਰੀ ਚੰਦ ਦੀ ਯਾਦ 'ਚ ਜੋੜ ਮੇਲਾ

ਚੇਤਨਪੁਰਾ (ਸੁਖਵੰਤ ਚੇਤਨਪੁਰੀ)-ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਤਰ ਅਤੇ ਉਦਾਸੀ ਸੰਪਰਦਾਇ ਦੇ ਬਾਨੀ ਬਾਬਾ ਸ੍ਰੀ ਚੰਦ ਜੀ ਦਾ ਸਾਲਾਨਾ ਜੋੜ ਮੇਲਾ ਪਿੰਡ ਲਸ਼ਕਰੀ ਨੰਗਲ ਵਿਖੇ ਮਨਾਇਆ ਗਿਆ।ਇਸ ਦਿਨ ਸਵੇਰੇ 10 ਵਜੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣ ਉਪਰੰਤ ਖੁੱਲੇ ਪੰਡਾਲਾਂ ਵਿੱਚ ਦੀਵਾਨ ਸਜਾਏ ਗਏ।ਇਸ ਸਮੇਂ ਕਵੀਸ਼ਰ ਭਾਈ ਲਖਵਿੰਦਰ ਸਿੰਘ ਗੁਰਦਾਸਪੁਰੀਆ ਕਥਾਵਾਚਕ ਭਾਈ ਬਚਿੱਤਰ ਸਿੰਘ, ਕਵੀਸ਼ਰ ਭਾਈ ਜੋਗਾ ਸਿੰਘ ਮੁਹਾਰ ਦੇ ਜਥਿਆਂ ਵੱਲੋਂ ਹਾਜ਼ਰ ਸੰਗਤਾਂ ਨੂੰ ਕਥਾ ਵਿਚਾਰਾਂ ਅਤੇ ਰਸ ਭਿੰਨੇ ਕੀਰਤਨ ਨਾਲ ਨਿਹਾਲ ਕੀਤਾ।ਇਸ ਸਮੇਂ ਹਲਕਾ ਅਜਨਾਲਾ ਦੇ ਸਾਬਕਾ ਵਿਧਾਇਕ ਹਰਪ੍ਰਤਾਪ ਸਿੰਘ ਅਜਨਾਲਾ ਦੇ ਸਪੁੱਤਰ ਕੰਵਰ ਪ੍ਰਤਾਪ ਸਿੰਘ ਅਜਨਾਲਾ ਵਿਸ਼ੇਸ਼ ਰੂਪ ਵਿੱਚ ਹਾਜ਼ਰ ਹੋਏ।ਉਨ੍ਹਾਂ ਗੱਦੀਨਸ਼ੀਨ ਗੁਰਵਿੰਦਰ ਸਿੰਘ ਲਸ਼ਕਰੀ ਨੰਗਲ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਹ ਹਰੇਕ ਸਾਲ ਬਾਬਾ ਸ੍ਰੀ ਚੰਦ ਦੀ ਯਾਦ ਵਿੱਚ ਧਾਰਮਿਕ ਸਮਾਗਮ ਕਰਾਉਂਦੇ ਹਨ ਜਿਸ ਸਮੇਂ ਸੰਗਤਾਂ ਹਾਜ਼ਰ ਹੋ ਕੇ ਗੁਰਬਾਣੀ ਨਾਲ ਜੁੜ ਕੇ ਆਪਣਾ ਜੀਵਨ ਸਫਲ ਕਰਦੀਆਂ ਹਨ।ਇਸ ਸਮੇਂ ਸੰਗਤ ਦੇ ਰੂਪ ਵਿੱਚ ਹਾਜ਼ਰ ਹੋਣ ਵਾਲਿਆਂ ਵਿੱਚ ਹੋਰਨਾਂ ਤੋਂ ਇਲਾਵਾ ਦਲਜੀਤ ਸਿੰਘ ਆੜਤੀ, ਜਸਬੀਰ ਸਿੰਘ ਜੱਸ ਕੋਟਲੀ, ਦਲਜੀਤ ਸਿੰਘ ਖਤਰਾਏ ਕਲਾਂ, ਗੁਰਨਾਮ ਸਿੰਘ ਸੱਲੋਦੀਨ ਕਸ਼ਮੀਰ ਸਿੰਘ ਲਸ਼ਕਰੀ ਨੰਗਲ, ਬਲਾਕ ਪ੍ਰਧਾਨ ਗੁਰਪਾਲ ਸਿੰਘ ਸਿੰਧੀ ਰਮਦਾਸ ਗੁਰਵਿੰਦਰ ਸਿੰਘ ਤੇੜਾ, ਬਲਵਿੰਦਰ ਸਿੰਘ, ਹਰਵੰਤ ਸਿੰਘ, ਗੁਰਜੀਤ ਸਿੰਘ, ਸ਼ਮਸ਼ੇਰ ਸਿੰਘ, ਕਰਨਵੀਰ ਸਿੰਘ ਅਤੇ ਗੁਰਦੀਪ ਸਿੰਘ ਆਦਿ ਸੇਵਾਦਾਰਾਂ ਵੱਲੋਂ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ।



# ਡੀ ਐੱਸ ਪੀ ਭਿੱਖੀਵਿੰਡ ਪ੍ਰੀਤ ਇੰਦਰ ਸਿੰਘ ਵੱਲੋਂ ਪ੍ਰੈੱਸ ਕਾਨਫਰੰਸ

## * ਭਗਵਾਨਪੁਰ 'ਚ ਕਾਸੋ ਆਪ੍ਰੇਸ਼ਨ ਦੌਰਾਨ ਤਿੰਨ ਜਣਿਆਂ ਨੂੰ ਗ੍ਰਿਫ਼ਤਾਰ ਕਰਨ ਦਾ ਖੁਲਾਸਾ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਡੀਐੱਸਪੀ ਭਿੱਖੀਵਿੰਡ ਪ੍ਰੀਤ ਇੰਦਰ ਸਿੰਘ ਵੱਲੋਂ ਪ੍ਰੈੱਸ ਕਾਨਫਰੰਸ ਕਰਦਿਆਂ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਸਬ-ਡਵੀਜ਼ਨ ਭਿੱਖੀਵਿੰਡ 'ਚ ਹੁਣ ਤੱਕ 231 ਮੁਕੱਦਮੇ ਦਰਜ ਕਰਕੇ 256 ਮੁਲਜ਼ਮਾਂ ਨੂੰ ਜੇਲ੍ਹ ਭੇਜਣ ਤੋਂ ਇਲਾਵਾ 19 ਕਿੱਲੋ 732 ਗ੍ਰਾਮ ਹੈਰੋਇਨ, 430 ਕੈਪਸੂਲ, 570 ਨਸ਼ੀਲੀਆਂ ਗੋਲੀਆਂ, 26 ਲਾਈਟਰ ਤੇ 26 ਸਿਲਵਰ ਰੋਲ ਬਰਾਮਦ ਕਰਨ ਦਾ ਦਾਅਵਾ ਕੀਤਾ ਗਿਆ ਹੈ।ਉਨ੍ਹਾਂ ਦੱਸਿਆ ਕਿ ਡੀਜੀਪੀ ਪੰਜਾਬ ਗੌਰਵ ਯਾਦਵ, ਐੱਸਐੱਸਪੀ ਤਰਨ-ਤਾਰਨ ਦੀਪਕ ਪਾਰਿਕ ਤੇ ਡੀਆਈਜੀ ਬਾਰਡਰ ਰੇਂਜ ਹਰਮਨਬੀਰ ਸਿੰਘ ਗਿੱਲ ਦੀ ਅਗਵਾਈ ਹੇਠ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਵੱਡੀਆਂ ਬਰਾਮਦਗੀਆਂ ਕਰਨ ਤੋਂ ਇਲਾਵਾ ਭੈੜੇ ਅਨਸਰਾਂ ਨੂੰ ਕਾਬੂ ਕਰਕੇ ਨਸ਼ਿਆਂ ਦੀ ਸਪਲਾਈ ਬੰਦ ਕੀਤੀ ਜਾ ਰਹੀ ਹੈ।ਇਸ ਮੌਕੇ ਭਗਵਾਨਪੁਰ ਪਿੰਡ ਦੇ ਸਰਪੰਚ ਵੱਲੋਂ ਪਿੰਡ ਵਿੱਚ ਸ਼ਰੇਆਮ ਵਿਕ ਰਹੇ ਨਸ਼ਿਆਂ ਸੰਬੰਧੀ ਸੋਸ਼ਲ ਮੀਡੀਆ 'ਤੇ ਸਾਂਝੀ ਕੀਤੀ ਗਈ ਵੀਡੀਓ 'ਤੇ ਪ੍ਰਤੀਕਿਰਿਆ ਦਿੰਦਿਆਂ ਡੀਐੱਸਪੀ ਨੇ ਦੱਸਿਆ ਕਿ ਕੁਝ ਕੁ ਦਿਨ ਪਹਿਲਾਂ ਉਨ੍ਹਾਂ ਦੀ ਰੇਡਿੰਗ ਟੀਮ ਦੀ ਸਰਪੰਚ ਨਾਲ ਕਿਸੇ ਗੱਲ ਨੂੰ ਲੈ ਕੇ ਤਕਰਾਰ ਹੋ ਗਈ ਸੀ, ਜਿਸ ਤੋਂ ਬਾਅਦ ਤਲਖ਼ੀ 'ਚ ਆ ਕੇ ਸਰਪੰਚ ਨੇ ਵੀਡੀਓ ਸੋਸ਼ਲ ਮੀਡੀਆ 'ਤੇ ਅਪਲੋਡ ਕਰ ਦਿੱਤੀ।ਡੀਐੱਸਪੀ ਦਾ ਕਹਿਣਾ ਸੀ ਕਿ ਥਾਣਾ ਮੁਖੀ ਭਿੱਖੀਵਿੰਡ, ਥਾਣਾ ਮੁਖੀ ਕੱਚਾ-ਪੱਕਾ ਤੇ ਥਾਣਾ ਮੁਖੀ ਵਲਟੋਹਾ ਦੀ ਅਗਵਾਈ ਹੇਠ ਬੀਤੇ ਕੱਲ੍ਹ ਛੋਟਾ ਭਗਵਾਨਪੁਰ ਤੇ ਵੱਡਾ ਭਗਵਾਨਪੁਰ ਵਿੱਚ ਕਾਸੋ ਅਪ੍ਰੇਸ਼ਨ ਚਲਾ ਕੇ ਤਿੰਨ ਜਣਿਆਂ ਨੂੰ ਨਸ਼ੀਲੇ ਪਦਾਰਥਾਂ ਸਮੇਤ ਗ੍ਰਿਫ਼ਤਾਰ ਕੀਤਾ ਗਿਆ ਹੈ।ਉਨ੍ਹਾਂ ਭਗਵਾਨਪੁਰ ਦੇ ਸਰਪੰਚ ਨੂੰ ਅਪੀਲ ਕੀਤੀ ਕਿ ਉਹ ਆਪਣਾ ਫਰਜ਼ ਸਮਝਦਿਆਂ ਪੁਲਸ ਪੁਲਸ ਪ੍ਰਸ਼ਾਸਨ ਦਾ ਸਹਿਯੋਗ ਕਰਨ। ਇਸਦੇ ਨਾਲ ਹੀ ਉਨ੍ਹਾਂ ਦੱਸਿਆ ਕਿ ਨਸ਼ਿਆਂ ਦਾ ਗੜ੍ਹ ਮੰਨੇ ਜਾਂਦੇ ਇਲਾਕਿਆਂ ਵਿੱਚ ਉਨ੍ਹਾਂ ਦੀਆਂ ਟੀਮਾਂ ਵੱਲੋਂ ਹਰ ਰੋਜ਼ ਛਾਪੇਮਾਰੀ ਕਰਕੇ ਬਰਾਮਦਗੀਆਂ ਕੀਤੀਆਂ ਜਾ ਰਹੀਆਂ ਹਨ।ਇਸ ਮੌਕੇ ਉਨ੍ਹਾਂ ਕਿਹਾ ਕਿ ਯੁੱਧ ਨਸ਼ਿਆਂ ਵਿਰੁੱਧ ਇਕੱਲੀ ਪੁਲਸ ਦੀ ਮੁਹਿੰਮ ਨਹੀਂ ਸਗੋਂ ਇਹ ਸਮੁੱਚੇ ਇਲਾਕਾ ਨਿਵਾਸੀਆਂ ਦੀ ਮੁਹਿੰਮ ਹੈ।ਉਨ੍ਹਾਂ ਇਲਾਕਾ ਨਿਵਾਸੀਆਂ ਨੂੰ ਇਸ ਮੁਹਿੰਮ ਵਿੱਚ ਪੁਲਸ ਦਾ ਸਹਿਯੋਗ ਕਰਨ ਦੀ ਅਪੀਲ ਕੀਤੀ।



# ਸਾਫ਼-ਸਫਾਈ ਨਾ ਰੱਖਣ ਕਾਰਨ 7 ਦੁਕਾਨਦਾਰਾਂ ਦੇ ਚਲਾਨ ਕੱਟੇ

ਬਟਾਲਾ (ਡਾ. ਮਲਵਿੰਦਰ ਸਿੰਘ)-ਸ਼੍ਰੀ ਵਿਕਰਮਜੀਤ ਸਿੰਘ ਪਾਂਥੇ ਐੱਸਡੀਐੱਮ-ਕਮ-ਕਮਿਸ਼ਨਰ, ਨਗਰ ਨਿਗਮ ਬਟਾਲਾ ਦੀ ਅਗਵਾਈ ਹੇਠ ਬਟਾਲਾ ਸ਼ਹਿਰ ਨੂੰ ਸਾਫ ਸੁਥਰਾ ਬਣਾਉਣ ਲਈ ਨਗਰ ਨਿਗਮ ਬਟਾਲਾ ਵੱਲੋਂ ਨਿਰੰਤਰ ਸਖ਼ਤ ਕਾਰਵਾਈ ਕਰਦਿਆਂ ਗੁਰਦਾਸਪੁਰ ਰੋਡ 'ਤੇ ਆਪਣੀਆਂ ਦੁਕਾਨਾਂ ਦੇ ਅੱਗੇ ਕੂੜੇ ਦੇ ਢੇਰ ਲਗਾਉਣ ਅਤੇ ਡਸਟਬੀਨ ਨਾ ਰੱਖਣ ਵਾਲੇ 07 ਦੁਕਾਨਦਾਰਾਂ ਦੇ ਚਲਾਨ ਕੱਟੇ ਗਏ।ਇਸ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਭਜੋਤ ਕੌਰ, ਇਨਫਰਮੇਸ਼ਨ ਐਜੂਕੇਸ਼ਨ ਕਮਿਊਨੀਕੇਸ਼ਨ ਅਤੇ ਕੈਪੇਸਿਟੀ ਬਿਲਡਿੰਗ ਐਕਸਪਰਟ ਨੇ ਦੱਸਿਆ ਕਿ ਅੱਜ ਟੀਮ ਵੱਲੋਂ ਕੀਤੀ ਚੈਕਿੰਗ ਦੌਰਾਨ ਪੰਜਾਬ ਮਿਊਂਸੀਪਲ ਕਾਰਪੋਰੇਸ਼ਨ ਐਕਟ 1976 ਦੀ ਧਾਰਾ 323 ਤਹਿਤ 07 ਚਲਾਨ ਕੱਟੇ ਗਏ ਹਨ।ਉਨ੍ਹਾਂ ਦੱਸਿਆ ਕਿ ਨਗਰ ਨਿਗਮ ਬਟਾਲਾ ਵੱਲੋਂ ਵਿਸ਼ੇਸ਼ ਟੀਮ ਗਠਿਤ ਕੀਤੀ ਗਈ ਹੈ, ਜਿਸ ਵਿੱਚ ਉਨ੍ਹਾਂ ਸਮੇਤ ਅਮਰੀਕ ਸਿੰਘ ਸੁਪਰਵਾਈਜ਼ਰ (ਮੋਨੀਟਰਿੰਗ), ਕੁਲਦੀਪ ਸਿੰਘ ਕਮਿਊਨਿਟੀ ਫੈਸਿਲੀਟੇਟਰ, ਜਸਵਿੰਦਰ ਕੌਰ ਮੋਟੀਵੇਟਰ, ਸਵਰੂਪ ਸਿੰਘ ਮੋਟੀਵੇਟਰ ਅਤੇ ਰੋਹਿਤ ਮੋਟੀਵੇਟਰ ਸ਼ਾਮਲ ਹਨ, ਜਿਨ੍ਹਾਂ ਵੱਲੋਂ ਲਗਾਤਾਰ ਸ਼ਹਿਰ ਵਿੱਚ ਸਾਫ਼ ਸਫਾਈ ਸਬੰਧੀ ਚੈਕਿੰਗ ਕੀਤੀ ਜਾਂਦੀ ਹੈ।ਉਨ੍ਹਾਂ ਦੱਸਿਆ ਕਿ ਇਸ ਟੀਮ ਵੱਲੋਂ ਸ਼ਹਿਰ ਵਾਸੀਆਂ ਨੂੰ ਆਪਣੇ ਘਰਾਂ/ਦੁਕਾਨਾਂ ਦੇ ਬਾਹਰ ਕੂੜਾ ਨਾ ਸੁੱਟਣ ਅਤੇ ਡਸਟਬੀਨ ਰੱਖਣ ਲਈ ਜਾਗਰੂਕ ਕੀਤਾ ਜਾ ਰਿਹਾ ਹੈ।ਉਨ੍ਹਾਂ ਨੇ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੀਆਂ ਦੁਕਾਨਾਂ ਦੇ ਬਾਹਰ ਕੂੜਾ ਨਾ ਸੁੱਟਣ, ਡਸਟਬੀਨ ਰੱਖੇ ਜਾਣ ਅਤੇ ਸ਼ਹਿਰ ਨੂੰ ਸਾਫ ਸੁਥਰਾ ਰੱਖਣ ਵਿੱਚ ਟੀਮ ਦਾ ਸਹਿਯੋਗ ਕੀਤਾ ਜਾਵੇ।




# ਪੀਐੱਨਬੀ ਮੈਟਲਾਈਫ ਵੱਲੋਂ ਆਰਥਿਕ ਵਰ੍ਹਾ 2025 ਲਈ 1041 ਕਰੋੜ ਰੁਪਏ ਬੋਨਸ ਦਾ ਐਲਾਨ

ਲੁਧਿਆਣਾ : ਪੀਐੱਨਬੀ ਮੈਟਲਾਈਫ ਇੰਡੀਆ ਇੰਸ਼ੋਰੈਂਸ ਕੰਪਨੀ ਲਿਮਿਟਡ (ਪੀਐੱਨਬੀ ਮੈਟਲਾਈਫ) ਨੇ ਆਰਥਿਕ ਵਰ੍ਹਾ 2024-25 ਲਈ ਰੁਪਏ 1041.45 ਕਰੋੜ ਦਾ ਰਿਕਾਰਡ ਬੋਨਸ ਦਾ ਐਲਾਨ ਕੀਤਾ ਹੈ।ਇਹ ਰਕਮ ਪਿਛਲੇ ਸਾਲ ਦੇ ਰੁਪਏ 930 ਕਰੋੜ ਦੇ ਬੋਨਸ ਨਾਲੋਂ 12 ਫੀਸਦੀ ਵੱਧ ਹੈ ਅਤੇ ਲਗਭਗ 5.68 ਲੱਖ ਯੋਗ ਪਾਲਿਸੀਧਾਰਕਾਂ ਨੂੰ ਇਸ ਦਾ ਲਾਭ ਮਿਲੇਗਾ।

ਇਹ ਮੌਕਾ ਪੀਐੱਨਬੀ ਮੈਟਲਾਈਫ ਦੇ ਅਨੁਸ਼ਾਸਤ ਵਿੱਤੀ ਪ੍ਰਬੰਧਨ ਅਤੇ ਦੀਰਘਕਾਲੀਨ ਨਿਵੇਸ਼ ਰਣਨੀਤੀ ਨੂੰ ਦਰਸਾਉਂਦਾ ਹੈ ।ਸਮੀਰ ਬੰਸਲ ਐੱਮਡੀ ਅਤੇ ਸੀਈਓ., ਪੀਐੱਨਬੀ ਮੈਟਲਾਈਫ ਨੇ ਕਿਹਾ ਕਿ ਲੰਮੇ ਸਮੇਂ ਤੱਕ ਲਾਭ ਪ੍ਰਦਾਨ ਕਰਨ ਦੀ ਆਪਣੀ ਵਚਨਬੱਧਤਾ ਨੂੰ ਕਾਇਮ ਰੱਖਦਿਆਂ ਸਾਨੂੰ ਇਹ ਐਲਾਨ ਕਰਕੇ ਬਹੁਤ ਖੁਸ਼ੀ ਹੋ ਰਹੀ ਹੈ ਕਿ ਅਸੀਂ ਹੁਣ ਤੱਕ ਦਾ ਸਭ ਤੋਂ ਵੱਡਾ ਬੋਨਸ ਰੁਪਏ 1041 ਕਰੋੜ ਜਾਰੀ ਕਰ ਰਹੇ ਹਾਂ।ਪੀਐਨਬੀ ਮੈਟਲਾਈਫ ਪਿਛਲੇ 22 ਸਾਲਾਂ ਤੋਂ ਲਗਾਤਾਰ ਮੁਕਾਬਲੇਯੋਗ ਬੋਨਸ ਦਾ ਐਲਾਨ ਕਰਦਾ ਆ ਰਿਹਾ ਹੈ ਅਤੇ ਵਿੱਤੀ ਸੁਰੱਖਿਆ ਅਤੇ ਨਿਰੰਤਰ ਰਿਟਰਨ ਦੇਣ ਦੀ ਆਪਣੀ ਵਚਨਬੱਧਤਾ ਨੂੰ ਪੂਰਾ ਕਰ ਰਿਹਾ ਹੈ।

# ਪ੍ਰਿੰ. ਕਿਰਨ ਕੇਸਰ ਨੇ ਰਾਸ਼ਟਰ ਪੱਧਰੀ ਸੀਬੀਐੱਸਈ ਐਕਸਪੋਜ਼ਰ ਵਿਜ਼ਿਟ 'ਚ ਭਾਗ ਲਿਆ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਧਾਰੀਵਾਲ ਦੇ ਪ੍ਰਿੰ. ਕਿਰਨ ਕੇਸਰ ਨੇ ਸੀਟੀ ਯੂਨੀਵਰਸਿਟੀ ਵੱਲੋਂ ਆਯੋਜਿਤ ਦੋ ਦਿਨਾ ਰਾਸ਼ਟਰ ਪੱਧਰੀ ਸੀਬੀਐੱਸਈ ਐਕਸਪੋਜ਼ਰ ਵਿਜ਼ਿਟ ਵਿੱਚ ਭਾਗ ਲਿਆ। ਪ੍ਰਿੰ. ਕਿਰਨ ਕੇਸਰ ਨੇ ਦੱਸਿਆ ਕਿ ਇਸ ਐਕਸਪੋਜ਼ਰ ਵਿਜ਼ਿਟ ਵਿੱਚ ਪੈਨ ਇੰਡੀਆ ਤੋਂ 60 ਤੋਂ ਵੱਧ ਸਕੂਲਾਂ ਦੇ ਪ੍ਰਿੰਸੀਪਲਾਂ ਨੇ ਭਾਗ ਲਿਆ। ਇਹ ਸਮਾਗਮ ਯੂਨੀਵਰਸਿਟੀ ਦੀ ਅਕਾਦਮਿਕ ਉਤਕ੍ਰਿਸ਼ਟਤਾ, ਵਿਜਨਰੀ ਲੀਡਰਸ਼ਿਪ ਅਤੇ ਸਿੱਖਿਆ ਦੇ ਖੇਤਰ ਵਿੱਚ ਯੂਨੀਵਰਸਿਟੀ ਦੀ ਮਜ਼ਬੂਤ ਪਹੁੰਚ ਨੂੰ ਦਰਸਾਉਂਦਾ ਹੈ। ਪ੍ਰਿੰਸੀਪਲ ਕਿਰਨ ਕੇਸਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਦੋ ਦਿਨਾਂ ਦੀ ਇਹ ਯਾਤਰਾ ਸਿੱਖਿਆ ਦੇ ਬਦਲਦੇ ਰੂਪ, ਨਵੀਨਤਾ ਅਤੇ ਲੀਡਰਸ਼ਿਪ ਵੱਲ ਇੱਕ ਡੂੰਘਾ ਅਨੁਭਵ ਸਾਬਤ ਰਹੀ। ਇਨਾਂ ਦੋ ਦਿਨਾਂ ਦੌਰਾਨ ਪ੍ਰਿੰਸੀਪਲਾਂ ਨੇ ਯੂਨੀਵਰਸਿਟੀ ਦੀਆਂ ਆਧੁਨਿਕ ਲੈਬਾਂ, ਇਨੋਵੇਸ਼ਨ ਸੈਂਟਰਾਂ ਅਤੇ ਵਿਦਿਆਰਥੀਆਂ ਲਈ ਤਿਆਰ ਕੀਤੀਆਂ ਹੋਈਆਂ ਵਿਸ਼ੇਸ਼ ਸਹੂਲਤਾਂ ਦਾ ਜਾਇਜ਼ਾ ਲਿਆ। ਦੂਜੇ ਦਿਨ ਯੂਨੀਵਰਸਿਟੀ ਵਿੱਚ ਨਵੀਨਤਾ ਅਤੇ ਰਿਸਰਚ ਤੇ ਖਾਸ ਫੋਕਸ ਰਿਹਾ। ਡਾਕਟਰ ਨੀਤੀਸ ਟੰਡਨ ਨੇ ਰਿਸਰਚ ਅਧਾਰਿਤ ਸਿੱਖਿਆ ਨੂੰ ਮਜ਼ਬੂਤ ਕਰਨ ਦੀ ਯੋਜਨਾ ਉੱਤੇ ਵਿਚਾਰ ਸਾਂਝੇ ਕੀਤੇ। ਡਾਕਟਰ ਸਿਮਰਨਜੀਤ ਕੌਰ ਗਿੱਲ ਨੇ ਅਗਲੇ ਦਹਾਕੇ ਦੀ ਸਿੱਖਿਆ ਵਿੱਚ ਨਵੇਂ ਰੁਝਾਨਾਂ ਉੱਤੇ ਜਾਣਕਾਰੀ ਦਿੱਤੀ। ਅੰਤ ਵਿੱਚ ਯੂਨੀਵਰਸਿਟੀ ਦੇ ਚਾਂਸਲਰ ਚਰਨਜੀਤ ਸਿੰਘ ਚੰਨੀ ਦੁਆਰਾ ਉਨ੍ਹਾਂ (ਪ੍ਰਿੰਸੀਪਲ ਕਿਰਨ ਕੇਸਰ) ਨੂੰ ਟੋਕਨ ਆਫ ਲਵ ਪ੍ਰਦਾਨ ਕੀਤਾ ਗਿਆ। ਉਹਨਾਂ ਨੇ ਕਿਹਾ ਕਿ ਗੁਰਦਾਸਪੁਰ ਇਲਾਕੇ ਦੇ ਪ੍ਰਿੰਸੀਪਲ ਕਿਰਨ ਕੇਸਰ ਆਧੁਨਿਕ ਅਤੇ ਤਕਨੀਕੀ ਸਿੱਖਿਆ ਦੇ ਵਿਸਥਾਰ ਬਾਰੇ ਬਹੁਤ ਹੀ ਉਤਸੁਕਤਾ ਨਾਲ ਕੰਮ ਕਰ ਰਹੇ ਹਨ।

ਇਸ ਸਮੇਂ ਚਾਂਸਲਰ ਚਰਨਜੀਤ ਸਿੰਘ ਚੰਨੀ ਨੇ ਬਹੁਤ ਖੁਸ਼ੀ ਜਾਹਿਰ ਕੀਤੀ। ਪ੍ਰਿੰਸੀਪਲ ਕਿਰਨ ਕੇਸਰ ਨੇ ਕਿਹਾ ਕਿ ਯੂਨੀਵਰਸਿਟੀ ਦੁਆਰਾ ਆਯੋਜਿਤ ਇਹ ਵਿਜ਼ਿਟ ਉਨ੍ਹਾਂ ਲਈ ਬਹੁਤ ਹੀ ਅਨੁਭਵੀ ਰਹੀ। ਉਹਨਾਂ ਨੇ ਕਿਹਾ ਕਿ ਇਸ ਵਿਜ਼ਿਟ ਦੌਰਾਨ ਉਹਨਾਂ ਨੇ ਸਿੱਖਿਆ ਦੇ ਨਵੀਨੀਕਰਨ ਅਤੇ ਆਧੁਨਿਕ ਅਕਾਦਮਿਕ ਸਿੱਖਿਆ ਤਕਨੀਕਾਂ ਬਾਰੇ ਇੱਕ ਵਧੀਆ ਅਨੁਭਵ ਕੀਤਾ ਜਿਸ ਨਾਲ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਨੂੰ ਨਿਸਚਿਤ ਕੀਤਾ ਜਾ ਸਕਦਾ ਹੈ।




# ਪਠਾਨਕੋਟ ਵਿਖੇ ਫਲਸਤੀਨ ਦੇ ਹੱਕ 'ਚ ਖੱਬੀਆਂ ਪਾਰਟੀਆਂ ਵੱਲੋਂ ਪ੍ਰਦਰਸ਼ਨ

ਪਠਾਨਕੋਟ (ਦਵਿੰਦਰ ਸਿੰਘ)-ਲਗਭਗ ਪਿਛਲੇ ਪੌਣੇ ਦੋ ਸਾਲ ਤੋਂ ਇਜ਼ਰਾਇਲ ਵੱਲੋਂ ਫਲਸਤੀਨ ਉਪਰ ਬੜੇ ਵਹਿਸ਼ੀਆਨਾ ਤਰੀਕੇ ਨਾਲ ਹਮਲੇ ਕਰਕੇ ਫਲਸਤੀਨ ਦੇਸ਼ ਦਾ ਉਜਾੜਾ ਕੀਤਾ ਜਾ ਰਿਹਾ।ਇਸ ਅਸਾਵੀਂ ਜੰਗ ਵਿਚ ਵੀਹ ਲੱਖ ਦੀ ਅਬਾਦੀ ਵਾਲੇ ਫਲਸਤੀਨ ਵਿੱਚ ਹੁਣ ਤੱਕ ਸੱਤਰ ਹਜ਼ਾਰ ਤੋਂ ਵੱਧ ਲੋਕਾਂ ਨੂੰ ਮਾਰ ਦਿੱਤਾ ਗਿਆ ਹੈ, ਲੱਖਾਂ ਲੋਕਾਂ ਨੂੰ ਜ਼ਖ਼ਮੀ ਤੇ ਲੱਖ ਪਰਿਵਾਰ ਘਰੋਂ ਬੇਘਰ ਹੋ ਗਏ ਹਨ।ਅਮਰੀਕਾ ਆਪਣੀ ਚੌਧਰ ਕਾਇਮ ਰੱਖਣ ਤੇ ਸੰਸਾਰ ਨੂੰ ਜੰਗ ਦਾ ਅਖਾੜਾ ਬਨਾਉਣ ਦੀਆਂ ਸਾਜਿਸ਼ਾਂ ਘੜ ਰਿਹਾ ਹੈ, ਅਮਰੀਕਨ ਸਾਮਰਾਜ ਦੀਆਂ ਜੰਗਬਾਜ਼ ਚਾਲਾ ਨੂੰ ਫੇਲ੍ਹ ਕਰਨ ਤੇ ਸੰਸਾਰ ਵਿੱਚ ਅਮਨ ਅਮਾਨ ਬਣਾਈ ਰੱਖਣ ਲਈ ਆਵਾਜ਼ ਨੂੰ ਹੋਰ ਬੁਲੰਦ ਕਰਨ ਲਈ ਦੇਸ਼ ਭਰ ਦੀਆਂ ਖੱਬੀਆਂ ਪਾਰਟੀਆਂ ਨੇ ਅੱਜ ਫਲਸਤੀਨ ਦੇ ਹੱਕ ਵਿੱਚ ਦੇਸ਼ ਵਿਆਪੀ ਪ੍ਰਦਰਸ਼ਨ ਕਰਨ ਦਾ ਜੋ ਸੱਦਾ ਸੀ ਉਸਦੇ ਤਹਿਤ ਪਠਾਨਕੋਟ ਅੰਦਰ ਵੀ ਸੀਪੀਆਈਐਮ, ਸੀਪੀਆਈ ਅਤੇ ਆਰਐੱਮਪੀਆਈ ਵੱਲੋਂ ਸਾਂਝੇ ਤੌਰ 'ਤੇ ਅਮਰੀਕਨ ਇਜ਼ਰਾਇਲ ਗੱਠਜੋੜ ਦਾ ਪੁਤਲਾ ਫੂਕਿਆ ਅਤੇ ਬਾਅਦ ਵਿੱਚ ਬਾਲਮੀਕ ਚੌਕ ਇਕ ਸਾਈਡ ਤੇ ਸੜਕ ਕਿਨਾਰੇ ਬਿਨਾਂ ਕਿਸੇ ਰੁਕਾਵਟ ਦੇ ਵੱਖ-ਵੱਖ ਸਲੋਗਨ ਜੰਗ ਨਹੀਂ ਅਮਨ ਚਾਹੀਦੈ, ਜੰਗਬਾਜ਼ ਤਾਕਤਾਂ ਮੁਰਦਾਬਾਦ, ਰਾਹਤ ਕਾਰਜਾਂ ਵਿੱਚ ਰੁਕਾਵਟ ਪਾਉਣਾ ਬੰਦ ਕਰੋ ਤੇ ਹੋਰ ਲਿਖਤ ਤਖਤੀਆਂ ਰਾਂਹੀ ਫਲਸਤੀਨ ਨਾਲ ਇਕਜੁੱਟਤਾ ਦਾ ਸ਼ਾਂਤੀਪੂਰਨ ਪ੍ਰਦਰਸ਼ਨ ਕੀਤਾ।ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਤੇ ਇਜ਼ਰਾਇਲ ਦੇ ਰਾਸ਼ਟਰਪਤੀ ਨੇਤਨਯਾਹੂ ਦਾ ਪੁਤਲਾ ਫੂਕਣ ਤੇ ਅਮਨਪੂਰਵਕ ਪ੍ਰਦਰਸ਼ਨ ਦੀ ਅਗਵਾਈ ਸੀਪੀਆਈ ਦੇ ਆਗੂ ਕਾਮਰੇਡ ਇਕਬਾਲ ਸਿੰਘ, ਸੁਰੇਸ਼ ਕੁਮਾਰ ਸੀਪੀਆਈਐੱਮ ਵੱਲੋਂ ਕਾਮਰੇਡ ਸੁਰਿੰਦਰ ਸਹਿਗਲ ਤੇ ਕੇਵਲ ਕਾਲੀਆ ਅਤੇ ਆਰਐੱਮਪੀਆਈ ਦੀ ਤਰਫੋਂ ਕਾਮਰੇਡ ਸ਼ਿਵ ਕੁਮਾਰ ਤੇ ਬਲਵੰਤ ਸਿੰਘ ਘੋਹ ਨੇ ਕੀਤੀ।ਉਪਰੋਕਤ ਤੋਂ ਇਲਾਵਾ ਬਿਕਰਮਜੀਤ ਸਿੰਘ, ਪ੍ਰਸ਼ੋਤਮ ਕੁਮਾਰ, ਵਿਜੇ ਕੁਮਾਰ, ਸੁਧਾ ਰਾਣੀ, ਦੇਵੀ ਸੈਣੀ, ਜਗਦੀਸ਼ ਰਾਜ, ਅਵਿਨਾਸ਼ ਸੈਣੀ, ਰਜੇਸ਼ ਜਸਰੋਟੀਆ, ਅਸ਼ਵਨੀ ਕੁਮਾਰ, ਬਲਬੀਰ ਸਿੰਘ ਘਿਆਲਾ, ਬਲਦੇਵ ਰਾਜ ਭੋਆ, ਰਘਬੀਰ ਸਿੰਘ ਧਲੌਰੀਆਂ, ਬਲਕਾਰ ਚੰਦ ਭਰਿਆਲ ਲਾਹੜੀ, ਪ੍ਰਵੀਨ ਕੁਮਾਰ ਬਮਿਆਲ, ਅਜੀਤ ਰਾਮ ਗੰਦਲਾਂ ਲਾਹੜੀ, ਦੇਵ ਰਾਜ, ਰਣਯੋਧ ਸਿੰਘ, ਰਾਮ ਬਿਲਾਸ, ਮਨਹਰਨ, ਯਸ਼ਪਾਲ, ਦਰਸ਼ਨ ਸਿੰਘ ਅਤੇ ਹੋਰਨਾਂ ਨੇ ਸ਼ਮੂਲੀਅਤ ਕਰਕੇ ਅੰਤਰਰਾਸ਼ਟਰੀ ਅਮਨ ਇਕਮੁੱਠਤਾ ਦਾ ਪ੍ਰਗਟਾਵਾ ਕੀਤਾ।



# ਝੋਨੇ ਦੀ ਫ਼ਸਲ 'ਚ ਸਿਫਾਰਸ਼ਸ਼ੁਦਾ ਖਾਦਾਂ ਦੀ ਹੀ ਵਰਤੋਂ ਕੀਤੀ ਜਾਵੇ : ਮੁੱਖ ਖੇਤੀਬਾੜੀ ਅਫਸਰ

ਗੁਰਦਾਸਪੁਰ (ਦਿਨੇਸ਼ ਕੁਮਾਰ)-ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਦੇ ਹੁਕਮਾਂ ਤੇ ਕਿਸਾਨਾਂ ਨੂੰ ਮਿਆਰੀ ਖੇਤੀ ਸਮੱਗਰੀ ਖਾਸ ਕਰਕੇ ਹਾੜ੍ਹੀ ਦੀਆਂ ਫਸਲਾਂ ਦੀ ਕਾਸ਼ਤ ਲਈ ਲੋੜੀਂਦੀਆਂ ਖਾਦਾਂ ਮੁਹੱਈਆ ਕਰਵਾਉਣ ਦੇ ਮੰਤਵ ਲਈ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਜ਼ਿਲ੍ਹਾ ਗੁਰਦਾਸਪੁਰ ਵਿੱਚ ਵਿਸ਼ੇਸ਼ ਮੁਹਿੰਮ ਸ਼ੁਰੂ ਕੀਤੀ ਗਈ ਹੈ, ਜਿਸ ਤਹਿਤ ਜ਼ਿਲ੍ਹਾ ਪੱਧਰੀ ਟੀਮ ਵੱਲੋਂ ਬਲਾਕ ਦੀਨਾਨਗਰ ਅਤੇ ਕਾਹਨੂੰਵਾਨ ਦੇ ਪੇਂਡੂ ਖੇਤਰਾਂ ਵਿਚ ਖਾਦ ਵਿਕ੍ਰੇਤਾਵਾਂ ਦੀਆਂ ਦੁਕਾਨਾਂ ਅਤੇ ਗੋਦਾਮਾਂ ਦੀ ਚੈਕਿੰਗ ਕੀਤੀ ਗਈ ਤਾਂ ਜੋ ਯੂਰੀਆ ਖਾਦ ਦੀ ਕਾਲਾਬਜ਼ਾਰੀ ਜਾਂ ਜਮਾਂਖੋਰੀ ਨੂੰ ਰੋਕਿਆ ਜਾ ਸਕੇ। ਇਸ ਟੀਮ ਦੀ ਅਗਵਾਈ ਡਾਕਟਰ ਅਮਰੀਕ ਸਿੰਘ ਮੁੱਖ ਖੇਤੀਬਾੜੀ ਅਫ਼ਸਰ ਨੇ ਕੀਤੀ ਅਤੇ ਟੀਮ ਵਿਚ ਹੋਰਨਾਂ ਤੋਂ ਇਲਾਵਾ ਡਾ. ਮਨਪ੍ਰੀਤ ਸਿੰਘ ਖੇਤੀਬਾੜੀ ਅਫ਼ਸਰ, ਡਾਕਟਰ ਗੁਰਪ੍ਰੀਤ ਸਿੰਘ, ਡਾਕਟਰ ਬਲਜਿੰਦਰ ਸਿੰਘ ਖ਼ੇਤੀਬਾੜੀ ਅਫ਼ਸਰ ਅਤੇ ਡਾ. ਅੰਮ੍ਰਿਤਪਾਲ ਸਿੰਘ ਖੇਤੀਬਾੜੀ ਵਿਕਾਸ ਅਫਸਰ ਅਤੇ ਹੋਰ ਅਧਿਕਾਰੀ ਸ਼ਾਮਿਲ ਸਨ।ਗੱਲਬਾਤ ਕਰਦਿਆਂ ਮੁੱਖ ਖੇਤੀਬਾੜੀ ਅਫਸਰ ਡਾ. ਅਮਰੀਕ ਸਿੰਘ ਨੇ ਦੱਸਿਆ ਕਿ ਜ਼ਿਲਾ ਗੁਰਦਾਸਪੁਰ ਵਿਚ ਝੋਨੇ ਦੀ ਲਵਾਈ ਦਾ ਕੰਮ ਪੂਰੇ ਜ਼ੋਰਾਂ ਸ਼ੋਰਾਂ ਨਾਲ ਚਲ ਰਿਹਾ ਹੈ ਜੋਂ ਅਗਲੇ ਕੁਝ ਦਿਨਾਂ ਦੌਰਾਨ ਮੁਕੰਮਲ ਹੋ ਜਾਵੇਗਾ।ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਸਰਕਾਰ ਵਲੋਂ ਨਿਰਧਾਰਿਤ ਮੁੱਲ ਤੇ ਖੇਤੀ ਸਮੱਗਰੀ ਖਾਸ ਕਰਕੇ ਖਾਦਾਂ ਉਪਲਬਧ ਕਰਵਾਉਣ ਲਈ ਚਲਾਈ ਜਾ ਰਹੀ ਮੁਹਿੰਮ ਤਹਿਤ ਖਾਦ ਵਿਕ੍ਰੇਤਾਵਾਂ ਦੇ ਕਾਰੋਬਾਰ ਨਾਲ ਸਬੰਧਤ ਦੁਕਾਨਾਂ ਅਤੇ ਗੁਦਾਮਾਂ ਦੀ ਚੈਕਿੰਗ ਤੋਂ ਇਲਾਵਾ ਕਾਗਜ਼ਾਤ ਦੀ ਵੀ ਚੈਕਿੰਗ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਝੋਨੇ ਦੀ ਫ਼ਸਲ ਦੀ ਲਵਾਈ ਨੂੰ ਦੇਖਦਿਆਂ ਖਾਦਾਂ ਜਿਵੇਂ ਯੂਰੀਆ ਆਦਿ ਦੇ ਅਗਾਂਹ ਪ੍ਰਬੰਧ ਕੀਤੇ ਗਏ ਹਨ ਤਾਂ ਜੋ ਕਿਸੇ ਕਿਸਾਨ ਨੂੰ ਖਾਦ ਦੀ ਖਰੀਦ ਸਮੇਂ ਕੋਈ ਮੁਸ਼ਕਲ ਪੇਸ਼ ਨਾ ਆਵੇ ।ਉਨ੍ਹਾਂ ਦੱਸਿਆ ਕਿ ਜੂਨ 2025 ਤਕ ਕੁੱਲ 62 ਹਜ਼ਾਰ ਮੀਟ੍ਰਿਕ ਟਨ ਯੂਰੀਆ ਅਤੇ 14500 ਮੀਟ੍ਰਿਕ ਟਨ ਡੀ ਏ ਪੀ ਖਾਦ ਚਾਹੀਦੀ ਹੈ ਜਦ ਕਿ ਮਿਤੀ 17 ਜੂਨ ਤੱਕ ਜ਼ਿਲਾ ਗੁਰਦਾਸਪੁਰ ਵਿਚ 51639 ਮੀਟ੍ਰਿਕ ਟਨ ਯੂਰੀਆ ਅਤੇ 6137 ਮੀਟ੍ਰਿਕ ਟਨ ਡੀ ਏ ਪੀ ਖਾਦ ਪਹੁੰਚ ਚੁੱਕੀ ਹੈ।ਉਨ੍ਹਾਂ ਦੱਸਿਆ ਕਿ ਕਿਸਾਨਾਂ ਵਲੋਂ ਫ਼ਸਲ ਨੂੰ ਫਾਸਫੋਰਸ ਖੁਰਾਕੀ ਤੱਤ ਦੀ ਪੂਰਤੀ ਲਈ ਡੀ ਏ ਪੀ ਅਤੇ ਸਿੰਗਲ ਸੁਪਰ ਫਾਸਫੇਟ ਖਾਦ ਦੀ ਲਵਾਈ ਤੋਂ 3-4 ਦਿਨਾਂ ਬਾਅਦ ਛੱਟੇ ਨਾਲ ਵਰਤੋਂ ਕੀਤੀ ਜਾਂਦੀ ਹੈ।ਉਨ੍ਹਾਂ ਦੱਸਿਆ ਕਿ ਵਧੇਰੇ ਫਾਸਫੋਰਸ ਖੁਰਾਕੀ ਤੱਤ ਦੀ ਵਰਤੋਂ ਕਰਾਂਗੇ ਤਾਂ ਫ਼ਸਲ ਵਿਚ ਜ਼ਿੰਕ ਦੀ ਘਾਟ ਆਵੇਗੀ ਕਿਉਂਕਿ ਜ਼ਿਆਦਾ ਫਾਸਫੋਰਸ ਖੁਰਾਕੀ ਤੱਤ, ਮਿੱਟੀ ਵਿੱਚ ਮੌਜੂਦ ਜ਼ਿੰਕ ਨੂੰ ਪੌਦਿਆਂ ਲਈ ਨਾਂ ਵਰਤੋਂਯੋਗ ਹਾਲਤ ਵਿੱਚ ਕਰ ਦਿੰਦਾ ਹੈ।ਉਨ੍ਹਾਂ ਕਿਹਾ ਕਿ ਜੇਕਰ ਕਣਕ ਦੀ ਫ਼ਸਲ ਨੂੰ ਇੱਕ ਬੋਰੀ ਡੀ ਏ ਪੀ ਖਾਦ ਪਾਈ ਗਈ ਸੀ ਤਾਂ ਝੋਨੇ ਜਾਂ ਬਾਸਮਤੀ ਦੀ ਫ਼ਸਲ ਨੂੰ ਡੀ ਏ ਪੀ ਖਾਦ ਪਾਉਣ ਦੀ ਜ਼ਰੂਰਤ ਨਹੀਂ ।ਉਨ੍ਹਾਂ ਕਿਹਾ ਕਿ ਬਾਜ਼ਾਰ ਵਿਚ ਆਮ ਕਿਸਾਨ ਡੀ ਏ ਪੀ ਦੇ ਬਦਲ ਵਜੋਂ ਸਿੰਗਲ ਸੁਪਰ ਫਾਸਫੇਟ ਅਤੇ ਹੋਰ ਫਾਸਫੈਟਿਕ ਖਾਦਾਂ ਦੀ ਵੀ ਵਰਤੋਂ ਕਰ ਰਹੇ ।ਉਨ੍ਹਾਂ ਦੱਸਿਆ ਬਾਜ਼ਾਰ ਵਿਚ ਸੁਪਰ ਜਿਪਸਮ ਦੇ ਨਾਮ ਤੇ ਜਿਪਸਮ ਦੀ ਵਿਕਰੀ ਹੋ ਰਹੀ ਹੈ ਜਿਸ ਨੂੰ ਬਤੌਰ ਸਿੰਗਲ ਸੁਪਰ ਫਾਸਫੇਟ ਨਾ ਪਾਇਆ ਜਾਵੇ। ਉਨ੍ਹਾਂ ਖਾਦ ਵਿਕ੍ਰੇਤਾਵਾਂ ਨੂੰ ਹਦਾਇਤ ਕਿ ਸੁਪਰ ਜਿਪਸਮ ਨੂੰ ਜਿਪਸਮ ਦੇ ਤੌਰ ਤੇ ਹੀ ਵੇਚਿਆ ਜਾਵੇ ਨਾ ਕਿ ਸਿੰਗਲ ਸੁਪਰ ਫੋਸਫੇਟ।ਉਨ੍ਹਾਂ ਦੱਸਿਆ ਕਿ ਕਿਸਾਨ ਖਾਦ (12:32:16) ਦੀ ਵਰਤੋਂ ਵੀ ਡੀ ਏ ਪੀ ਦੇ ਬਦਲ ਵੱਜੋਂ ਕੀਤੀ ਜਾ ਸਕਦੀ ਹੈ।ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਬਾਜ਼ਾਰ ਵਿੱਚ ਮੌਜੂਦ ਹੋਰ ਫਾਸਫੈਟਿਕ ਖਾਦਾਂ ਵੀ ਵਰਤੀਆਂ ਜਾ ਸਕਦੀਆਂ ਹਨ।ਉਨ੍ਹਾਂ ਖਾਦ ਵਿਕ੍ਰੇਤਾਵਾਂ ਨੂੰ ਹਦਾਇਤ ਕੀਤੀ ਕਿ ਪੌਸ਼ ਮਸ਼ੀਨਾਂ ਵਿੱਚ ਮੌਜੂਦ ਵਿਕਰੀ ਕੀਤੀ ਖਾਦ ਦਾ ਸਟਾਕ ਨਿਲ ਕੀਤਾ ਜਾਵੇ ਅਤੇ ਇਹ ਯਕੀਨੀ ਬਣਾਇਆ ਜਾਵੇ ਕਿ ਪੌਸ਼ ਮਸ਼ੀਨਾਂ ਅਤੇ ਦੁਕਾਨ ਤੇ ਅਣਵਿਕੀ ਖਾਦ ਦਾ ਸਟਾਕ ਇਕਸਾਰ ਹੋਵੇ ਤਾਂ ਜੋ ਜ਼ਰੂਰਤ ਅਨੁਸਾਰ ਭਾਰਤ ਸਰਕਾਰ ਤੋਂ ਡੀ ਏ ਪੀ ਖਾਦ ਮਿਲ ਸਕੇ।ਉਨ੍ਹਾਂ ਸਮੂਹ ਡੀਲਰਾਂ ਨੂੰ ਇਹ ਵੀ ਹਦਾਇਤ ਕੀਤੀ ਕਿ ਉਹ ਆਪਣੇ ਲਾਇਸੰਸ ਅਤੇ ਹੋਰ ਜਰੂਰੀ ਦਸਤਾਵੇਜ ਪੂਰੇ ਕਰਕੇ ਰੱਖਣ ਅਤੇ ਇਸ ਵਿੱਚ ਕਿਸੇ ਵੀ ਤਰ੍ਹਾਂ ਦੀ ਕੁਤਾਹੀ ਨਾ ਵਰਤੀ ਜਾਵੇ ਅਤੇ ਸਟਾਕ ਬੋਰਡ ਉਪਰ ਰੋਜ਼ਾਨਾ ਖਾਦ ਦਾ ਸਟਾਕ ਅਤੇ ਰੇਟ ਲਿਖਿਆ ਜਾਵੇ ।ਉਨ੍ਹਾਂ ਕਿਹਾ ਕਿ ਚੈਕਿੰਗ ਦੌਰਾਨ ਜੇਕਰ ਕੋਈ ਦੁਕਾਨਦਾਰ ਬਗੈਰ ਬਿੱਲ ਤੋਂ ਖਾਦ, ਦਵਾਈ ਜਾਂ ਬੀਜ ਵੇਚਦਾ ਪਾਇਆ ਗਿਆ ਤਾਂ ਉਸ ਵਿਰੁੱਧ ਖਾਦ ਕੰਟਰੋਲ ਆਰਡਰ 1985 ਤਹਿਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।ਉਨ੍ਹਾਂ ਕਿਸਾਨਾਂ ਨੂੰ ਵੀ ਅਪੀਲ ਕੀਤੀ ਕਿ ਖਾਦ, ਕੀਟਨਾਸ਼ਕ ਰਸਾਇਣ ਜਾਂ ਬੀਜ ਖ੍ਰੀਦਣ ਸਮੇਂ ਦੁਕਾਨਦਾਰ ਤੋਂ ਬਿੱਲ ਜ਼ਰੂਰ ਲੈਣ ਅਤੇ ਜੇਕਰ ਕੋਈ ਡੀਲਰ ਬਿੱਲ ਦੇਣ ਤੋਂ ਇਨਕਾਰੀ ਹੁੰਦਾ ਹੈ ਤਾਂ ਉਸ ਦੀ ਲਿਖਤੀ ਤੌਰ 'ਤੇ ਸ਼ਿਕਾਇਤ ਸੰਬੰਧਤ ਖੇਤੀਬਾੜੀ ਅਧਿਕਾਰੀ ਜਾਂ ਮੁੱਖ ਖੇਤੀਬਾੜੀ ਅਫਸਰ ਨੂੰ ਕਰਨ।

## ਬਲਾਕ ਦੀਨਾਨਗਰ ਤੇ ਕਾਹਨੂੰਵਾਨ ਦੇ ਖਾਦ ਵਿਕ੍ਰੇਤਾਵਾਂ ਦੀਆਂ ਦੁਕਾਨਾਂ ਤੇ ਗੋਦਾਮਾਂ ਦੀ ਕੀਤੀ ਚੈਕਿੰਗ



ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ
**Punjab & Sind Bank**
(A Govt. of India Undertaking)

B/O:- Model Town,
Model Town, Ludhiana, Punjab-141002.
E-mail: L0293@psb.co.in

**ਰਹਿਣ ਕੀਤੀ ਜਇਦਾਦ ਦੇ ਪੁਨਰਗ੍ਰਹਿਣ ਵਾਸਤੇ ਜਨਤਕ ਨੋਟਿਸ**

ਨਿਮਨਹਸਤਾਖਰੀ ਨੇ ਅਧਿਕਾਰਤ ਅਫਸਰ ਵਜੋਂ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ, 2002 ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਏ ਅਨੁਸਾਰ ਜਾਇਦਾਦਾਂ/ਐੱਸਟਸ ਦੀ "ਜਿਵੇਂ ਹੈ ਜਿੱਥੇ ਹੈ" ਅਤੇ "ਜੋ ਹੈ ਜਿਵੇਂ ਹੈ" ਅਤੇ "ਉਥੇ ਜੋ ਵੀ ਹੈ" ਦੇ ਅਧਾਰ 'ਤੇ ਦਰਸਾਏ ਕਰਜ਼ਦਾਰਾਂ ਅਤੇ ਗਰੰਟਰਾਂ ਕੋਲੋਂ ਬੈਂਕ ਦਾ ਬਕਾਇਆ ਕਰਜ਼ਾ ਵਸੂਲਣ ਲਈ ਈ-ਨਿਲਾਮੀ ਰਾਹੀਂ ਵਿਕਰੀ ਕਰਨ ਦਾ ਫੈਸਲਾ ਕੀਤਾ ਹੈ। ਇਸ ਲਈ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ, 2002 (2002 ਦਾ 54), ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 (6) ਨਾਲ ਪੜ੍ਹੇ ਜਾਂਦੇ ਐਕਟ 13 (8) ਤਹਿਤ ਦਰਸਾਏ ਕਰਜ਼ਦਾਰਾਂ/ਗਰੰਟਰਾਂ ਨੂੰ ਉਪਲੱਬਧ ਸਮੇਂ 'ਚ (ਜੋ ਕਿ 30 ਦਿਨ ਹਨ) ਸਕਿਉਰਡ ਐੱਸਟਸ ਪੁਨਰਗ੍ਰਹਿਣ ਕਰ ਲੈਣ ਲਈ ਜਨਤਕ ਨੋਟਿਸ ਦਿੱਤਾ ਜਾਂਦਾ ਹੈ। ਖਾਤੇ ਅਤੇ ਸਕਿਉਰਡ ਐੱਸਟਸ ਸਮੇਤ ਬਕਾਇਆ ਰਕਮ ਦਾ ਵੇਰਵਾ ਹੇਠਾਂ ਦਿੱਤਾ ਗਿਆ ਹੈ।

| ਕਰਜ਼ਦਾਰ/ਗਰੰਟਰ/ਜਾਇਦਾਦ ਮਾਲਕ ਦਾ ਨਾਂਅ | ਰਹਿਣ ਕੀਤੀ ਜਾਇਦਾਦ ਦਾ ਵੇਰਵਾ | ਡਿਮਾਂਡ ਨੋਟਿਸ ਦੀ ਮਿਤੀ ਅਤੇ ਬਕਾਇਆ ਰਕਮ / ਭਵਿੱਖੀ ਵਿਆਜ ਅਤੇ ਇਸ 'ਤੇ ਹੋਰ ਖਰਚੇ |
|---|---|---|
| (ਕਰਜ਼ਦਾਰ/ਰਹਿਣਕਾਰ) : (1) ਮੈਸਰਜ਼ ਮੱਕੜ ਸਟੀਲਜ਼ ਪ੍ਰਾਈਵੇਟ ਲਿਮਟਿਡ (ਸੀ ਆਈ ਐੱਨ : ਯੂ 27310 ਪੀ ਬੀ 2009 ਪੀ ਟੀ ਸੀ 033257) ਪਤਾ : 1 : 408, ਆਰ ਮਾਡਲ ਟਾਊਨ, ਨੇੜੇ ਦੀਪ ਹਸਪਤਾਲ, ਲੁਧਿਆਣਾ, ਪਤਾ-2 : ਨੇੜੇ ਬਾਬਾ ਜ਼ਾਹਿਰ ਬਲੀ ਲੱਖੋਵਾਲ ਗੱਦੋਵਾਲ ਰੋਡ, ਕੋਹਾੜਾ, ਲੁਧਿਆਣਾ, ਪੰਜਾਬ, ਪਤਾ-3 : ਗਲੀ ਨੰ. 2, ਅਮਰਪੁਰੀ, ਡਾਬਾ ਗਿਆਸਪੁਰਾ ਰੋਡ, ਲੁਧਿਆਣਾ-141003 (2) (ਡਾਇਰੈਕਟਰ/ਗਰੰਟਰ) : ਸ਼੍ਰੀ ਅਜੇ ਕੁਮਾਰ ਪੁੱਤਰ ਸ੍ਰੀ ਰਵਿੰਦਰ ਪਾਲ ਵਾਸੀ ਮਕਾਨ ਨੰ. 408-ਆਰ, ਮਾਡਲ ਟਾਊਨ, ਨੇੜੇ ਦੀਪ ਹਸਪਤਾਲ, ਲੁਧਿਆਣਾ-141012, ਦੂਜਾ ਪਤਾ : ਮਕਾਨ ਨੰ. ਡੀ-10, ਲੀ ਪਾਲਮ ਅਪਾਰਟਮੈਂਟ, ਬਸੰਤ ਸਿਟੀ, ਪੱਖੋਵਾਲ ਰੋਡ, ਲੁਧਿਆਣਾ -142022 (3) (ਡਾਇਰੈਕਟਰ/ਗਰੰਟਰ) ਸ਼੍ਰੀ ਸੁਧਾਂਸ਼ੂ ਜਿੰਦਲ ਪੁੱਤਰ ਸ਼੍ਰੀ ਅਜੈ ਕੁਮਾਰ ਜਿੰਦਲ ਵਾਸੀ ਮਕਾਨ ਨੰ. 408-ਆਰ, ਮਾਡਲ ਟਾਊਨ ਨੇੜੇ ਦੀਪ ਹਸਪਤਾਲ, ਲੁਧਿਆਣਾ-141012, ਦੂਜਾ ਪਤਾ : ਮਕਾਨ ਨੰ. ਡੀ-10, ਲੀ ਪਾਲਮ ਅਪਾਰਟਮੈਂਟ, ਬਸੰਤ ਸਿਟੀ, ਪੱਖੋਵਾਲ ਰੋਡ, ਲੁਧਿਆਣਾ-142022 (4) (ਡਾਇਰੈਕਟਰ/ਗਰੰਟਰ) : ਸ੍ਰੀਮਤੀ ਰੇਨੂ ਜਿੰਦਲ ਪਤਨੀ ਸ੍ਰੀ ਅਜੇ ਕੁਮਾਰ ਜਿੰਦਲ ਵਾਸੀ ਮਕਾਨ ਨੰ. 408-ਆਰ, ਮਾਡਲ ਟਾਊਨ, ਨੇੜੇ ਦੀਪ ਹਸਪਤਾਲ, ਲੁਧਿਆਣਾ-141012, ਦੂਜਾ ਪਤਾ : ਮਕਾਨ ਨੰ. ਡੀ-10, ਲੀ ਪਾਲਮ ਅਪਾਰਟਮੈਂਟ, ਬਸੰਤ ਸਿਟੀ, ਪੱਖੋਵਾਲ ਰੋਡ, ਲੁਧਿਆਣਾ-142022 | ਵਸੀਕਾ ਨੰ. 13610, ਮਿਤੀ 11.12.2009 ਸਬ-ਰਜਿਸਟਰਾਰ ਲੁਧਿਆਣਾ ਕੋਲ 20.05.2024 ਨੂੰ ਰਜਿਸਟਰਡ ਅਚੱਲ ਜਾਇਦਾਦ ਰਕਬਾ 9 ਕਨਾਲ, ਖਸਰਾ ਨੰ. 43//7/2/2-8/2-12/2-13/1-14/1-18/2-18-19-20/1 ਖੱਤਾ ਨੰ. 194/208, ਜਮ੍ਹਾਂਬੰਦੀ ਸਾਲ 2006-2007 ਵਾਕਿਆ ਪਿੰਡ ਲੱਖੋਵਾਲ, ਹੱਦਬਸਤ ਨੰ. 190, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ। | 28.03.2023 ਅਤੇ ਰੁਪਏ 2,04,78,967.52 28.02.2023 ਤੱਕ ਵਿਆਜ ਸ਼ਾਮਲ ਸਮੇਤ 1.03.2023 ਤੋਂ ਲਾਗੂਯੋਗ ਭਵਿੱਖੀ ਵਿਆਜ+02% ਸਾਲਾਨਾ ਦੰਡ ਵਿਆਜ ਨਾਲ ਮਹੀਨਾਵਾਰ ਵਿਆਜ / 31.05.2025 ਨੂੰ ਰੁਪਏ 2,65,35,273.32 (ਦੋ ਕਰੋੜ ਪੈਂਹਠ ਲੱਖ ਪੈਂਤੀ ਹਜ਼ਾਰ ਦੋ ਸੌ ਤਿਹੱਤਰ ਰੁਪਏ ਅਤੇ ਬੱਤੀ ਪੈਸੇ ਕੇਵਲ) / ਰਾਖਵੀਂ ਕੀਮਤ Rs. 2,55,00,000/- |

ਮਿਤੀ : 11.06.2025 ਸਥਾਨ : ਲੁਧਿਆਣਾ ਅਧਿਕਾਰਤ ਅਫਸਰ

18 Jun Page-12.qxd 6/17/2025 10:31 PM Page 1



## ਪੰਜਾਬ ਦੇ ਪੁੱਤ ਨੇ ਕਜ਼ਾਕਿਸਤਾਨ 'ਚ ਗੱਡੇ ਝੰਡੇ

**ਬਲਾਚੌਰ (ਜਸਵਿੰਦਰ ਬੈਂਸ)**- ਕੰਢੀ ਇਲਾਕੇ ਦੇ ਪਿੰਡ ਪੋਜੇਵਾਲ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦਾ ਜੰਮਪਲ ਅਕਾਸ਼ਦੀਪ ਕਟਾਰੀਆ ਸਪੁੱਤਰ ਮੋਹਣ ਲਾਲ ਕਟਾਰੀਆ ਵਲੋਂ 71 ਕਿਲੋਗ੍ਰਾਮ ਭਾਰ ਸੀਨੀਅਰ ਵਰਗ ਵਿੱਚ ਅਸਤਾਨਾ ਕਜ਼ਾਕਿਸਤਾਨ ਵਿਖੇ 12 ਤੋਂ 15 ਜੂਨ ਤੱਕ ਹੋਏ ਗਰੈਪਲਿੰਗ (ਰੈਸਲਿੰਗ ) ਵਰਲਡ ਕੱਪ 2025 ਵਿੱਚ ਕਾਂਸੀ ਦਾ ਤਗਮਾ ਜਿੱਤਿਆ। ਅਕਾਸ਼ਦੀਪ ਦੀ ਇਸ ਪ੍ਰਾਪਤੀ ਨਾਲ ਇਲਾਕੇ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ । ਇਸ ਵਰਲਡ ਕੱਪ ਵਿੱਚ ਵੱਖ ਵੱਖ ਵਰਗਾਂ ਵਿੱਚ ਪੂਰੇ ਦੇਸ਼ ਵਿੱਚੋਂ 28 ਖਿਡਾਰੀ ਭਾਗ ਲੈਣ ਗਏ ਸਨ ਤੇ ਜਿਨ੍ਹਾਂ ਵਿੱਚ ਪੰਜਾਬ ਵਿੱਚੋਂ ਇਕੱਲੇ ਅਕਾਸ਼ਦੀਪ ਦੀ ਹੀ ਚੋਣ ਹੋਈ ਸੀ। ਅਕਾਸ਼ਦੀਪ ਨੇ ਇਕੱਲੇ ਆਪਣੇ ਪਿੰਡ ਦਾ ਹੀ ਨਹੀਂ ਬਲਕਿ ਪੂਰੇ ਦੇਸ਼ ਅਤੇ ਪੰਜਾਬ ਦਾ ਨਾਂ ਪੂਰੀ ਦੁਨੀਆ ਵਿੱਚ ਰੌਸ਼ਨ ਕੀਤਾ ਹੈ। ਅਕਾਸ਼ਦੀਪ ਨੂੰ ਵਧਾਈ ਦਿੰਦੇ ਹੋਏ ਹਲਕਾ ਵਿਧਾਇਕਾ ਸੰਤੋਸ਼ ਕਟਾਰੀਆ ਨੇ ਕਿਹਾ ਕਿ ਅਕਾਸ਼ਦੀਪ ਉਹਨਾਂ ਦੇ ਆਪਣੇ ਪਿੰਡ ਪੋਜੇਵਾਲ ਦਾ ਜੰਮਪਲ ਹੈ ਤੇ ਅਕਾਸ਼ਦੀਪ ਨੇ ਅੱਜ ਪੂਰੇ ਸੰਸਾਰ ਵਿੱਚ ਉਹਨਾਂ ਦੇ ਪਿੰਡ ਦਾ ਨਾਂ ਰੌਸ਼ਨ ਕੀਤਾ ਹੈ।




## ਰੇਲ ਮੰਤਰੀ ਨੇ ਕੀਤਾ ਦੇਸ਼ ਦੇ ਸਭ ਤੋਂ ਵੱਡੇ ਗਤਿਸ਼ਕਤੀ ਮਲਟੀ ਮਾਡਲ ਕਾਰਗੋ ਟਰਮੀਨਲ ਦਾ ਉਦਘਾਟਨ

**ਨਵੀਂ ਦਿੱਲੀ (ਨਵਾਂ ਜ਼ਮਾਨਾ ਸਰਵਿਸ)**- ਗੁਰਗਾਂਵ ਸਥਿਤ ਮਾਰੂਤੀ ਪਲਾਂਟ 'ਚ ਕੇਂਦਰੀ ਰੇਲ, ਸੂਚਨਾ ਤੇ ਪ੍ਰਸਾਰਣ, ਇਲੈਕਟ੍ਰਾਨਿਕਸ ਅਤੇ ਆਈ.ਟੀ. ਮੰਤਰੀ ਅਸ਼ਵਿਨੀ ਵੈਸ਼ਣਵ ਅਤੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸੈਨੀ ਨੇ ਦੇਸ਼ ਦੇ ਸਭ ਤੋਂ ਵੱਡੇ ਗਤਿਸ਼ਕਤੀ ਮਲਟੀ ਮੋਡਲ ਕਾਰਗੋ ਟਰਮੀਨਲ ਦਾ ਉਦਘਾਟਨ ਕੀਤਾ। ਇਸ ਮੌਕੇ ਵੈਸਟਰਨ ਡੈਡੀਕੇਟਿਡ ਫਰੇਟ ਕੋਰੀਡੋਰ (➡463) ਦੇ ਮਾਰੂਤੀ-ਪਾਤਲੀ ਟ੍ਰੈਕ ਦੀ ਵੀ ਸ਼ੁਰੂਆਤ ਕੀਤੀ ਗਈ। ਕਾਰਜਕ੍ਰਮ ਦੌਰਾਨ ਕਾਰਾਂ ਨਾਲ ਭਰੀ ਇੱਕ ਵਿਸ਼ੇਸ਼ ਮਾਲਗੱਡੀ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ ਗਿਆ, ਜੋ ਭਾਰਤ ਦੇ ਲਾਜਿਸਟਿਕਸ ਖੇਤਰ 'ਚ ਨਵੇਂ ਯੁੱਗ ਦੀ ਸ਼ੁਰੂਆਤ ਦਾ ਪ੍ਰਤੀਕ ਬਣੀ।ਇਸ ਮੌਕੇ ਆਪਣੇ ਸੰਬੋਧਨ ਦੌਰਾਨ ਰੇਲ ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ 'ਚ ਭਾਰਤੀ ਰੇਲ ਪਿਛਲੇ 11 ਸਾਲਾਂ 'ਚ ਅਦਭੁਤ ਬਦਲਾਅ ਦੀ ਗਵਾਹ ਬਣੀ ਹੈ। 2014 ਤੋਂ ਪਹਿਲਾਂ ਜਿੱਥੇ ਭਾਰਤੀ ਰੇਲ ਗੰਭੀਰ ਸੰਕਟਾਂ ਦਾ ਸਾਹਮਣਾ ਕਰ ਰਹੀ ਸੀ, ਉੱਥੇ ਹੀ ਅੱਜ ਰੇਲ ਬਜਟ 2.5 ਲੱਖ ਕਰੋੜ ਰੁਪਏ ਤੱਕ ਪਹੁੰਚ ਗਿਆ ਹੈ।ਉਨ੍ਹਾਂ ਦੱਸਿਆ ਕਿ ਪਿਛਲੇ ਵਿੱਤ ਵਰ੍ਹੇ 'ਚ ਲਗਭਗ 720 ਕਰੋੜ ਲੋਕਾਂ ਨੇ ਭਾਰਤੀ ਰੇਲ 'ਚ ਯਾਤਰਾ ਕੀਤੀ ਅਤੇ 1617 ਮਿਲੀਅਨ ਟਨ ਕਾਰਗੋ ਦੀ ਆਵਾਜਾਈ ਹੋਈ। ਇਸ ਉਪਲਬਧੀ ਨਾਲ ਭਾਰਤੀ ਰੇਲ ਹੁਣ ਕਾਰਗੋ ਅਤੇ ਪੈਸੇਂਜਰ ਕੈਰੀਗ 'ਚ ਦੁਨੀਆ ਵਿੱਚ ਦੂਜੇ ਥਾਂ 'ਤੇ ਹੈ।ਰੇਲ ਮੰਤਰੀ ਨੇ ਗਤਿਸ਼ਕਤੀ ਮਲਟੀ ਮੋਡਲ ਕਾਰਗੋ ਟਰਮੀਨਲ ਨੂੰ ਭਾਰਤ ਦੇ ਲਾਜਿਸਟਿਕਸ ਖੇਤਰ ਵਿੱਚ ਇੱਕ ਵੱਡੀ ਕਰਾਂਤੀ ਵਜੋਂ ਦਰਸਾਇਆ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਦੇ ਦਿਸ਼ਾ-ਨਿਰਦੇਸ਼ ਅਧੀਨ 2021 ਵਿੱਚ ਲਾਜਿਸਟਿਕਸ ਖੇਤਰ ਵਿੱਚ ਕਈ ਸੁਧਾਰ ਕੀਤੇ ਗਏ, ਜਿਨ੍ਹਾਂ ਨਾਲ ਰਿਕਾਰਡ ਸਮੇਂ 'ਚ 108 ਮਲਟੀ ਮੋਡਲ ਟਰਮੀਨਲ ਤਿਆਰ ਹੋ ਚੁੱਕੇ ਹਨ, ਜੋ ਕਿ 18 ਰਾਜਾਂ/ਯੂਟੀਜ਼ 'ਚ ਕੰਮ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਪਿਛਲੇ 2 ਤੋਂ 2.5 ਸਾਲਾਂ ਵਿੱਚ ਜਨਰਲ ਕੋਚ ਦੀ ਗਿਣਤੀ ਵਿੱਚ ਵੀ ਕਾਫੀ ਵਾਧਾ ਹੋਇਆ ਹੈ। ਇਸ ਸਮੇਂ ਦੌਰਾਨ 1200 ਤੋਂ ਵੱਧ ਨਵੇਂ ਕੋਚ ਸ਼ਾਮਲ ਕੀਤੇ ਗਏ ਹਨ। ਛੋਟੀ ਦੂਰੀਆਂ ਦੀ ਯਾਤਰਾ ਲਈ 16 ਤੋਂ 20 ਡੱਬਿਆਂ ਵਾਲੀਆਂ 100 ਨਵੀਆਂ ਮੇਨ ਲਾਈਨ EMU (MEMU) ਟਰੇਨਾਂ ਤਿਆਰ ਕੀਤੀਆਂ ਜਾ ਰਹੀਆਂ ਹਨ, ਜਿਨ੍ਹਾਂ ਦੀ ਉਤਪਾਦਨ ਵਿਵਸਥਾ ਕਾਜੀਪੇਟ ਦੀ ਨਵੀਂ ਫੈਕਟਰੀ ਵਿੱਚ ਕੀਤੀ ਗਈ ਹੈ।ਉਨ੍ਹਾਂ ਦੱਸਿਆ ਕਿ ਅਹਿਮਦਾਬਾਦ-ਭੁਜ ਅਤੇ ਜਯਨਗਰ-ਪਟਨਾ ਵਿਚ ਚੱਲ ਰਹੀਆਂ ਨਮੋ ਭਾਰਤ ਟਰੇਨਾਂ ਨੂੰ ਯਾਤਰੀਆਂ ਵਲੋਂ ਬਹੁਤ ਪਸੰਦ ਕੀਤਾ ਜਾ ਰਿਹਾ ਹੈ, ਜਿਸ ਦੇ ਨਤੀਜੇ ਵਜੋਂ 50 ਹੋਰ ਨਵੀਆਂ ਨਮੋ ਭਾਰਤ ਟਰੇਨਾਂ ਬਣਾਉਣ ਦਾ ਫੈਸਲਾ ਲਿਆ ਗਿਆ ਹੈ। ਆਉਣ ਵਾਲੇ ਸਾਲਾਂ ਵਿੱਚ 150 ਤੋਂ ਵੱਧ ਨਵੀਆਂ ਟਰੇਨਾਂ ਚਲਾਈ ਜਾਣਗੀਆਂ, ਜਿਸ ਨਾਲ ਯਾਤਰੀਆਂ ਨੂੰ ਹੋਰ ਵਧੀਆ ਸੁਵਿਧਾ ਮਿਲੇਗੀ। ਸਟੇਸ਼ਨਾਂ ਦੇ ਪੁਨਰਵਿਕਾਸ 'ਤੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਦੇਸ਼ ਭਰ ਦੇ 1300 ਤੋਂ ਵੱਧ ਸਟੇਸ਼ਨਾਂ ਦਾ ਅਮ੍ਰਿਤ ਭਾਰਤ ਯੋਜਨਾ ਦੇ ਤਹਿਤ ਨਵੀਨੀਕਰਨ ਕੀਤਾ ਜਾ ਰਿਹਾ ਹੈ। ਜਿਨ੍ਹਾਂ ਵਿੱਚੋਂ 103 ਸਟੇਸ਼ਨਾਂ ਦਾ ਹਾਲ ਹੀ 'ਚ ਪ੍ਰਧਾਨ ਮੰਤਰੀ ਦੁਆਰਾ ਉਦਘਾਟਨ ਕੀਤਾ ਗਿਆ। ਦਸੰਬਰ 2025 ਤੱਕ 100 ਹੋਰ ਸਟੇਸ਼ਨ ਤਿਆਰ ਹੋ ਜਾਣਗੇ। 2026 ਤੱਕ ਕੁੱਲ 500 ਸਟੇਸ਼ਨ ਤਿਆਰ ਹੋਣਗੇ ਜੋ ਵਿਸ਼ਵ-ਪੱਧਰ ਦੀਆਂ ਸੁਵਿਧਾਵਾਂ ਦੇਣਗੇ। ਤਤਕਾਲ ਟਿਕਟ ਬੁਕਿੰਗ ਨਾਲ ਜੁੜੀਆਂ ਸਮੱਸਿਆਵਾਂ ਨੂੰ ਲੈ ਕੇ ਉਨ੍ਹਾਂ ਕਿਹਾ ਕਿ ਬੋਟਸ ਰਾਹੀਂ ਟਿਕਟ ਬੁਕਿੰਗ ਰੋਕਣ ਲਈ 1 ਜੁਲਾਈ ਤੋਂ KYC ਅਧਾਰਤ ਬੁਕਿੰਗ ਲਾਜ਼ਮੀ ਕਰ ਦਿੱਤੀ ਗਈ ਹੈ। ਉਥੇ ਹੀ ਵਿੰਡੋ ਤੋਂ ਟਿਕਟ ਲੈਣ ਵਾਲਿਆਂ ਲਈ ਪਹਿਚਾਣ ਪੱਤਰ ਦਿਖਾਉਣਾ ਲਾਜ਼ਮੀ ਹੋਵੇਗਾ। ਇਸਦੇ ਨਾਲ ਹੀ ਬੀਕਾਨੇਰ ਮੰਡਲ ਵੱਲੋਂ ਰਿਜ਼ਰਵੇਸ਼ਨ ਚਾਰਟ 24 ਘੰਟੇ ਪਹਿਲਾਂ ਜਾਰੀ ਕਰਨ ਦਾ ਪਾਇਲਟ ਪ੍ਰਾਜੈਕਟ ਸ਼ੁਰੂ ਕੀਤਾ ਗਿਆ ਹੈ, ਜਿਸਨੂੰ ਯਾਤਰੀਆਂ ਵੱਲੋਂ ਬਹੁਤ ਵਧੀਆ ਫੀਡਬੈਕ ਮਿਲਿਆ ਹੈ।



## ਤਿੰਨ ਗਰੀਬ ਪਰਵਾਰ ਦੀਆਂ ਲੜਕੀਆਂ ਨੂੰ ਇੱਕ ਲੱਖ ਵੀਹ ਹਜ਼ਾਰ ਰੁਪਏ ਦੀ ਸਹਾਇਤਾ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਅਮਰ ਕੌਰ-ਚਰਨ ਕੌਰ ਵੈਲਫੇਅਰ ਸੁਸਾਇਟੀ ਭੁੰਗਰਨੀ ਵੱਲੋਂ ਜਿਸਦੇ ਸਰਪ੍ਰਸਤ ਡਾ.ਹਰਦੇਵ ਸਿੰਘ ਪਰਹਾਰ, ਜਸਵਿੰਦਰ ਕੌਰ ਪਰਹਾਰ ਯੂ ਐਸ ਏ ਅਤੇ ਸੁਸਾਇਟੀ ਦੇ ਪ੍ਰਧਾਨ ਜਸਵੀਰ ਸਿੰਘ ਮਿਨਹਾਸ ਹਨ ਅਤੇ ਵਾਈਸ ਪ੍ਰਧਾਨ ਜਗਤਾਰ ਸਿੰਘ ਭੁੰਗਰਨੀ, ਕੈਸ਼ੀਅਰ ਸੁਰਜੀਤ ਸਿੰਘ ਮਸੂਤਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅਮਰ ਕੌਰ ਚਰਨ ਕੌਰ ਵੈਲਫੇਅਰ ਸੁਸਾਇਟੀ ਨੂੰ ਇਨਾਂ ਤਿੰਨਾਂ ਲੜਕੀਆਂ ਦੇ ਮਾਪਿਆਂ ਨੇ ਆਪਣੀ ਸਾਰੀ ਸਥਿਤੀ ਤੋਂ ਜਾਣੂ ਕਰਵਾਇਆ। ਉਨਾਂ ਦੱਸਿਆ ਕਿ ਅਸੀਂ ਬਹੁਤ ਗਰੀਬ ਪਰਵਾਰ ਹਾਂ ਪਰ ਤਿੰਨੇ ਲੜਕੀਆਂ ਹਨੀ ਪੁੱਤਰੀ ਹਰੀ ਪ੍ਰੇਮ ,ਸਿਮਰਨ ਕੌਰ ਪੁੱਤਰੀ ਬਲਵਿੰਦਰ ਕੁਮਾਰ,ਕਮਲਜੀਤ ਕੌਰ ਪੁੱਤਰੀ ਰਣਜੀਤ ਕੁਮਾਰ ਪੜਨ ਲਈ ਬਹੁਤ ਹੁਸ਼ਿਆਰ ਹਨ, ਉਹ ਅੱਗੇ ਨਰਸਿੰਗ ਕਰਨਾ ਚਾਹੁੰਦੀਆਂ ਹਨ। ਉਹਨਾਂ ਨੇ ਉਪਰੋਕਤ ਸਾਡੀ ਸੁਸਾਇਟੀ ਨਾਲ ਰਾਬਤਾ ਕੀਤਾ ਕਿਉਂਕਿ ਸੁਸਾਇਟੀ ਪਹਿਲਾਂ ਵੀ ਕਈ ਬੱਚਿਆਂ ਨੂੰ ਪੜ੍ਹਾਈ ਕਰਵਾ ਰਹੀ ਹੈ। ਜਿਸਨੇ ਅੱਜ ਗੁਰੂ ਨਾਨਕ ਪੈਰਾ ਮੈਡੀਕਲ ਕਾਲਜ ਧਾਰਾਂ ਕਲੇਰਾਂ ਵਿਖੇ ਪੁੱਜ ਕੇ ਨਰਸਿੰਗ ਕਰਨ ਲਈ ਪਹਿਲੇ ਦਾਖਲੇ ਵਜੋਂ (ਇੱਕ ਲੱਖ ਵੀਹ ਹਜ਼ਾਰ ਰੁਪਏ ) ਚਾਲੀ-ਚਾਲੀ ਹਜ਼ਾਰ ਰੁਪਏ ਦੇ ਤਿੰਨ ਚੈੱਕ ਸਹਾਇਤਾ ਵਜੋਂ ਤਿੰਨਾਂ ਨੂੰ ਲੜਕੀਆਂ ਦਿੱਤੇ ਗਏ। ਇਸ ਮੌਕੇ ਸੁਸਾਇਟੀ ਦੇ ਵਾਈਸ ਪ੍ਰਧਾਨ ਜਸਵੀਰ ਸਿੰਘ ਮਿਨਹਾਸ, ਵਾਈਸ ਪ੍ਰਧਾਨ ਜਗਤਾਰ ਸਿੰਘ ਭੁੰਗਰਨੀ, ਕੈਸ਼ੀਅਰ ਸੁਰਜੀਤ ਸਿੰਘ ਮਸੂਤਾ , ਗੁਰੂ ਨਾਨਕ ਮੋਦੀਖ਼ਾਨਾ ਮੈਨੇਜਰ ਬਲਵੀਰ ਸਿੰਘ ਤੰਬੜ ਨੇ ਕਾਲਜ ਦੇ ਪ੍ਰਿੰਸੀਪਲ ਡਾਕਟਰ ਰਾਜਦੀਪ, ਡਾਕਟਰ ਕੌਰ, ਮੈਂਬਰ ਹਰਜੀਤ ਸਿੰਘ ਭੱਟੀ, ਪਰਮਜੀਤ ਸਿੰਘ ਮਿਨਹਾਸ , ਬਲਵੀਰ ਸਿੰਘ ਫੁਗਲਾਣਾ, ਸਤਨਾਮ ਸਿੰਘ ਪਰਹਾਰ, ਪਰਮਿੰਦਰ ਸਿੰਘ ਪੋਸੀ ਅਕਾਊਂਟੈਂਟ ਪਰਵਿੰਦਰ ਰਾਣਾ ਅਤੇ ਹੋਰ ਸਟਾਫ਼ ਹਾਜ਼ਰ ਸੀ।



## ਸੌਰਵ ਜਿੰਦਲ ਉਰਫ ਸੌਬੀ ਗੈਂਗ ਦਾ ਗੁਰਗਾ ਨਜਾਇਜ਼ ਅਸਲੇ ਸਮੇਤ ਕਾਬੂ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਪੰਜਾਬ ਸਰਕਾਰ ਵਲੋਂ ਯੁੱਧ ਨਸ਼ਿਆਂ ਵਿਰੁੱਧ ਚਲਾਈ ਗਈ ਮਹਿਮ ਤਹਿਤ ਨਸ਼ਾ ਸਮੱਗਲਰਾਂ ਤੇ ਗੈਂਗਸਟਰਾਂ 'ਤੇ ਨਕੇਲ ਕੱਸਦੇ ਹੋਏ ਡੀ.ਜੀ.ਪੀ. ਪੰਜਾਬ ਗੌਰਵ ਯਾਦਵ, ਸੰਦੀਪ ਕੁਮਾਰ ਮਲਿਕ ਸੀਨੀਅਰ ਪੁਲਸ ਕਪਤਾਨ, ਹੁਸ਼ਿਆਰਪੁਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਮੁਕੇਸ਼ ਕੁਮਾਰ ਪੁਲਸ ਕਪਤਾਨ (ਤਫਤੀਸ਼) ਹੁਸ਼ਿਆਰਪੁਰ ਦੀ ਨਿਗਰਾਨੀ ਹੇਠ, ਸੁਖਨਿੰਦਰ ਸਿੰਘ ਉਪ ਪੁਲਸ ਕਪਤਾਨ (ਤਫਤੀਸ਼) ਹੁਸ਼ਿਆਰਪੁਰ ਅਤੇ ਇੰਸਪੈਕਟਰ ਗੁਰਪ੍ਰੀਤ ਇੰਚਾਰਜ ਸੀ.ਆਈ.ਏ ਸਟਾਫ ਹੁਸ਼ਿਆਰਪੁਰ ਦੇ ਅਧੀਨ ਪੁਲਸ ਪਾਰਟੀ ਵੱਲੋਂ ਸੌਰਵ ਜਿੰਦਲ ਉਰਫ ਸੌਬੀ ਗੈਂਗ ਦਾ ਇੱਕ ਵਿਅਕਤੀ 3 ਨਜਾਇਜ ਅਸਲਿਆਂ ਸਮੇਤ ਕਾਬੂ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਸਥਾਨਕ ਪੁਲਸ ਲਾਈਨ ਵਿਖੇ ਕਰਵਾਈ ਇੱਕ ਪ੍ਰੈਸ ਕਾਨਫਰੰਸ ਦੌਰਾਨ ਜ਼ਿਲ੍ਹਾ ਪੁਲਸ ਮੁਖੀ ਸੰਦੀਪ ਕੁਮਾਰ ਮਲਿਕ ਨੇ ਦੱਸਿਆ ਕਿ ਹੁਸ਼ਿਆਰਪੁਰ ਪੁਲਸ ਵਲੋਂ 7 ਮਈ ਨੂੰ ਸੀ.ਆਈ.ਏ ਸਟਾਫ ਦੀ ਪੁਲਸ ਪਾਰਟੀ ਵੱਲੋਂ ਸਾਹਿਲਪ੍ਰੀਤ ਸਿੰਘ ਪੁੱਤਰ ਨਰਿੰਦਰ ਸਿੰਘ ਵਾਸੀ ਪਿੰਡ ਕਿਲਾ ਬਰੂਨ ਥਾਣਾ ਸਦਰ ਜ਼ਿਲ੍ਹਾ ਹੁਸ਼ਿਆਰਪੁਰ ਨਾਮਕ ਨੌਜਵਾਨ ਨੂੰ 149 ਗ੍ਰਾਮ ਹੈਰੋਇਨ ਨਾਲ ਕਾਬੂ ਕਰਕੇ ਉਸ ਖਿਲਾਫ ਮੁਕੱਦਮਾ ਥਾਣਾ ਸਦਰ ਜ਼ਿਲ੍ਹਾ ਹੁਸ਼ਿਆਰਪੁਰ ਦਰਜ ਰਜਿਸਟਰ ਕੀਤਾ ਸੀ। ਤਫਤੀਸ਼ ਦੌਰਾਨ ਪਾਇਆ ਗਿਆ ਕਿ ਸਾਹਿਲਪ੍ਰੀਤ ਸਿੰਘ ਉਕਤ ਨੂੰ ਵੀ ਸੌਰਵ ਜਿੰਦਲ ਉਰਫ ਸੌਬੀ ਪੁੱਤਰ ਜਸਵੀਰ ਸਿੰਘ ਉਰਫ ਕਾਕਾ ਗੁੱਜਰ ਵਾਸੀ ਕੀਰਤੀ ਨਗਰ ਥਾਣਾ ਮਾਡਲ ਟਾਊਨ ਜ਼ਿਲ੍ਹਾ ਹੁਸ਼ਿਆਰਪੁਰ ਹਾਲ ਵਾਸੀ ਅਮਰੀਕਾ ਆਪਣੇ ਸਾਥੀਆਂ ਹੇਮੰਤ ਅਤੇ ਨੀਰਜ ਕੁਮਾਰ ਉਰਫ ਰਾਂਝਾ ਦੁਬਾਰਾ ਹੈਰੋਇਨ ਸਪਲਾਈ ਕੀਤੀ ਜਾਂਦੀ ਸੀ। 14 ਮਈ ਨੂੰ ਸੀ.ਆਈ.ਏ ਸਟਾਫ ਦੀ ਪੁਲਸ ਪਾਰਟੀ ਵੱਲੋਂ ਹੇਮੰਤ ਪੁੱਤਰ ਅਜੈ ਕੁਮਾਰ ਵਾਸੀ 16 ਲਿੰਕ ਰੋਡ, ਅਬਾਦਪੁਰਾ ਥਾਣਾ ਡਵੀਜ਼ਨ ਨੰਬਰ 6 ਜ਼ਿਲ੍ਹਾ ਜਲੰਧਰ ਨੂੰ ਇੱਕ ਦੇਸੀ ਪਿਸਤੌਲ 315 ਬੋਰ ਸਮੇਤ ਰੌਂਦ ਜ਼ਿੰਦਾ 315 ਬੋਰ ਦੇ ਕਾਬੂ ਕਰਕੇ ਉਸ ਖਿਲਾਫ ਮੁੱਕਦਮਾ ਥਾਣਾ ਸਦਰ ਜ਼ਿਲ੍ਹਾ ਹੁਸ਼ਿਆਰਪੁਰ ਦਰਜ ਰਜਿਸਟਰ ਕੀਤਾ ਸੀ। ਜੋ ਇਸ ਮੁੱਕਦਮਾ ਵਿੱਚ ਨਾਮਜ਼ਦ ਦੋਸ਼ੀ ਨੀਰਜ ਕੁਮਾਰ ਉਰਫ ਰਾਂਝਾ ਪੁੱਤਰ ਸੁਰਿੰਦਰ ਪਾਲ ਵਾਸੀ ਹਰਦੋਖਾਨਪੁਰ ਥਾਣਾ ਮਾਡਲ ਟਾਊਨ ਜ਼ਿਲ੍ਹਾ ਹੁਸ਼ਿਆਰਪੁਰ ਹਾਲ ਵਾਸੀ ਬੱਜਰ ਬਾਗ ਥਾਣਾ ਸਦਰ ਜ਼ਿਲ੍ਹਾ ਹੁਸ਼ਿਆਰਪੁਰ ਨੂੰ 14 ਜੂਨ ਨੂੰ ਗ੍ਰਿਫਤਾਰ ਕਰਕੇ ਉਸ ਪਾਸੋਂ 2 ਪਿਸਟਲ 32 ਬੋਰ ਅਤੇ ਇੱਕ ਪਿਸਟਲ 9 ਐੱਮ ਐੱਮ (ਗਲੁੱਕ) ਬਰਾਮਦ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਤਫਤੀਸ਼ ਦੌਰਾਨ ਪਾਇਆ ਗਿਆ ਕਿ ਦੋਸ਼ੀ ਹੇਮੰਤ ਅਤੇ ਨੀਰਜ ਕੁਮਾਰ ਉਰਫ਼ ਰਾਂਝਾ ਵਿਦੇਸ਼ ਵਿੱਚ ਬੈਠੇ ਨਸ਼ਾ ਤਸਕਰ ਸੌਰਵ ਜਿੰਦਲ ਉਕਤ ਦੇ ਕਹਿਣ 'ਤੇ ਗੈਂਗ ਬਣਾ ਕੇ ਹੁਸ਼ਿਆਰਪੁਰ ਸ਼ਹਿਰ ਵਿੱਚ ਕਾਫੀ ਅਰਸੇ ਤੋਂ ਪੈਸੇ ਕਮਾਉਣ ਦੇ ਇਰਾਦੇ ਨਾਲ ਨਸ਼ਾ ਅਸਲਾ ਸਪਲਾਈ ਕਰਨ ਦਾ ਧੰਦਾ ਕਰਦੇ ਸਨ। ਜਿਸ 'ਤੇ ਇਹਨਾਂ ਖਿਲਾਫ ਉਕਤ ਮੁਕੱਦਮੇ ਵਿੱਚ ਸੰਗੀਨ ਧਰਾਵਾਂ 25 (6) ਅਸਲਾ ਐਕਟ ਅਤੇ ਧਾਰਾ 111 ਬੀ.ਐਨ.ਐਸ ਦਾ ਵਾਧਾ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਹੁਸ਼ਿਆਰਪੁਰ ਪੁਲਸ ਨੇ ਬੜੇ ਤਕਨੀਕੀ ਤੇ ਵਿਗਿਆਨਕ ਤਰੀਕੇ ਨਾਲ ਤਫਤੀਸ਼ ਕਰਕੇ ਸੌਰਵ ਜਿੰਦਲ ਉਰਫ ਸੌਬੀ ਗੈਂਗ ਵੱਲੋਂ ਚਲਾਏ ਜਾ ਰਹੇ ਵੱਡੇ ਪੱਧਰ 'ਤੇ ਨਸ਼ੇ ਅਤੇ ਹਥਿਆਰਾਂ ਦੇ ਨੈਟਵਰਕ ਦਾ ਪਰਦਾਫਾਸ਼ ਕਰਕੇ ਇਸ ਨੈਟਵਰੱਕ ਨੂੰ ਤੋੜ ਕੇ ਨਸ਼ੇ ਅਤੇ ਹਥਿਆਰਾਂ ਦੀ ਸਪਲਾਈ ਬੰਦ ਕਰਵਾਉਣ ਵਿੱਚ ਸਫਲਤਾ ਹਾਸਲ ਕੀਤੀ ਹੈ। ਉਨ੍ਹਾਂ ਦੱਸਿਆ ਕਿ ਸੌਰਵ ਜਿੰਦਲ ਉਕਤ ਦੇ ਹੋਰ ਗੈਂਗ ਮੈਂਬਰਾਂ ਦੀ ਭਾਲ ਕੀਤੀ ਜਾ ਰਹੀ ਹੈ।



## ਸੰਤੁਲਨ ਵਿਗੜਨ ਨਾਲ ਕਾਰ ਸਟਰੀਟ ਲਾਈਟ ਦੇ ਪਿੱਲਰ ਨਾਲ ਟਕਰਾਈ

**ਬਲਾਚੌਰ (ਜਸਵਿੰਦਰ ਬੈਂਸ)** ਰੋਪੜ-ਬਲਾਚੌਰ ਨੈਸ਼ਨਲ ਹਾਈਵੇ 'ਤੇ ਟੋਲ ਪਲਾਜ਼ਾ ਬੱਛੂਆਂ ਨਜ਼ਦੀਕ ਇੱਕ ਆਲਟੋ ਗੱਡੀ ਸਟਰੀਟ ਲਾਈਟ ਦੇ ਪਿੱਲਰ ਨਾਲ ਟਕਰਾ ਗਈ। ਐਸਐਸਐਫ ਟੀਮ ਦੇ ਇੰਚਾਰਜ ਏਐਸਆਈ ਪ੍ਰਵੀਨ ਕੁਮਾਰ ਨੇ ਦੱਸਿਆ ਕਿ ਮਰੂਤੀ ਆਲਟੋ ਗੱਡੀ ਨੰਬਰ ਪੀ ਬੀ 32 ਵੀ 5668 ਜਿਸ ਨੂੰ ਤਰਲੋਚਨ ਸਿੰਘ ਪੁੱਤਰ ਹਰਭਜਨ ਸਿੰਘ ਵਾਸੀ ਪਿੰਡ ਝਿੰਗੜਾਂ ਜ਼ਿਲ੍ਹਾ ਨਵਾਂਸ਼ਹਿਰ ਚਲਾ ਰਿਹਾ ਸੀ ਅਤੇ ਨਾਲ ਉਹਨਾਂ ਦੀ ਪਤਨੀ ਪਲਵਿੰਦਰ ਕੌਰ ਨਾਲ ਮੌਜੂਦ ਸੀ । ਉਹ ਮੋਹਾਲੀ ਤੋਂ ਨਵਾਂਸ਼ਹਿਰ ਨੂੰ ਜਾ ਰਹੇ ਸੀ ਜਦੋਂ ਪਿੰਡ ਬੱਛੂਆਂ ਕੋਲ ਪਹੁੰਚੇ ਤਾਂ ਬਾਰਿਸ਼ ਹੋਣ ਕਾਰਨ ਗੱਡੀ ਦਾ ਸੰਤੁਲਨ ਵਿਗੜ ਗਿਆ ਅਤੇ ਰੋਡ ਦੇ ਨਾਲ ਲੱਗੀ ਹੋਈ ਸਟਰੀਟ ਲਾਈਟ ਦੇ ਪਿੱਲਰ ਨਾਲ ਕਾਰ ਜਾ ਟਕਰਾਈ । ਜਿਸ ਨਾਲ ਕਾਰ ਚਾਲਕ ਜਖਮੀ ਹੋ ਗਿਆ ਅਤੇ ਕਾਰ ਬੁਰੀ ਤਰ੍ਹਾਂ ਨਾਲ ਨੁਕਸਾਨੀ ਗਈ। ਨੈਸ਼ਨਲ ਹਾਈਵੇ ਅਥਾਰਟੀ ਦੀ ਐਂਬੂਲੈਂਸ ਰਾਹੀਂ ਕਾਰ ਚਾਲਕ ਨੂੰ ਇਲਾਜ ਲਈ ਲਿਵਾਸਾ ਹਸਪਤਾਲ ਨਵਾਂਸ਼ਹਿਰ ਵਿਖੇ ਭਰਤੀ ਕਰਵਾਇਆ।



## ਮਲੇਰੀਆ, ਡੇਂਗੂ ਸੰਬੰਧੀ ਜਾਗਰੂਕ ਕੀਤਾ

**ਬਲਾਚੌਰ (ਜਸਵਿੰਦਰ ਬੈਂਸ)**- ਸਿਵਲ ਸਰਜਨ ਸ਼ਹੀਦ ਭਗਤ ਸਿੰਘ ਨਗਰ ਡਾ. ਗੁਰਿੰਦਰਜੀਤ ਸਿੰਘ ਅਤੇ ਐਪੀਡੀਮੋਲੋਜਿਸਟ ਡਾ. ਰਕੇਸ਼ ਪਾਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਸੀਨੀਅਰ ਮੈਡੀਕਲ ਅਫ਼ਸਰ ਸੜੋਆ ਡਾ. ਨਵਰੀਤ ਕੌਰ ਦੀ ਯੋਗ ਅਗਵਾਈ ਹੇਠ ਪਿੰਡ ਜੀਤਪੁਰ ਵਿਖੇ ਸਿਹਤ ਵਿਭਾਗ ਦੇ ਕਰਮਚਾਰੀ ਕਰਾਂਤੀ ਪਾਲ ਸਿੰਘ ਰੌੜੀ ਵਲੋਂ ਮਲੇਰੀਆ ਡੇਂਗੂ ਚਿਕਨਗੁਨੀਆ ਦੇ ਲੱਛਣਾਂ ਅਤੇ ਬਚਾਓ ਸਬੰਧੀ ਜਾਣਕਾਰੀ ਦਿੱਤੀ ਗਈ ਕਿ ਅਪਣੇ ਘਰ ਆਲੇ ਦੁਆਲੇ ਸਾਫ ਸਫਾਈ ਦਾ ਖਾਸ ਖਿਆਲ ਰੱਖਿਆ ਜਾਵੇ ਜਿਵੇਂ ਕੂਲਰਾਂ, ਗਮਲਿਆਂ, ਪੁਰਾਣੇ ਟਾਇਰਾਂ ਵਿੱਚ ਪਾਣੀ ਨਾ ਖੜ੍ਹਨ ਦਿੱਤਾ ਜਾਵੇ, ਅਗਰ ਕਿਸੇ ਨੂੰ ਸਿਹਤ ਸਬੰਧੀ ਕੋਈ ਮੁਸ਼ਕਲ ਆਵੇ ਤਾਂ ਨੇੜੇ ਦੇ ਸਿਹਤ ਕੇਂਦਰ ਨਾਲ ਸੰਪਰਕ ਕਰੇ। ਇਸ ਮੌਕੇ ਸਿਹਤ ਵਿਭਾਗ ਵੱਲੋਂ ਕਰਾਂਤੀ ਪਾਲ ਸਿੰਘ ਰੌੜੀ, ਗੀਨਾ ਆਸ਼ਾ ਵਰਕਰ, ਮਲਜੀਤ ਸਿੰਘ ਪੰਚਾਇਤ ਮੈਂਬਰ ਅਤੇ ਪਿੰਡ ਵਾਸੀ ਹਾਜ਼ਰ ਸਨ।




## ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ 'ਚ ਆਨਲਾਈਨ ਫਾਦਰ ਡੇ ਮਨਾਇਆ

**ਸੁਲਤਾਨਪੁਰ ਲੋਧੀ (ਹਨੀ)** ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵੱਲੋਂ ਪ੍ਰਿੰਸੀਪਲ ਰੇਨੂੰ ਅਰੋੜਾ ਦੀ ਅਗਵਾਈ ਵਿੱਚ ਆਨਲਾਈਨ ਫਾਦਰ ਡੇ ਮਨਾਇਆ ਗਿਆ। ਇਸ ਦੌਰਾਨ ਵਿਦਿਆਰਥੀਆਂ ਨੇ ਪਿਤਾ ਪ੍ਰਤੀ ਆਪਣੇ ਪਿਆਰ ਅਤੇ ਸਤਿਕਾਰ ਦਾ ਪ੍ਰਗਟਾਵਾ ਕਰਨ ਲਈ ਕਾਰਡ ਮੇਕਿੰਗ ਅਤੇ ਉਨ੍ਹਾਂ ਦੇ ਨਾਲ ਖੂਬਸੂਰਤ ਪਲਾਂ ਨੂੰ ਦਰਸਾਉਂਦੀਆ ਤਸਵੀਰਾਂ ਸਾਂਝੀਆਂ ਕੀਤੀਆਂ। ਇਸ ਸਬੰਧੀ ਆਪਣੇ ਵਿਚਾਰ ਸਾਂਝੇ ਕਰਦਿਆਂ ਪ੍ਰਿੰਸੀਪਲ ਅਰੋੜਾ ਨੇ ਕਿਹਾ ਕਿ ਹਰ ਇੱਕ ਦੀ ਜ਼ਿੰਦਗੀ ਵਿੱਚ ਪਿਤਾ ਦੀ ਮਹੱਤਵਪੂਰਨ ਭੂਮਿਕਾ ਹੁੰਦੀ ਹੈ। ਬੱਚਿਆਂ ਦੇ ਸੁਪਨਿਆਂ ਅਤੇ ਇਛਾਵਾਂ ਦੀ ਪੂਰਤੀ ਕਰਨ ਵਿੱਚ ਪਿਤਾ ਦਾ ਵੱਡਾ ਯੋਗਦਾਨ ਹੈ ਅਤੇ ਕਿਸੇ ਵੀ ਮੁਸਕਿਲ ਜਾਂ ਪਰੇਸਾਨੀ ਵਿੱਚ ਪਿਤਾ ਆਪਣੇ ਬੱਚਿਆਂ ਦਾ ਸਾਥ ਨਹੀਂ ਛੱਡਦਾ। ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਇੰਜੀਨੀਅਰ ਸਵਰਨ ਸਿੰਘ ਪ੍ਰਧਾਨ ਗੁਰੂ ਨਾਨਕ ਖਾਲਸਾ ਕਾਲਜ ਸੁਲਤਾਨਪੁਰ ਲੋਧੀ, ਸਕੂਲ ਡਾਇਰੈਕਟਰ ਇੰਜੀਨੀਅਰ ਹਰਨਿਆਮਤ ਕੌਰ, ਪ੍ਰਸ਼ਾਸ਼ਕ ਇੰਜੀਨੀਅਰ ਨਿਮਰਤਾ ਕੌਰ ਅਤੇ ਪ੍ਰਿੰਸੀਪਲ ਰੇਨੂ ਅਰੋੜਾ ਨੇ ਸਮੂਹ ਵਿਦਿਆਰਥੀਆਂ ਨੂੰ ਆਪਣੇ ਮਾਤਾ- ਪਿਤਾ ਦਾ ਸਨਮਾਨ ਕਰਨ ਲਈ ਪ੍ਰੇਰਿਤ ਕੀਤਾ ਅਤੇ ਫਾਦਰ ਡੇਅ ਦੀਆਂ ਮੁਬਾਰਕਾਂ ਦਿੱਤੀਆਂ।



## ਰਾਮੇਵਾਲ 'ਚ ਸਾਲਾਨਾ ਜੋੜ ਮੇਲਾ ਧੂਮਧਾਮ ਨਾਲ ਮਨਾਇਆ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਪਿੰਡ ਰਾਮੇਵਾਲ 'ਚ ਸਲਾਨਾ ਜੋੜ ਮੇਲਾ ਸ਼ਹੀਦ ਬਾਬਾ ਜਾਗਰ ਸਿੰਘ ਦਾ ਧੂਮਧਾਮ ਨਾਲ ਮਨਾਇਆ ਗਿਆ । ਇਸ ਮੌਕੇ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਇਤਿਹਾਸਕ ਸਥਾਨ 'ਤੇ ਨਤਮਸਤਕ ਹੋ ਕੇ ਆਸ਼ੀਰਵਾਦ ਪ੍ਰਾਪਤ ਕੀਤਾ। ਪ੍ਰੈਸ ਨਾਲ ਗੱਲਬਾਤ ਕਰਦਿਆਂ ਸਾਬਕਾ ਸਰਪੰਚ ਜਗਦੀਸ਼ ਸਿੰਘ ਰਾਮੇਵਾਲ ਨੇ ਦੱਸਿਆ ਕਿ ਪਾਖਰ ਸਿੰਘ, ਬੀਬੀ ਹਰਨਾਮ ਕੌਰ, ਸਮੁੱਚਾ ਪਰਵਾਰ ਸ਼ਹੀਦ ਬਾਬਾ ਜਾਗਰ ਸਿੰਘ, ਸੰਤ ਬਾਬਾ ਰਾਮ ਦਾਸ, ਸ਼ਹੀਦ ਬਾਬਾ ਦੀਪ ਸਿੰਘ, ਦੀ ਯਾਦ ਵਿੱਚ ਜਸਪਾਲ ਸਿੰਘ ਕਾਲਾ, ਬੀਬੀ ਦਵਿੰਦਰ ਕੌਰ, ਗੁਰਮੇਜ ਸਿੰਘ , ਸੋਹਣ ਸਿੰਘ ਅਤੇ ਸਾਰੇ ਪਰਵਾਰ ਵਲੋਂ 5 ਪਾਠਾਂ ਦੀ ਲੜੀ ਦੇ ਭੋਗ ਪਾਏ ਗਏ ਉਪਰੰਤ ਅਮਨਦੀਪ ਸਿੰਘ ਫਰਵਾਲੇ ਵਾਲਿਆਂ ਦੇ ਢਾਡੀ ਜਥੇ ਨੇ ਸੰਗਤ ਨੂੰ ਗੁਰੂ, ਗੁਰਬਾਣੀ, ਗੁਰੂ ਘਰ ਅਤੇ ਗੁਰਬਾਣੀ ਨਾਲ ਜੁੜਨ ਦਾ ਸੱਦਾ ਦਿੱਤਾ । ਉਹਨਾਂ ਸ਼ਹੀਦ ਬਾਬਾ ਦੀਪ ਸਿੰਘ ਅਤੇ ਗੁਰੂ ਗੋਬਿੰਦ ਸਿੰਘ ਜੀ ਅਤੇ ਉਹਨਾਂ ਦੇ ਸਪੁੱਤਰਾਂ ਦੀ ਲਾਸਾਨੀ ਸ਼ਹਾਦਤ ਬਾਰੇ ਪ੍ਰਸੰਗ ਪੇਸ਼ ਕੀਤੇ।ਇਸ ਮੌਕੇ ਹਲਕਾ ਨਕੋਦਰ ਦੇ ਕਾਂਗਰਸ ਦੇ ਇੰਚਾਰਜ ਡਾ. ਨਵਜੋਤ ਸਿੰਘ ਦਾਹੀਆ, ਹੈਪੀ ਸੰਧੂ ਪ੍ਰਧਾਨ ਟਰੱਕ ਯੂਨੀਅਨ ਪੰਜਾਬ, ਗੁਰਮੀਤ ਸਿੰਘ ਥੰਮਨਵਾਲ, ਚਰਨ ਸਿੰਘ ਰਜੋਵਾਲ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਨੂਰਮਹਿਲ, ਮੋਹਨ ਸਿੰਘ, ਸਰਬਜੀਤ ਸਿੰਘ ਸਾਬਾ, ਕੁਲਵਿੰਦਰ ਸਿੰਘ, ਜੁਗਰਾਜ ਸਿੰਘ, ਲਾਡੀ ਸਰਪੰਚ, ਗੁਰਦੀਪ ਸਿੰਘ ਦੀਪਾ, ਗੁਰਪ੍ਰੀਤ ਸਿੰਘ ਗੋਪੀ ਭਿੰਦਾ ਰਾਮੇਵਾਲ, ਗੁਰਪਾਲ ਸਿੰਘ ਸਾਬਕਾ ਸਰਪੰਚ ਕੰਦੋਲਾ ਕਲਾਂ, ਦੇਵੀ ਰਾਮੇਵਾਲ, ਰਣਜੀਤ ਸਿੰਘ ਰਾਣਾ, ਵੀਰੂ ਨਾਹਲ, ਪੰਡਿਤ ਸੁਖਦੇਵ ਕੁਮਾਰ, ਨਿਰਮਲ ਸਿੰਘ ਸਰਪੰਚ ਨਿਹਾਲ ਗੋਰਸੀਆਂ, ਪ੍ਰਿੰਸੀਪਲ ਅਨਿਲ ਚੰਨਣ ਅਤੇ ਔਰਤਾਂ, ਇਲਾਕਾ ਨਿਵਾਸੀਆਂ ਨੇ ਹਾਜ਼ਰੀ ਲਗਵਾਈ।



## ਦਰਬਾਰ ਦਾਤਾ ਸੱਯਦ ਅਲੀ ਮਹਾਲੋਂ ਵਿਖੇ 34ਵਾਂ ਦੋ ਦਿਨਾ ਜੋੜ ਮੇਲਾ ਸ਼ਰਧਾਪੂਰਵਕ ਮਨਾਇਆ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਦਰਬਾਰ ਦਾਤਾ ਸੱਯਦ ਅਲੀ ਪਿੰਡ ਮਹਾਲੋਂ ਵਿਖੇ 34ਵਾਂ ਸਲਾਨਾ ਦੋ ਦਿਨਾ ਜੋੜ ਮੇਲਾ ਸਮੂਹ ਸੰਗਤਾਂ, ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਬੜੀ ਸ਼ਰਧਾਪੂਰਵਕ ਤੇ ਧੂਮਧਾਮ ਨਾਲ ਮਨਾਇਆ ਗਿਆ।ਇਸ ਮੌਕੇ ਜਾਣਕਾਰੀ ਦਿੰਦੇ ਹੋਏ ਦਰਬਾਰ ਦੇ ਗੱਦੀਨਸ਼ੀਨ ਬਾਬਾ ਲਖਵੀਰ ਚੰਦ ਨੇ ਦੱਸਿਆ ਕਿ ਚਿਰਾਗ ਰੋਸ਼ਨ ਕੀਤੇ ਗਏ, ਦਰਬਾਰ 'ਤੇ ਚਾਦਰ ਚੜ੍ਹਾਉਣ ਦੀ ਰਸਮ ਅਦਾ ਕੀਤੀ ਗਈ ਅਤੇ ਰਾਤ ਨੂੰ ਕੱਵਾਲ ਪਾਰਟੀਆਂ ਵਲੋਂ ਪਰਵੇਜ਼ ਆਲਮ, ਕੁਲਦੀਪ ਕਾਦਰੀ, ਓਵੇਂਸ਼ ਖਾਨ, ਕਵਾਲੀਆਂ ਪ੍ਰੋਗਰਾਮ ਪੇਸ਼ ਕੀਤਾ ਗਿਆ। ਬਾਬਾ ਦਰਵੇਸ਼ ਗੱਦੀਨਸ਼ੀਨ ਲਖਵੀਰ ਚੰਦ ਨੇ ਸਮੁੱਚੇ ਨਗਰ ਦੀ ਖੁਸ਼ਹਾਲੀ ਅਤੇ ਸੁੱਖ ਸ਼ਾਂਤੀ ਲਈ ਅਰਦਾਸ ਕੀਤੀ ਮਸ਼ਹੂਰ ਗਾਇਕ ਪੰਜਾਬੀ ਸਿੰਗਰ ਆਰ ਕੇ ਮੱਟੂ ਰਾਜਨ ਗਿੱਲ, ਜੈਲੀ, ਹਸਨ ਮਾਣਕ, ਰਣਵੀਰ, ਸੰਗਰਾਮ ਨੇ ਦੇਰ ਰਾਤ ਤੱਕ ਆਪਣੇ ਗੀਤਾਂ ਨਾਲ ਸੰਗਤਾ ਨੂੰ ਨਿਹਾਲ ਕੀਤਾ। ਆਸ਼ੀਰਵਾਦ ਦੇਣ ਲਈ ਵੱਖ ਵੱਖ ਡੇਰਿਆਂ ਤੋਂ ਸੰਤ ਫਕੀਰ ਪਹੁੰਚੇ। ਦਰਬਾਰ ਦੇ ਸੇਵਾਦਾਰ ਮਨਜੀਤ ਕੌਰ ਯੂ ਕੇ, ਲੇਖਰਾਜ ਯੂ ਕੇ, ਕਪਿਲ ਗਾਬਾ, ਮਨਦੀਪ ਪਾਠਕ, ਹਨੀ ਚੋਪੜਾ ਦੀਪੂ, ਰੋਹਿਤ (ਸਰਪੰਚ) ਸਤਨਾਮ ਬਲਵੀਰ ਹਰਮਨ, ਨਵਨੀਤ ਗੱਗੀ ਹਾਜ਼ਰ ਸਨ। ਇਸ ਮੌਕੇ ਠੰਢੇ ਮਿੱਠੇ ਜਲ ਦੀ ਛਬੀਲ ਲਗਾਈ ਗਈ। ਇਸ ਮੌਕੇ ਸੁਰਜੀਤ ਮਹਾਲੋਂ, ਰੱਤੂ, ਸਨੀ ਇਕਬਾਲ ਮੇਜਰ ਵੀ ਹਾਜ਼ਰ ਸਨ। ਬਾਬਾ ਜੀ ਦੇ ਲੰਗਰ ਅਤੁੱਟ ਵਰਤਾਏ ਗਏ ਅਤੇ ਪਿੰਡ ਵਾਸੀਆਂ ਵਲੋਂ ਠੰਢਾ ਸੋਡਾ ਵੀ ਆਈਆਂ ਸੰਗਤਾਂ ਨੂੰ ਪਿਲਾਇਆ ਗਿਆ। ਬਾਬਾ ਦਰਵੇਸ਼ ਗੱਦੀ ਨਸ਼ੀਨ ਲਖਵੀਰ ਚੰਦ ਨੇ ਕਿਹਾ ਕਿ ਅੱਜ ਦੀ ਨੌਜਵਾਨ ਪੀੜ੍ਹੀ ਕੁਰਾਹੇ ਪੈ ਰਹੀ ਹੈ, ਜੋ ਕਿ ਇਕ ਗੰਭੀਰ ਚਿੰਤਾ ਦਾ ਵਿਸ਼ਾ ਹੈ। ਉਨ੍ਹਾਂ ਕਿਹਾ ਸਾਨੂੰ ਗੁਰੂਆਂ ਅਤੇ ਪੀਰਾਂ ਦੇ ਦਰਸਾਏ ਮਾਰਗ 'ਤੇ ਚੱਲਣਾ ਚਾਹੀਦਾ ਹੈ। ਕਿਉਂਕਿ ਬੰਦਗੀ ਤੋਂ ਬਗੈਰ ਬੰਦਾ ਮਿੱਟੀ ਦੇ ਸਮਾਨ ਹੈ। ਉਨ੍ਹਾਂ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।



## ਮੰਨਣ 'ਚ ਬਾਬਾ ਲੱਖ ਦਾਤਾ ਜੰਡਾਂ ਵਾਲਾ ਪੀਰ ਦਾ ਸਾਲਾਨਾ ਜੋੜ ਮੇਲਾ ਅੱਜ ਤੋਂ

**ਜਲੰਧਰ :** ਪਿੰਡ ਮੰਨਣ ਨੇੜੇ ਨੌਗੱਜਾ ਬਾਬਾ ਲੱਖ ਦਾਤਾ ਜੰਡਾਂ ਵਾਲਾ ਪੀਰ ਦੇ ਅਸਥਾਨ 'ਤੇ ਸਾਲਾਨਾ ਜੋੜ ਮੇਲਾ 18 ਅਤੇ 19 ਜੂਨ ਨੂੰ ਮਨਾਇਆ ਜਾ ਰਿਹਾ ਹੈ। ਅਸਥਾਨ ਦੇ ਸੇਵਾਦਾਰ ਬਾਬਾ ਸੇਵਾ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 18 ਜੂਨ ਨੂੰ ਸਵੇਰੇ 10.30 ਵਜੇ ਨਿਸ਼ਾਨ ਸਾਹਿਬ ਤੇ ਚਾਦਰ ਚੜ੍ਹਾਉਣ ਦੀ ਰਸਮ ਹੋਵੇਗੀ ਅਤੇ ਸ਼ਬਦ ਕੀਰਤਨ ਹੋਵੇਗਾ। ਸ਼ਾਮ ਨੂੰ ਕੱਵਾਲ ਪਾਰਟੀਆਂ ਆਪਣਾ ਪ੍ਰੋਗਰਾਮ ਪੇਸ਼ ਕਰਨਗੀਆਂ। 19 ਜੂਨ ਵੀਰਵਾਰ ਨੂੰ ਸੁਰਜੀਤ ਸਫਰੀ ਪਟਿਆਲੇ ਵਾਲੇ ਅਤੇ ਅਮਰੀਕ ਬੱਲ ਦੋਗਾਣਾ ਜੋੜੀ ਬਾਬਾ ਜੀ ਦਾ ਗੁਣਗਾਣ ਕਰਨਗੇ। ਸੁਰਜੀਤ ਭੰਗੜਾ ਪਾਰਟੀ ਵੀ ਪ੍ਰੋਗਰਾਮ 'ਚ ਸ਼ਾਮਲ ਹੋਵੇਗੀ। ਉਸੇ ਦਿਨ ਸ਼ਾਮ 5.30 ਵਜੇ ਨਗਰ ਫੇਰੀ, ਨਿਸ਼ਾਨ ਸਾਹਿਬ, ਰੋੜੀਆਂ ਤੇ ਚਿਰਾਗਾਂ ਦੀ ਰਸਮ ਹੋਵੇਗੀ। ਦੋਵੇਂ ਦਿਨ ਠੰਢੇ-ਮਿੱਠੇ ਜਲ ਦੀ ਛਬੀਲ ਤੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਜਾਣਗੇ।

## ਡੇਰਾ ਬਾਬਾ ਸੀਤਲ ਦਾਸ ਦੇ ਦਰਬਾਰ 'ਤੇ ਕਰਵਾਇਆ ਸਾਲਾਨਾ ਸਮਾਗਮ

**ਅੱਡਾ ਸਰਾਂ (ਕਾਜਲ)**- ਪਿੰਡ ਕੰਧਾਲੀ ਨੌਰੰਗਪੁਰ ਵਿਖੇ ਪ੍ਰਬੰਧਕ ਕਮੇਟੀ ਵੱਲੋਂ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਬਾਬਾ ਸੀਤਲ ਦਾਸ ਦੀ ਯਾਦ ਵਿਚ ਸਾਲਾਨਾ ਧਾਰਮਿਕ ਸਮਾਗਮ ਕਰਵਾਇਆ ਗਿਆ। ਇਸ ਮੌਕੇ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਉਪਰੰਤ ਧਾਰਮਿਕ ਦੀਵਾਨ ਸਜਾਏ ਗਏ ਜਿਸ ਵਿਚ ਵਿੱਕੀ ਦੇ ਜੱਥੇ ਨੇ ਧਾਰਮਿਕ ਸ਼ਬਦਾਂ ਨਾਲ ਨਿਹਾਲ ਕੀਤਾ । ਸਮੂਹ ਸੰਗਤਾਂ ਨੇ ਮਿਲਕੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ । ਇਸ ਮੌਕੇ ਤਰਸੇਮ ਸਿੰਘ, ਸੂਬੇਦਾਰ ਜੋਗਿੰਦਰ ਸਿੰਘ, ਸ੍ਰੀਚੰਦ, ਬੂਟਾ ਸਿੰਘ ਕਾਜਲ, ਸੁਰਿੰਦਰ ਪਾਲ ਸਿੰਘ, ਮਲਕੀਅਤ ਸਿੰਘ, ਜਸਵੀਰ ਕਾਜਲ, ਸਰਪੰਚ ਪ੍ਰਦੀਪ ਸਿੰਘ, ਬਲਵਿੰਦਰ ਸੋਢੀ, ਹੈਪੀ, ਬਲਵੀਰ ਸਿੰਘ, ਗੁਰਮੇਲ ਸਿੰਘ, ਸੁਖਵਿੰਦਰ ਸਿੰਘ, ਬਾਬਾ ਸੀਤਲ ਦਾਸ ਦੇ ਦਰਬਾਰ ਦੇ ਸੇਵਾਦਾਰ ਰੇਸ਼ਮ ਦਾਸ ਆਦਿ ਨੇ ਹਾਜ਼ਰੀ ਲੁਆਈ ।



## ਬਰਸਾਤ ਨੇ ਅੱਤ ਦੀ ਗਰਮੀ ਤੋਂ ਦਿੱਤੀ ਰਾਹਤ

**ਫਿਲੌਰ (ਨਿਰਮਲ)**- ਬੀਤੀ ਰਾਤ ਅਤੇ ਸਵੇਰ ਵੇਲੇ ਫਿਲੌਰ ਅਤੇ ਨੇੜਲੇ ਇਲਾਕਿਆਂ ਵਿੱਚ ਕਿਧਰੇ ਭਾਰੀ ਕਿਧਰੇ ਹਲਕੀ ਵਰਖਾ ਹੋਈ ਜਿਸ ਕਾਰਨ ਇਲਾਕਾ ਨਿਵਾਸੀਆਂ ਨੂੰ ਗਰਮੀ ਤੋਂ ਭਾਰੀ ਰਾਹਤ ਮਿਲੀ। ਕਿਸਾਨਾਂ ਨੂੰ ਇਸ ਵਰਖਾ ਤੋਂ ਝੋਨੇ ਦੀ ਫਸਲ ਲਈ ਖੇਤਾਂ ਨੂੰ ਰੋਣੀ ਕਰਨ ਵਿੱਚ ਭਾਰੀ ਮਦਦ ਮਿਲੀ ਹੈ ਤੇ ਬਿਜਲੀ ਦੀ ਭਾਰੀ ਬੱਚਤ ਹੋਈ ਹੈ। ਕਿਸਾਨਾਂ ਨੇ ਇਹ ਵੀ ਦੱਸਿਆ ਕਿ ਸਰਕਾਰ ਵੱਲੋਂ ਨਹਿਰਾਂ ਵਿੱਚ ਅੱਜਕੱਲ੍ਹ ਭਾਰੀ ਪਾਣੀ ਛੱਡਿਆ ਹੋਇਆ ਹੈ ਜਿਸ ਦਾ ਕਿਸਾਨ ਲਾਹਾ ਲੈ ਰਹੇ ਹਨ ਖਾਸ ਕਰਕੇ ਉਹ ਕਿਸਾਨ ਜਿਨ੍ਹਾਂ ਦੀਆਂ ਜਮੀਨਾਂ ਨਹਿਰਾਂ ਦੇ ਨੇੜੇ ਲੱਗਦੀਆਂ ਹਨ। ਇਸ ਵਰਖਾ ਨੇ ਦੁਕਾਨਦਾਰਾਂ ਦਾ ਕੰਮ ਮੰਦਾ ਪਾ ਦਿੱਤਾ ਹੈ। ਗਾਹਕ ਬਹੁਤ ਘੱਟ ਸ਼ਹਿਰਾਂ ਵਿੱਚ ਖਰੀਦ ਕਰਨ ਲਈ ਆਇਆ।

## ਗੁਰਦੁਆਰਾ ਹਰੀ ਦਰਬਾਰ ਦੌਲਤਪੁਰ ਵਿਖੇ ਧਾਰਮਿਕ ਸਮਾਗਮ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਧੰਨ ਧੰਨ ਬ੍ਰਹਮ ਗਿਆਨੀ 108 ਸੰਤ ਬਾਬਾ ਹਰੀ ਸਿੰਘ ਨੈਕੀ ਵਾਲਿਆਂ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਤ ਗੁਰਦੁਆਰਾ ਹਰੀ ਦਰਬਰ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਪਿੰਡ ਦੌਲਤਪੁਰ ਵਿਖੇ ਸਲਾਨਾ ਸਮਾਗਮ 14 ਜੂਨ ਤੋਂ ਸ਼ੁਰੂ ਹਨ। ਸੰਤ ਸ਼ਿਵ ਜੀ ਡੇਰਾ ਕੋਟ ਫਤੂਹੀ ਵਾਲਿਆਂ ਦੇ ਸੇਵਾਦਾਰ ਸੰਤ ਕਸ਼ਮੀਰ ਸਿੰਘ ਨੈਕੀ ਵਾਲੇ ਅਤੇ ਸੰਤ ਜਗਤਾਰ ਸਿੰਘ ਨੈਕੀ ਵਾਲੇ ਨੇ ਦੱਸਿਆ ਕਿ 14 ਜੂਨ ਨੂੰ ਸ੍ਰੀ ਅਖੰਡ ਪਾਠਾਂ ਸਾਹਿਬ ਦੀ ਲੜੀ ਆਰੰਭ ਕੀਤੀ ਜਾਵੇਗੀ ਜਿਨ੍ਹਾਂ ਦੇ ਭੋਗ 16 ਜੂਨ ਨੂੰ ਪਾਏ ਜਾਣਗੇ। ਫਿਰ 16 ਜੂਨ ਤੋਂ ਅਖੰਡ ਪਾਠ ਸਾਹਿਬ ਦੀ ਲੜੀ ਆਰੰਭ ਕੀਤੀ ਜਾਵੇਗੀ ਜਿਨ੍ਹਾਂ ਦੇ ਭੋਗ 18 ਜੂਨ ਨੂੰ ਪਾਏ ਜਾਣਗੇ। ਸਮਾਗਮ ਵਿੱਚ ਪੰਜਾਬ ਭਰ ਤੋਂ ਸੰਤ ਮਹਾਂਪੁਰਸ਼ ਅਤੇ ਰਾਗੀ ਢਾਡੀ ਕਵੀਸ਼ਰੀ ਜਥੇ ਸ਼ਿਰਕਤ ਕਰ ਰਹੇ ਹਨ। ਆਏ ਹੋਏ ਮਹਿਮਾਨਾਂ ਨੂੰ ਗੁਰਦੁਆਰਾ ਪ੍ਰਬੰਧ ਕਮੇਟੀ ਵੱਲੋਂ ਸਰੋਪਾਓ ਦੇ ਕੇ ਸਨਮਾਨਤ ਕੀਤਾ ਜਾਵੇਗਾ। ਇਸ ਮੌਕੇ ਪੰਚਾਇਤ ਮੈਂਬਰ ਅਤੇ ਸੇਵਾਦਾਰ ਹਾਜ਼ਰ ਸਨ।





ਪਿੰਡ ਸਿੱਧਮਤਾਲ (ਸਿੱਧਮੁਸਤੱਦੀ) ਵਿਖੇ ਪਿੰਡ ਦੇ ਬਹੁਤ ਹੀ ਸਤਿਕਾਰ ਯੋਗ ਮੁਹਤਬਰਾਂ, ਸਮਾਜ ਸੇਵਕਾਂ ਵੱਲੋਂ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਠੰਢੇ-ਮਿੱਠੇ ਜਲ ਦੀ ਛਬੀਲ ਲਗਾਈ ਗਈ । (ਫੋਟੋ ਤੇ ਵੇਰਵਾ : ਬਾਲੀ ਪੱਤਰਕਾਰ ਨੂਰਮਹਿਲ)

## ਜੀ ਆਰ ਡੀ ਕੋ-ਐਜੂਕੇਸ਼ਨਲ ਕਾਲਜ ਵਿਖੇ ਮਨਾਇਆ ਵਿਸ਼ਵ ਵਾਤਾਵਰਣ ਹਫਤਾ

**ਫਗਵਾੜਾ (ਡਾ. ਰਮਨ)** ਜੀ.ਆਰ.ਡੀ. ਕੋ-ਐਜੂਕੇਸ਼ਨਲ ਕਾਲਜ ਫਗਵਾੜਾ ਵਿਖੇ ਵਿਸ਼ਵ ਵਾਤਾਵਰਣ ਹਫ਼ਤਾ ਬਹੁਤ ਉਤਸ਼ਾਹ ਨਾਲ ਮਨਾਇਆ ਗਿਆ। ਕਾਲਜ ਦੇ ਡਾਇਰੈਕਟਰ ਐਜੂਕੇਸ਼ਨ ਡਾ. ਨੀਲਮ ਸੇਠੀ ਦੀ ਅਗਵਾਈ ਹੇਠ ਆਯੋਜਿਤ ਹਫਤਾਵਾਰੀ ਪ੍ਰੋਗਰਾਮ ਦੌਰਾਨ, ਕਾਲਜ ਦੇ ਈਕੋ-ਕਲੱਬ ਅਤੇ ਐਨਐਸਐਸ ਯੂਨਿਟ ਦੇ ਵਿਦਿਆਰਥੀਆਂ ਨੇ ਹਰਿਆਲੀ ਪਹਿਲਕਦਮੀਆਂ ਦੀ ਲੜੀ ਨੂੰ ਉਤਸ਼ਾਹਿਤ ਕੀਤਾ। ਸਵੱਛ ਭਾਰਤ ਮਿਸ਼ਨ ਤਹਿਤ ਕੈਂਪਸ ਦੀ ਸਫਾਈ ਤੋਂ ਇਲਾਵਾ, ਕਾਲਜ ਕੈਂਪਸ ਨੂੰ ਪਲਾਸਟਿਕ ਮੁਕਤ ਬਣਾਉਣ ਲਈ ਇੱਕ ਕੈਂਪ ਲਗਾਇਆ ਗਿਆ। ਵਿਦਿਆਰਥੀਆਂ ਨੂੰ ਊਰਜਾ ਸੰਭਾਲ ਅਤੇ ਪਾਣੀ ਸੰਭਾਲ ਨੂੰ ਉਤਸ਼ਾਹਿਤ ਕਰਨ ਬਾਰੇ ਜਾਗਰੂਕ ਕੀਤਾ ਗਿਆ। 'ਆਰਟ ਫਰਾਮ ਵੇਸਟ' ਤੋਂ ਇਲਾਵਾ, ਇੱਕ ਪੋਸਟਰ ਮੇਕਿੰਗ ਅਤੇ ਇੱਕ ਪਲੇ ਕਾਰਡ ਮੇਕਿੰਗ ਮੁਕਾਬਲਾ ਵੀ ਕਰਵਾਇਆ ਗਿਆ। ਵੱਖ-ਵੱਖ ਮੁਕਾਬਲਿਆਂ ਦੇ ਜੇਤੂਆਂ ਨੂੰ ਇਨਾਮ ਦੇ ਕੇ ਉਤਸ਼ਾਹਿਤ ਕੀਤਾ ਗਿਆ। ਕੈਂਪਸ ਨੂੰ ਸਾਫ਼ ਅਤੇ ਹਰਾ ਬਣਾਉਣ ਲਈ, ਗਿੱਲੇ ਅਤੇ ਸੁੱਕੇ ਕੂੜੇ ਲਈ ਵੱਖਰੇ ਵੱਖਰੇ ਡਸਟਬਿਨ, ਸਜਾਵਟੀ ਪੌਦੇ, ਗਮਲੇ ਆਦਿ ਖਰੀਦੇ ਗਏ। ਡਾ. ਨੀਲਮ ਸੇਠੀ ਨੇ ਕਿਹਾ ਕਿ ਕੁਦਰਤ ਦੀ ਸੰਭਾਲ ਇੱਕ ਮਹੱਤਵਪੂਰਨ ਮੁੱਦਾ ਹੈ ਜਿਸ 'ਤੇ ਤੁਰੰਤ ਧਿਆਨ ਦੇਣ ਦੀ ਲੋੜ ਹੈ। ਇਸ ਲਈ, ਵਿਦਿਅਕ ਸੰਸਥਾਵਾਂ ਨਵੇਂ ਵਿਚਾਰਾਂ ਅਤੇ ਤਕਨਾਲੋਜੀਆਂ ਨੂੰ ਸਾਂਝਾ ਕਰਕੇ ਉਤਸ਼ਾਹਿਤ ਕਰ ਸਕਦੀਆਂ ਹਨ। ਜਿਸ ਦੇ ਨਾਲ ਸਮੱਸਿਆ ਦਾ ਸਥਾਈ ਹੱਲ ਸੰਭਵ ਹੈ। ਉਨ੍ਹਾਂ ਕਿਹਾ ਕਿ ਜੀ.ਆਰ.ਡੀ. ਕਾਲਜ ਸ਼ਹਿਰ ਦਾ ਇੱਕ ਵਿਸ਼ਾਲ ਅਤੇ ਵਾਤਾਵਰਣ-ਅਨੁਕੂਲ ਸਥਾਈ ਤੌਰ 'ਤੇ ਹਰਿਆ-ਭਰਿਆ ਕੈਂਪਸ ਹੈ। ਵਿਦਿਆਰਥੀਆਂ ਦੇ ਨਾਲ-ਨਾਲ ਸਟਾਫ ਲਈ ਸੁਰੱਖਿਅਤ, ਅਤੇ ਸਿਹਤਮੰਦ ਵਾਤਾਵਰਣ ਯਕੀਨੀ ਬਣਾਇਆ ਗਿਆ ਹੈ। ਕਾਲਜ ਕੈਂਪਸ ਪੂਰੀ ਤਰ੍ਹਾਂ ਤੰਬਾਕੂ ਮੁਕਤ ਹੈ। ਇਹ ਇੱਕ ਕਾਗਜ਼ ਰਹਿਤ ਕੈਂਪਸ ਵੀ ਹੈ, ਜਿਸ ਵਿੱਚ ਰਿਕਾਰਡ ਦਾ ਡਿਜੀਟਲੀਕਰਨ ਕੀਤਾ ਗਿਆ ਹੈ। ਹਰ ਕਿਸਮ ਦੇ ਪੌਦਿਆਂ ਅਤੇ ਰੁੱਖਾਂ ਨਾਲ ਵੱਧ ਤੋਂ ਵੱਧ ਭੌਂਨਿਰਮਾਣ ਕੀਤਾ ਗਿਆ ਹੈ। ਈ-ਕੂੜੇ ਦਾ ਨਿਪਟਾਰਾ ਵਿਕਰੇਤਾਵਾਂ ਨੂੰ ਕੀਤਾ ਜਾਂਦਾ ਹੈ। ਕਾਲਜ ਪ੍ਰਿੰਸੀਪਲ ਗੁਰਜੀਤ ਕੌਰ ਨੇ ਕਾਲਜ ਪਰਿਵਾਰ ਦੀ ਗ੍ਰੀਨ ਕੈਂਪਸ ਪਹਿਲਕਦਮੀ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਕਾਲਜ ਵਿੱਚ ਵਿਦਿਆਰਥੀਆਂ ਨੂੰ ਵੱਖ-ਵੱਖ ਕਲਾਸਾਂ ਵਿੱਚ ਈਵੀਐਸ ਬਾਰੇ ਪੜ੍ਹਾਇਆ ਜਾਂਦਾ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਭਵਿੱਖ ਵਿੱਚ ਅਜਿਹੇ ਪ੍ਰੋਜੈਕਟ ਆਯੋਜਿਤ ਕੀਤੇ ਜਾਂਦੇ ਰਹਿਣਗੇ।




## ਪੇਂਡੂ ਮਜ਼ਦੂਰ ਯੂਨੀਅਨ ਤੇ ਇਫਟੂ ਨੇ ਮਾਨ ਸਰਕਾਰ ਦਾ ਫੂਕਿਆ ਪੁਤਲਾ

### ● ਲੋਕ ਸੰਘਰਸ਼ਾਂ ਨੂੰ ਜਬਰ ਨਾਲ ਨਹੀਂ ਦਬਾਇਆ ਜਾ ਸਕਦਾ : ਆਗੂ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਅਤੇ ਇੰਡੀਅਨ ਫੈਡਰੇਸ਼ਨ ਆਫ ਟਰੇਡ ਯੂਨੀਅਨਜ਼ (ਇਫਟੂ) ਨੇ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਗ੍ਰਿਫ਼ਤਾਰ ਕੀਤੇ ਆਗੂਆਂ ਨੂੰ ਰਿਹਾਅ ਕਰਨ ਦੀ ਮੰਗ ਨੂੰ ਲੈ ਕੇ ਅੰਬੇਡਕਰ ਚੌਂਕ ਨਵਾਂਸ਼ਹਿਰ ਵਿਖੇ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ।ਪਹਿਲਾਂ ਉਕਤ ਜਥੇਬੰਦੀਆਂ ਦੇ ਆਗੂ ਅਤੇ ਵਰਕਰ ਆਟੋ ਸਟੈਂਡ ਨਵਾਂਸ਼ਹਿਰ ਵਿਖੇ ਇਕੱਠੇ ਹੋਏ ਅਤੇ ਬਾਅਦ ਵਿਚ ਮੁਜ਼ਾਹਰਾ ਕਰਕੇ ਪੁਤਲਾ ਫੂਕਿਆ।ਇਸ ਮੌਕੇ ਸੰਬੋਧਨ ਕਰਦਿਆਂ ਪੇਂਡੂ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਆਗੂਆਂ ਕਮਲਜੀਤ ਸਨਾਵਾ, ਹਰੀ ਰਾਮ ਰਸੂਲਪੁਰੀ, ਕਿਰਨਜੀਤ ਕੌਰ, ਆਟੋ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਪੁਨੀਤ ਬਛੌੜੀ ਅਤੇ ਰੇਹੜੀ ਵਰਕਰ ਯੂਨੀਅਨ ਦੇ ਆਗੂ ਹਰੇ ਰਾਮ ਨੇ ਕਿਹਾ ਕਿ 20 ਮਈ ਨੂੰ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਸ਼ਹਿ ਉੱਤੇ ਪੁਲਸ ਨੇ ਸੰਗਰੂਰ ਜ਼ਿਲ੍ਹੇ ਦੀ 1927 ਏਕੜ ਬੇਨਾਮੀ ਜ਼ਮੀਨ ਉੱਤੇ ਬੇਗਮਪੁਰਾ ਵਸਾਉਣ ਜਾ ਰਹੇ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਆਗੂਆਂ ਅਤੇ ਵਰਕਰਾਂ ਨੂੰ ਗ੍ਰਿਫਤਾਰ ਕੀਤਾ ਸੀ।ਹੁਣ ਸੰਗਰੂਰ ਪੁਲਸ ਨੇ ਕੁਝ ਦਿਨ ਪਹਿਲਾਂ ਕਮੇਟੀ ਦੇ ਸੰਗਰੂਰ ਜ਼ੋਨ ਦੇ ਆਗੂ ਬਿੱਕਰ ਸਿੰਘ ਹਥੋਆ ਨੂੰ ਸੰਗਰੂਰ ਦੇ ਐਸ ਐਸ ਪੀ ਨੇ ਗੱਲਬਾਤ ਦੇ ਬਹਾਨੇ ਬੁਲਾ ਕੇ ਗ੍ਰਿਫਤਾਰ ਕਰ ਲਿਆ।ਆਗੂਆਂ ਨੇ ਕਿਹਾ ਕਿ ਮਾਨ ਸਰਕਾਰ ਸ਼ਹੀਦ ਭਗਤ ਸਿੰਘ ਅਤੇ ਡਾ. ਬੀ.ਆਰ ਅੰਬੇਡਕਰ ਦੇ ਗੁਣਗਾਨ ਕਰਦੀ ਨਹੀਂ ਥੱਕਦੀ ਪਰ ਉਹਨਾਂ ਦੇ ਅਸਲ ਵਾਰਿਸਾਂ ਨੂੰ ਜੇਲ੍ਹਾਂ ਵਿਚ ਤਾੜ ਰਹੀ ਹੈ।ਉਹਨਾਂ ਕਿਹਾ ਕਿ ਮਾਨ ਸਰਕਾਰ ਦਾ ਦਲਿਤ ਵਿਰੋਧੀ ਚੇਹਰਾ ਆਏ ਦਿਨ ਨੰਗਾ ਹੋ ਰਿਹਾ ਹੈ ਅਤੇ ਇਸ ਸਰਕਾਰ ਵਲੋਂ ਖੜ੍ਹੇ ਕੀਤੇ ਧੂੰਏ ਦੇ ਪਹਾੜ ਸੰਘਰਸ਼ਾਂ ਦੀ ਹਨੇਰੀ ਨਾਲ ਉੱਡ ਰਹੇ ਹਨ।ਆਗੂਆਂ ਨੇ ਕਿਹਾ ਕਿ ਲੋਕ ਸੰਘਰਸ਼ਾਂ ਨੂੰ ਜਬਰ ਨਾਲ ਨਹੀਂ ਦਬਾਇਆ ਜਾ ਸਕਦਾ।



## ਡਿਪਟੀ ਕਮਿਸ਼ਨਰ ਵੱਲੋਂ ਨਸ਼ਿਆਂ ਤੋਂ ਪ੍ਰਭਾਵਿਤ ਨੌਜਵਾਨਾਂ ਲਈ ਨਵੇਂ ਹੁਨਰ ਵਿਕਾਸ ਕੋਰਸ ਸ਼ੁਰੂ ਕਰਨ ਦੀ ਹਦਾਇਤ

**ਜਲੰਧਰ (ਸੁਰਿੰਦਰ ਕੁਮਾਰ)** ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਵਲੋਂ ਬੇਰੁਜਗਾਰੀ ਨੂੰ ਖ਼ਤਮ ਕਰਨ ਅਤੇ ਨੌਜਵਾਨਾਂ ਨੂੰ ਆਰਥਿਕ ਪਖੋਂ ਸਸ਼ਕਤ ਬਣਾਉਣ ਲਈ ਹੁਨਰ ਵਿਕਾਸ ਪ੍ਰੋਗਰਾਮ ਤਹਿਤ ਵੱਧ ਤੋਂ ਵੱਧ ਪਹਿਲਕਦਮੀਆਂ ਕਰਨ 'ਤੇ ਜ਼ੋਰ ਦਿੱਤਾ ਗਿਆ। ਪੇਂਡੂ ਵਿਕਾਸ ਅਤੇ ਸਵੈ ਰੋਜ਼ਗਾਰ ਸਿਖਲਾਈ (ਰੁਡਸੈਟ) ਸੰਸਥਾ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਾ.ਅਗਰਵਾਲ ਨੇ ਸਾਰੇ ਵਿਭਾਗਾਂ ਨੂੰ ਵੱਖ ਵੱਖ ਸਕੀਮਾਂ ਤੇ ਪ੍ਰੋਗਰਾਮਾਂ ਦਾ ਹੇਠਲੇ ਪੱਧਰ ਤੱਕ ਲਾਭ ਪਹੁੰਚਾਉਣ ਲਈ ਬਿਹਤਰ ਆਪਸੀ ਤਾਲਮੇਲ ਨਾਲ ਕੰਮ ਕਰਨ ਲਈ ਕਿਹਾ।ਡਿਪਟੀ ਕਮਿਸ਼ਨਰ ਨੇ ਹਦਾਇਤ ਕਰਦਿਆਂ ਕਿਹਾ ਕਿ ਮਾਡਲ ਨਸ਼ਾ ਛੁਡਾਊ ਤੇ ਮੁੜ ਵਸੇਬਾ ਕੇਂਦਰ ਵਿਖੇ ਨਸ਼ਿਆਂ ਤੋਂ ਪ੍ਰਭਾਵਿਤ ਨੌਜਵਾਨਾਂ ਨੂੰ ਸਮਾਜ ਦੀ ਮੁੱਖ ਧਾਰਾ ਵਿੱਚ ਵਾਪਿਸ ਲਿਆਉਣ ਲਈ ਨਵੇਂ ਸਿਖਲਾਈ ਕੋਰਸ ਸ਼ੁਰੂ ਕੀਤੇ ਜਾਣ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਸ਼ੁਰੂ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਨਸ਼ਿਆਂ ਦੀ ਦਲਦਲ ਵਿੱਚ ਫਸੇ ਨੌਜਵਾਨਾਂ ਨੂੰ ਮੁੱਖ ਧਾਰਾ ਵਿੱਚ ਲਿਆਉਣ ਲਈ ਨਸ਼ਾ ਛੁਡਾਕੇ ਹੁਨਰਮੰਦ ਬਣਾਇਆ ਜਾ ਰਿਹਾ ਹੈ, ਤਾਂ ਜੋ ਅਜਿਹੇ ਨੌਜਵਾਨ ਸਿਖਲਾਈ ਪ੍ਰਾਪਤ ਕਰਕੇ ਆਪਣਾ ਕੰਮ ਸ਼ੁਰੂ ਕਰਕੇ ਆਰਥਿਕ ਪੱਖੋਂ ਮਜ਼ਬੂਤ ਹੋ ਸਕਣ।ਉਨ੍ਹਾਂ ਇਹ ਵੀ ਹਦਾਇਤ ਕੀਤੀ ਕਿ ਸਿਖਲਾਈ ਉਪਰੰਤ ਨੌਜਵਾਨਾਂ ਨੂੰ ਆਪਣਾ ਕਾਰੋਬਾਰ ਖੋਲ੍ਹਣ ਲਈ ਕਰਜ਼ੇ ਦੀ ਸਹੂਲਤ ਲਈ ਵੀ ਰਾਹ ਪੱਧਰਾ ਕੀਤਾ ਜਾਵੇ।ਉਨ੍ਹਾਂ ਕਿਹਾ ਕਿ ਹੁਨਰ ਵਿਕਾਸ ਪ੍ਰੋਗਰਾਮ ਇਹਨਾਂ ਨੌਜਵਾਨਾਂ ਲਈ ਜਿੰਦਗੀ ਦੀ ਨਵੀਂ ਆਸ ਦੀ ਕਿਰਨ ਹਨ ਅਤੇ ਇਹਨਾਂ ਕੋਰਸਾਂ ਰਾਹੀਂ ਸਿਖਲਾਈ ਪ੍ਰਾਪਤ ਕਰਕੇ ਉਹ ਆਪਣਾ ਜੀਵਨ ਮਾਣ ਸਨਮਾਨ ਨਾਲ ਨਿਰਬਾਹ ਕਰ ਸਕਣਗੇ। ਉਹਨਾਂ ਰੋਜ਼ਗਾਰ ਵਿਭਾਗ ਨੂੰ ਵੀ ਹਦਾਇਤ ਕੀਤੀ ਕਿ ਹੁਨਰ ਪ੍ਰਾਪਤ ਨੌਜਵਾਨਾਂ ਦੀ ਸਵੈ ਰੋਜ਼ਗਾਰ ਜਾਂ ਨੌਕਰੀਆਂ ਰਾਹੀਂ ਸੁਚੱਜੀ ਪਲੇਸਮੈਂਟ ਨੂੰ ਯਕੀਨੀ ਬਣਾਇਆ ਜਾਵੇ। ਰੁਡਸੈਟ ਇੰਸਟੀਚਿਊਟ ਡਾਇਰੈਕਟਰ ਸੰਜੀਵ ਕੁਮਾਰ ਚੌਹਾਨ ਵਲੋਂ ਤਿਮਾਹੀ ਰਿਪੋਰਟ ਪੇਸ਼ ਕਰਦਿਆਂ ਦੱਸਿਆ ਕਿ ਹਾਲ ਹੀ ਵਿੱਚ 36 ਸਿਖਲਾਈ ਪ੍ਰੋਗਰਾਮ ਕਰਵਾਏ ਗਏ ਹਨ, ਜਿਸ ਦਾ 1000 ਨੌਜਵਾਨਾਂ ਵਲੋਂ ਲਾਭ ਉਠਾਇਆ ਗਿਆ ਹੈ ਅਤੇ 709 ਨੌਜਵਾਨਾਂ ਵਲੋਂ ਨੌਕਰੀਆਂ ਜਾਂ ਆਪਣਾ ਸਵੈ ਰੋਜ਼ਗਾਰ ਸ਼ੁਰੂ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਸੰਸਥਾ ਦੇ ਸ਼ੁਰੂ ਹੋਣ ਤੋਂ ਲੈ ਕੇ ਹੁਣ ਤੱਕ 503 ਸਿਖਲਾਈ ਪ੍ਰੋਗਰਾਮ ਕਰਵਾਏ ਗਏ ਹਨ, ਜਿਸ ਦੌਰਾਨ 13000 ਉਮੀਦਵਾਰਾਂ ਨੂੰ ਸਿੱਖਿਅਤ ਕੀਤਾ ਗਿਆ ਹੈ।ਡਾ.ਅਗਰਵਾਲ ਵਲੋਂ ਰੋਜ਼ਗਾਰ ਪ੍ਰਾਪਤੀ ਲਈ ਉਦਯੋਗਾਂ ਦੀ ਮੰਗ ਅਨੁਸਾਰ ਨਵੇਂ ਕੋਰਸ ਸ਼ੁਰੂ ਕਰਨ ਲਈ ਵੀ ਕਿਹਾ ਗਿਆ।ਮੀਟਿੰਗ ਦੇ ਆਖੀਰ ਵਿੱਚ ਡਾ.ਅਗਰਵਾਲ ਵਲੋਂ ਸੰਸਥਾ ਦੁਆਰਾ ਪ੍ਰਾਪਤ ਕੀਤੀਆਂ ਲਾਮਿਸਾਲ ਪ੍ਰਾਪਤੀਆਂ ਅਤੇ ਸਫ਼ਲ ਕਹਾਣੀਆਂ ਨੂੰ ਦਰਸਾਉਂਦੀ ਸਲਾਨਾ ਕਾਰਗੁਜਾਰੀ ਰਿਪੋਰਟ ਵੀ ਜਾਰੀ ਕੀਤੀ ਗਈ।ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਅਮਨਿੰਦਰ ਕੌਰ, ਬੁੱਧੀ ਰਾਜ ਸਿੰਘ, ਐਲ.ਡੀ.ਐਮ. ਐਮ.ਐਸ.ਮੋਤੀ, ਸਕੱਤਰ ਰੈਡ ਕਰਾਸ ਸੁਸਾਇਟੀ ਸੁਰਜੀਤ ਲਾਲ ਅਤੇ ਰੋਜ਼ਗਾਰ ਵਿਭਾਗ ਅਤੇ ਪੰਜਾਬ ਹੁਨਰ ਵਿਕਾਸ ਮਿਸ਼ਨ ਤੋਂ ਹੋਰ ਅਧਿਕਾਰੀ ਵੀ ਮੌਜੂਦ ਸਨ।

## ਸਨਰਾਈਜ਼ ਕਾਨਵੈਂਟ ਇੰਟਰਨੈਸ਼ਨਲ ਸਕੂਲ ਵੱਲੋਂ ਸਕਿੱਲ ਐਕਸਪਲੋਰਿੰਗ ਸਮਰ ਕੈਂਪ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ )** ਸਨਰਾਈਜ਼ ਕਾਨਵੈਂਟ ਇੰਟਰਨੈਸ਼ਨਲ ਸਕੂਲ ਮੰਨਣਹਾਨਾ ਵਲੋਂ ਸਕੂਲ ਚੇਅਰਮੈਨ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ, ਡਾਇਰੈਕਟਰ ਅਨਿਲ ਅਗਰਵਾਲ ਅਤੇ ਸਕੂਲ ਪ੍ਰਿੰਸੀਪਲ ਕੁਲਜੀਤ ਕੌਰ ਸੰਧੂ ਦੀ ਅਗਵਾਈ ਵਿੱਚ ਦੋ ਰਾਤਾਂ ਤਿੰਨ ਦਿਨਾਂ ਸਕਿਲ ਐਕਸਪਲੋਰਿੰਗ ਕੈਂਪ ਦਾ ਆਯੋਜਨ ਕੀਤਾ ਗਿਆ।ਜਿਸ ਵਿੱਚ ਜਮਾਤ ਤੀਜੀ ਤੋਂ ਬਾਹਰਵੀਂ ਜਮਾਤ ਦੇ 100 ਤੋਂ ਵੱਧ ਵਿਦਿਆਰਥੀਆਂ ਨੇ ਭਾਗ ਲਿਆ।ਸਕੂਲ ਪ੍ਰਿੰਸੀਪਲ ਨੇ ਕਿਹਾ ਕਿ ਸਨਰਾਈਜ਼ ਕਲੱਬ ਦਾ ਸੰਗਠਨ ਕੀਤਾ ਗਿਆ ਜਿਸ ਵਿੱਚ ਖੇਡ ਵਿਭਾਗ ਦੇ ਮੁਖੀ ਸੁਖਜਿੰਦਰ ਸਿੰਘ, ਕੋਆਰਡੀਨੇਟਰ ਮੈਡਮ ਅਮੋਂਗਲਾ, ਮੈਡਮ ਰੰਜਨਾ, ਸਤਪਾਲ ਕੌਰ, ਅਮਨਦੀਪ ਕੌਰ, ਨਵਜੋਤ ਕੌਰ, ਪ੍ਰਿਯਾ, ਹਰਜੀਤ ਕੌਰ, ਅਜੇ , ਸਤਵਿੰਦਰ ਕੁਮਾਰ,ਦੀਪ ਸਿੰਘ ਨੇ ਕਲੱਬ ਲੀਡਰ ਵਜੋਂ ਭੂਮਿਕਾ ਨਿਭਾਈ।ਇਸ ਕੈਂਪ ਦੇ ਪਹਿਲੇ ਦਿਨ ਬੱਚਿਆਂ ਨੂੰ ਵਿੱਦਿਅਕ ਟੂਰ ਲਈ ਸ੍ਰੀ ਅਨੰਦਪੁਰ ਸਾਹਿਬ ਵਿਖੇ ਵਿਰਾਸਤ ਏ ਖਾਲਸਾ ਅਤੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਲਿਜਾਇਆ ਗਿਆ ਜਿੱਥੇ ਬੱਚਿਆਂ ਨੇ ਸਿੱਖ ਇਤਿਹਾਸ ਦੀ ਜਾਣਕਾਰੀ ਹਾਸਲ ਕੀਤੀ। ਦੂਜੇ ਦਿਨ ਬੱਚਿਆਂ ਲਈ ਅਡਵੈਂਚਰ ਵਿਜ਼ਿਟ ਦਾ ਪ੍ਰਬੰਧ ਕੀਤਾ ਗਿਆ ਜਿੱਥੇ ਬੱਚਿਆਂ ਨੇ ਵਾਟਰ ਪਾਰਕ ਅਤੇ ਹੋਰ ਖੂਬਸੂਰਤ ਖੇਡਾਂ ਅਤੇ ਪਾਰਕਾਂ ਦਾ ਅਨੰਦ ਮਾਣਿਆ। ਟੇਬਲ ਮੈਨਰਜ਼ ਲਈ ਹੋਟਲ ਕਰਮ ਵਿੱਖੇ ਡਿਨਰ ਕਰਵਾਇਆ ਗਿਆ।ਇਸ ਕੈਂਪ ਦੇ ਤੀਜੇ ਦਿਨ ਵਿਦਿਆਰਥੀਆਂ ਨੂੰ ਖੇਡ ਗਤੀਵਿਧੀਆਂ ਦੇ ਨਾਲ ਨਾਲ ਸੰਤ ਬਾਬਾ ਜੋਗਾ ਸਿੰਘ ਰਾਮੂ ਥਿਆੜਾ ਵਾਲਿਆਂ ਨੇ ਬੱਚਿਆਂ ਨੂੰ ਵਿਲੱਖਣ ਜੀਵਨ ਜਾਂਚ ਦਾ ਸੋਮਾ ਗੁਰਮਤਿ ਸਿੱਖਿਆ ਨਾਲ ਜੋੜਦਿਆਂ ਬੱਚਿਆਂ ਨੂੰ ਚੰਗੀ ਜ਼ਿੰਦਗੀ ਜਿਉਣ ਲਈ ਪ੍ਰੇਰਿਤ ਕੀਤਾ। ਅਮਨਦੀਪ ਕੌਰ, ਲਵਪ੍ਰੀਤ ਸਿੰਘ, ਸੁੱਚਾ ਸਿੰਘ ਅਤੇ ਹੋਰ ਸਹਿਯੋਗੀ ਸਟਾਫ ਨੇ ਬੱਚਿਆਂ ਦੀਆਂ ਸੰਪੂਰਨ ਲੋੜਾਂ ਦਾ ਪ੍ਰਬੰਧ ਕੀਤਾ।ਇਸ ਕੈਂਪ ਦੇ ਸਦਕਾ ਬੱਚਿਆਂ ਦੇ ਮਾਪਿਆਂ ਵਿੱਚ ਖੁਸ਼ੀ ਦੀ ਲਹਿਰ ਦੇਖੀ ਗਈ।ਮਾਪਿਆਂ ਵਲੋਂ ਸਕੂਲ ਦੇ ਸਮੁੱਚੇ ਸਟਾਫ਼ ਦੀ ਪ੍ਰਸ਼ੰਸਾ ਕਰਦਿਆਂ ਸਕੂਲ ਪ੍ਰਬੰਧਕਾਂ ਦਾ ਧੰਨਵਾਦ ਕੀਤਾ। ਇਸ ਮੌਕੇ 'ਤੇ ਸਕੂਲ ਪ੍ਰਿੰਸੀਪਲ ਨੇ ਮਾਪਿਆਂ ਵਲੋਂ ਮਿਲੇ ਸਹਿਯੋਗ ਦਾ ਧੰਨਵਾਦ ਕਰਦਿਆਂ ਵਿਸ਼ਵਾਸ ਦਿਵਾਇਆ ਕਿ ਬੱਚਿਆਂ ਦੇ ਸਰਵਪੱਖੀ ਵਿਕਾਸ ਲਈ ਆਉਣ ਵਾਲੇ ਸਮੇਂ ਵਿੱਚ ਵਿੱਚ ਵੀ ਅਜਿਹੀਆਂ ਗਤੀਵਿਧੀਆਂ ਜਾਰੀ ਰਹਿਣਗੀਆ।ਇਸ ਮੌਕੇ ਸਕੂਲ ਸਟਾਫ ਮੈਂਬਰਜ ਅਤੇ ਵਿਦਿਆਰਥੀ ਹਾਜ਼ਰ ਸਨ।




## ਰਾਜ ਪੱਧਰੀ ਬਾਕਸਿੰਗ ਮੁਕਾਬਲੇ 27 ਤੋਂ ਪੰਚਕੂਲਾ 'ਚ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਰਾਜ ਪੱਧਰੀ ਬਾਕਸਿੰਗ ਮੁਕਾਬਲੇ (ਮਹਿਲਾ ਅਤੇ ਪੁਰਸ਼ ਵਰਗ) ਦਾ ਪ੍ਰਬੰਧ 27 ਜੂਨ ਤੋਂ 29 ਜੂਨ ਤੱਕ ਪੰਚਕੂਲਾ ਵਿੱਚ ਕੀਤਾ ਜਾਵੇਗਾ।ਇਸ ਮੁਕਾਬਲੇ ਵਿੱਚ ਮਹਿਲਾ (ਸੀਨੀਅਰ ਵਰਗ) ਵਿੱਚ ਭਾਰ 45-48 ਕਿਲੋ, 51 ਕਿਲੋ, 54 ਕਿਲੋ, 57 ਕਿਲੋ, 60 ਕਿਲੋ, 65 ਕਿਲੋ, 70 ਕਿਲੋ, 75 ਕਿਲੋ, 80 ਕਿਲੋ, +80 ਕਿਲੋ ਅਤੇ ਪੁਰਸ਼ (ਸੀਨੀਅਰ ਵਰਗ) ਵਿੱਚ 47-50 ਕਿਲੋ, 55 ਕਿਲੋ, 60 ਕਿਲੋ, 65 ਕਿਲੋ, 70 ਕਿਲੋ, 75 ਕਿਲੋ, 80 ਕਿਲੋ, 85 ਕਿਲੋ, 90 ਕਿਲੋ, +90 ਕਿਲੋ ਭਾਰ ਵਰਗ ਦੇ ਖਿਡਾਰੀ ਹਿੱਸਾ ਲੈਣਗੇ।

## ਵਰ੍ਹੇਗੰਢ ਮੁਬਾਰਕ



ਗਗਨਦੀਪ ਸਿੰਘ ਅਤੇ ਮਨਪ੍ਰੀਤ ਕੌਰ ਵਾਸੀ ਪਿੰਡ ਉੱਧਾ (ਨਾਭਾ) ਨੇ ਵਿਆਹ ਦੀ ਚੌਥੀ ਵਰ੍ਹੇਗੰਢ ਮਨਾਈ।